PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
21st - 28th November 2024 • Issue No. 3057
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਗੁਰਦੁਆਰਾ ਸਾਹਿਬ ਵੱਲੋਂ ਆਯੋਜਿਤ ਕੀਤੇ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ‘ਚ ਸੰਗਤਾਂ ਸ਼ਾਮਿਲ ਹੋਈਆਂ









## ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਨਵੀਂ ਪ੍ਰਬੰਧਕ ਕਮੇਟੀ ਸਰਬ ਸੰਮਤੀ ਨਾਲ ਚੁਣੀ ਗਈ

ਸਰਬ ਸੰਮਤੀ ਨਾਲ ਚੁਣੀ ਗਈ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸੈਕਟਰੀ ਸ਼ਿਵ ਰੱਤੂ, ਸਹਾਇਕ ਸੈਕਟਰੀ ਵਰਿੰਦਰ ਚੰਦਰ, ਖ਼ਜ਼ਾਨਚੀ ਊਸ਼ਾ ਗੰਗੜ, ਸਹਾਇਕ ਖ਼ਜ਼ਾਨਚੀ ਸੁਰਿੰਦਰ ਸਿੰਘ ਬੰਗੜ, ਕਲਚਰਲ ਸੈਕਟਰੀ ਮੋਹਨ ਲਾਲ ਹੌਲੈਂਡ ਅਤੇ ਲਾਇਬ੍ਰੇਰੀਅਨ ਸੁਰਜੀਤ ਸਿੰਘ ਕੌਲ ਅਤੇ ਉਹਨਾਂ ਦੇ ਸਹਿਯੋਗ ਲਈ 13 ਕਮੇਟੀ ਮੈਂਬਰ ਚੁਣੇ ਗਏ ਹਨ।



# ਬਾਦਲ ਅਕਾਲੀ ਦਲ ਵਲੋਂ ਆਪਣੀ ਹੋਂਦ ਲਈ ਜੱਦੋਜਹਿਦ

## ✪ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਬਾਅਦ ਅਕਾਲੀ ਦਲ ਵਲੋਂ ਅਸਤੀਫਾ ਨਾਮਨਜ਼ੂਰ ✪ ਵਿੱਢੀ ਮੁਹਿੰਮ ਕਿ ਇਹ ਅਕਾਲੀ ਦਲ ਨੂੰ ਖਤਮ ਕਰਨ ਦੀ ਸਾਜਿਸ਼ ✪ ਕੀ ਇਹ ਸਿਧਾ ਚੈਲਿੰਜ ਹੈ ਅਕਾਲ ਤਖਤ ਸਾਹਿਬ ਨੂੰ ?





## ਕਵਰ ਸਟੋਰੀ

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

ਪਿਛਲੇ ਕਈ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਜਿਸ ਸਿਆਸੀ ਘੁੰਮਣਘੇਰੀ ਵਿਚ ਘਿਰਿਆ ਹੋਇਆ ਹੈ, ਉਸ ਵਿੱਚੋਂ ਨਿਕਲਣ ਲਈ ਇਸ ਨੂੰ ਕੋਈ ਰਾਹ ਨਹੀਂ ਮਿਲ ਰਿਹਾ। ਸਿਖ ਪੰਥ ਅਕਾਲੀ ਦਲ ਵਿਚ ਦੁਬਾਰਾ ਵਿਸ਼ਵਾਸ ਪ੍ਰਗਟ ਨਹੀਂ ਕਰ ਰਿਹਾ।ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਤਾ ਸੀ ਪਰ ਅਕਾਲੀ ਹਾਈਕਮਾਂਡ ਤੇ ਯੂਥ ਵਿੰਗ ਨੇ ਇਸ ਨੂੰ ਨਾਮਨਜੂਰ ਕਰ ਦਿਤਾ ਸੀ ਤੇ ਇਹ ਕਿਹਾ ਸੀ ਕਿ ਜੇ ਸੁਖਬੀਰ ਸਿੰਘ ਬਾਦਲ ਅਸਤੀਫਾ ਵਾਪਸ ਨਹੀਂ ਲੈਣਗੇ ਤਾਂ ਉਹ ਸਾਰੇ ਜਣੇ ਅਸਤੀਫਾ ਦੇ ਦੇਣਗੇ। ਇਹ ਵੀ ਕਿਹਾ ਗਿਆ ਕਿ ਇਹ ਸਭ ਅਕਾਲੀ ਦਲ ਵਿਰੁੱਧ ਸਾਜਿਸ਼ ਹੈ।

ਯਾਦ ਰਹੇ ਕੁਝ ਮਹੀਨੇ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸੁਖਬੀਰ ਸਿੰਘ ਬਾਦਲ ਨੂੰ ਸਿਖ ਪੰਥ ਵਿਰੁੱਧ ਗੁਨਾਹਗਾਰ ਠਹਿਰਾਉਂਦੇ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਜਿਸ ਦੀ ਸਜ਼ਾ ਦਾ ਐਲਾਨ ਹੋਣਾ ਅਜੇ ਬਾਕੀ ਹੈ। ਸੁਖਬੀਰ ਸਿੰਘ ਬਾਦਲ ਪੰਜਾਬ ਦੀ ਸੱਤਾ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਪੰਥ ਅਤੇ ਪੰਜਾਬ ਦੇ 'ਹਿੱਤਾਂ' ਦੇ ਉਲਟ ਕੀਤੇ ਫ਼ੈਸਲਿਆਂ ਅਤੇ ਕਾਰਵਾਈਆਂ ਦੀ ਜ਼ਿੰਮੇਵਾਰੀ ਲੈਂਦੇ ਹੋਏ ਖੁਦ ਅਕਾਲ ਤਖ਼ਤ ਸਾਹਮਣੇ ਪੇਸ਼ ਹੋਏ ਸਨ।

ਇਸ ਦੌਰਾਨ ਸੁਖਬੀਰ ਸਿੰਘ ਬਾਦਲ ਸਮੇਤ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਵਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਹੋਰਨਾਂ ਜਥੇਦਾਰਾਂ ਨਾਲ ਮੁਲਾਕਾਤਾਂ ਕਰ ਕੇ ਇਹ ਮੰਗ ਕੀਤੀ ਜਾ ਰਹੀ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਜਲਦੀ 'ਸਜ਼ਾ' ਲਗਾ ਕੇ ਫਾਰਗ ਕੀਤਾ ਜਾਵੇ। ਪਰ ਅਕਾਲ ਤਖਤ ਸਾਹਿਬ ਵਲੋਂ ਕਿਹਾ ਗਿਆ ਸੀ ਕਿ ਸੁਖਬੀਰ ਸਿੰਘ ਬਾਦਲ ਤਨਖਾਹੀਆ ਹੈ ,ਉਹ ਪਹਿਲਾਂ ਅਸਤੀਫਾ ਦੇਵੇ। ਫਿਰ ਫੈਸਲਾ ਹੋਵੇਗਾ।

### ਸ਼੍ਰੋਮਣੀ ਅਕਾਲੀ ਦਲ ਦੀ ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਮੁਹਿੰਮ

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਬੀਤੇ ਸੋਮਵਾਰ ਨੂੰ ਸ੍ਰੀ ਬਾਦਲ ਦੇ ਅਸਤੀਫ਼ੇ ਬਾਰੇ ਆਪਣਾ ਫੈਸਲਾ ਮੁਲਤਵੀ ਕਰ ਦਿੱਤਾ ਸੀ। ਚੰਡੀਗੜ੍ਹ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਵਿਚ ਵਰਕਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਬਾਰੇ ਕੋਈ ਵੀ ਫ਼ੈਸਲਾ ਕਰਨ ਤੋਂ ਬਿਨਾਂ ਉਠ ਗਈ ਸੀ। ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ ਜੋ ਵੇਰਵੇ ਸਾਹਮਣੇ ਆਏ ਸਨ, ਉਨ੍ਹਾਂ ਮੁਤਾਬਿਕ ਕਮੇਟੀ ਨੇ ਅਸਤੀਫ਼ਾ ਸਵੀਕਾਰ ਜਾਂ ਰੱਦ ਕਰਨ ਦਾ ਫ਼ੈਸਲਾ ਮੁਲਤਵੀ ਕਰ ਦਿੱਤਾ ਹੈ ਅਤੇ ਇਹ ਤੈਅ ਕੀਤਾ ਹੈ ਕਿ ਅਸਤੀਫ਼ੇ ਬਾਰੇ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ, ਹਲਕਾ ਇੰਚਾਰਜਾਂ ਅਤੇ ਹੋਰ ਮੰਚਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ। ਮੀਟਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਯੂਥ ਅਕਾਲੀ ਦਲ ਦੇ ਪ੍ਰਧਾਨ ਸ. ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਵਿਚ ਯੂਥ ਵਰਕਰਾਂ ਵਲੋਂ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਨਾਮਨਜ਼ੂਰ ਕਰਨ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ ਗਈ ਅਤੇ ਮੀਟਿੰਗ ਸ਼ੁਰੂ ਹੋਣ 'ਤੇ ਇਨ੍ਹਾਂ ਸਾਰੇ ਵਰਕਰਾਂ ਨੂੰ ਮੀਟਿੰਗ ਦੌਰਾਨ ਹੀ ਆਪਣੀ ਮੰਗ ਉਠਾਉਣ ਅਤੇ ਨਾਅਰੇਬਾਜ਼ੀ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

ਬਾਕੀ ਹਿਸਾ ਸਫਾ 49 ਤੇ ਪੜ੍ਹੋ

## ਅਕਾਲੀ ਦਲ ਨੇ ਚੁੱਕੇ ਪੰਜਾਬ ਦੇ ਮੁੱਦੇ

ਪ੍ਰੈਸ ਕਾਨਫਰੰਸ ਦੌਰਾਨ ਡਾ. ਦਲਜੀਤ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਦੌਰਾਨ ਵਰਕਿੰਗ ਕਮੇਟੀ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਸੂਬੇ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਅਤੇ ਕੇਂਦਰ ਸਰਕਾਰ ਰਲ ਕੇ ਚੰਡੀਗੜ੍ਹ 'ਤੇ ਪੰਜਾਬ ਦਾ ਅਧਿਕਾਰ ਖੋਹਣਾ ਚਾਹੁੰਦੀਆਂ ਹਨ। ਕਮੇਟੀ ਨੇ ਪੰਜਾਬ ਦੇ ਰਾਜਪਾਲ ਤੇ ਯੂ.ਟੀ. ਪ੍ਰਸ਼ਾਸਕ ਵਲੋਂ ਚੰਡੀਗੜ੍ਹ ਵਿਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਥਾਂ ਅਲਾਟ ਕਰਨ ਦੇ ਫ਼ੈਸਲੇ 'ਤੇ ਟਾਲ-ਮਟੋਲ ਵਾਲਾ ਜਵਾਬ ਦੇਣ ਦਾ ਵੀ ਨੋਟਿਸ ਲਿਆ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਹਾਲੇ ਤੱਕ ਜ਼ਮੀਨ ਦੀ ਅਲਾਟਮੈਂਟ ਦਾ ਫ਼ੈਸਲਾ ਨਹੀਂ ਲਿਆ ਗਿਆ। ਪਾਰਟੀ ਨੇ ਕਿਹਾ ਕਿ ਪ੍ਰਸ਼ਾਸਕ ਨੂੰ ਸਪੱਸ਼ਟ ਕਹਿਣਾ ਚਾਹੀਦਾ ਹੈ ਕਿ ਉਹ ਜ਼ਮੀਨ ਅਲਾਟ ਨਹੀਂ ਕਰਨਗੇ ਤੇ ਪੰਜਾਬ ਵਿਚ ਚੱਲ ਰਹੀਆਂ ਜ਼ਿਮਨੀ ਚੋਣਾਂ ਕਾਰਨ ਟਾਲ-ਮਟੋਲ ਵਾਲੇ ਜਵਾਬ ਨਹੀਂ ਦੇਣੇ ਚਾਹੀਦੇ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਸ. ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕਮੇਟੀ ਨੇ 'ਆਪ' ਸਰਕਾਰ ਵਲੋਂ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਵਾਸਤੇ 'ਇਤਰਾਜ਼ ਨਹੀਂ' ਸਰਟੀਫਿਕੇਟ ਜਾਰੀ ਨਾ ਕਰਨ ਦੀ ਵੀ ਨਿਖੇਧੀ ਕੀਤੀ। ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ 'ਆਪ' ਸਰਕਾਰ ਨੇ ਪਹਿਲਾਂ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਵਾਅਦਾ ਕੀਤਾ ਪਰ ਬਾਅਦ ਵਿਚ ਮੁਕਰ ਗਈ, ਜਿਸ ਕਾਰਨ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ, ਕਿਉਂਕਿ 'ਆਪ' ਸਰਕਾਰ ਨੇ ਸੱਤ ਵਾਰ ਉਨ੍ਹਾਂ ਦੀ ਰਿਹਾਈ ਤੋਂ ਨਾਂਹ ਕੀਤੀ। ਉਨ੍ਹਾਂ ਕਿਹਾ ਕਿ ਕਮੇਟੀ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਦੀ ਤਜਵੀਜ਼ ਦਾ ਵੀ ਜ਼ੋਰਦਾਰ ਵਿਰੋਧ ਕੀਤਾ ਤੇ ਕਿਹਾ ਕਿ ਲੋਕਤੰਤਰ ਦਾ ਕਤਲ ਕੀਤਾ ਜਾ ਰਿਹਾ ਹੈ, ਜਿਸ ਨੂੰ ਅਕਾਲੀ ਦਲ ਕਿਸੇ ਕੀਮਤ 'ਤੇ ਬਰਾਦਸ਼ਤ ਨਹੀਂ ਕਰੇਗਾ।

## ਸੁਖਬੀਰ ਨੂੰ ਬਚਾਉਣ ਲਈ ਅਕਾਲੀ ਦਲ ਅਕਾਲ ਤਖਤ ਸਾਹਿਬ ਨਾਲ ਟਕਰਾਅ ਵਿਚ ਨਾ ਪਵੇ: ਵਡਾਲਾ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬੁਲਾਈ ਗਈ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੋਚੀ-ਸਮਝੀ ਸਾਜ਼ਿਸ਼ ਤੇ ਮੀਟਿੰਗ ਦੀ ਕਾਰਵਾਈ ਨੂੰ ਡਰਾਮਾ ਕਰਾਰ ਦਿੱਤਾ। ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਜਦੋਂ ਅਕਾਲ ਤਖਤ ਸਾਹਿਬ ਨੇ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਸੀ, ਉਸੇ ਦੌਰਾਨ ਸੁਖਬੀਰ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਅਸਤੀਫ਼ੇ ਦੇ ਮੁੱਦੇ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਉਹ ਅਜਿਹਾ ਕਰਕੇ ਅਕਾਲ ਤਖਤ ਸਾਹਿਬ ਨੂੰ ਸਿੱਧਾ ਚੈਲਿੰਜ ਕਰ ਰਹੇ ਹਨ। ਜਥੇਦਾਰ ਵਡਾਲਾ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਬਚਾਉਣ ਲਈ ਸਾਜ਼ਿਸ਼ ਰਚੀ ਜਾ ਰਹੀ ਹੈ। ਜੋ ਅਕਾਲੀ ਦਲ ਵਲੋਂ ਜਿਲਾ ਪ੍ਰਧਾਨਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਬੁਲਾਈ ਜਾ ਰਹੀ ਹੈ। ਇਸ ਦੇ ਅਰਥ ਇਹੀ ਹਨ ਕਿ ਬਾਦਲ ਪਰਿਵਾਰ ਦਾ ਬੋਲਬਾਲਾ ਕਾਇਮ ਰਖਿਆ ਜਾਵੇ ਤੇ ਅਕਾਲ ਤਖਤ ਤੇ ਸਿਖ ਪੰਥ ਨੂੰ ਚੁਣੌਤੀ ਦਿਤੀ ਜਾਵੇ। ਵਰਕਿੰਗ ਕਮੇਟੀ ਅਤੇ ਦੂਸਰੇ ਲੀਡਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅੱਜ ਪੰਜਾਬ ਸੁਖਬੀਰ ਸਿੰਘ ਬਾਦਲ ਤੋਂ ਅਸਤੀਫ਼ਾ ਚਾਹੁੰਦਾ ਹੈ। ਇਸ ਗੱਲ ਨੂੰ ਲਮਕਾ ਕੇ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਇਕ ਵਿਅਕਤੀ ਪਾਰਟੀ ਤੇ ਪੰਥਕ ਪਰੰਪਰਾਵਾਂ ਤੋਂ ਵੱਡਾ ਹੈ।

# ਮੋਹਾਲੀ ਵਿਚ ਪਰਵਾਸੀ ਗੁੰਡਿਆਂ ਵਲੋਂ ਇਕ ਪੰਜਾਬੀ ਦਾ ਕਤਲ

**ਖਾਸ ਖਬਰ** ✪ ਪੁਲਿਸ ਨੇ ਚਾਰ ਮੁਲਜ਼ਮ ਕਾਬੂ ਕੀਤੇ ✪ ਪੰਜਾਬ ਵਿਚ ਕਰਮਿਨਲ ਭਈਏ ਕਰ ਰਹੇ ਨੇ ਪ੍ਰਵਾਸ





ਮੋਹਾਲੀ ਦੇ ਪਿੰਡ ਕੁੰਭੜਾ ਵਿਚ ਪਰਵਾਸੀ ਗੁੰਡਿਆਂ ਵੱਲੋਂ ਇਕ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਤੇ ਇਸ ਹਮਲੇ ਵਿਚ ਮ੍ਰਿਤਕ ਦੇ ਸਾਥੀ ਨੌਜਵਾਨ ਦੀ ਹਾਲਤ ਗੰਭੀਰ ਹੈ। ਦੱਸ ਦਈਏ ਕਿ ਸੱਤ ਤੋਂ ਅੱਠ ਪ੍ਰਵਾਸੀ ਨੌਜਵਾਨਾਂ ਵੱਲੋਂ 2 ਨਬਾਲਿਗਾਂ ਤੇ ਹਮਲਾ ਕੀਤਾ ਗਿਆ, ਜਿਨਾਂ ਦੇ ਵਿੱਚੋਂ ਇੱਕ ਦੀ ਮੌਤ ਹੋ ਗਈ, ਦੂਜਾ ਹੋਸਪਿਟਲ ਦੇ ਵਿੱਚ ਭਰਤੀ ਕਰਵਾਇਆ ਗਿਆ। ਦੋਵਾਂ ਦੀ ਉਮਰ 16- 17 ਸਾਲ ਦੀ ਸੀ।

### ਜਾਣੋ ਪੂਰਾ ਮਾਮਲਾ

ਪਿੰਡ ਕੁੰਭੜਾ ਦਾ ਰਹਿਣ ਵਾਲਾ 17 ਸਾਲਾ ਦਮਨਪ੍ਰੀਤ ਸਿੰਘ ਆਪਣੇ ਦੋਸਤ ਦਿਲਪ੍ਰੀਤ ਸਿੰਘ ਨਾਲ ਪਿੰਡ ਵਿੱਚ ਬੈਠਾ ਸੀ। ਇਸ ਦੌਰਾਨ ਇਕ ਪ੍ਰਵਾਸੀ ਨੌਜਵਾਨ ਬਾਈਕ ‘ਤੇ ਆਇਆ ਅਤੇ ਅਚਾਨਕ ਉਸ ਦੀ ਬਾਈਕ ਦੋਵਾਂ ਨਾਲ ਟਕਰਾ ਗਈ। ਦੋਵਾਂ ਦੋਸਤਾਂ ਨੇ ਨੌਜਵਾਨ ਨੂੰ ਬਾਇਕ ਹੌਲੀ-ਹੌਲੀ ਚਲਾਉਣ ਲਈ ਕਿਹਾ ਜਿਸ ਤੋਂ ਕੁਝ ਦੇਰ ਵਿਚ ਹੀ ਬਹਿਸ ਸ਼ੁਰੂ ਹੋ ਗਈ।

### ਪ੍ਰਵਾਸੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਹਮਲਾ

ਬਾਅਦ ਪ੍ਰਵਾਸੀ ਨੌਜਵਾਨ ਉਥੋਂ ਚਲਾ ਗਿਆ ਅਤੇ ਦੋਵੇਂ ਦੋਸਤ ਇਥੇ ਹੀ ਬੈਠੇ ਰਹੇ। ਕੁਝ ਸਮੇਂ ਬਾਅਦ ਬਾਈਕ ਚਾਲਕ ਆਪਣੇ ਨਾਲ 10 ਤੋਂ 12 ਪ੍ਰਵਾਸੀ ਨੌਜਵਾਨਾਂ ਨੂੰ ਲੈ ਕੇ ਆਇਆ ਅਤੇ ਦੋਵਾਂ ਦੋਸਤਾਂ ‘ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹਮਲੇ ਵਿੱਚ ਦਮਨਪ੍ਰੀਤ ਨੂੰ ਗੰਭੀਰ ਸੱਟਾਂ ਲੱਗੀਆਂ।

ਇਸ ਤੋਂ ਇਲਾਵਾ ਉਸ ਦੇ ਦੋਸਤ ਦਿਲਪ੍ਰੀਤ ਦੇ ਵੀ ਗੰਭੀਰ ਸੱਟਾਂ ਲੱਗੀਆਂ ਹਨ। ਹਮਲਾ ਕਰਨ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ। ਮੌਕੇ ‘ਤੇ ਮੌਜੂਦ ਲੋਕਾਂ ਨੇ ਪੀੜਤ ਦੇ ਘਰ ਸੂਚਨਾ ਦਿੱਤੀ। ਜ਼ਖਮੀਆਂ ਨੂੰ ਨੇੜਲੇ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਦਮਨਪ੍ਰੀਤ ਦੀ ਮੌਤ ਹੋ ਗਈ। ਉਸ ਦਾ ਦੋਸਤ ਦਿਲਪ੍ਰੀਤ ਇਸ ਸਮੇਂ ਇਲਾਜ ਅਧੀਨ ਹੈ।

ਮੋਹਾਲੀ ਦੇ ਏਅਰਪੋਰਟ ਰੋਡ ‘ਤੇ ਮ੍ਰਿਤਕ ਨੌਜਵਾਨ ਦੇ ਮਾਪਿਆਂ ਨੇ ਪਿੰਡ ਵਾਲਿਆਂ ਤੇ ਕੁਝ ਪੰਥਕ, ਸਮਾਜਿਕ ਜਥੇਬੰਦੀਆਂ ਨਾਲ ਮਿਲ ਕੇ ਧਰਨਾ ਲਗਾ ਦਿੱਤਾ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਪੁਲਿਸ ਨੇ ਗੌਰਵ ਸਮੇਤ ਚਾਰ ਮੁਲਜ਼ਮ ਕਾਬੂ ਕੀਤੇ ਹਨ।

ਘਟਨਾ ਨੂੰ ਅੰਜਾਮ ਦੇਣ ਵਾਲੇ ਮੁਲਜ਼ਮ ਮੂਲ ਰੂਪ ਵਿਚ ਉੱਤਰ ਪ੍ਰਦੇਸ਼ ਦੇ ਦੱਸੇ ਜਾ ਰਹੇ ਹਨ। ਜਦਕਿ ਇਕ ਮੁਲਜ਼ਮ ਅਜੇ ਵੀ ਫਰਾਰ ਦੱਸਿਆ ਜਾ ਰਿਹਾ ਹੈ।

ਮੁਹਾਲੀ ਦੇ ਪਿੰਡ ਕੁੰਭੜਾ ਵਿਖੇ ਹੋਏ ਕਤਲ ਕਾਂਡ ਮਾਮਲੇ ਵਿਚ ਪਰਿਵਾਰ ਤੇ ਪ੍ਰਸ਼ਾਸਨ ਵਿੱਚ ਸਹਿਮਤੀ ਹੋਣ ਤੋਂ ਬਾਅਦ ਮ੍ਰਿਤਕ ਦਮਨਪ੍ਰੀਤ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਪਰਿਵਾਰ ਵੱਲੋਂ ਮੁਆਵਜ਼ੇ ਅਤੇ ਸਰਕਾਰ ਨੌਕਰੀ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਸਾਰੀਆਂ ਮੰਗਾਂ ਮੰਨੇ ਜਾਣ ਦਾ ਭਰੋਸਾ ਦਿੱਤੇ ਜਾਣ ਬਾਅਦ ਹੀ ਮ੍ਰਿਤਕ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ ਹੈ।

ਇਸਦੇ ਨਾਲ ਕੁਝ ਜਥੇਬੰਦੀਆਂ ਵੱਲੋਂ ਪ੍ਰਵਾਸੀਆਂ ਦੀਆਂ ਵੋਟਾਂ ਅਤੇ ਨੀਲੇ ਕਾਰਡ ਕੱਟੇ ਜਾਣ ਦੀ ਗੱਲ ਕਹੀ ਗਈ ਹੈ। ਇਸਦੇ ਨਾਲ ਉਨ੍ਹਾਂ ਨੇ ਇਸ ਮੁਹਿੰਮ ਨੂੰ ਪੂਰੇ ਪੰਜਾਬ ਵਿੱਚ ਚਲਾਉਣ ਦੀ ਗੱਲ ਕਹੀ। ਪਰਿਵਾਰ ਵੱਲੋਂ ਮੰਗ ਕੀਤੀ ਗਈ ਹੈ ਕਿ ਜੋ ਕੁਝ ਉਨ੍ਹਾਂ ਦੇ ਨਾਲ ਵਾਪਰਿਆ ਹੈ ਅਜਿਹਾ ਕੁਝ ਕਿਸੇ ਹੋਰ ਨਾਲ ਨਾ ਵਾਪਰੇ ਇਸ ਲਈ ਸਰਕਾਰ ਨੂੰ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ। ਇਸ ਮੌਕੇ ਐਕਟਰ ਅਤੇ ਡਾਇਰੈਕਟਰ ਅਮਿਤੋਜ਼ ਮਾਨ ਨੇ ਪਰਿਵਾਰ ਨੂੰ ਮੁੱਖ ਮੰਤਰੀ ਰਲੀਵ ਫੰਡ ਚੋਂ 25 ਲੱਖ ਰੁਪਏ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਮੁਆਵਜ਼ੇ ਦਾ ਐਲਾਨ ਕਰ ਦਿੱਤਾ ਜਾਂਦਾ ਹੈ ਪਰ ਬਾਅਦ ਵਿੱਚ ਇਹ ਸਿਰਫ਼ ਗੱਲਾਂ ਹੀ ਰਹਿ ਜਾਂਦੀਆਂ ਹਨ। ਇਸਦੇ ਨਾਲ ਉਨ੍ਹਾਂ ਨੇ ਮੰਗ ਕੀਤੀ ਕਿ ਪ੍ਰਵਾਸੀਆਂ ਦੀ ਵੈਰੀਫੀਕੇਸ਼ਨ ਹੋਵੇ ਪਰ ਉਸ ਵਿੱਚ ਪੰਜਾਬ ਦਾ ਅਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਅਤੇ ਇੱਥੋਂ ਦਾ ਰਾਸ਼ਨ ਕਾਰਡ ਨਾ ਮੰਨਿਆ ਜਾਵੇ।

ਅਮਿਤੋਜ਼ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਪੁਰਾਣੇ ਦਸਤਾਵੇਜ਼ਾਂ ਦੇ ਅਧਾਰ ‘ਤੇ ਵੈਰੀਫੀਕੇਸ਼ਨ ਕੀਤੀ ਜਾਵੇ। ਪ੍ਰਸ਼ਾਸ਼ਨ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਇਸ ਮਾਮਲੇ ਨੂੰ ਲੈ ਕੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਪੀੜ੍ਹਤ ਪਰਿਵਾਰ ਨੂੰ ਇਨਸਾਫ ਦਵਾਇਆ ਜਾਵੇਗਾ।

ਐਸ ਡੀ ਐਮ ਨੇ ਇਸ ਮਾਮਲੇ ‘ਤੇ ਬੋਲਦਿਆਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਮੰਗ ਪੱਤਰ ਦਿੱਤਾ ਗਿਆ ਹੈ। ਉਨਾਂ ਨੇ ਕਿਹਾ ਕਿ ਪਰਿਵਾਰ ਵੱਲੋਂ ਮੁਲਜ਼ਮਾਂ ਦੀ ਪਹਿਚਾਣ ਕਰ ਲਈ ਗਈ ਹੈ ਅਤੇ ਪਰਿਵਾਰ ਵੱਲੋਂ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਪਿੰਡ ਵਾਲਿਆਂ ਨੇ ਗੈਰਕਾਨੂੰਨੀ ਪੀਜੀ ਚਲਾਉਣ ਵਾਲਿਆਂ ਖ਼ਿਲਾਫ ਕਾਰਵਾਈ ਕੀਤੀ ਜਾਵੇ ਅਤੇ ਵੋਟਰ ਅਤੇ ਅਧਾਰ ਕਾਰਡ ਦੀ ਰੀਵੈਰੀਫੀਕੇਸ਼ਨ ਕੀਤਾ ਜਾਵੇ। ਇਸਦੇ ਨਾਲ ਉਨ੍ਹਾਂ ਨੇ ਪੀੜ੍ਹਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਨੇ ਦੱਸਿਆ ਕਿ ਪਰਿਵਾਰ ਸਸਕਾਰ ਕਰਨ ਲਈ ਸਹਿਮਤ ਹੋ ਗਿਆ ਹੈ

ਇਸ ਘਟਨਾ ਤੋਂ ਬਾਅਦ ਬਿਹਾਰ ਤੇ ਦੂਜੇ ਸੂਬਿਆਂ ਤੋਂ ਪੰਜਾਬ ਵਿਚ ਆ ਕੇ ਰਹਿਣ ਵਾਲੇ ਲੋਕ ਇਕ ਵਾਰ ਫਿਰ ਸ਼ੱਕ ਦੇ ਘੇਰੇ ਵਿਚ ਆ ਗਏ ਹਨ। ਕਿਉਂ ਕਿ ਇਨ੍ਹਾਂ ਵਿਚ ਅਪਰਾਧੀ ਕਿਸਮ ਦੇ ਲੋਕ ਅਪਰਾਧੀ ਘੁਸਪੈਠ ਕਰ ਚੁਕੇ ਹਨ। ਉਨ੍ਹਾਂ ਕੋਲ ਦੇਸੀ ਰਿਵਾਲਵਰ, ਛੁਰੇ ਤੇ ਹੋਰ ਮਾਰੂ ਹਥਿਆਰ ਹਨ।

ਕਈ ਦਹਾਕਿਆਂ ਤੋਂ ਦੂਜੇ ਸੂਬਿਆਂ ਦੇ ਲੋਕ ਲੇਬਰ ਦੇ ਰੂਪ ਵਿਚ ਪੰਜਾਬ ਆ ਕੇ ਵਸ ਰਹੇ ਹਨ। ਇਸ ਕਾਰਣ ਪੰਜਾਬ ਦੀ ਡੈਮੋਗਰਾਫੀ ਬਦਲ ਰਹੀ ਹੈ। ਪੰਜਾਬੀਆਂ ਦੀ ਗਿਣਤੀ ਘੱਟ ਰਹੀ ਹੈ।

ਕਈ ਸੂਬਿਆਂ ਦੀਆਂ ਪ੍ਰਵਾਸ ਬਾਰੇ ਆਪਣੀਆਂ ਪਾਬੰਦੀਆਂ ਲਗਾਈਆਂ ਹਨ। ਪਰ ਪੰਜਾਬ ਅਜਿਹੀਆਂ ਪਾਬੰਦੀਆਂ ਨਹੀਂ ਲਗਾ ਰਿਹਾ। ਪੰਜਾਬ ਦੀ ਲੀਡਰਸ਼ਿਪ ਵੋਟ ਬੈਂਕ ਕਾਰਣ ਚੁਪ ਹੈ।

## ਚਰਨਜੀਤ ਚੰਨੀ ਨੇ ਔਰਤਾਂ ਬਾਰੇ ਬਿਆਨ ਲਈ ਮੁਆਫ਼ੀ ਮੰਗੀ

ਚੰਡੀਗੜ੍ਹ- ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਲੋਕ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿੱਚ ਚੋਣ ਪ੍ਰਚਾਰ ਦੌਰਾਨ ਔਰਤਾਂ ਬਾਰੇ ਦਿੱਤੇ ਬਿਆਨ ਲਈ ਮੁਆਫ਼ੀ ਮੰਗ ਲਈ ਹੈ। ਸ੍ਰੀ ਚੰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਹੱਥ ਜੋੜ ਕੇ ਮੁਆਫ਼ੀ ਮੰਗਦਾ ਹਨ। ਉਨ੍ਹਾਂ ਕਿਹਾ ਕਿ ਉਹ ਔਰਤਾਂ ਵਿਰੁੱਧ ਕੁਝ ਕਹਿਣ ਬਾਰੇ ਕਦੇ ਸੋਚ ਵੀ ਨਹੀਂ ਸਕਦੇ। ਹਾਲਾਂਕਿ ਮਹਿਲਾ ਕਮਿਸ਼ਨ ਪੰਜਾਬ ਨੇ ਲੰਘੇ ਦਿਨ ਸ੍ਰੀ ਚੰਨੀ ਨੂੰ ਨੋਟਿਸ ਜਾਰੀ ਕਰਦਿਆਂ ਕਮਿਸ਼ਨ ਅੱਗੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਸਨ, ਪਰ ਉਹ ਕਮਿਸ਼ਨ ਅੱਗੇ ਪੇਸ਼ ਨਹੀਂ ਹੋਏ।

ਸ੍ਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚਾਉਣਾ ਨਹੀਂ ਸੀ ਤੇ ਜੇ ਕਿਸੇ ਦੀ ਭਾਵਨਾ ਨੂੰ ਠੇਸ ਪੁੱਜੀ ਹੈ ਤਾਂ ਉਹ ਇਸ ਲਈ ਮੁਆਫ਼ੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਪ੍ਰਚਾਰ ਵੇਲੇ ਉਸ ਨੇ ਸਿਰਫ਼ ਸੁਣਿਆ ਸੁਣਾਇਆ ਚੁਟਕਲਾ ਹੀ ਸੁਣਾਇਆ ਸੀ। ਜ਼ਿਕਰਯੋਗ ਹੈ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਸੋਮਵਾਰ ਨੂੰ ਚੰਨੀ ਸਬੰਧੀ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਵੀਡੀਓ ਦਾ ਖੁਦ ਨੋਟਿਸ ਲਿਆ ਸੀ। ਵੀਡੀਓ ਵਿੱਚ ਸ੍ਰੀ ਚੰਨੀ ਗਿੱਦੜਬਾਹਾ ਵਿੱਚ ਚੋਣ ਪ੍ਰਚਾਰ ਦੌਰਾਨ ਔਰਤਾਂ ਅਤੇ ਦੋ ਭਾਈਚਾਰਿਆਂ ਖ਼ਿਲਾਫ਼ ਕਥਿਤ ਤੌਰ ਤੇ ਟਿੱਪਣੀਆਂ ਕਰ ਰਹੇ ਸਨ। ਮਹਿਲਾ ਕਮਿਸ਼ਨ ਨੇ ਉਸ ਵੀਡੀਓ ਤੇ ਚੰਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ। ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦਾ ਔਰਤਾਂ ਪ੍ਰਤੀ ਅਜਿਹੀ ਸ਼ਬਦਾਵਲੀ ਵਰਤਣਾ ਗਲਤ ਹੈ।

# ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਭਾਜਪਾ ਨੂੰ ਦਿੱਤਾ ਸਮਰਥਨ

## ✪ ਅਕਾਲੀ ਦਲ ਨੇ ਚੁੱਕੇ ਸਵਾਲ ਕਿ ਬਾਬਾ ਧੁੰਮਾਂ ਪੰਥਕ ਸਿਧਾਂਤਾਂ ਤੋਂ ਭਟਕ ਗਿਆ

ਅੰਮ੍ਰਿਤਸਰ-ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਸਿੱਖ ਸਮਾਜ ਮਹਾਰਾਸ਼ਟਰ ਦੀ ਤਰਫੋਂ ਬੀਤੇ ਸੋਮਵਾਰ ਨੂੰ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਨੂੰ ਸਮਰਥਨ ਦੇਣ ਦਾ ਐਲਾਨ ਕਰਦਿਆਂ ਗਠਜੋੜ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਦੀ ਅਪੀਲ ਕੀਤੀ। ੧ਚੋਣ ਪ੍ਰਚਾਰ ਦੇ ਆਖ਼ਰੀ ਦਿਨ ਮੁੰਬਈ ਪ੍ਰੈੱਸ ਕਲੱਬ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਇਹ ਐਲਾਨ ਕਰਦਿਆਂ ਧੁੰਮਾ ਨੇ ਮਹਾਯੁਤੀ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਇਨ੍ਹਾਂ ਨੂੰ ਸਿੱਖਾਂ ਤੇ ਹੋਰ "ਗੁਰੂ ਨਾਨਕ ਨਾਮ ਲੇਵਾ ਸੰਗਤ" ਦੀ ਭਲਾਈ ਲਈ "ਇਤਿਹਾਸਕ" ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪਿਛਲੇ 2.5 ਸਾਲਾਂ ਦੌਰਾਨ ਸਰਕਾਰ ਨੇ ਗੁਰੂ ਨਾਨਕ ਨਾਮ ਲੇਵਾ ਸੰਗਤ, ਸਿੱਖਾਂ, ਹਿੰਦੂ ਪੰਜਾਬੀਆਂ, ਲੁਬਾਣਿਆਂ, ਸਿਕਲੀਗਰਾਂ, ਸਿੰਧੀਆਂ ਦੀ ਭਲਾਈ ਤੇ ਉੱਨਤੀ ਲਈ ਨੀਤੀਆਂ ਲਾਗੂ ਕੀਤੀਆਂ ਹਨ, ਜਿਨ੍ਹਾਂ ਨੇ ਉਨ੍ਹਾਂ ਦੀ ਸਮਾਜਿਕ ਤੇ ਆਰਥਿਕ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।



ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਪਰਮਬੰਸ ਸਿੰਘ ਰੋਮਾਣਾ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਮਹਾਰਾਸ਼ਟਰ ਵਿੱਚ ਭਾਜਪਾ ਨੂੰ ਦਿੱਤਾ ਸਮਰਥਨ ਜ਼ਰਾ ਦੇਖੋ ਕਿ ਭਾਜਪਾ ਸਿੱਖ ਸੰਸਥਾਵਾਂ ਵਿੱਚ ਕਿਸ ਪੱਧਰ ਤੱਕ ਘੁਸ ਗਈ ਹੈ।

ਦਿੱਲੀ ਦੇ ਅਕਾਲੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਮਹਾਰਾਸ਼ਟਰ 'ਚ ਹਰਨਾਮ ਸਿੰਘ ਧੁੰਮਾ ਦੇ ਗਠਜੋੜ 'ਤੇ ਚਿੰਤਾ ਜ਼ਾਹਰ ਕਰਦਿਆਂ ਇਸ ਨੂੰ ਦਮਦਮੀ ਟਕਸਾਲ ਦੀ ਵਿਰਾਸਤ ਅਤੇ ਸਿੱਖ ਮਰਿਆਦਾ ਲਈ ਖ਼ਤਰਾ ਦੱਸਿਆ ਹੈ।

ਸਰਨਾ ਨੇ ਕਿਹਾ, "'ਧੁੰਮਾ ਦੀਆਂ ਕਾਰਵਾਈਆਂ ਨਾਲ ਦਮਦਮੀ ਟਕਸਾਲ ਵਾਂਗ ਸਤਿਕਾਰਿਤ ਸੰਸਥਾ ਨੂੰ ਕਮਜ਼ੋਰ ਕਰਨ ਦਾ ਖ਼ਤਰਾ ਹੈ।" "ਸਿੱਖ ਕਦਰਾਂ-ਕੀਮਤਾਂ ਦੀ ਅਣਦੇਖੀ ਅਤੇ ਉਨ੍ਹਾਂ ਦੇ ਫੁੱਟ ਪਾਊ ਪ੍ਰਚਾਰ ਲਈ ਜਾਣੀਆਂ ਜਾਂਦੀਆਂ ਤਾਕਤਾਂ ਨਾਲ ਗੱਠਜੋੜ ਕਰਕੇ, ਉਹ ਟਕਸਾਲ ਦੇ ਲੰਬੇ ਸਮੇਂ ਤੋਂ ਖੜ੍ਹੇ ਸਿਧਾਂਤਾਂ ਤੋਂ ਭਟਕ ਗਿਆ ਹੈ।"

ਸਰਨਾ ਨੇ ਨਾਂਦੇੜ ਵਿੱਚ ਸ੍ਰੀ ਹਜ਼ੂਰ ਸਾਹਿਬ ਅਤੇ ਬਿਹਾਰ ਵਿੱਚ ਸ੍ਰੀ ਪਟਨਾ ਸਾਹਿਬ ਵਰਗੇ ਪਵਿੱਤਰ ਤਖ਼ਤਾਂ ਉੱਤੇ ਭਗਵਾ ਤਾਕਤਾਂ ਦੇ ਵੱਧ ਰਹੇ ਪ੍ਰਭਾਵ ਦੇ ਨਾਲ-ਨਾਲ ਡੀਐਸਜੀਐਮਸੀ ਵਿੱਚ ਆਪਣੇ ਕਠਪੁਤਲੀਆਂ ਰਾਹੀਂ ਦਿੱਲੀ ਦੇ ਸਿੱਖ ਵਿਦਿਅਕ ਅਦਾਰਿਆਂ ਉੱਤੇ ਉਨ੍ਹਾਂ ਦੇ ਪ੍ਰਭਾਵ ਵੱਲ ਇਸ਼ਾਰਾ ਕੀਤਾ। ਅਸੀਂ ਦੇਖਿਆ ਹੈ ਕਿ ਕਿਵੇਂ ਐਮਐਸ ਸਿਰਸਾ ਅਤੇ ਹਰਮੀਤ ਸਿੰਘ ਕਾਲਕਾ ਨੇ ਆਪਣੇ ਰਾਜਨੀਤਿਕ ਆਕਾਵਾਂ ਦੇ ਇਸ਼ਾਰੇ 'ਤੇ ਦਿੱਲੀ ਵਿੱਚ ਸਾਡੀ ਵਿਦਿਅਕ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਹੈ। ਅਸੀਂ ਪੰਜਾਬ ਤੋਂ ਬਾਹਰ ਆਪਣੇ ਤਖ਼ਤ ਸਾਹਿਬਾਨ ਦੇ ਪ੍ਰਬੰਧ ਵਿੱਚ ਕਾਫ਼ੀ ਘੁਸਪੈਠ ਝੱਲ ਚੁੱਕੇ ਹਾਂ।" ਸਰਨਾ ਨੇ ਅਜਿਹੀ ਦਖਲਅੰਦਾਜ਼ੀ ਵਿਰੁੱਧ ਚੌਕਸੀ ਦੀ ਲੋੜ 'ਤੇ ਜ਼ੋਰ ਦਿੱਤਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਲੈਸਟਰ ਵਿਖੇ ਵਿਸ਼ਾਲ ਨਗਰ ਕੀਰਤਨ ਆਯੋਜਿਤ ਠੰਢ ਦੇ ਬਾਵਜੂਦ ਹਜ਼ਾਰਾਂ ਸੰਗਤਾਂ ਨੇ ਸ਼ਾਮਿਲ ਹੋ ਕੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ

**ਲੈਸਟਰ (ਪੰਜਾਬ ਟਾਈਮਜ਼) – ਸਿੱਖ ਧਰਮ ਦੇ ਬਾਨੀ ਸੰਸਥਾਪਕ ਪਹਿਲੇ ਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 555ਵਾਂ ਪ੍ਰਕਾਸ਼ ਪੁਰਬ ਬੀਤੇ ਐਤਵਾਰ 17 ਨਵੰਬਰ 2024 ਨੂੰ ਲੈਸਟਰ ਵਿਖੇ ਬੜੀ ਧੂਮ ਧਾਮ, ਸ਼ਾਨੋ ਸ਼ੌਕਤ ਅਤੇ ਸ਼ਰਧਾ ਸਤਿਕਾਰ ਪੂਰਬਕ ਮਨਾਇਆ ਗਿਆ।**

ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਈਸਟ ਪਾਰਕ ਰੋਡ ਤੋਂ ਨਗਰ ਕੀਰਤਨ ਆਰੰਭ ਹੋਇਆ, ਜਿਸ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਚੱਲ ਰਹੇ ਪੰਜ ਪਿਆਰਿਆਂ ਦੇ ਰੂਪ ਵਿੱਚ ਪੰਜ ਸਿੰਘ ਸਾਹਿਬਾਨ ਅਤੇ ਨਿਸ਼ਾਨਚੀ ਸਾਹਿਬਾਨ ਨੇ ਕੀਤੀ । ਇਸ ਨਗਰ ਕੀਰਤਨ ਦੌਰਾਨ ਲੈਸਟਰ ਅਤੇ ਨਾਲ ਲੱਗਦੇ ਛੋਟੇ ਟਾਊਨਾਂ ਤੋਂ ਸੰਗਤਾਂ ਨੇ ਆ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਹੋਈਆਂ ਸੰਗਤਾਂ ਲੈਸਟਰ ਦੀਆਂ ਸੜਕਾਂ ਉਤੋਂ ਦੀ ਬੜੀ ਖ਼ੁਸ਼ੀ ਖ਼ੁਸ਼ੀ ਚੱਲ ਰਹੀਆਂ ਸਨ।

ਪ੍ਰਬੰਧਕਾਂ ਅਨੁਸਾਰ ਨਗਰ ਕੀਰਤਨ ਆਯੋਜਿਤ ਕਰਨ ਨਾਲ ਹੋਰ ਦੂਜੇ ਭਾਈਚਾਰਿਆਂ ਨੂੰ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਤੇ ਸਮਾਜ ਦੇ ਦੂਜੇ ਵਰਗਾਂ ਨਾਲ ਰਲ ਮਿਲ ਕੇ ਰਹਿਣ ਦਾ ਸੁਨੇਹਾ ਜਾਂਦਾ ਹੈ। ਸਾਰੇ ਇੱਕ ਦੂਜੇ ਨੂੰ ਵਧਾਈ ਦਿੰਦੇ ਹਨ ਅਤੇ ਬਿਨਾ ਕਿਸੇ ਭੇਦ ਭਾਵ ਦੇ ਸਾਰਿਆਂ ਦੀ ਸੇਵਾ ਕੀਤੀ ਜਾਂਦੀ ਹੈ। ਰਸਤੇ ਵਿੱਚ ਹਰ ਲੋੜਵੰਦ ਨੂੰ ਲੰਗਰ ਅਤੇ ਖਾਣ ਪੀਣ ਦੀਆਂ ਵਸਤਾਂ ਦਿੱਤੀਆਂ ਜਾਂਦੀਆਂ ਹਨ। ਅੰਕੜਿਆਂ ਮੁਤਾਬਕ ਹਰ ਸਾਲ 10 ਹਜ਼ਾਰ ਦੇ ਲੱਗਭੱਗ ਸਿੱਖ ਸੰਗਤਾਂ ਨਗਰ ਕੀਰਤਨ ਵਿੱਚ ਸ਼ਾਮਿਲ ਹੁੰਦੀਆਂ ਹਨ । ਇਹ ਨਗਰ ਕੀਰਤਨ ਸੈਂਟ ਪੀਟਰਸ ਰੋਡ ਤੋਂ ਹੁੰਦਾ ਹੋਇਆ, ਸਪਾਰਕਨਹੋ ਸਟ੍ਰੀਟ, ਈਸਟ ਪਾਰਕ ਰੋਡ, ਸਵੈਨ ਸਟ੍ਰੀਟ, ਸੈਂਟ ਜੋਰਜ ਵੇ, ਚਾਰਲਸ ਸਟ੍ਰੀਟ, ਹੰਬਰਸਟੋਨ ਗੇਟ, ਕਲੌਕ ਟਾਵਰ, ਈਸਟ ਗੇਟਸ, ਹਾਈ ਸਟ੍ਰੀਟ, ਸੈਂਟ ਨਿਕੋਲਸ ਪਲੇਸ ਅਤੇ ਸੈਂਟ ਨਿਕੋਲਸ ਸਰਕਲ ਤੋਂ ਹੁੰਦਾ ਹੋਇਆ ਅਖੀਰ ਹੋਲੀ ਬੋਨਜ਼ ਸ੍ਰੀ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਉਪਰੰਤ ਦੋਵੇਂ ਗੁਰੂ ਘਰਾਂ ਵਿਖੇ ਸ਼ਾਮ ਦੇ ਦੀਵਾਨ ਸਜਾਏ ਗਏ। ਬਹੁਤ ਸਾਰੀਆਂ ਸੰਗਤਾਂ ਵੱਖ ਵੱਖ ਗੱਡੀਆਂ ਦੇ ਫਲੋਟ ਉਤੇ ਕੀਰਤਨ ਕਰਦੇ ਹੋਏ ਚੱਲ ਰਹੀਆਂ ਸਨ। ਅਖੀਰ ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਇਸ ਨਗਰ ਕੀਰਤਨ ਵਿੱਚ ਸਹਿਯੋਗ ਦੇਣ ਵਾਲੀਆਂ ਅਤੇ ਸੇਵਾ ਕਰਨ ਵਾਲੀਆਂ ਸੰਗਤਾਂ ਦਾ ਹਾਰਦਿਕ ਧੰਨਵਾਦ ਕੀਤਾ।





ਲੈਸਟਰ ਨਗਰ ਕੀਰਤਨ ਵਿੱਚ ਸੰਗਤਾਂ ਭਾਗ ਲੈਂਦੀਆਂ ਹੋਈਆਂ

# ਸਾਬਕਾ ਜੱਜ ਰਣਜੀਤ ਸਿੰਘ ਖ਼ਿਲਾਫ਼ ਬਿਆਨਾਂ ਲਈ ਸੁਖਬੀਰ ਤੇ ਮਜੀਠੀਆ ਘਿਰੇ

**✪ ਸੁਪਰੀਮ ਕੋਰਟ ਦੀ ਹਦਾਇਤ ਅਫ਼ਸੋਸ ਜ਼ਾਹਿਰ ਕਰਨ ✪ ਦੋਹਾਂ ਧਿਰਾਂ ਨੂੰ ਦੋ ਹਫ਼ਤੇ ਦਾ ਸਮਾਂ ਦਿੱਤਾ ✪ ਮਾਮਲਾ ਬੇਅਦਬੀ ਦੀ ਜਾਂਚ ਨਾਲ ਅਸਿਧੇ ਤੌਰ ਉਪਰ ਜੁੜਿਆ**



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਸਾਬਕਾ ਜੱਜ ਰਣਜੀਤ ਸਿੰਘ ਖ਼ਿਲਾਫ਼ ਕੀਤੀ ਬਿਆਨਬਾਜ਼ੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਅਫ਼ਸੋਸ ਪ੍ਰਗਟ ਕਰਨ ਲਈ ਕਿਹਾ ਹੈ। ਜੱਜ ਰਣਜੀਤ ਸਿੰਘ ਨੇ ਪੰਜਾਬ ਬੇਅਦਬੀ ਤੇ ਪੁਲੀਸ ਦੀ ਗੋਲੀਬਾਰੀ ਸਬੰਧੀ ਘਟਨਾਵਾਂ ਦੀ ਜਾਂਚ ਲਈ ਬਣੀ ਕਮੇਟੀ ਦੀ ਪ੍ਰਧਾਨਗੀ ਕੀਤੀ ਸੀ।

ਜਸਟਿਸ ਐੱਮਐੱਮ ਸੁੰਦਰੇਸ਼ ਅਤੇ ਜਸਟਿਸ ਅਰਵਿੰਦ ਕੁਮਾਰ ਦੇ ਇਕ ਬੈਂਚ ਵੱਲੋਂ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਅਪੀਲ 'ਤੇ ਸੁਣਵਾਈ ਕੀਤੀ ਜਾ ਰਹੀ ਸੀ। ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਉਸ ਦੀ ਅਰਜ਼ੀ ਖਾਰਜ ਕੀਤੇ ਜਾਣ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਬੈਂਚ ਨੇ ਸਾਬਕਾ ਜੱਜ ਨੂੰ ਆਪਣੀ ਹਉਮੈ ਨੂੰ ਇਕ ਪਾਸੇ ਰੱਖ ਕੇ ਅੱਗੇ ਵਧਣ ਦੀ ਗੱਲ ਆਖਦਿਆਂ ਦੋਹਾਂ ਧਿਰਾਂ ਨੂੰ ਦੋ ਹਫ਼ਤੇ ਦਾ ਸਮਾਂ ਦਿੱਤਾ।

ਬੈਂਚ ਨੇ ਸੁਖਬੀਰ ਬਾਦਲ ਨੂੰ ਕਿਹਾ ਕਿ ਉਹ ਉਸ ਵੇਲੇ ਪੰਜਾਬ ਦੇ ਉਪ ਮੁੱਖ ਮੰਤਰੀ ਸਨ ਅਤੇ ਅਫ਼ਸੋਸ ਜ਼ਾਹਿਰ ਕਰਨ ਨਾਲ ਉਨ੍ਹਾਂ ਦਾ ਅਕਸ ਹੋਰ ਵਧੇਗਾ। ਬੈਂਚ ਨੇ ਬਾਦਲ ਤੇ ਮਜੀਠੀਆ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਪੁਨੀਤ ਬਾਲੀ ਨੂੰ ਕਿਹਾ, "ਤੁਸੀਂ ਪੰਜਾਬ ਦੇ ਉਪ ਮੁੱਖ ਮੰਤਰੀ ਸੀ ਅਤੇ ਉਹ ਇਕ ਸਾਬਕਾ ਜੱਜ ਹੈ। ਤੁਹਾਡੇ ਦੋਹਾਂ ਦੇ ਜਨਤਕ ਜੀਵਨ ਵਿੱਚ ਉੱਚੇ ਸਥਾਨ ਹਨ। ਤੁਹਾਡੇ ਵੱਲੋਂ ਕੀਤੀ ਗਈ ਬਿਆਨਬਾਜ਼ੀ 'ਤੇ ਇਕ ਨਜ਼ਰ ਮਾਰੋ। ਇਹ ਚੰਗਾ ਨਹੀਂ ਲੱਗਦਾ। ਅੱਗੇ ਇੱਕੋ-ਇੱਕ ਰਾਹ ਬੱਚਦਾ ਹੈ ਕਿ ਤੁਹਾਨੂੰ ਅਫ਼ਸੋਸ ਜ਼ਾਹਿਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਮਨਾਓ।" ਇਸ 'ਤੇ ਬਾਲੀ ਤੇ ਨਾਲ ਦੇ ਵਕੀਲ ਨਿਸ਼ਾਂਤ ਬਿਸ਼ਨੋਈ ਨੇ ਬੈਂਚ ਨੂੰ ਕਿਹਾ ਕਿ ਉਹ ਸਮਝਦੇ ਹਨ ਕਿ ਅਦਾਲਤ ਕੀ ਕਹਿਣਾ ਚਾਹੁੰਦੀ ਹੈ। ਉਨ੍ਹਾਂ ਆਪਣੇ ਮੁਵੱਕਿਲਾਂ ਤੱਕ ਸੁਨੇਹਾ ਪਹੁੰਚਾਉਣ ਲਈ ਕੁਝ ਸਮਾਂ ਮੰਗਿਆ। ਬੈਂਚ ਨੇ ਸਾਬਕਾ ਜੱਜ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਨਿਦੇਸ਼ ਗੁਪਤਾ ਨੂੰ ਵੀ ਅਦਾਲਤ ਦਾ ਨਜ਼ਰੀਆ ਸਾਬਕਾ ਜੱਜ ਤੱਕ ਪਹੁੰਚਾਉਣ ਲਈ ਕਿਹਾ। ਬੈਂਚ ਨੇ ਕਿਹਾ, "ਅਸੀਂ ਤੁਹਾਨੂੰ ਸਿਰਫ਼ ਐਨਾ ਹੀ ਕਹਿਣਾ ਚਾਹਾਂਗੇ ਕਿ ਜਿੰਨਾ ਉੱਪਰ ਜਾਓਗੇ, ਤੁਹਾਡੀ ਹਉਮੈ ਓਨੀ ਹੀ ਵਧੇਗੀ। ਤੁਹਾਨੂੰ ਆਪਣੀ ਹਉਮੈ ਨੂੰ ਇਕ ਪਾਸੇ ਰੱਖਣਾ ਹੋਵੇਗਾ।

# ਭਾਈ ਰਾਜੋਆਣਾ ਜੇਲ੍ਹ ਤੋਂ ਆਏ ਬਾਹਰ, ਪੁਲਿਸ ਨੇ ਕੀਤੇ ਸਖ਼ਤ ਸੁਰੱਖਿਆ ਪ੍ਰਬੰਧ

**✪ ਸੁਪਰੀਮ ਕੋਰਟ ਅਜੇ ਭਾਈ ਰਾਜੋਆਣਾ ਬਾਰੇ ਫੈਸਲਾ ਨਾ ਲੈ ਸਕੀ**



ਭੋਗ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੀ ਪਹੁੰਚੇ।

ਪਟਿਆਲਾ-ਪਟਿਆਲਾ ਕੇਂਦਰੀ ਜੇਲ੍ਹ ਵਿਚੋਂ ਪੁਲਿਸ ਦੀ ਟੀਮ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਲੈ ਕੇ ਲੁਧਿਆਣਾ ਲਈ ਰਵਾਨਾ ਹੋਈ। ਰਾਜੋਆਣਾ ਨੂੰ ਭਰਾ ਕੁਲਵੰਤ ਸਿੰਘ ਰਾਜੋਆਣਾ ਦੇ ਭੋਗ ਵਿਚ ਸ਼ਾਮਲ ਹੋਣ ਲਈ ਤਿੰਨ ਘੰਟੇ ਦੀ ਪੈਰੋਲ ਮਿਲੀ ਹੋਈ ਹੈ। ਉਨ੍ਹਾਂ ਦੇ ਭਰਾ ਦੀ 14 ਨਵੰਬਰ ਨੂੰ ਮੌਤ ਹੋ ਚੁੱਕੀ ਹੈ ਅਤੇ ਭੋਗ 20 ਨਵੰਬਰ ਨੂੰ ਲੁਧਿਆਣਾ ਦੇ ਪਿੰਡ ਰਾਜੋਆਣਾ ਕਲਾਂ ਦੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਪੈ ਰਿਹਾ ਹੈ।

29 ਸਾਲਾਂ ਬਾਅਦ ਸਿੱਖ ਸੰਘਰਸ਼ ਦੇ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਦੇਖਣ ਲਈ ਸਿੱਖ ਸੰਗਤਾਂ ਅੰਦਰ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ। ਭਾਈ ਰਾਜੋਆਣਾ ਨੂੰ ਹਾਈ ਕੋਰਟ ਵਲੋਂ ਦਿੱਤੀ ਤਿੰਨ ਘੰਟੇ ਦੀ ਪੈਰੋਲ 'ਤੇ ਉਨ੍ਹਾਂ ਦੇ ਭਤੀਜੇ ਰਵਨੀਤ ਸਿੰਘ (ਪੁੱਤਰ ਮਰਹੂਮ ਭਾਈ ਕੁਲਵੰਤ ਸਿੰਘ ਰਾਜੋਆਣਾ) ਨੇ 'ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਬੀਤੇ ਸੋਮਵਾਰ ਨੂੰ ਮੇਰੇ ਚਾਚਾ (ਭਾਈ ਰਾਜੋਆਣਾ) ਨੇ ਆਪਣੇ ਜੱਦੀ ਪਿੰਡ ਰਾਜੋਆਣਾ ਕਲਾਂ ਵਿਖੇ ਵੱਡੇ ਭਰਾ ਦੀ ਅੰਤਿਮ ਅਰਦਾਸ 'ਚ ਸ਼ਾਮਿਲ ਹੋਣ ਲਈ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ, ਜਿਸ 'ਤੇ ਹਾਈ ਕੋਰਟ ਵਲੋਂ ਸੰਬੰਧਤ ਥਾਣਾ ਸੁਧਾਰ ਰਾਹੀਂ ਸਰਪੰਚ ਬੀਬੀ ਜਸਵਿੰਦਰ ਕੌਰ, ਗੁਰਜੀਤ ਸਿੰਘ ਨੱਤ, ਲੰਬਰਦਾਰ ਕਮਲਪ੍ਰੀਤ ਸਿੰਘ ਤੋਂ ਭਾਈ ਕੁਲਵੰਤ ਸਿੰਘ ਰਾਜੋਆਣਾ ਦੀ ਮੌਤ ਤੇ ਅੰਤਿਮ ਅਰਦਾਸ ਸੰਬੰਧੀ ਪੁਖਤਾ ਜਾਣਕਾਰੀ ਲੈਂਦਿਆਂ ਉਨ੍ਹਾਂ ਨੂੰ ਪੈਰੋਲ ਛੁੱਟੀ ਦਿੱਤੀ ਗਈ। ਸਰਪੰਚ ਗੁਰਜੀਤ ਸਿੰਘ ਨੱਤ ਤੇ ਪਰਿਵਾਰ ਦਾ ਕਹਿਣਾ ਹੈ ਕਿ ਜਿਥੇ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰ ਦਾ ਇਸ ਜਹਾਨੋਂ ਰੁਖ਼ਸਤ ਹੋਣ ਦਾ ਦਰਦ ਹੈ ਉੱਥੇ ਹੀ ਭਾਈ ਰਾਜੋਆਣਾ ਵਲੋਂ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਦੀ ਖ਼ਬਰ ਸਕੂਨ ਭਰੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਦੀ ਵੱਡੇ ਭਰਾ ਦੇ ਭੋਗ 'ਤੇ ਆਮਦ ਨੂੰ ਲੈ ਕੇ ਪਿੰਡ ਰਾਜੋਆਣਾ ਕਲਾਂ ਵਿਖੇ ਸਖ਼ਤ ਸਰੁੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਗਿਆ ਹੈ।

## ਪੱਕੀ ਰਿਹਾਈ ਜਾਂ ਫਾਂਸੀ ਬਾਰੇ ਫੈਸਲਾ ਹੋਣਾ ਬਾਕੀ

ਇਥੇ ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਪੰਜਾਬ ਦੇ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਤੇ ਸਜ਼ਾ-ਏ-ਮੌਤ ਦੀ ਉਡੀਕ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਅੱਗੇ ਪੇਸ਼ ਕਰਨ ਲਈ ਸੋਮਵਾਰ ਸਵੇਰੇ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਸਕੱਤਰ ਨੂੰ ਦਿੱਤੇ ਹੁਕਮਾਂ ਉਤੇ ਬਾਅਦ ਦੁਪਹਿਰ ਰੋਕ ਲਾ ਦਿੱਤੀ। ਸੁਪਰੀਮ ਕੋਰਟ ਦੇ ਸਵੇਰ ਦੇ ਹੁਕਮ ਤੋਂ ਬਾਅਦ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਅੱਗੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਇਸ ਮਾਮਲੇ ਵਿਚ 'ਕਈ ਸੰਵੇਦਨਸ਼ੀਲਤਾਵਾਂ ਸ਼ਾਮਲ' ਹਨ ਤੇ ਇਸ ਕਾਰਨ ਇਸ ਉਤੇ ਸ਼ੁੱਕਰਵਾਰ ਨੂੰ ਸੁਣਵਾਈ ਕੀਤੀ ਜਾਵੇ।

ਮਹਿਤਾ ਨੇ ਬੈਂਚ ਨੂੰ ਇਹ ਵੀ ਦੱਸਿਆ ਕਿ ਇਸ ਮਾਮਲੇ ਦੀ ਫਾਈਲ ਗ੍ਰਹਿ ਮੰਤਰਾਲੇ ਕੋਲ ਹੈ, ਨਾ ਕਿ ਰਾਸ਼ਟਰਪਤੀ ਭਵਨ ਕੋਲ। ਬੈਂਚ ਨੇ ਮਹਿਤਾ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਮਾਮਲੇ ਦੀ ਸੁਣਵਾਈ ਅਗਲੇ ਸੋਮਵਾਰ (25 ਨਵੰਬਰ) ਨੂੰ ਕਰਨ ਦਾ ਫੈਸਲਾ ਕੀਤਾ।

ਇਸ ਤੋਂ ਪਹਿਲਾਂ ਦਿਨੇ ਜਸਟਿਸ ਬੀ ਆਰ ਗਵਈ, ਜਸਟਿਸ ਪੀ ਕੇ ਮਿਸ਼ਰਾ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਰਾਸ਼ਟਰਪਤੀ ਦੇ ਸਕੱਤਰ ਨੂੰ ਹਦਾਇਤ ਦਿੱਤੀ ਕਿ ਇਹ ਮਾਮਲਾ ਰਾਸ਼ਟਰਪਤੀ ਦਰੋਪਦੀ ਮੁਰਮੂ ਅੱਗੇ ਵਿਚਾਰ ਲਈ ਪੇਸ਼ ਕੀਤਾ ਜਾਵੇ। ਬੈਂਚ ਨੇ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਸੀ ਕਿ ਉਹ ਦੋ ਹਫਤਿਆਂ ਦੇ ਅੰਦਰ ਪਟੀਸ਼ਨ 'ਤੇ ਵਿਚਾਰ ਕਰਨ। ਬੈਂਚ ਨੇ ਕਿਹਾ ਸੀਇਸ ਮਾਮਲੇ ਨੂੰ ਅੱਜ ਲਈ ਖਾਸ ਤੌਰ 'ਤੇ ਰੱਖੇ ਜਾਣ ਦੇ ਬਾਵਜੂਦ ਕੋਈ ਵੀ ਭਾਰਤੀ ਯੂਨੀਅਨ (ਭਾਰਤ ਸਰਕਾਰ) ਵੱਲੋਂ ਪੇਸ਼ ਨਹੀਂ ਹੋ ਇਆ। ਅਦਾਲਤ ਸਿਰਫ ਇਸੇ ਕੇਸ ਲਈ ਬੈਠੀ ਸੀ।

ਬੈਂਚ ਨੇ ਕਿਹਾ ਕਿ ਪਿਛਲੀ ਤਰੀਕ ਨੂੰ ਮਾਮਲੇ ਦੀ ਸੁਣਵਾਈ ਇਸ ਲਈ ਮੁਲਤਵੀ ਕਰ ਦਿੱਤੀ ਗਈ ਸੀ, ਤਾਂ ਜੋ ਯੂਨੀਅਨ ਵੱਲੋਂ ਰਾਸ਼ਟਰਪਤੀ ਦੇ ਦਫਤਰ ਤੋਂ ਇਹ ਹਦਾਇਤ ਲਈ ਜਾ ਸਕੇ ਕਿ ਰਹਿਮ ਦੀ ਅਪੀਲ 'ਤੇ ਕਦੋਂ ਫੈਸਲਾ ਕੀਤਾ ਜਾਵੇਗਾ। ਇਸ ਗੱਲ ਉਤੇ ਗੌਰ ਕਰਦਿਆਂ ਕਿ ਪਟੀਸ਼ਨਰ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਿਹਾ ਹੈ, ਅਸੀਂ ਰਾਸ਼ਟਰਪਤੀ ਦੇ ਸਕੱਤਰ ਨੂੰ ਹਦਾਇਤ ਦਿੰਦੇ ਹਾਂ ਕਿ ਮਾਮਲੇ ਨੂੰ ਭਾਰਤ ਦੇ ਰਾਸ਼ਟਰਪਤੀ ਅੱਗੇ ਰੱਖਿਆ ਜਾਵੇ ਅਤੇ ਰਾਸ਼ਟਰਪਤੀ ਨੂੰ ਬੇਨਤੀ ਕਰਦੇ ਹਾਂ ਕਿ ਇਸ ਮਾਮਲੇ ਉਤੇ ਅੱਜ ਤੋਂ ਦੋ ਹਫਤਿਆਂ ਦੇ ਅੰਦਰ ਵਿਚਾਰ ਕੀਤੀ ਜਾਵੇ। 31 ਅਗਸਤ, 1995 ਨੂੰ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਦੇ ਮੁੱਖ ਦਰਵਾਜ਼ੇ 'ਤੇ ਹੋਏ ਧਮਾਕੇ 'ਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰਨਾਂ ਦੀ ਮੌਤ ਹੋ ਗਈ ਸੀ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿਚ ਰਾਜੋਆਣਾ ਨੂੰ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ।

# ਬਹੁਜਨ ਵਿਕਾਸ ਅਘਾੜੀ ਦੇ ਵਰਕਰਾਂ ਨੇ ਭਾਜਪਾ ਆਗੂ ਤਾਵੜੇ ਨੂੰ ਪੈਸੇ ਵੰਡਦਿਆਂ ਫੜਿਆ

## ✪ ਚੋਣ ਕਮਿਸ਼ਨ ਦੇ ਅਧਿਕਾਰੀ ਨੇ ਦੱਸਿਆ ਕਿ ਹੋਟਲ ਵਿੱਚੋਂ 9 ਲੱਖ 93 ਹਜ਼ਾਰ ਰੁਪਏ ਮਿਲੇ

ਨਵੀਂ ਦਿੱਲੀ-ਮਹਾਰਾਸ਼ਟਰ ਅਸੰਬਲੀ ਦੀਆਂ ਹੋ ਰਹੀਆਂ ਚੋਣਾਂ ਤੋਂ ਪਹਿਲਾਂ ਬੀਤੇ ਦਿਨੀਂ ਮੁੰਬਈ ਦੇ ਵਿਰਾਰ ਇਲਾਕੇ ਦੇ ਹੋਟਲ ਵਿਚ ਬਹੁਜਨ ਵਿਕਾਸ ਅਘਾੜੀ (ਬੀ ਵੀ ਏ) ਦੇ ਵਰਕਰਾਂ ਨੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਨੂੰ ਕਥਿਤ ਤੌਰ ’ਤੇ ਪੈਸੇ ਵੰਡਦਿਆਂ ਘੇਰ ਲਿਆ। ਚੋਣ ਕਮਿਸ਼ਨ ਦੇ ਅਧਿਕਾਰੀ ਨੇ ਦੱਸਿਆ ਕਿ ਹੋਟਲ ਵਿੱਚੋਂ 9 ਲੱਖ 93 ਹਜ਼ਾਰ ਰੁਪਏ ਮਿਲੇ।



ਬੀ ਵੀ ਏ ਨੇ ਕਿਹਾ ਕਿ ਤਾਵੜੇ ਨੇ ਬੈਗ ਵਿੱਚ ਡਾਇਰੀ ਰੱਖੀ ਹੋਈ ਸੀ, ਜਿਸ ਵਿੱਚ 15 ਕਰੋੜ ਰੁਪਏ ਵੰਡਣ ਦਾ ਜ਼ਿਕਰ ਸੀ। ਬੀ ਵੀ ਏ ਦੇ ਮੁਖੀ ਤੇ ਵਿਧਾਇਕ ਹਿਤੇਂਦਰ ਠਾਕੁਰ ਨੇ ਦੋਸ਼ ਲਾਇਆ ਕਿ ਤਾਵੜੇ ਪੰਜ ਕਰੋੜ ਨਕਦ ਲੈ ਕੇ ਹੋਟਲ ਵਿੱਚ ਪੁੱਜਾ। ਠਾਕੁਰ ਨੇ ਕਿਹਾ ਕਿ ਕੁਝ ਭਾਜਪਾ ਵਰਕਰਾਂ ਨੇ ਹੀ ਉਸ ਨੂੰ ਦੱਸਿਆ ਸੀ ਕਿ ਤਾਵੜੇ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਪੰਜ ਕਰੋੜ ਵੰਡਣ ਵਿਰਾਰ ਆਇਆ ਹੈ। ਉਹ ਹੈਰਾਨ ਹੋਇਆ ਕਿ ਏਨਾ ਵੱਡਾ ਆਗੂ ਏਨਾ ਡਿੱਗ ਪਵੇਗਾ, ਪਰ ਜਦੋਂ ਹੋਟਲ ਪੁੱਜਾ ਤਾਂ ਉਸ ਨੇ ਤਾਵੜੇ ਨੂੰ ਉੱਥੇ ਦੇਖਿਆ।

ਸਥਿਤੀ ਉਦੋਂ ਵਿਗੜ ਗਈ, ਜਦੋਂ ਹਿਤੇਂਦਰ ਠਾਕੁਰ ਦੇ ਬੇਟੇ ਸ਼ਿਤਿਜ ਠਾਕੁਰ ਨੇ ਡਾਇਰੀ ਖੋਹ ਲਈ। ਉਸ ਨੇ ਤਾਵੜੇ ਨੂੰ ਪੁੱਛਿਆ ਕਿ ਚੋਣ ਪ੍ਰਚਾਰ ਸੋਮਵਾਰ ਸ਼ਾਮ ਖਤਮ ਹੋਣ ਦੇ ਬਾਅਦ ਉਹ ਵਿਰਾਰ ਵਿੱਚ ਕੀ ਲੈਣ ਆਇਆ? ਬੀ ਵੀ ਏ ਨੇ ਹੋਟਲ ਦੇ ਸੀ ਸੀ ਟੀ ਵੀ ਕੈਮਰੇ ਨਾ ਚੱਲਣ ’ਤੇ ਵੀ ਸਵਾਲ ਉਠਾਏ। ਠਾਕੁਰ ਨੇ ਕਿਹਾ ਕਿ ਹੋਟਲ ’ਤੇ ਵੀ ਕਾਰਵਾਈ ਕੀਤੀ ਜਾਵੇ, ਕਿਉਂਕਿ ਪੈਸੇ ਵੰਡਣ ਖਾਤਰ ਕੈਮਰੇ ਬੰਦ ਕੀਤੇ ਗਏ। ਚੋਣ ਕਮਿਸ਼ਨ ਦੇ ਅਫਸਰਾਂ ਨੇ ਹੋਟਲ ਵਿੱਚ ਤਾਵੜੇ ਦੇ ਕਮਰੇ ਵਿੱਚੋਂ ਪੈਸੇ ਤੇ ਕਾਗਜ਼ਾਤ ਬਰਾਮਦ ਕੀਤੇ, ਪਰ ਚੋਣ ਕਮਿਸ਼ਨ ਨੇ ਕਿਹਾ ਕਿ ਕੁਝ ਬਰਾਮਦ ਹੋਇਆ ਹੈ।

ਆਪੋਜ਼ੀਸ਼ਨ ਦੇ ਦੋਸ਼ ਦੇ ਬਾਅਦ ਚੋਣ ਕਮਿਸ਼ਨ ਨੇ ਵਿਨੋਦ ਤਾਵੜੇ ਤੇ ਨਾਲਾਸੋਪਾਰਾ ਦੇ ਭਾਜਪਾ ਉਮੀਦਵਾਰ ਰਾਜਨ ਨਾਇਕ ਖਿਲਾਫ ਲੋਕ ਪ੍ਰਤੀਨਿਧਤਾ ਕਾਨੂੰਨ ਤਹਿਤ ਐੱਫ ਆਈ ਆਰ ਦਰਜ ਕਰਵਾ ਦਿੱਤੀ ਹੈ। ਪੁਲਸ ਦੀ ਡਿਪਟੀ ਕਮਿਸ਼ਨਰ ਪੂਰਨਿਮਾ ਚੌਗੁਲੇ ਨੇ ਦੋ ਐੱਫ ਆਈ ਆਰ ਦਰਜ ਕਰਨ ਦੀ ਗੱਲ ਕਹੀ, ਪਰ ਵੇਰਵੇ ਨਹੀਂ ਦੱਸੇ।

ਸ਼ਿਵ ਸੈਨਾ (ਯੂ ਬੀ ਟੀ) ਦੇ ਪ੍ਰਧਾਨ ਊਧਵ ਠਾਕਰੇ ਨੇ ਕਿਹਾ ਮੈਂ ਇੱਥੇ ਤੁਲਜਾ ਭਵਾਨੀ ਦੇਵੀ ਦੇ ਦਰਸ਼ਨ ਕਰਨ ਆਇਆ ਤਾਂ ਮੇਰਾ ਬੈਗ ਚੈੱਕ ਕੀਤਾ ਗਿਆ, ਪਰ ਉਸ ਵਿੱਚੋਂ ਲੱਭਾ ਕੁਝ ਨਹੀਂ। ਮੀਡੀਆ ਤੋਂ ਮੈਨੂੰ ਪਤਾ ਲੱਗਿਆ ਹੈ ਕਿ ਕੈਸ਼ ਵਿਨੋਦ ਤਾਵੜੇ ਦੇ ਬੈਗਾਂ ਵਿੱਚੋਂ ਲੱਭਾ। ਮੈਂ ਦੇਵੀ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਇਸ ਕੁਰੱਪਟ ਸਰਕਾਰ ਤੋਂ ਛੇਤੀ ਪਿੱਛਾ ਛੁਡਾਵੇ। ਸ਼ਿਵ ਸੈਨਾ (ਯੂ ਬੀ ਟੀ) ਦੇ ਸਾਂਸਦ ਸੰਜੇ ਰਾਊਤ ਨੇ ਕਿਹਾ ਕਿ ਤਾਵੜੇ ਉੱਤੇ ਗ੍ਰਹਿ ਵਿਭਾਗ (ਗ੍ਰਹਿ ਮੰਤਰੀ ਭਾਜਪਾ ਦੇ ਦਵਿੰਦਰ ਫੜਨਵੀਸ ਹਨ) ਨੇ ਨਜ਼ਰ ਰੱਖੀ ਸੀ। ਭਾਜਪਾ ਦੇ ਕੁਝ ਲੋਕ ਅੱਜ ਖੁਸ਼ ਹੋਣਗੇ। ਇਹ ਸਾਜ਼ਿਸ਼ ਤਾਂ ਨਹੀਂ? ਭਵਿੱਖ ਵਿੱਚ ਤਾਵੜੇ ਵੱਡੇ ਆਗੂ ਨਾ ਬਣ ਜਾਣ, ਇਸ ਲਈ ਇਹ ਕੀਤਾ ਗਿਆ। ਮੇਰੇ ਕੋਲ 18 ਲੋਕਾਂ ਦੇ ਨਾਂਅ ਹਨ, ਜਿਹੜੇ ਪੈਸੇ ਵੰਡ ਰਹੇ ਹਨ, ਪਰ ਤਾਵੜੇ ਖੁਦ ਪੈਸੇ ਵੰਡ ਰਹੇ ਸਨ, ਇਹ ਹੈਰਾਨੀ ਦੀ ਗੱਲ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਮੋਦੀ ਜੀ, ਇਹ ਪੰਜ ਕਰੋੜ ਕਿਸ ਦੇ ਸੇਫ ਵਿੱਚੋਂ ਨਿਕਲਿਆ ਹੈ? ਲੋਕਾਂ ਦਾ ਪੈਸਾ ਲੁੱਟ ਕੇ ਤੁਹਾਨੂੰ ਕਿਹੜੇ ਟੈਂਪੂ ’ਚ ਭੇਜਿਆ? (2024 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ’ਤੇ ਹਮਲਾ ਬੋਲਦਿਆਂ ਕਿਹਾ ਸੀ ਕਿ ਕਾਂਗਰਸ ਸਰਮਾਏਦਾਰ ਯਾਰਾਂ ਬਾਰੇ ਖਾਮੋਸ਼ ਹੈ, ਕਿਉਕਿ ਉਸ ਨੂੰ ਧਨ ਦੇ ਭਰੇ ਟੈਂਪੂ ਪਹੁੰਚ ਗਏ ਹਨ।) ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਨਾਨਾ ਪਟੋਲੇ ਨੇ ਕਿਹਾ ਕਿ ਵਿਰਾਰ ਦੇ ਹੋਟਲ ਵਿੱਚ ਪੈਸੇ ਵੰਡਦੇ ਰੰਗੇ ਹੱਥ ਫੜੇ ਗਏ ਭਾਜਪਾ ਦੇ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਦਾ ਵੀਡੀਓ ਵਾਇਰਲ ਹੋ ਰਿਹਾ ਹੈ। ਤਾਵੜੇ ਨੂੰ ਗ੍ਰਿਫਤਾਰ ਕੀਤਾ ਜਾਵੇ।

ਆਪ ਦੇ ਸਾਂਸਦ ਸੰਜੇ ਸਿੰਘ ਨੇ ਕਿਹਾ ਕਿ ਅਡਾਨੀ ਕਰੋੜਾਂ ਰੁਪਏ ’ਚ ਵਿਧਾਇਕ ਖਰੀਦ ਕੇ ਮਹਾਰਾਸ਼ਟਰ ਦੀ ਸਰਕਾਰ ਡੇਗਦਾ ਹੈ। ਭਾਜਪਾ ਸਰਕਾਰ ਬਣਾ ਕੇ ਮਹਾਰਾਸ਼ਟਰ ਵਿੱਚ ਲੱਖਾਂ-ਕਰੋੜਾਂ ਦਾ ਧੰਦਾ ਅਡਾਨੀ ਨੂੰ ਦਿੰਦੀ ਹੈ। ਇਸ ਦੇ ਬਾਅਦ ਉਹ ਅਡਾਨੀ ਦੇ ਕਾਲੇ ਧਨ ਨਾਲ ਲੜਦੀ ਹੈ। ਭਾਜਪਾ ਆਗੂ ਦੇ ਹੱਥ ਵਿੱਚ ਇਹ ਨੋਟਾਂ ਦੀਆਂ ਦੱਥੀਆਂ ਅਡਾਨੀ ਦੀਆਂ ਹਨ। ਭਾਜਪਾ ਮਹਾਰਾਸ਼ਟਰ ਨੂੰ ਅਡਾਨੀ ਰਾਸ਼ਟਰ ਬਣਾਉਣਾ ਚਾਹੁੰਦੀ ਹੈ। ਸੀਨੀਅਰ ਭਾਜਪਾ ਆਗੂ ਸੁਧੀਰ ਮੁੰਗਟੀਵਰ ਨੇ ਕਿਹਾ ਕਿ ਤਾਵੜੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਹਨ। ਉਹ ਕਿਸੇ ਵਾਰਡ ਵਿੱਚ ਪੈਸੇ ਵੰਡਣ ਜਾਣਗੇ, ਇਹ ਗੱਲ ਜਚਦੀ ਨਹੀਂ।

# ਹਰਮੀਤ ਸਿੰਘ ਸੰਧੂ ਵਲੋਂ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ

ਤਰਨ ਤਾਰਨ-ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ, ਕੋਰ ਕਮੇਟੀ ਮੈਂਬਰ, ਵਰਕਿੰਗ ਕਮੇਟੀ ਮੈਂਬਰ ਅਤੇ ਹਲਕਾ ਤਰਨ ਤਾਰਨ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਭੇਜਿਆ ਹੈ। ਹਰਮੀਤ ਸਿੰਘ ਸੰਧੂ ਵਲੋਂ ਆਉਂਦੇ ਇਕ ਦੋ ਦਿਨਾਂ ਵਿਚ ਹਲਕਾ ਤਰਨ ਤਾਰਨ ਦੇ ਆਪਣੇ ਸਾਥੀਆਂ ਅਤੇ ਸਰਪੰਚਾਂ, ਪੰਚਾਂ ਨਾਲ ਮੀਟਿੰਗ ਕਰਕੇ ਅਗਲੀ ਰਣਨੀਤੀ ਦੱਸਣ ਦੀ ਗੱਲ ਕਹੀ ਹੈ। ਹਰਮੀਤ ਸਿੰਘ ਸੰਧੂ ਹਲਕਾ ਤਰਨ ਤਾਰਨ ਤੋਂ ਇਕ ਵਾਰ ਆਜ਼ਾਦ ਅਤੇ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਤਰਫ਼ੋਂ ਵਿਧਾਇਕ ਰਹਿ ਚੁੱਕੇ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵਿਚੋਂ ਇਕ ਮੰਨੇ ਜਾਂਦੇ ਹਨ । ਹਾਲਾਂਕਿ ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਉਹ ਕੁਝ ਦਿਨਾਂ ਵਿਚ ਹੀ ਵਰਕਰਾਂ ਨਾਲ ਮੀਟਿੰਗ ਕਰਕੇ ਅਗਲੇ ਕਦਮ ਸਬੰਧੀ ਫੈਸਲਾ ਲੈਣਗੇ।



ਦੱਸਣਾ ਬਣਦਾ ਹੈ ਕਿ ਹਰਮੀਤ ਸਿੰਘ ਸੰਧੂ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਤਰਨਤਾਰਨ ਹਲਕੇ ਤੋਂ ਆਜ਼ਾਦ ਉਮੀਦਵਾਰ ਦੇ ਤੌਰ ’ਤੇ ਚੋਣ ਜਿੱਤੇ ਸਨ। 2007 ’ਚ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਉਮੀਦਵਾਰ ਬਣਾਇਆ ਅਤੇ ਉਹ ਕਾਂਗਰਸ ਦੇ ਮਨਜੀਤ ਸਿੰਘ ਘਸੀਟਪੁਰਾ ਨੂੰ ਜਿਤਾ ਕੇ ਉਸ ਵੇਲੇ ਸੱਤਾ ’ਚ ਆਈ ਪਾਰਟੀ ਦੇ ਵਿਧਾਇਕ ਬਣ ਗਏ। ਜਦੋਂਕਿ 2012 ’ਚ ਮੁੜ ਹਰਮੀਤ ਸਿੰਘ ਸੰਧੂ ਨੇ ਅਕਾਲੀ ਦਲ ਵੱਲੋਂ ਚੋਣ ਲੜੀ ਅਤੇ ਕਾਂਗਰਸ ਦੇ ਡਾ. ਧਰਮਬੀਰ ਅਗਨੀਹੋਤਰੀ ਨੂੰ ਹਰਾ ਕੇ ਵਿਧਾਨ ਸਭਾ ਪੁੱਜੇ। ਦੋ ਵਾਰ ਸੱਤਾ ’ਚ ਆਈ ਅਕਾਲੀ ਦਲ ਦੀ ਸਰਕਾਰ ਸਮੇਂ ਹਰਮੀਤ ਸਿੰਘ ਸੰਧੂ ਨੂੰ ਦੋ ਵਾਰ ਮੁੱਖ ਪਾਰਲੀਮਾਨੀ ਸਕੱਤਰ ਵੀ ਬਣਾਇਆ ਗਿਆ ਅਤੇ ਇਕ ਵਾਰ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਵੀ ਬਣਾਏ ਗਏ। ਜਦੋਂਕਿ ਸੁਖਬੀਰ ਸਿੰਘ ਬਾਦਲ ਦੀ ਗੁੱਡ ਬੁੱਕ ਵਿਚ ਜਾਣੇ ਜਾਂਦੇ ਹਰਮੀਤ ਸਿੰਘ ਸੰਧੂ ਪਾਰਟੀ ਦੇ ਵੱਖ ਵੱਖ ਅਹੁਦਿਆਂ ਦੀ ਵੀ ਜ਼ਿੰਮੇਵਾਰੀ ਨਿਭਾਉਂਦੇ ਰਹੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਹਰਮੀਤ ਸਿੰਘ ਸੰਧੂ ਦੇ ਅਕਾਲੀ ਦਲ ਛੱਡ ਕੇ ਕਿਸੇ ਹੋਰ ਪਾਰਟੀ ਵਿਚ ਜਾਣ ਦੀਆਂ ਚਰਚਾਵਾਂ ਉੱਠਦੀਆਂ ਰਹੀਆਂ ਹਨ। ਪਰ ਇਨ੍ਹਾਂ ਚਰਚਾਵਾਂ ਸਬੰਧੀ ਉਨ੍ਹਾਂ ਦਾ ਕੋਈ ਬਿਆਨ ਜਾ ਜਵਾਬ ਨਹੀਂ ਸੀ ਆਇਆ। ਹੁਣ ਮੰਗਲਵਾਰ ਨੂੰ ਅਚਾਨਕ ਉਨ੍ਹਾਂ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿੱਪ ਸਮੇਤ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਨੂੰ ਉਨ੍ਹਾਂ ਨੇ ਬਹੁਤ ਹੀ ਸੰਖੇਪ ਵਿਚ ਅਸਤੀਫਾ ਲਿਖਿਆ ਤੇ ਅਸਤੀਫੇ ਪਿੱਛੇ ਨਿੱਜੀ ਕਾਰਨ ਦੱਸੇ ਹਨ। ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਫਿਲਹਾਲ ਉਨ੍ਹਾਂ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਕੁਝ ਦਿਨਾਂ ਵਿਚ ਹੀ ਆਪਣੇ ਸਮਰਥਕਾਂ ਤੇ ਵਰਕਰਾਂ ਨਾਲ ਮੀਟਿੰਗ ਕਰਕੇ ਅੱਗੇ ਦੀ ਰਣਨੀਤੀ ਦਾ ਫੈਸਲਾ ਲੈਣਗੇ।

# ਮਨੀਪੁਰ ਦੇ ਹਾਲਾਤ ਹੋਰ ਖਰਾਬ, ਵਿਧਾਇਕਾਂ ਤੇ ਮੰਤਰੀਆਂ ਦੇ ਘਰਾਂ ਨੂੰ ਅੱਗ ਲਗਾਈ

## ✪ ਅਮਿਤ ਸ਼ਾਹ ਮਨੀਪੁਰ ਦੇ ਹਾਲਾਤ ਦੇ ਮੱਦੇਨਜ਼ਰ ਆਪਣੀਆਂ ਰੈਲੀਆਂ ਰੱਦ ਕਰ ਕੇ ਦਿੱਲੀ ਪਰਤੇ

ਇੰਫਾਲ-ਮਨੀਪੁਰ ਦੀ ਇੰਫਾਲ ਵਾਦੀ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਭੜਕੀ ਭੀੜ ਨੇ ਭਾਜਪਾ ਦੇ ਤਿੰਨ ਹੋਰ ਵਿਧਾਇਕਾਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ। ਇਨ੍ਹਾਂ ਵਿੱਚੋਂ ਇਕ ਸੀਨੀਅਰ ਮੰਤਰੀ ਹੈ। ਭੀੜ ਨੇ ਇਕ ਕਾਂਗਰਸੀ ਵਿਧਾਇਕ ਦੇ ਘਰ ਨੂੰ ਵੀ ਅੱਗ ਲਗਾ ਦਿੱਤੀ। ਇਸੇ ਦੌਰਾਨ ਪੁਲਸ ਨੇ ਪ੍ਰਦਰਸ਼ਨਕਾਰੀਆਂ ਦੀ ਮਨੀਪੁਰ ਦੇ ਮੁੱਖ ਮੰਤਰੀ ਐੱਨ ਬਿਰੇਨ ਸਿੰਘ ਦੇ ਜੱਦੀ ਘਰ ਵਿਚ ਦਾਖਲ ਹੋਣ ਦੀ ਕੋਸ਼ਿਸ਼ ਨਾਕਾਮ ਕਰ ਦਿੱਤੀ। ਹਿੰਸਕ ਪ੍ਰਦਰਸ਼ਨਾਂ ਦੀਆਂ ਇਹ ਘਟਨਾਵਾਂ ਬੀਤੇ ਸਨਿੱਚਰਵਾਰ ਰਾਤ ਨੂੰ ਵਾਪਰੀਆਂ।



ਹਜੂਮ ਵੱਲੋਂ ਭਾਜਪਾ ਵਿਧਾਇਕ ਦੀ ਅੱਗ ਹਵਾਲੇ ਕੀਤੀ ਗੱਡੀ ਕੋਲੋਂ ਭੱਜ ਰਹੇ ਲੋਕ

ਜਿਰੀਬਾਮ ਜ਼ਿਲ੍ਹੇ 'ਚ ਮਿਲੀਟੈਂਟਾਂ ਵੱਲੋਂ ਤਿੰਨ ਔਰਤਾਂ ਤੇ ਬੱਚਿਆਂ ਦੀਆਂ ਹੱਤਿਆਵਾਂ ਕੀਤੇ ਜਾਣ ਤੋਂ ਬਾਅਦ ਭੜਕੀ ਭੀੜ ਵੱਲੋਂ ਸਨਿੱਚਰਵਾਰ ਨੂੰ ਦਿਨ ਵੇਲੇ ਸੂਬੇ ਦੇ ਤਿੰਨ ਮੰਤਰੀਆਂ ਤੇ ਛੇ ਵਿਧਾਇਕਾਂ ਦੇ ਘਰਾਂ ਵਿਚ ਅੱਗ ਲਗਾਏ ਜਾਣ ਦੇ ਮੱਦੇਨਜ਼ਰ ਅਣਮਿੱਥੇ ਸਮੇਂ ਲਈ ਕਰਫਿਊ ਲਗਾਉਣ ਦੇ ਬਾਵਜੂਦ ਰਾਤ ਵੇਲੇ ਹਿੰਸਕ ਪ੍ਰਦਰਸ਼ਨ ਹੋਏ। ਦੋ ਦਿਨਾਂ 'ਚ ਮੁੱਖ ਮੰਤਰੀ ਤੇ 10 ਵਿਧਾਇਕਾਂ ਦੇ ਘਰਾਂ 'ਤੇ ਹਮਲੇ ਹੋਏ ਹਨ। ਹਾਲਾਤ ਵਿਗੜਨ 'ਤੇ ਪੰਜ ਜ਼ਿਲ੍ਹਿਆਂ ਵਿੱਚ ਕਰਫਿਊ ਲਾਇਆ ਗਿਆ ਹੈ ਤੇ 7 ਜ਼ਿਲ੍ਹਿਆਂ 'ਚ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਹੈ।


ਇਸ ਦਰਮਿਆਨ ਕੁਝ ਮੰਤਰੀਆਂ ਸਣੇ 19 ਵਿਧਾਇਕਾਂ ਨੇ ਮੁੱਖ ਮੰਤਰੀ ਐੱਨ ਬਿਰੇਨ ਸਿੰਘ ਨੂੰ ਹਟਾਉਣ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਦਫਤਰ ਨੂੰ ਪੱਤਰ ਲਿਖਿਆ ਹੈ। ਸੂਤਰਾਂ ਮੁਤਾਬਕ ਦੋ-ਤਿੰਨ ਦਿਨਾਂ ਵਿੱਚ ਹਾਲਾਤ ਹੋਰ ਵਿਗੜੇ ਤਾਂ ਰਾਸ਼ਟਰਪਤੀ ਰਾਜ ਲਾਇਆ ਜਾ ਸਕਦਾ ਹੈ।

ਪ੍ਰਦਰਸ਼ਨਕਾਰੀਆਂ ਨੇ ਨਿੰਗਥੌਕਹੌਂਗ 'ਚ ਲੋਕ ਨਿਰਮਾਣ ਮੰਤਰੀ ਗੋਵਿੰਦਾਸ ਕੌਂਥੂਜਾਮ, ਲਾਂਗਮੀਦੌਂਗ 'ਚ ਸਥਿਤ ਹਿਆਂਗਲਾਮ ਦੇ ਭਾਜਪਾ ਵਿਧਾਇਕ ਵਾਈ ਰਾਧੇਸ਼ਿਆਮ ਦੇ ਘਰ, ਥੌਬਲ ਜ਼ਿਲ੍ਹੇ 'ਚ ਵਾਂਗਜਿੰਗ ਤੈਂਥਾ ਦੇ ਭਾਜਪਾ ਵਿਧਾਇਕ ਪਾਓਨਮ ਬਰੋਜੇਨ ਅਤੇ ਇੰਫਾਲ ਪੂਰਬੀ ਜ਼ਿਲ੍ਹੇ 'ਚ ਖੁੰਦਰਕਪਾਮ ਦੇ ਕਾਂਗਰਸੀ ਵਿਧਾਇਕ ਲੋਕੇਸ਼ਵਰ ਦੇ ਘਰ ਨੂੰ ਅੱਗ ਲਗਾ ਦਿੱਤੀ। ਘਟਨਾਵਾਂ ਵੇਲੇ ਵਿਧਾਇਕ ਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਘਰ 'ਚ ਨਹੀਂ ਸਨ। ਪ੍ਰਦਰਸ਼ਨਕਾਰੀਆਂ ਨੇ ਪਹਿਲਾਂ ਸੰਪਤੀ ਦੀ ਭੰਨਤੋੜ ਕੀਤੀ ਤੇ ਫਿਰ ਅੱਗ ਲਗਾ ਦਿੱਤੀ। ਫਾਇਰ ਵਿਭਾਗ ਦੀਆਂ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਸਨਿੱਚਰਵਾਰ ਰਾਤ ਨੂੰ ਪ੍ਰਦਰਸ਼ਨਕਾਰੀ ਮੁੱਖ ਮੰਤਰੀ ਬਿਰੇਨ ਸਿੰਘ ਦੇ ਇੰਫਾਲ ਪੂਰਬੀ 'ਚ ਲੁਵਾਂਗਸ਼ਾਂਗਬਾਮ 'ਚ ਸਥਿਤ ਜੱਦੀ ਘਰ ਵੱਲ ਵਧੇ, ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ 200 ਮੀਟਰ ਦੂਰ ਰੋਕ ਲਿਆ।

ਇਸ ਦੌਰਾਨ ਸੁਰੱਖਿਆ ਬਲਾਂ, ਜਿਨ੍ਹਾਂ 'ਚ ਅਸਾਮ ਰਾਈਫਲਜ਼, ਬੀ ਐੱਸ ਐੱਫ ਤੇ ਸੂਬੇ ਦੀ ਪੁਲਸ ਦੇ ਜਵਾਨ ਸ਼ਾਮਲ ਸਨ, ਨੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾ ਕੇ ਪ੍ਰਦਰਸ਼ਨਕਾਰੀਆਂ ਨੂੰ ਉੱਥੋਂ ਦੌੜਾ ਦਿੱਤਾ।

ਉਪਰੰਤ ਪ੍ਰਦਰਸ਼ਨਕਾਰੀਆਂ ਨੇ ਬਿਰੇਨ ਸਿੰਘ ਦੀ ਰਿਹਾਇਸ਼ ਵੱਲ ਜਾਂਦੀ ਸੜਕ 'ਤੇ ਟਾਇਰ ਸਾੜੇ। ਬੀਤੇ ਦਿਨੀਂ ਜਿਰੀਬਾਮ 'ਚ 10 ਕੁੱਕੀ ਨੌਜਵਾਨਾਂ ਵੱਲੋਂ ਕੀਤੀ ਗਈ ਹਿੰਸਾ ਮਗਰੋਂ 10 ਵਿਅਕਤੀ ਲਾਪਤਾ ਹੋਏ ਸਨ, ਜਿਨ੍ਹਾਂ 'ਚੋਂ ਛੇ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ। ਤਿੰਨ ਲਾਸ਼ਾਂ ਸ਼ੁੱਕਰਵਾਰ ਨੂੰ ਅਤੇ ਤਿੰਨ ਸਨਿੱਚਰਵਾਰ ਨੂੰ ਬਰਾਮਦ ਹੋਈਆਂ ਹਨ। ਸ਼ੁੱਕਰਵਾਰ ਨੂੰ ਬਰਾਮਦ ਹੋਈਆਂ ਲਾਸ਼ਾਂ ਬਿਰਧ ਔਰਤ, ਉਸ ਦੀਆਂ ਦੋ ਧੀਆਂ ਅਤੇ ਤਿੰਨ ਪੋਤੇ-ਪੋਤੀਆਂ ਦੀਆਂ ਦੱਸੀਆਂ ਜਾ ਰਹੀਆਂ ਹਨ। ਲਾਪਤਾ ਹੋਏ ਸਾਰੇ ਵਿਅਕਤੀ ਮੈਤੇਈ ਭਾਈਚਾਰੇ ਨਾਲ ਸੰਬੰਧਤ ਸਨ। ਇਸੇ ਦੌਰਾਨ ਮਨੀਪੁਰ ਸਰਕਾਰ ਨੇ ਕੇਂਦਰ ਸਰਕਾਰ ਨੂੰ ਹਾਲਾਤ ਦੀ ਸਮੀਖਿਆ ਕਰਨ ਅਤੇ ਸੂਬੇ ਵਿਚਲੇ ਛੇ ਪੁਲਸ ਥਾਣਿਆਂ ਦੇ ਅਧਿਕਾਰ ਖੇਤਰ ਵਿਚ ਪੈਂਦੇ ਇਲਾਕਿਆਂ 'ਚ ਹਥਿਆਰਬੰਦ ਬਲਾਂ ਨੂੰ ਵਿਸ਼ੇਸ਼ ਤਾਕਤਾਂ ਦੇਣ ਸੰਬੰਧੀ ਐਕਟ (ਅਫਸਪਾ) ਵਾਪਸ ਲੈਣ ਦੀ ਬੇਨਤੀ ਕੀਤੀ ਹੈ।

ਕੇਂਦਰ ਵੱਲੋਂ ਹਿੰਸਾ ਪ੍ਰਭਾਵਤ ਜਿਰੀਬਾਮ ਸਣੇ ਮਨੀਪੁਰ ਦੇ ਛੇ ਪੁਲਸ ਥਾਣਿਆਂ ਦੇ ਇਲਾਕਿਆਂ ਵਿੱਚ ਮੁੜ ਤੋਂ ਅਫਸਪਾ ਲਗਾ ਦਿੱਤਾ ਗਿਆ ਹੈ। ਜਾਇੰਟ ਸਕੱਤਰ (ਗ੍ਰਹਿ) ਵੱਲੋਂ ਕੇਂਦਰ ਸਰਕਾਰ ਨੂੰ ਲਿਖੇ ਗਏ ਇਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਸੂਬਾਈ ਮੰਤਰੀ ਮੰਡਲ ਵੱਲੋਂ 15 ਨਵੰਬਰ ਨੂੰ ਆਪਣੀ ਮੀਟਿੰਗ 'ਚ ਮੁੜ ਅਫਸਪਾ ਲਗਾਏ ਜਾਣ ਬਾਰੇ ਚਰਚਾ ਕੀਤੀ ਗਈ ਅਤੇ ਕੇਂਦਰ ਸਰਕਾਰ ਨੂੰ ਹਾਲਾਤ ਦੀ ਸਮੀਖਿਆ ਕਰਨ ਅਤੇ ਅਫਸਪਾ 1958 ਦੀ ਧਾਰਾ 3 ਤਹਿਤ ਸੂਬੇ ਦੇ ਅਸ਼ਾਂਤ ਐਲਾਨੇ ਗਏ ਛੇ ਪੁਲਸ ਥਾਣਿਆਂ ਅਧੀਨ ਆਉਂਦੇ ਇਲਾਕਿਆਂ 'ਚ ਮੁੜ ਤੋਂ ਲਾਏ ਗਏ ਅਫਸਪਾ ਨੂੰ ਵਾਪਸ ਲੈਣ ਦੀ ਸਿਫਾਰਸ਼ ਕਰਨ ਦਾ ਫੈਸਲਾ ਲਿਆ ਗਿਆ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਮਨੀਪੁਰ ਦੇ ਹਾਲਾਤ ਦੇ ਮੱਦੇਨਜ਼ਰ ਚੋਣਾਂ ਵਾਲੇ ਸੂਬੇ ਮਹਾਰਾਸ਼ਟਰ 'ਚ ਆਪਣੀਆਂ ਰੈਲੀਆਂ ਰੱਦ ਕਰ ਕੇ ਦਿੱਲੀ ਪਰਤ ਆਏ।



# ਮਜੀਠੀਆ ਨੇ ਰਾਜਪਾਲ ਨੂੰ ਦਿੱਤੀ ਚੇਤਾਵਨੀ

## ✪ ਕਿਹਾ ਕਿ ਹਰਿਆਣਾ ਨੂੰ ਚੰਡੀਗੜ੍ਹ ਵਿਚ ਜ਼ਮੀਨ ਦਿੱਤੀ ਤਾਂ ਕਤਲੋਗਾਰਤ ਹੋ ਜਾਵੇਗੀ

ਚੰਡੀਗੜ੍ਹ-ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਵਿਖੇ ਜ਼ਮੀਨ ਦੇਣ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ 'ਤੇ ਟਿੱਪਣੀ ਕਰਦਿਆਂ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਕਤਲੋਗਾਰਤ ਹੋ ਜਾਵੇਗੀ। ਮਜੀਠੀਆ ਨੇ ਕਿਹਾ ਕਿ ਐੱਸਵਾਈਐੱਲ (ਸਤਲੁਜ ਯਮਨਾ ਲਿੰਕ ਨਹਿਰ) ਵੇਲੇ ਹਾਲਾਤ ਮਾੜੇ ਹੋ ਗਏ ਸਨ, ਜਿਸਦਾ ਪੰਜਾਬੀਆਂ, ਪੰਜਾਬ ਤੇ ਦੇਸ਼ ਨੂੰ ਵੱਡਾ ਨੁਕਸਾਨ ਹੋਇਆ।

ਮਜੀਠੀਆ ਨੇ ਸਖ਼ਤ ਲਹਿਜ਼ੇ ਵਿਚ ਰਾਜਪਾਲ ਪੰਜਾਬ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਨ੍ਹਾਂ (ਰਾਜਪਾਲ) ਕੋਲ ਜ਼ਮੀਨ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਪੰਜਾਬ ਦੇ ਪਿੰਡ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ ਸੀ, ਪੰਜਾਬੀਆਂ ਨੂੰ ਚੰਡੀਗੜ੍ਹ ਨਾਲ ਭਾਵਨਾਤਮਕ ਮੋਹ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਮੁਤਾਬਿਕ ਕਿਸੇ ਸੂਬੇ ਦੀ ਹੱਦਬੰਦੀ ਬਦਲਣ ਦਾ ਅਧਿਕਾਰ ਸੰਸਦ ਕੋਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਦੇ ਦਬਾਅ ਹੇਠ ਸੰਵਿਧਾਨ ਮੁਤਾਬਿਕ ਕੇਂਦਰੀ ਗ੍ਰਹਿ ਮੰਤਰੀ ਨਾਲ ਸਮਝੌਤਾ ਕੀਤਾ ਹੈ। ਉਨ੍ਹਾਂ ਕਿਹਾ ਕਿ 1966 ਵਿਚ ਹੋਏ ਫੈਸਲਿਆਂ ਨੂੰ ਬਦਲਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਸਾਬਕਾ ਮੰਤਰੀ ਬਿਕਰਮ ਮਜੀਠੀਆ ਨੇ ਭਾਰਤ ਸਰਕਾਰ ਨੂੰ ਸੁਚੇਤ ਕਰਦਿਆਂ ਕਿਹਾ ਕਿ ਵੋਟਾਂ ਖਾਤਰ ਹਿੰਦੂ ਤੇ ਸਿੱਖਾਂ ਵਿਚ ਨਫ਼ਰਤ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਇਕ ਘਟਨਾ ਨੂੰ ਲੈ ਕੇ ਹਿੰਦੂ ਦੇ ਹੱਥ ਵਿਚ ਤਿਰੰਗਾ ਤੇ ਸਿੱਖ ਦੇ ਹੱਥ ਵਿਚ ਖ਼ਾਲਿਸਤਾਨੀ ਝੰਡੇ ਵਾਲੀ ਫੋਟੋ ਵਾਇਰਲ ਕੀਤੀ ਜਾ ਰਹੀ ਹੈ। ਇਸ ਨਾਲ ਦੋ ਫਿਰਕਿਆਂ ਵਿਚ ਨਫ਼ਰਤ ਵਧੇਗੀ। ਇਸ ਫੋਟੋ 'ਤੇ ਤੁਰੰਤ ਰੋਕ ਲਗਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸਰਬੱਤ ਦਾ ਭਲਾ ਮੰਗਦਾ ਹੈ ਅਤੇ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਹਨ। ਮਜੀਠੀਆ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਆਪ ਸਰਕਾਰ ਕੋਈ ਫੈਸਲਾ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਦੋ ਹਫ਼ਤਿਆਂ ਵਿਚ ਫੈਸਲਾ ਲੈਣ ਦੀ ਤਾਕੀਦ ਕੀਤੀ ਸੀ, ਪਰ ਅਜੇ ਤੱਕ ਕੋਈ ਫੈਸਲਾ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਪਿਛਲੇ 16 ਸਾਲਾਂ ਤੋਂ ਰਾਜੋਆਣਾ ਫਾਂਸੀ ਵਾਲੀ ਚੱਕੀ ਵਿਚ ਬੰਦ ਹੈ। ਰਾਜੋਆਣਾ ਇਸ 'ਤੇ ਫੈਸਲਾ ਲੈਣ ਦੀ ਮੰਗ ਕਰ ਰਿਹਾ ਹੈ ਕਿ ਇਕ ਪਾਸੇ ਫੈਸਲਾ ਲਿਆ ਜਾਵੇ। ਜੇਕਰ ਫਾਂਸੀ ਲਾਉਣੀ ਤਾਂ ਲਾ ਦਿੱਤੀ ਜਾਵੇ ਪਰ 16 ਸਾਲਾਂ ਤੋਂ ਕਿਉਂ ਫਾਂਸੀ ਵਾਲੀ ਚੱਕੀ ਵਿਚ ਬੰਦ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

### ਅਕਾਲੀ ਦਲ ਕਿਸੇ ਦੀ ਮੱਦਦ ਨਹੀਂ ਕਰ ਰਿਹਾ

ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਨੇ ਜ਼ਿਮਨੀ ਚੋਣਾਂ ਦਾ ਬਾਈਕਾਟ ਕੀਤਾ ਹੈ। ਡੇਰਾ ਬਾਬਾ ਨਾਨਕ ਹਲਕੇ ਵਿਚ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਵਲੋਂ ਆਪ ਉਮੀਦਵਾਰ ਦੀ ਮੱਦਦ ਕਰਨ ਦੇ ਐਲਾਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਕਿਸੇ ਦੀ ਮੱਦਦ ਨਹੀਂ ਕਰ ਰਿਹਾ ਹੈ। ਇਹ ਲੰਗਾਹ ਦਾ ਨਿੱਜੀ ਫੈਸਲਾ ਹੋ ਸਕਦਾ।

**ਵਿਚਾਰ :–** ਪੂਰਾ ਜ਼ਹਿਰ ਦਾ ਪਿਆਲਾ ਪੀ ਕੇ ਹੀ ਸੁਕਰਾਤ ਬਣਿਆ ਜਾ ਸਕਦਾ ਹੈ। ਘੁੱਟ ਘੁੱਟ ਪੀਣ ਨਾਲ ਤਾਂ ਬੰਦਾ ਬਿਮਾਰ ਹੀ ਹੋ ਸਕਦਾ ਹੈ-ਜਨਮੇਜਾ ਸਿੰਘ ਜੌਹਲ



ਰਜਿੰਦਰ ਸਿੰਘ ਪੁਰੇਵਾਲ

# ਲੋਕਤੰਤਰ ਦੀ ਖਿੱਚ ਕਿਉਂ ਘੱਟ ਰਹੀ ਹੈ ?

ਪਿਊ ਦੁਆਰਾ ਕੀਤੇ ਗਏ ਸਰਵੇਖਣ ਵਿੱਚ 24 ਦੇਸ਼ਾਂ ਵਿੱਚ ਬਹੁਗਿਣਤੀ ਲੋਕਾਂ ਨੇ ਕਿਹਾ ਕਿ ਲੋਕਤੰਤਰ ਦੀ ਖਿੱਚ ਘੱਟ ਰਹੀ ਹੈ। ਉਨ੍ਹਾਂ ਆਰਥਿਕ ਸੰਕਟ ਨੂੰ ਇਸ ਦਾ ਮੁੱਖ ਕਾਰਨ ਮੰਨਿਆ। ਇੱਕ ਆਮ ਰਾਏ ਉੱਭਰ ਕੇ ਸਾਹਮਣੇ ਆਈ ਕਿ ਕੋਈ ਵੀ ਰਾਜਨੀਤਿਕ ਸਮੂਹ ਅਸਲ ਵਿੱਚ ਆਮ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦਾ। ਇਸ ਸਾਲ ਨੂੰ ਚੋਣਾਂ ਦਾ ਸਾਲ ਕਿਹਾ ਜਾ ਰਿਹਾ ਸੀ। ਹੁਣ ਤੱਕ ਇਨ੍ਹਾਂ ਵਿੱਚੋਂ ਬਹੁਤੀਆਂ ਵੱਡੀਆਂ ਚੋਣਾਂ ਹੋ ਚੁੱਕੀਆਂ ਹਨ। ਸਾਹਮਣੇ ਆਏ ਨਤੀਜਿਆਂ ਵਿੱਚ ਇੱਕ ਰੁਝਾਨ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਰੁਝਾਨ ਇਹ ਸੀ ਕਿ (ਕੁਝ ਅਪਵਾਦਾਂ ਨੂੰ ਛੱਡ ਕੇ) ਸੱਤਾਧਾਰੀ ਪਾਰਟੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ - ਜਾਂ ਸੱਤਾਧਾਰੀ ਪਾਰਟੀਆਂ ਨੂੰ ਜ਼ਬਰਦਸਤ ਝਟਕਾ ਲੱਗਾ। ਅਜਿਹਾ ਕਿਉਂ ਹੋਇਆ, ਸੁਭਾਵਿਕ ਹੈ ਕਿ ਸਿਆਸੀ ਵਿਗਿਆਨੀ ਹੁਣ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ।

ਆਮ ਰਾਏ ਇਹ ਸਾਹਮਣੇ ਆਈ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਮਹਿੰਗਾਈ ਦੀ ਸਥਿਤੀ ਨੇ ਸੱਤਾ ਵਿਰੋਧੀ ਭਾਵਨਾ ਨੂੰ ਵਧਾ ਦਿੱਤਾ ਹੈ। ਪਰ ਇੱਕ ਰਾਏ ਇਹ ਵੀ ਹੈ ਕਿ ਦਹਾਕਿਆਂ ਤੋਂ ਡੂੰਘੀਆਂ ਹੋ ਰਹੀਆਂ ਸਮੱਸਿਆਵਾਂ ਤੋਂ ਤੰਗ ਆ ਕੇ ਲੋਕਾਂ ਨੇ ਹੁਣ ਆਪਣੀਆਂ ਵੋਟਾਂ ਰਾਹੀਂ ਆਪਣੀ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦਹਾਕਿਆਂ ਦੌਰਾਨ ਸਿਹਤ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ, ਸਿੱਖਿਆ ਮਹਿੰਗੀ ਹੁੰਦੀ ਜਾ ਰਹੀ ਹੈ ਅਤੇ ਬੇਰੁਜ਼ਗਾਰੀ ਤੇ ਮੰਦੀ ਨੇ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਵਿੱਚ ਵਿਰੋਧ ਦੀ ਭਾਵਨਾ ਨੂੰ ਵਧਾ ਦਿੱਤਾ ਹੈ। ਉਹ ਸੱਤਾਧਾਰੀ ਪਾਰਟੀਆਂ 'ਤੇ ਆਪਣਾ ਗੁੱਸਾ ਕੱਢ ਰਹੇ ਹਨ।

ਅਮਰੀਕਾ ਦੀ ਮਸ਼ਹੂਰ ਸੰਸਥਾ ਪਿਊ ਰਿਸਰਚ ਸੈਂਟਰ ਮੁਤਾਬਕ ਸਿਆਸਤਦਾਨਾਂ ਨੂੰ ਲੈ ਕੇ ਲੋਕਾਂ ਵਿਚ ਆਮ ਨਿਰਾਸ਼ਾ ਹੈ। ਵਿਚਾਰਧਾਰਾ ਤੋਂ ਪਰ੍ਹੇ ਜਾ ਕੇ ਇਹ ਗੱਲ ਹਰ ਪਾਸੇ ਦਿਖਾਈ ਦਿੰਦੀ ਹੈ। ਪਿਊ ਸਰਵੇਖਣ ਦੌਰਾਨ 24 ਦੇਸ਼ਾਂ ਦੇ ਬਹੁਗਿਣਤੀ ਲੋਕਾਂ ਨੇ ਇਹ ਰਾਏ ਪ੍ਰਗਟਾਈ ਕਿ ਲੋਕਤੰਤਰ ਦੀ ਖਿੱਚ ਘੱਟ ਰਹੀ ਹੈ। ਉਨ੍ਹਾਂ ਨੇ ਇਸ ਦਾ ਮੁੱਖ ਕਾਰਨ ਵੱਧ ਰਹੇ ਆਰਥਿਕ ਸੰਕਟ ਨੂੰ ਮੰਨਿਆ। ਸਰਵੇਖਣ ਦੌਰਾਨ ਇੱਕ ਆਮ ਭਾਵਨਾ ਪ੍ਰਗਟ ਕੀਤੀ ਗਈ ਸੀ ਕਿ ਕੋਈ ਵੀ ਰਾਜਨੀਤਿਕ ਸਮੂਹ ਆਮ ਲੋਕਾਂ ਦੀ ਸਹੀ ਪ੍ਰਤੀਨਿਧਤਾ ਨਹੀਂ ਕਰਦਾ। ਇਸੇ ਸੋਚ ਦਾ ਪ੍ਰਗਟਾਵਾ ਇਸ ਸਾਲ ਹੋਈਆਂ ਚੋਣਾਂ ਵਿਚ ਹੋਇਆ ਹੈ। ਖੈਰ, ਇਹ ਸਿਰਫ ਇਸ ਸਾਲ ਦੀ ਗੱਲ ਨਹੀਂ ਹੈ।

ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ ਮਾਹਿਰਾਂ ਮੁਤਾਬਕ, ਕੋਰੋਨਾ ਮਹਾਂਮਾਰੀ ਤੋਂ ਬਾਅਦ ਪੱਛਮੀ ਦੇਸ਼ਾਂ ਵਿੱਚ ਹੋਈਆਂ 54 ਵਿੱਚੋਂ 40 ਚੋਣਾਂ ਵਿੱਚ ਸੱਤਾਧਾਰੀ ਪਾਰਟੀਆਂ ਨੇ ਸੱਤਾ ਗੁਆ ਲਈ ਹੈ। ਇਸ ਤੋਂ ਸਾਫ਼ ਹੈ ਕਿ ਇਸ ਵੇਲੇ ਸੱਤਾਧਾਰੀ ਪਾਰਟੀਆਂ ਲਈ ਚੋਣਾਂ ਹਾਰਨ ਦਾ ਮੌਕਾ ਬਣ ਗਈਆਂ ਹਨ। ਅਮਰੀਕਾ, ਬਰਤਾਨੀਆ, ਫਰਾਂਸ, ਯੂਰਪੀਅਨ ਪਾਰਲੀਮੈਂਟ ਤੋਂ ਲੈ ਕੇ ਭਾਰਤ ਤੱਕ ਦੀਆਂ ਚੋਣਾਂ ਵਿੱਚ ਲੋਕਾਂ ਦਾ ਸੱਤਾ ਵਿਰੋਧੀ ਪ੍ਰਤੀਕਰਮ ਸਾਹਮਣੇ ਆਇਆ। ਇਸ ਗੱਲ ਦਾ ਵੀ ਖਦਸ਼ਾ ਹੈ ਕਿ ਲੋਕਾਂ ਵਿਚ ਅਜਿਹੀਆਂ ਭਾਵਨਾਵਾਂ ਦਾ ਡੂੰਘਾ ਹੋਣਾ, ਲੰਬੇ ਸਮੇਂ ਵਿਚ, ਚੋਣ ਲੋਕਤੰਤਰ ਲਈ ਆਪਣੇ ਆਪ ਵਿਚ ਵੱਡੀ ਚੁਣੌਤੀ ਬਣ ਸਕਦਾ ਹੈ। ਵੱਡੀ ਗੱਲ ਇਹ ਹੈ ਕਿ ਖਪਤਕਾਰੀ ਸਿਸਟਮ ਤੇ ਉਸ ਉਪਰ ਆਧਾਰਿਤ ਸਿਆਸਤ ਢਹਿ ਢੇਰੀ ਹੋ ਰਹੀ ਹੈ। ਜਿਹੜੀ ਸਿਆਸਤ ਲੋਕ ਪਖੀ ਨਹੀਂ ਉਸਦਾ ਢਹਿਣਾ ਲਾਜ਼ਮੀ ਹੈ ਲੋਕਤੰਤਰ ਵਿਚ ਲੋਕਾਂ ਦੀ ਸੰਤੁਸ਼ਟੀ ਹੋਣੀ ਜਰੂਰੀ ਹੈ। ਜੇ ਨਹੀਂ ਹੋਵੇਗੀ ਲੋਕਤੰਤਰ ਦਾ ਸਿਸਟਮ ਨਹੀਂ ਚਲ ਸਕੇਗਾ। ਰਾਜਨੀਤਕ ਨੈਤਿਕਤਾ, ਲੋਕਪਖੀ ਸਿਆਸਤ ਹੋਣੀ ਬਹੁਤ ਜ਼ਰੂਰੀ ਹੈ। ਕਾਰਪੋਰੇਟ ਦੀ ਸਿਆਸਤ ਵਿਚ ਦਖਲਅੰਦਾਜ਼ੀ ਲੋਕ ਵਿਰੋਧ ਪੈਦਾ ਕਰੇਗੀ।

-ਰਜਿੰਦਰ ਸਿੰਘ ਪੁਰੇਵਾਲ

# ਜੀ-20 ਨੇ ਗਾਜ਼ਾ ਨੂੰ ਹੋਰ ਸਹਾਇਤਾ ਤੇ ਯੂਕਰੇਨ ਵਿਚ ਜੰਗ ਖ਼ਤਮ ਕਰਨ ਦੀ ਕੀਤੀ ਅਪੀਲ

## ਜਲਵਾਯੂ ਤਬਦੀਲੀ ਨੂੰ ਕਾਬੂ ਪਾਉਣ ਤੇ ਗ਼ਰੀਬੀ ਘਟਾਉਣ 'ਤੇ ਜ਼ੋਰ

ਦਿੱਲੀ-ਦੁਨੀਆ ਦੀਆਂ 20 ਵੱਡੀਆਂ ਅਰਥਵਿਵਸਥਾਵਾਂ ਦੇ ਨੇਤਾਵਾਂ ਨੇ ਸਾਂਝਾ ਐਲਾਨਨਾਮਾ ਜਾਰੀ ਕਰਦੇ ਹੋਏ ਭੁੱਖਮਰੀ ਨਾਲ ਨਜਿੱਠਣ, ਯੁੱਧ ਪ੍ਰਭਾਵਿਤ ਗਾਜ਼ਾ ਲਈ ਵਧੇਰੇ ਸਹਾਇਤਾ ਤੇ ਮੱਧ ਪੂਰਬ ਤੇ ਯੂਕਰੇਨ 'ਚ ਜੰਗ ਖਤਮ ਕਰਨ ਲਈ ਇਕ ਕੌਮਾਂਤਰੀ ਸਮਝੌਤੇ ਦੀ ਮੰਗ ਕੀਤੀ ਹੈ। ਸਾਂਝੇ ਬਿਆਨ ਦਾ ਸਮੂਹ ਮੈਂਬਰਾਂ ਦੁਆਰਾ ਸਮਰਥਨ ਕੀਤਾ ਗਿਆ ਸੀ, ਪਰ ਇਹ ਪੂਰੀ ਤਰ੍ਹਾਂ ਸਰਬਸੰਮਤੀ ਤੋਂ ਵਾਂਝਾ ਰਿਹਾ। ਜੀ-20 ਨੇ ਅਰਬਪਤੀਆਂ 'ਤੇ ਭਵਿੱਖੀ ਵਿਸ਼ਵਵਿਆਪੀ ਟੈਕਸ ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐਨ.ਐਸ.ਸੀ.) ਨੂੰ ਇਸ ਦੇ 5 ਮੌਜੂਦਾ ਸਥਾਈ ਮੈਂਬਰਾਂ ਤੋਂ ਅੱਗੇ ਵਧਾਉਣ ਦੀ ਆਗਿਆ ਦੇਣ ਵਾਲੇ ਸੁਧਾਰਾਂ ਲਈ ਵੀ ਕਿਹਾ ।20 ਪ੍ਰਮੁੱਖ ਅਰਥਵਿਵਸਥਾਵਾਂ ਦੇ ਸਮੂਹ ਦੇ ਨੇਤਾਵਾਂ ਨੇ ਗਾਜ਼ਾ ਤੇ ਲਿਬਨਾਨ 'ਚ ਵੀ ਵਿਆਪਕ ਜੰਗਬੰਦੀ ਦੀ ਮੰਗ ਕੀਤੀ ਹੈ ਜਦਕਿ ਜਲਵਾਯੂ ਤਬਦੀਲੀ, ਗਰੀਬੀ ਘਟਾਉਣ ਤੇ ਅਤਿ ਅਮੀਰਾਂ 'ਤੇ ਟੈਕਸ ਲਗਾਉਣ 'ਤੇ ਸਹਿਯੋਗ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ। ਜੀ-20 ਐਲਾਨਨਾਮੇ ਵਿਚ ਰੂਸ ਦਾ ਨਾਂਅ ਲਏ ਬਿਨਾਂ ਸ਼ਾਂਤੀ ਦੀ ਮੰਗ ਕਰਦੇ ਹੋਏ ਯੂਕਰੇਨ ਵਿਚ ਮਨੁੱਖੀ ਕਤਲੇਆਮ 'ਤੇ ਚਿੰਤਾ ਜਾਹਿਰ ਕੀਤੀ ਗਈ। ਉਧਰ ਰੀਓ ਡੀ ਜਨੇਰੀਓ ਦੀ ਸਟੇਟ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਬੰਧਾਂ ਦੇ ਪ੍ਰੋਫੈਸਰ ਪੌਲੋ ਵੇਲਾਸਕੋ ਨੇ ਕਿਹਾ ਕਿ ਐਲਾਨਨਾਮਾ ਦੋਸ਼ੀਆਂ ਵੱਲ ਉਂਗਲ ਨਹੀਂ ਚੁੱਕਦਾ। ਭਾਵ, ਇਹ ਇਜ਼ਰਾਈਲ ਜਾਂ ਰੂਸ ਦਾ ਕੋਈ ਆਲੋਚਨਾਤਮਕ ਜ਼ਿਕਰ ਨਹੀਂ ਕਰਦਾ, ਪਰ ਇਹ ਦੋਵਾਂ ਮਾਮਲਿਆਂ ਵਿਚ ਨਾਟਕੀ ਮਾਨਵਤਾਵਾਦੀ ਸਥਿਤੀਆਂ ਨੂੰ ਉਜਾਗਰ ਕਰਦਾ ਹੈ। ਵੇਲਾਸਕੋ ਨੇ ਅੱਗੇ ਕਿਹਾ ਕਿ ਪੂਰੇ ਐਲਾਨਨਾਮੇ ਵਿਚ ਵਿਸ਼ੇਸ਼ਤਾ ਦੀ ਘਾਟ ਹੈ।

## NEWS & VIEWS

# CONGRATULATORY SIKH MESSAGE TO PRESIDENT-ELECT DONALD TRUMP



Gurmukh Singh OBE

On 20 January 2025, Donald Trump will return for the second time to the White House as the 47th President of the United States. Previously, he served as president between 2017 and 2021. He has won the Electoral College vote as well as the popular vote. With his Republican Party majority in both, the Senate and the Congress, he will be one of the most powerful presidents in history.

Reports suggest that *strict immigration controls, high trade tariffs on all imports, a restrained foreign policy backed by increased defence spending are the core parts of his agenda.* It seems his tough stance on immigration has won him the popular vote even from integrated immigrant communities in the US. He has promised to launch the largest domestic deportation in US history and *to use the National Guard to carry out deportations of hundreds of thousands of immigrants who came to the US under the Biden administration. He wants to end automatic citizenship for the children of undocumented migrants born in the US.*

He has promised to cut billions of dollars in US international aid, end the war in Ukraine and is even thinking of US withdrawal from Nato. That is unlikely but he can make other NATO members pay more. He also intends to double-down on protectionist policies, is calling for a *universal baseline tariff* on all imports from countries that engage in unfair trade practices.

Yet, constitutional democracy means democracy with constraints, checks and balances. His election rhetoric is likely to be watered down by the realism of office and the democratic constraints through *the Congress, the courts, fear of impeachment, fear of prosecution, government bureaucracy, and the financial market and press and public opinion.* Admittedly, with such a sweeping election victory the constraints this time are weaker than ever before.

With Trump in power, his relations with countries like India cannot be assumed on the basis of his personal relations with heads of states but are more likely to be transactional and businesslike. He is likely to seek clarity of the geo-political positioning of countries like India at present having a foot in opposing political and financial blocs like BRICS. China will continue to be seen as the biggest trade threat to the US if not military as well due to Taiwan.

So, with the above background, diaspora Sikhs who are continually in the news, need to steer their influence carefully in a complicated and unpredictable world, more so with the sweeping election victory of Donald Trump. The global Sikh community, especially Sikh Americans need to work out a strategy about their relationship with Trump and how to strike the right note with him.

Like any other head of a democratic state who has won fair elections, Donald Trump should be sent congratulatory messages by national and global Sikh organisations – if not already done. They should extend a hand of friendship to the next President as an influential global community. They should also take this opportunity to brief the next President about their traditional loyalty to the countries they live in. That they have a proven track record as law-abiding net contributors to the economy due to Sikh work ethic and way of life.

At this stage, perhaps it is best not to touch Sikh issues. That can be taken up later. We hope that one day, Sri Akal Takht Sahib will be in a position to guide the global Sikh Qaum about such matters.

Gurmukh Singh OBE, Ret'd Principal Civil Servant (UK) sewauk2005@yahoo.co.uk

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਖਾਲਿਸਤਾਨੀ ਪ੍ਰਦਰਸ਼ਨ ਵਿਚ ਸ਼ਾਮਲ ਕੈਨੇਡੀਅਨ ਪੁਲਸ ਅਧਿਕਾਰੀ ਸੋਹੀ ਨੂੰ ਮਿਲੀ ਕਲੀਨ ਚਿੱਟ

## ✪ ਗੋਦੀ ਮੀਡੀਆ ਦਾ ਪੱਖ ਖਾਲਿਸਤਾਨੀਆਂ ਦਾ ਸਾਥ ਦੇਣ ਵਾਲੇ ਪੁਲੀਸ ਅਧਿਕਾਰੀਆਂ ਪ੍ਰਤੀ ਨਰਮ ਹੈ ਕੈਨੇਡਾ ਸਰਕਾਰ ✪ ਹਿੰਸਕ ਘਟਨਾਵਾਂ ਕਾਰਨ ਬਰੈਂਪਟਨ ਵਿਚ ਧਾਰਮਿਕ ਸਥਾਨਾਂ ਅੱਗੇ ਪ੍ਰਦਰਸ਼ਨਾਂ 'ਤੇ ਲਗੀ ਪਾਬੰਦੀ ✪ ਹਿੰਦੂ-ਸਿੱਖ ਤਣਾਅ ਫੈਲਣ ਲੱਗਾ, ਖਾਲਿਸਤਾਨੀ ਦੇ ਕਤਲ ਦੇ ਦੋਸ਼ ਵਿਚ ਹਿੰਦੂ ਗ੍ਰਿਫ਼ਤਾਰ

ਕੈਨੇਡੀਅਨ ਸਰਕਾਰ ਨੇ ਖਾਲਿਸਤਾਨ ਪੱਖੀ ਪ੍ਰਦਰਸ਼ਨ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਮੁਅੱਤਲ ਕੀਤੇ ਗਏ ਇੱਕ ਪੁਲਸ ਅਧਿਕਾਰੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਬਰੈਂਪਟਨ ਦੇ ਇਕ ਹਿੰਦੂ ਮੰਦਰ ਦੇ ਬਾਹਰ ਭਾਰਤੀ ਰਾਸ਼ਟਰਵਾਦੀਆਂ ਤੇ ਖਾਲਿਸਤਾਨੀਆਂ ਦਾ ਝਗੜਾ ਹੋ ਗਿਆ ਸੀ। 3 ਨਵੰਬਰ ਦੀਆਂ ਕਈ ਵੀਡੀਓਜ਼ ਵਿਚ ਸੋਹੀ ਨੂੰ ਖਾਲਿਸਤਾਨੀ ਝੰਡਾ ਲਿਜਾਂਦੇ ਦੇਖਿਆ ਗਿਆ ਸੀ।

ਹੁਣ ਕੈਨੇਡਾ ਦੀ ਸਥਾਨਕ ਪੀਲ ਪੁਲਸ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਅਧਿਕਾਰੀ ਨੇ ਜਾਂਚ ਦੌਰਾਨ ਕਾਨੂੰਨੀ ਤੌਰ 'ਤੇ ਆਪਣੀ ਡਿਊਟੀ ਨਿਭਾਈ ਹੈ। ਪੁਲਸ ਨੇ ਕਿਹਾ ਕਿ ਮੰਦਰ ਦੇ ਨੇੜੇ ਵਿਰੋਧ ਪ੍ਰਦਰਸ਼ਨ ਤੇਜ਼ੀ ਨਾਲ ਵਧ ਗਿਆ ਸੀ, ਸੁਰੱਖਿਆ ਚਿੰਤਾਵਾਂ ਵਧੀਆਂ ਸਨ ਅਤੇ ਅਧਿਕਾਰੀਆਂ ਨੇ ਉਹ ਚੀਜ਼ਾਂ ਜ਼ਬਤ ਕਰ ਲਈਆਂ ਜੋ ਹਥਿਆਰਾਂ ਵਜੋਂ ਵਰਤੀਆਂ ਜਾ ਸਕਦੀਆਂ ਸਨ। ਇਸ ਵਿੱਚ ਬੱਲੇ, ਡੰਡੇ ਅਤੇ ਝੰਡੇ ਸ਼ਾਮਲ ਸਨ।

ਪੀਲ ਪੁਲਸ ਨੇ ਝਗੜੇ ਦੀ ਅਫਸਰ ਬਾਡੀਕੈਮ ਫੁਟੇਜ ਜਾਰੀ ਕੀਤੀ, ਜਿਸ ਵਿੱਚ ਸੋਹੀ ਇੱਕ ਵਿਅਕਤੀ ਤੋਂ ਹਥਿਆਰ ਖੋਹਣ ਦੀ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ ਜੋ ਆਪਣਾ ਹਥਿਆਰ ਸੌਂਪਣ ਤੋਂ ਇਨਕਾਰ ਕਰ ਰਿਹਾ ਸੀ





ਅਤੇ ਹਮਲਾ ਕਰ ਦਿੰਦਾ ਹੈ। ਫੁਟੇਜ ਵਿਚ ਦੇਖਿਆ ਜਾ ਰਿਹਾ ਹੈ ਕਿ ਅਧਿਕਾਰੀ ਇਕ ਵਿਅਕਤੀ ਵੱਲ ਜਾਂਦਾ ਹੈ ਜਿਸ ਦੇ ਹੱਥ ਵਿਚ ਸੋਟੀ ਹੈ ਅਤੇ ਉਹ ਉਸ ਤੋਂ ਖੋਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਅਕਤੀ ਨੇ ਵਿਰੋਧ ਕੀਤਾ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿਚਕਾਰ ਥੋੜ੍ਹੀ ਜਿਹੀ ਝੜਪ ਹੋਈ ਅਤੇ ਫਿਰ ਅਧਿਕਾਰੀ ਨੇ ਡੰਡਾ ਜ਼ਬਤ ਕਰ ਲਿਆ ਅਤੇ ਭੀੜ ਨੂੰ ਖਿੰਡਾਇਆ। ਇਸ ਤਰ੍ਹਾਂ ਉਸਨੇ ਕਾਨੂੰਨੀ ਤੌਰ 'ਤੇ ਆਪਣੀ ਡਿਊਟੀ ਨਿਭਾਈ। ਪਰ ਭਾਰਤੀ ਗੋਦੀ ਮੀਡੀਆ ਆਖ ਰਿਹਾ ਹੈ ਕਿ ਖਾਲਿਸਤਾਨੀਆਂ ਦੀ ਮਦਦ ਕਰਨ ਵਾਲੇ ਪੁਲੀਸ ਅਧਿਕਾਰੀਆਂ ਨੂੰ ਕੈਨੇਡਾ ਸਰਕਾਰ ਬਖਸ਼ ਰਹੀ ਹੈ।

ਹਾਲਾਂਕਿ ਪਿਛਲੇ ਦਿਨੀਂ ਬਰੈਂਪਟਨ ਦੇ ਹਿੰਦੂ ਮੰਦਰ ਅੱਗੇ ਪ੍ਰਦਰਸ਼ਨ ਦੌਰਾਨ ਵਾਪਰੀਆਂ ਹਿੰਸਕ ਘਟਨਾਵਾਂ ਨੂੰ ਲੈ ਕੇ ਹੁਣ ਬਰੈਂਪਟਨ ਦੀ ਸਿਟੀ ਕੌਂਸਲ ਵੱਲੋਂ ਧਾਰਮਿਕ ਸਥਾਨਾਂ ਅੱਗੇ ਪ੍ਰਦਰਸ਼ਨ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਤਾਂ ਜੋ ਧਾਰਮਿਕ ਤੌਰ ਉਪਰ ਭੜਕਾਹਟ ਨਾ ਹੋਵੇ। ਇਸ ਨਵੇਂ ਕਾਨੂੰਨ ਅਨੁਸਾਰ ਕਿਸੇ ਵੀ ਧਾਰਮਿਕ ਸਥਾਨ ਦੇ 100 ਮੀਟਰ ਦੇ ਘੇਰੇ ਅੰਦਰ ਪ੍ਰਦਰਸ਼ਨ ਕਰਨ ਦੀ ਮਨਾਹੀ ਹੋਵੇਗੀ। ਇਹ ਮਤਾ ਸਿਟੀ ਕੌਂਸਲ ਵਿਚ ਬਰੈਂਪਟਨ ਦੇ ਮੇਅਰ ਵੱਲੋਂ ਲਿਆਂਦਾ ਗਿਆ। ਜਦਕਿ ਭਗਵੇਂਵਾਦੀ ਕੈਨੇਡਾ ਸਰਕਾਰ ਨੂੰ ਖਾਲਿਸਤਾਨੀ ਪਖੀ ਦਸਕੇ ਸ਼ੋਸ਼ਲ ਮੀਡੀਆ ਵਿਚ ਪ੍ਰਚਾਰ ਕਰ ਰਹੇ ਹਨ ਭਗਵੇਂਵਾਦੀਆਂ ਦੇ ਪ੍ਰਚਾਰ ਕਾਰਣ ਕੈਨੇਡਾ ਵਿਖੇ ਨਫਰਤੀ ਤਣਾਅ ਫੈਲਣਾ ਸ਼ੁਰੂ ਹੋ ਗਿਆ ਹੈ ਕੈਨੇਡਾ ਪੁਲਸ ਨੇ ਖਾਲਿਸਤਾਨ ਸਮਰਥਕ ਰਬਿੰਦਰ ਸਿੰਘ ਮੱਲ੍ਹੀ ਦੇ ਕਤਲ ਦੇ ਦੋਸ਼ ਵਿਚ ਭਾਰਤੀ ਮੂਲ ਦੇ ਕੈਨੇਡੀਅਨ ਵਿਅਕਤੀ ਰਜਿੰਦਰ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਕੈਨੇਡਾ ਵਿੱਚ ਦੋ ਭਾਈਚਾਰਿਆਂ ਦਰਮਿਆਨ ਤਣਾਅ ਵਧਾਉਣ ਵਾਲੇ ਇਸ ਕਤਲ ਦੀ ਖ਼ਬਰ 9 ਨਵੰਬਰ ਨੂੰ ਓਂਟਾਰੀਓ ਵਿੱਚ ਪ੍ਰਾਪਤ ਹੋਈ ਸੀ। ਪੁਲਸ ਨੇ ਕੁਮਾਰ ਦੀ ਪਤਨੀ ਸ਼ੀਤਲ ਵਰਮਾ ਨੂੰ ਵੀ ਕਾਨੂੰਨੀ ਪ੍ਰਕਿਰਿਆ ਵਿੱਚ ਅੜਿੱਕਾ ਪਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਸਥਾਨਕ ਪੁਲਸ ਨੇ ਅਜੇ ਤੱਕ ਕਤਲ ਦੇ ਪਿੱਛੇ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਹੈ। ਪੁਲਸ ਨੇ ਦੱਸਿਆ ਹੈ ਕਿ ਰਜਿੰਦਰ ਕੁਮਾਰ ਅਤੇ ਮੱਲ੍ਹੀ ਇੱਕ ਦੂਜੇ ਨੂੰ ਜਾਣਦੇ ਸਨ। ਹਾਲਾਂਕਿ ਇਸ ਮਾਮਲੇ ਵਿੱਚ ਸਿੱਖ ਫਾਰ ਜਸਟਿਸ ਦੀ ਸ਼ਮੂਲੀਅਤ ਕਈ ਸਵਾਲ ਖੜ੍ਹੇ ਕਰ ਰਹੀ ਹੈ। ਗੁਰਪਤਵੰਤ ਸਿੰਘ ਪੰਨੂ ਦੀ ਇਹ ਜਥੇਬੰਦੀ ਜ਼ੋਰ ਦੇ ਰਹੀ ਹੈ ਕਿ ਇਸ ਕਤਲ ਵਿੱਚ ਹਿੰਦੂਤਵੀ ਤੱਤ ਸ਼ਾਮਲ ਸਨ।

ਇਸ ਦੌਰਾਨ ਐਸਐਫਜੇ ਮੁਖੀ ਅਤੇ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਹਿੰਦੂ ਸਭਾ ਮੰਦਰ ਦੇ ਪੁਜਾਰੀ ਰਾਜਿੰਦਰ ਪ੍ਰਸਾਦ ਵੱਲੋਂ 3 ਨਵੰਬਰ ਨੂੰ ਹਿੰਸਾ ਲਈ ਉਕਸਾਉਣ ਤੋਂ ਬਾਅਦ ਰਜਿੰਦਰ ਕੁਮਾਰ ਦੀ ਮੱਲ੍ਹੀ ਨਾਲ ਵਟਸਐਪ 'ਤੇ ਤਿੱਖੀ ਬਹਿਸ ਹੋਈ ਸੀ। ਪੰਨੂ ਨੇ ਕਿਹਾ, "ਬਹਿਸ ਤੋਂ ਬਾਅਦ ਰਜਿੰਦਰ ਕੁਮਾਰ ਨੇ ਮੱਲ੍ਹੀ ਨੂੰ ਆਪਣੇ ਘਰ ਬੁਲਾਇਆ ਅਤੇ ਪਹਿਲਾਂ ਤੋਂ ਯੋਜਨਾਬੱਧ ਤਰੀਕੇ ਨਾਲ ਉਸ 'ਤੇ ਚਾਕੂ ਨਾਲ ਹਮਲਾ ਕੀਤਾ। ਉਸਨੇ ਕਿਹਾ ਹੈ ਕਿ ਕੈਨੇਡੀਅਨ ਪੁਲਸ ਨੂੰ ਰਜਿੰਦਰ ਪ੍ਰਸਾਦ ਨੂੰ ਵੀ ਗ੍ਰਿਫ਼ਤਾਰ ਕਰਨਾ ਚਾਹੀਦਾ ਸੀ।" ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਬਰੈਂਪਟਨ ਦੀ ਰਹਿਣ ਵਾਲਾ ਮੱਲ੍ਹੀ (52) 9 ਨਵੰਬਰ ਨੂੰ ਰਾਤ ਕਰੀਬ 10 ਵਜੇ ਹਾਈਵੇਅ ਨੇੜੇ ਇਕ ਘਰ ਵਿਚ ਜ਼ਖ਼ਮੀ ਹਾਲਤ ਵਿਚ ਮਿਲਿਆ। ਪੀਲ ਰੀਜਨਲ ਪੁਲਸ ਨੇ ਦੋ ਲੋਕਾਂ- ਰਜਿੰਦਰ ਕੁਮਾਰ (47) ਅਤੇ ਸ਼ੀਤਲ ਵਰਮਾ (35) ਦੀ ਗ੍ਰਿਫ਼ਤਾਰੀ ਦਾ ਐਲਾਨ ਕੀਤਾ। ਉਹ ਇਸ ਸਮੇਂ ਹਿਰਾਸਤ ਵਿੱਚ ਹੈ।

ਇਹ ਜ਼ਿਕਰਯੋਗ ਹੈ ਕਿ ਭਗਵੀਂ ਸਿਆਸਤ ਵਲੋਂ ਕੈਨੇਡਾ ਵਿਚ ਹਿੰਦੂ ਸਿੱਖਾਂ ਵਿਚਾਲੇ ਖਾਲਿਸਤਾਨ ਨੂੰ ਆਧਾਰ ਬਣਾਕੇ ਨਫਰਤ ਫੈਲਾਉਣ ਦੀ ਸਾਜਿਸ਼ ਚਲ ਰਹੀ ਹੈ। ਕੈਨੇਡਾ ਸਰਕਾਰ ਇਸ ਬਾਰੇ ਸਾਵਧਾਨ ਹੈ ਤਾਂ ਜੋ ਸਟੇਟ ਵਿਚ ਨਫਰਤੀ ਵਾਤਾਵਰਨ ਨਾ ਫੈਲੇ।

# ਭਾਰਤ ਸਰਕਾਰ ਸਿੱਖਾਂ ਤੇ ਘੱਟ ਗਿਣਤੀਆਂ ਉਪਰ ਕਰ ਰਹੀ ਹੈ ਜ਼ੁਲਮ

## ✪ ਪਾਕਿਸਤਾਨ ਦੇ ਆਰਮੀ ਚੀਫ਼ ਜਨਰਲ ਮੁਨੀਰ ਨੇ ਹਿੰਦੂਤਵ ਦੀ ਕੀਤੀ ਆਲੋਚਨਾ



ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਨੇ ਹੁਣ ਮੋਦੀ ਸਰਕਾਰ ਦੀਆਂ ਸਿਖਾਂ ਬਾਰੇ ਅਨਿਆਂ ਨੀਤੀ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਘੱਟ ਗਿਣਤੀਆਂ ਵਿਰੋਧੀ ਹਿੰਦੂਤਵ ਵਿਚਾਰਧਾਰਾ ਕਾਰਨ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਵਿਚ ਸਿੱਖ ਸੁਰੱਖਿਅਤ ਨਹੀਂ ਹਨ। ਪਾਕਿਸਤਾਨੀ ਫੌਜ ਮੁਖੀ ਨੇ ਇਸਲਾਮਾਬਾਦ ਨੀਤੀ ਖੋਜ ਸੰਸਥਾ ਵੱਲੋਂ ਆਯੋਜਿਤ ਮੋਰਗਲਾ ਡਾਇਲਾਗ 2024 ਨੂੰ ਸੰਬੋਧਨ ਕਰਦੇ ਹੋਏ ਇਹ ਗੱਲ ਕਹੀ ਸੀ। ਇਸ ਦੇ ਨਾਲ ਹੀ ਆਸਿਮ ਮੁਨੀਰ ਨੇ ਜੰਮੂ-ਕਸ਼ਮੀਰ ਨੂੰ ਲੈ ਕੇ ਭਾਰਤ ਦੇ ਸਟੈਂਡ ਦੀ ਆਲੋਚਨਾ ਕੀਤੀ ਸੀ। ਫੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ ਵਿਚ ਕਸ਼ਮੀਰੀਆਂ ਉਪਰ ਭਾਰਤ ਦੀ ਬੇਰਹਿਮੀ ਅਤੇ ਬਰਬਰਤਾ ਹਿੰਦੂਤਵ ਵਿਚਾਰਧਾਰਾ ਅਤੇ ਨੀਤੀ ਦਾ ਹਿੱਸਾ ਹੈ। ਜਨਰਲ ਅਸੀਮ ਮੁਨੀਰ ਨੇ ਕਿਹਾ ਕਿ 'ਜੰਮੂ-ਕਸ਼ਮੀਰ ਦੀ ਅਜ਼ਾਦੀ ਇਸ ਦਾ ਹੱਲ ਹੈ।' ਜਦ ਕਿ ਭਾਰਤ ਨੇ ਹਮੇਸ਼ਾ ਜੰਮੂ-ਕਸ਼ਮੀਰ ਨੂੰ ਆਪਣਾ ਅਟੁੱਟ ਹਿੱਸਾ ਮੰਨਿਆ ਹੈ।

ਇਸ ਦੇ ਨਾਲ ਹੀ ਪਾਕਿਸਤਾਨੀ ਫੌਜ ਮੁਖੀ ਨੇ ਕੈਨੇਡਾ ਅਤੇ ਅਮਰੀਕਾ ਵਿਚ ਰਹਿ ਰਹੇ ਖਾਲਿਸਤਾਨੀਆਂ ਲਈ ਭਾਰਤ ਨੂੰ ਖ਼ਤਰਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਨਵੀਂ ਹਿੰਦੂਤਵੀ ਵਿਚਾਰਧਾਰਾ ਵਿਦੇਸ਼ਾਂ ਖਾਸ ਕਰਕੇ ਅਮਰੀਕਾ, ਬਰਤਾਨੀਆ ਅਤੇ ਕੈਨੇਡਾ ਵਿੱਚ ਘੱਟ ਗਿਣਤੀਆਂ ਲਈ ਖਤਰਾ ਹੈ। ਮੁਨੀਰ ਨੇ ਕੈਨੇਡਾ ਅਤੇ ਅਮਰੀਕਾ ਦੇ ਦੋਸ਼ਾਂ ਦਾ ਹਵਾਲਾ ਦਿੱਤਾ ਕਿ ਭਾਰਤੀ ਏਜੰਟ ਖਾਲਿਸਤਾਨੀ ਖਾੜਕੂਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦਾ ਪਿਛਲੇ ਸਾਲ ਕੈਨੇਡਾ ਵਿੱਚ ਕਤਲ ਕਰ ਦਿੱਤਾ ਗਿਆ ਸੀ। ਟਰੂਡੋ ਸਰਕਾਰ ਨੇ ਇਸ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ, ਜਿਸ ਦਾ ਭਾਰਤ ਨੇ ਖੰਡਨ ਕੀਤਾ ਸੀ। ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਕੈਨੇਡਾ ਦਾ ਭਾਰਤ ਨੇ ਅਜੇ ਤੱਕ ਸਾਥ ਨਹੀਂ ਦਿੱਤਾ।

ਪਾਕਿਸਤਾਨੀ ਆਰਮੀ ਚੀਫ਼ ਦਾ ਬਿਆਨ ਪਾਕਿਸਤਾਨ ਵਿੱਚ ਰਹਿ ਰਹੇ ਭਾਰਤ ਵਿਰੋਧੀ ਖਾੜਕੂਆਂ ਦੇ ਕਤਲ ਦੇ ਸਬੰਧ ਵਿੱਚ ਉਨ੍ਹਾਂ ਦੇ ਡਰ ਨੂੰ ਦਰਸਾਉਂਦਾ ਹੈ। ਪਾਕਿਸਤਾਨ ਵਿੱਚ ਪਿਛਲੇ ਸਾਲ ਤੋਂ ਹੁਣ ਤੱਕ 20 ਤੋਂ ਵੱਧ ਭਾਰਤ ਵਿਰੋਧੀ ਖਾੜਕੂ ਮਾਰੇ ਜਾ ਚੁੱਕੇ ਹਨ। ਪਾਕਿਸਤਾਨ ਨੇ ਇਨ੍ਹਾਂ ਖਾੜਕੂਆਂ ਦੀ ਹੱਤਿਆ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਅਤੇ ਦੋਸ਼ ਲਗਾਇਆ ਸੀ ਕਿ ਭਾਰਤ ਉਸ ਦੇ ਘਰ ਵਿਚ ਦਾਖਲ ਹੋ ਕੇ ਖਾੜਕੂਆਂ ਨੂੰ ਮਾਰ ਰਿਹਾ ਹੈ। ਪਾਕਿਸਤਾਨ ਨੇ ਇਸ ਸਬੰਧੀ ਸੰਯੁਕਤ ਰਾਸ਼ਟਰ ਨੂੰ ਵੀ ਅਪੀਲ ਕੀਤੀ ਸੀ।

# ਇਮੀਗ੍ਰੇਸ਼ਨ ਸਿਸਟਮ ਨੂੰ ਮੁੜ ਪੈਰਾਂ ਸਿਰ ਕਰਨ ਲਈ ਕੈਨੇਡੀਅਨ ਮੰਤਰੀ ਮਿਲਰ ਸਰਗਰਮ

## ✪ ਸਰਕਾਰ ਅਗਲੇ ਸਾਲ ਤੱਕ ਕਰੀਬ 12 ਲੱਖ ਕੱਚੇ ਲੋਕਾਂ ਨੂੰ ਦੇਸ਼ ਵਿਚੋਂ ਕੱਢੇਗੀ

ਵੈਨਕੂਵਰ-ਸਰਕਾਰ ਦੀਆਂ ਕਥਿਤ ਗਲਤ ਨੀਤੀਆਂ ਕਾਰਨ ਢਹਿ ਢੇਰੀ ਹੋਏ ਇਮੀਗ੍ਰੇਸ਼ਨ ਸਿਸਟਮ ਨੂੰ ਮੁੜ ਪੈਰਾਂ ਸਿਰ ਕਰਨ ਲਈ ਇਮੀਗ੍ਰੇਸ਼ਨ ਮੰਤਰੀ ਮਾਈਕ ਮਿਲਰ ਯਤਨਸ਼ੀਲ ਹਨ। ਸਰਕਾਰ ਅਗਲੇ ਸਾਲ ਤੱਕ ਕਰੀਬ 12 ਲੱਖ ਕੱਚੇ ਲੋਕਾਂ ਨੂੰ ਦੇਸ਼ ਵਿਚੋਂ ਕੱਢਣ ਦਾ ਮਨ ਬਣਾਈ ਬੈਠੀ ਹੈ ਅਤੇ ਇਸ ਕੰਮ 'ਚ ਤੇਜ਼ੀ ਲਿਆਉਣ ਲਈ ਬਾਰਡਰ ਸਰਵਿਸ ਏਜੰਸੀ (ਸੀਬੀਐੱਸਏ) ਦੇ ਅਮਲੇ ਦੀ ਨਫ਼ਰੀ 15 ਫੀਸਦ ਵਧਾਉਣ ਸਮੇਤ ਉਸ ਨੂੰ ਕੁਝ ਵਾਧੂ ਸ਼ਕਤੀਆਂ ਵੀ ਦੇ ਦਿੱਤੀਆਂ ਹਨ। ਸਰਕਾਰੀ ਵਿਭਾਗਾਂ ਦੇ ਸੂਤਰਾਂ ਅਨੁਸਾਰ ਏਜੰਸੀ ਕੋਲ 38,030 ਲੋਕਾਂ ਦੇ ਗ੍ਰਿਫਤਾਰੀ ਵਾਰੰਟ ਆ ਚੁੱਕੇ ਹਨ, ਜਿਨ੍ਹਾਂ ਨੂੰ ਅਗਲੇ ਦਿਨਾਂ 'ਚ ਉਨ੍ਹਾਂ ਦੇ ਪਿੱਤਰੀ ਦੇਸ਼ ਭੇਜਣ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ 'ਚੋਂ ਬਹੁਤੇ ਉਹ ਹਨ, ਜੋ ਸੈਲਾਨੀ ਬਣ ਕੇ ਕੈਨੇਡਾ ਪੁੱਜੇ ਤੇ ਇਥੋਂ ਦੇ ਸਿਸਟਮ ਨਾਲ ਖਿਲਵਾੜ (ਅਣ-ਅਧਿਕਾਰਤ ਤੌਰ 'ਤੇ ਕੰਮ) ਕਰਦਿਆਂ ਫੜੇ ਗਏ। ਕੁਝ ਉਹ ਵੀ ਹਨ, ਜੋ ਵੀਜ਼ੇ ਜਾਂ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਇੱਥੇ ਹੀ ਟਿਕ ਗਏ। ਪਤਾ ਲੱਗਾ ਹੈ ਕਿ ਕੈਨੇਡਾ ਪਹੁੰਚੇ ਲੋਕਾਂ ਵੱਲੋਂ ਪੱਕੇ ਰਿਹਾਇਸ਼ੀ (ਪੀਆਰ) ਬਣਨ ਲਈ ਜਮ੍ਹਾਂ ਕਰਵਾਈਆਂ ਫਾਈਲਾਂ ਦੀ ਗਿਣਤੀ ਢਾਈ ਲੱਖ ਤੋਂ ਟੱਪ ਗਈ ਹੈ। ਇੰਨੀਆਂ ਫਾਈਲਾਂ ਦੇ ਨਿਬੇੜੇ ਲਈ ਆਮ ਤੌਰ 'ਤੇ 4-5 ਸਾਲ ਲੱਗਦੇ ਹਨ ਪਰ ਹੁਣ ਇਨ੍ਹਾਂ ਦਾ ਕੁਝ ਮਹੀਨਿਆਂ ਵਿੱਚ ਨਿਬੇੜਾ ਕਰਨ ਦੇ ਢੰਗ ਲੱਭੇ ਗਏ ਹਨ।



ਆਵਾਸ ਮੰਤਰੀ ਦੇ ਨਿਰਦੇਸ਼ਾਂ ਹੇਠ ਵਿਭਾਗ ਵੱਲੋਂ ਫਾਈਲਾਂ ਦੇ ਇਸ ਢੇਰ ਦਾ ਵਰਗੀਕਰਨ ਕਰਕੇ, ਹਰ ਵਰਗ ਨੂੰ ਸਮੁੱਚੇ ਰੂਪ ਵਿੱਚ ਖਾਸ ਨੀਤੀਆਂ ਦੇ ਸਕੈਨਰ 'ਚੋਂ ਲੰਘਾ ਕੇ ਕੁਝ ਹਫਤਿਆਂ 'ਚ ਹਾਂ ਜਾਂ ਨਾਂ ਕਰਨ ਦੀ ਤਿਆਰੀ ਕਰ ਲਈ ਗਈ ਹੈ। ਬੇਸ਼ੱਕ ਕੱਚੇ ਲੋਕਾਂ ਦੀ ਐਨੀ ਵੱਡੀ ਗਿਣਤੀ ਨਾਲ ਸਿੱਝਣਾ ਸਰਕਾਰ ਲਈ ਸੌਖਾ ਕੰਮ ਨਹੀਂ। ਇਸੇ ਲਈ ਆਵਾਸ ਮੰਤਰੀ ਵੱਲੋਂ ਕੰਮ ਕਰਨ ਦੇ ਬੁਨਿਆਦੀ ਢਾਂਚੇ ਵਿਚ ਵੀ ਬਦਲਾਅ ਕੀਤੇ ਜਾ ਰਹੇ ਹਨ ਤਾਂ ਕਿ ਅਗਲੇ ਸਾਲ 'ਚ ਮੌਜੂਦਾ ਅਬਾਦੀ ਨੂੰ ਬਰੇਕ ਹੀ ਨਹੀਂ ਸਗੋਂ ਮੋੜਾ ਦੇ ਕੇ ਮਿੱਥੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

ਪਿਛਲੇ ਮਹੀਨਿਆਂ ਵਿੱਚ ਹੋਈਆਂ ਕੁਝ ਸੰਸਦੀ ਉਪ ਚੋਣਾਂ ਵਿੱਚ ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰਾਂ ਦੀ ਝੋਲੀ ਪਈਆਂ ਨਾਮੋਸ਼ੀਜਨਕ ਹਾਰਾਂ ਤੋਂ ਸਰਕਾਰ ਨੂੰ ਆਪਣਾ ਭਵਿੱਖ ਦਿਸਣ ਲੱਗਾ ਹੈ ਤੇ ਆਖਰੀ ਦਾਅ ਵਜੋਂ ਸਰਕਾਰ ਨੇ ਸਖ਼ਤ ਕਦਮ ਚੁੱਕਣ ਦੀ ਝਿਜਕ ਲਾਹ ਦਿੱਤੀ ਹੈ। ਸਰਕਾਰ ਕੋਲ ਪਹੁੰਚੇ ਅੰਕੜਿਆਂ ਅਨੁਸਾਰ ਦੇਸ਼ 'ਚ 12,62,801 ਲੋਕ ਗੈਰਕਨੂੰਨੀ ਢੰਗ ਨਾਲ ਰਹਿ ਰਹੇ ਹਨ, ਜਿਨ੍ਹਾਂ ਨੂੰ ਵਾਪਸ ਭੇਜਣ ਤੋਂ ਬਾਅਦ ਹੀ ਸਿਹਤ, ਰਿਹਾਇਸ਼ ਅਤੇ ਰੁਜ਼ਗਾਰ ਮੌਕਿਆਂ ਦੇ ਸੰਤੁਲਨ ਵਿੱਚ ਆਏ ਵਿਗਾੜ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਹੈ।

### ਟਰੂਡੋ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਖ਼ਾਮੀਆਂ ਮੰਨੀਆਂ


ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਗਲਤੀਆਂ ਕੀਤੀਆਂ ਹਨ, ਜਿਸ ਕਾਰਨ 'ਫਰਜ਼ੀ ਕਾਲਜਾਂ' ਅਤੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਸਿਸਟਮ ਦਾ ਸ਼ੋਸ਼ਣ ਕੀਤਾ ਗਿਆ। ਟਰੂਡੋ ਦਾ ਇਹ ਬਿਆਨ ਕੈਨੇਡਾ 'ਚ 2025 ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ 'ਚ ਆਈ ਕਮੀ ਦੌਰਾਨ ਆਇਆ ਹੈ। ਪ੍ਰਧਾਨ ਮੰਤਰੀ ਨੂੰ ਦੇਸ਼ ਵਿੱਚ ਰਿਹਾਇਸ਼ ਦੀ ਘਾਟ, ਮਹਿੰਗਾਈ ਅਤੇ ਸਿਹਤ ਤੇ ਆਵਾਜਾਈ ਪ੍ਰਣਾਲੀ 'ਚ ਆ ਰਹੇ ਵਿਗਾੜ ਕਾਰਨ ਆਪਣੀਆਂ ਨੀਤੀਆਂ ਲਈ ਲੋਕਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੂਡੋ ਨੇ ਆਪਣੇ ਯੂਟਿਊਬ ਚੈਨਲ 'ਤੇ ਸਾਂਝੀ ਕੀਤੀ ਵੀਡੀਓ ਵਿੱਚ ਕਿਹਾ, 'ਪਿਛਲੇ ਦੋ ਸਾਲਾਂ 'ਚ ਸਾਡੀ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਫਰਜ਼ੀ ਕਾਲਜ ਅਤੇ ਵੱਡੀਆਂ ਚੇਨ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਲਈ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਸ਼ੋਸ਼ਣ ਕਰ ਰਹੀਆਂ ਹਨ। ਇਸ ਨਾਲ ਨਜਿੱਠਣ ਲਈ ਅਸੀਂ ਅਗਲੇ ਤਿੰਨ ਸਾਲ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਘਟਾ ਰਹੇ ਹਾਂ।' ਉਨ੍ਹਾਂ ਆਪਣੀ ਸਰਕਾਰ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ, 'ਅਸੀਂ ਕੁਝ ਗਲਤੀਆਂ ਕੀਤੀਆਂ, ਇਸੇ ਲਈ ਅਸੀਂ ਵੱਡਾ ਕਦਮ ਚੁੱਕ ਰਹੇ ਹਾਂ।'

### ਕੈਨੇਡਾ 'ਚ 42,700 ਭਾਰਤੀ ਵਿਦਿਆਰਥੀ

ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਅਨੁਸਾਰ ਕੈਨੇਡਾ ਵਿਚ ਪੜ੍ਹਨ ਆਉਂਦੇ ਵਿਦਿਆਰਥੀਆਂ 'ਚ ਬਹੁਗਿਣਤੀ ਭਾਰਤੀ ਹਨ। ਅੰਦਾਜ਼ੇ ਅਨੁਸਾਰ 4,27,000 ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਹਨ। ਟਰੂਡੋ ਨੇ ਕਿਹਾ ਕਿ ਸਾਲਾਂ ਤੋਂ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਸਿਰਫ ਸਥਾਈ ਇਮੀਗ੍ਰੇਸ਼ਨ 'ਤੇ ਕੇਂਦਰਿਤ ਰਹੀ ਹੈ। ਲੋਕ ਆਪੋ-ਆਪਣੇ ਪਰਿਵਾਰਾਂ ਨਾਲ ਕੈਨੇਡਾ ਵਸਣ ਲਈ ਆਉਂਦੇ ਹਨ ਅਤੇ ਸਰਕਾਰ ਇਹ ਫੈਸਲਾ ਕਰਦੀ ਹੈ ਕਿ ਉਹ ਹਰ ਸਾਲ ਕਿੰਨੇ ਸਥਾਈ ਵਸਨੀਕਾਂ ਨੂੰ ਦਾਖਲ ਕਰਨਾ ਚਾਹੁੰਦੀ ਹੈ। ਹਾਲਾਂਕਿ ਇਸ ਦੌਰਾਨ ਅਸਥਾਈ ਇਮੀਗ੍ਰੇਸ਼ਨ ਵਿਚਾਲੇ ਹੀ ਰਹਿ ਗਈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਅਨੁਸਾਰ ਉਹ ਸਥਾਈ ਅਤੇ ਅਸਥਾਈ ਦੋਵਾਂ ਤਰ੍ਹਾਂ ਦੇ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨਾ ਚਾਹੁੰਦੇ ਹਨ।

# ਰਾਹੁਲ ਗਾਂਧੀ ਦਰਬਾਰ ਸਾਹਿਬ ਨਤਮਸਤਕ ਹੋਏ

## ✪ ਜਲ ਵਰਤਾਉਣ ਤੇ ਜੂਠੇ ਕੌਲੇ ਮਾਂਜਣ ਦੀ ਕੀਤੀ ਸੇਵਾ



ਅੰਮ੍ਰਿਤਸਰ-ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਬੀਤੇ ਦਿਨੀਂ ਇਥੇ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਮੱਥਾ ਟੇਕਣ ਉਪਰੰਤ ਉਨ੍ਹਾਂ ਛਬੀਲ 'ਤੇ ਜਲ ਵਰਤਾਉਣ ਤੇ ਜੂਠੇ ਕੌਲੇ ਮਾਂਜਣ ਦੀ ਸੇਵਾ ਕੀਤੀ। ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਉਪਰੰਤ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ 'ਤੇ ਮੱਥਾ ਟੇਕਿਆ।



ਸ੍ਰੀ ਗਾਂਧੀ ਨੇ ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਬੇਰ ਬਾਬਾ ਬੁੱਢਾ ਜੀ ਨੇੜੇ ਬਣੀ ਛਬੀਲ ਵਿਚ ਜਲ ਵਰਤਾਉਣ ਤੇ ਜੂਠੇ ਕੌਲੇ ਮਾਂਜਣ ਦੀ ਸੇਵਾ ਕੀਤੀ। ਇਸ ਦੌਰਾਨ ਉਨ੍ਹਾਂ ਮੀਡੀਆ ਤੋਂ ਦੂਰੀ ਬਣਾਈ ਰੱਖੀ ਤੇ ਆਪਣੀ ਇਸ ਫੇਰੀ ਸੰਬੰਧੀ ਕੁਝ ਵੀ ਗੱਲਬਾਤ ਨਹੀਂ ਕੀਤੀ। ਰਾਹੁਲ ਗਾਂਧੀ ਦੇ ਇਥੇ ਨਤਮਸਤਕ ਹੋਣ ਦੌਰਾਨ ਵੱਡੀ ਤਾਦਾਦ 'ਚ ਸੁਰੱਖਿਆ ਕਰਮੀ ਚਿੱਟ ਕੱਪੜੀਏ ਮੁਲਾਜ਼ਮ ਹਾਜ਼ਰ ਸਨ, ਜਿਨ੍ਹਾਂ ਮਨੁੱਖੀ ਚੇਨ ਬਣਾ ਕੇ ਆਮ ਲੋਕਾਂ ਤੋਂ ਸ੍ਰੀ ਗਾਂਧੀ ਨਾਲ ਸੁਰੱਖਿਆ ਕਾਰਨਾਂ ਕਰਕੇ ਦੂਰੀ ਬਣਾਈ ਰੱਖੀ ਤੇ ਛਬੀਲ 'ਤੇ ਸਖ਼ਤ ਸੁਰੱਖਿਆ ਘੇਰੇ ਵਿਚ ਸੇਵਾ ਕਰਨ ਦਾ ਇਕ ਸ਼ਰਧਾਲੂ ਲੜਕੀ ਵਲੋਂ ਇਸ ਦਾ ਵਿਰੋਧ ਕੀਤਾ ਗਿਆ। ਰਾਹੁਲ ਗਾਂਧੀ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਤੇ ਜਾਣ ਮੌਕੇ ਵੀ ਪਰਿਕਰਮਾ ਵਿਚ ਨਤਮਸਤਕ ਹੋਏ ਤੇ ਵਾਪਸ ਰਵਾਨਾ ਹੋ ਗਏ।



# ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ। ਜਿਸ ਵਿੱਚ ਸ੍ਰੀ ਆਤਮਾ ਰਾਮ ਢਾਂਡਾ ਨੂੰ ਮੁੜ ਪ੍ਰਧਾਨ ਚੁਣੇ ਗਏ। ਇਸ ਤੋਂ ਇਲਾਵਾ ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸੈਕਟਰੀ ਸ਼ਿਵ ਰੱਤੂ, ਸਹਾਇਕ ਸਕੱਤਰ ਵਰਿੰਦਰ ਚੰਦਰ, ਖਜ਼ਾਨਚੀ ਊਸ਼ਾ ਗੰਗੜ, ਸਹਾਇਕ ਖਜ਼ਾਨਚੀ ਸੁਰਿੰਦਰ ਸਿੰਘ ਬੰਗੜ, ਸੱਭਿਆਚਾਰ ਸਕੱਤਰ ਮੋਹਨ ਲਾਲ ਹੌਲੈਂਡ, ਲਾਇਬ੍ਰੇਰੀਅਨ ਸੁਰਜੀਤ ਸਿੰਘ ਕੌਲ ਨੂੰ ਚੁਣਿਆ ਗਿਆ।*



ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਪ੍ਰਬੰਧਕੀ ਸੇਵਾਦਾਰਾਂ ਨਾਲ

ਕਮੇਟੀ ਮੈਂਬਰਾਂ ਵਿੱਚ ਤਰਸੇਮ ਕੌਰ ਗੁਰੂ, ਹਰਦੇਵ ਕੌਰ ਪੁਆਰ, ਮਨਜੀਤ ਭੰਗੂ, ਵਿੱਦਿਆਵਤੀ ਮੱਲ੍ਹਣ, ਓਮ ਪ੍ਰਕਾਸ਼ ਸਰੋਇਆ, ਚਮਨ ਲਾਲ ਬੱਧਣ, ਦੁਰਯੋਧਨ ਖੁਤਣ, ਰਾਜ ਕੁਮਾਰ ਸੁੰਡ, ਅਮਰੀਸ਼ ਕੁਮਾਰ ਝੱਲੀ, ਸੰਦੀਪ ਸਿੰਘ ਲੋਈ, ਬਲਬੀਰ ਸਿੰਘ ਭਾਟੀਆ, ਗੁਰਦਿਆਲ ਮੈਹਮੀ, ਹਰਮੇਸ਼ ਗੰਗੜ ਨੂੰ ਸੇਵਾਵਾਂ ਸੌਂਪੀਆਂ ਗਈਆਂ ਹਨ। ਗੁਰੂ ਘਰ ਦੇ ਟਰੱਸਟ ਦੇ ਚੇਅਰਮੈਨ ਚੁੰਨੀ ਲਾਲ ਚੈਂਬਰ, ਹਰਬੰਸ ਵਿਰਦੀ, ਰਾਮ ਲਾਲ ਬਾਘਾ, ਜੋਗਿੰਦਰ ਬਾਘਾ, ਸ਼ਿੰਗਾਰਾ ਸਿੰਘ ਜੱਸਲ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਨਵੀਂ ਕਮੇਟੀ ਸਰਬ ਸੰਮਤੀ ਨਾਲ ਚੁਣੀ ਗਈ ਹੈ ਅਤੇ ਆਸ ਹੈ ਕਿ ਪ੍ਰਬੰਧਕ ਕਮੇਟੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੇਵਾਵਾਂ ਕਰੇਗੀ। ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਨੇ ਮੁੜ ਸੇਵਾਵਾਂ ਦੇਣ ਲਈ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਸੰਗਤਾਂ ਨੂੰ ਗੁਰੂ ਘਰ ਅਤੇ ਭਾਈਚਾਰੇ ਦੀ ਚੜ੍ਹਦੀ ਕਲਾ ਲਈ ਮਿਲ ਕੇ ਸੇਵਾ ਕਰਨ ਦੀ ਅਪੀਲ ਕੀਤੀ।

ਉਹਨਾਂ ਕਿਹਾ ਕਿ ਗੁਰਬਾਣੀ ਸਾਨੂੰ ਆਪਸ ਵਿੱਚ ਮਿਲ ਕੇ ਰਹਿਣ ਅਤੇ ਹਰ ਲੋੜਵੰਦ ਦੀ ਮਦਦ ਕਰਨ ਦਾ ਰਾਹ ਵਿਖਾਉਂਦੀ ਹੈ। ਸਾਨੂੰ ਗੁਰੂ ਰਵਿਦਾਸ ਜੀ ਦੀਆਂ ਸਿਖਿਆਵਾਂ ਤੇ ਪਹਿਰਾ ਦੇਣ ਦੀ ਲੋੜ ਹੈ, ਤਾਂ ਕਿ ਸਮਾਜ ਵਿੱਚੋਂ ਉਚ ਨੀਚ ਖ਼ਤਮ ਹੋ ਸਕੇ ਅਤੇ ਸਭ ਨੂੰ ਬਰਾਬਰ ਦੇ ਅਧਿਕਾਰ ਮਿਲ ਸਕਣ।

# ਬਰਤਾਨਵੀ ਸੰਸਦ ਵਿੱਚ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਸੁਸ਼ੋਭਿਤ



ਲਾਰਡ ਇੰਦਰਜੀਤ ਸਿੰਘ ਦਾ ਚਿੱਤਰ ਸੰਸ਼ੋਬਿਤ ਕਰਨ ਮੌਕੇ ਉਹਨਾਂ ਨਾਲ ਐਮ ਪੀ ਢੇਸੀ, ਲਾਰਡ ਸਹੋਤਾ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਡਾ: ਇੰਦਰਜੀਤ ਸਿੰਘ ਦੀ ਤਸਵੀਰ ਬਰਤਾਨੀਆਂ ਦੀ ਸੰਸਦ ਦੇ ਉਪਰਲੇ ਸਦਨ ਵਿੱਚ ਸੁਸ਼ੋਭਿਤ ਕੀਤੀ ਗਈ ਹੈ। ਲਾਰਡ ਇੰਦਰਜੀਤ ਸਿੰਘ ਦੇ ਚਿੱਤਰ ਦੇ ਉਦਘਾਟਨ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਜਸ ਅਠਵਾਲ, ਲਾਰਡ ਕੁਲਦੀਪ ਸਿੰਘ ਸਹੋਤਾ, ਐਮ ਪੀ ਬੈਗੀ ਸ਼ੰਕਰ, ਐਮ ਪੀ ਰਿਚਰਡ ਫਾਲਕਨੇ ਆਦਿ ਮੌਜੂਦ ਸਨ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਲਾਰਡ ਸਿੰਘ ਦਾ ਚਿੱਤਰ ਸੰਸਦ ਵਿੱਚ ਸੁਸ਼ੋਭਿਤ ਕਰਨਾ ਇੱਕ ਇਤਿਹਾਸਕ ਵਰਤਾਰਾ ਹੈ। ਸੰਸਦ ਦੇ ਰਿਵਰ ਰੂਮ ਵਿੱਚ ਹੋਰ ਸਖਸ਼ੀਅਤਾਂ ਨਾਲ ਲਾਰਡ ਸਿੰਘ ਦਾ ਚਿੱਤਰ ਸੰਸਦ ਵਿੱਚ ਆਉਣ ਵਾਲੇ ਲੋਕਾਂ ਲਈ ਖਿਚ ਦਾ ਕੇਂਦਰ ਹੋਵੇਗਾ। ਇਹ ਪਹਿਲੀ ਵਾਰ ਹੈ ਜਦੋਂ ਸੰਸਦ ਵਿੱਚ ਕਿਸੇ ਸਿੱਖ ਦਾ ਚਿਤਰ ਸੁਸ਼ੋਭਿਤ ਕੀਤਾ ਗਿਆ ਹੋਵੇ।

# ਜਗਰਾਉਂ ਵਿਚ ਕੌਮਾਂਤਰੀ ਕਬੱਡੀ ਖਿਡਾਰੀ ਨੇ ਕੀਤੀ ਆਤਮ-ਹੱਤਿਆ !

## ✪ ਸਰਕਾਰੀ ਨੌਕਰੀ ਨਾ ਮਿਲਣ ਕਰਕੇ ਸੀ ਪਰੇਸ਼ਾਨ



ਲੁਧਿਆਣਾ-ਜਗਰਾਉਂ ਵਿਚ ਸਾਬਕਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਵੱਲੋਂ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। 50 ਸਾਲਾ ਸਾਬਕਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਵਤਾਰ ਸਿੰਘ ਉਰਫ਼ ਸ਼ਾਂਤੀ ਕਿਸ਼ਨਪੁਰੀਆ ਦੀ ਲਾਸ਼ ਨਿਰੰਕਾਰੀ ਭਵਨ ਸਿੱਧਵਾਂ ਬੇਟ ਤੋਂ ਕਿਸ਼ਨਪੁਰਾ ਕਾਲਾ ਰੋਡ 'ਤੇ ਦਰੱਖਤ ਨਾਲ ਲਟਕਦੀ ਮਿਲੀ। ਥਾਣਾ ਸਿੱਧਵਾਂ ਬੇਟ ਦੇ ਐਸ.ਆਈ ਰਾਜਵਰਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਸਾਬਕਾ ਕਬੱਡੀ ਖਿਡਾਰੀ ਹੈ। ਕੋਈ ਨੌਕਰੀ ਨਾ ਮਿਲਣ ਅਤੇ ਸਰਕਾਰੀ ਤੰਤਰ ਤੋਂ ਹਾਰਨ ਤੋਂ ਬਾਅਦ ਉਹ ਹੌਲੀ-ਹੌਲੀ ਨਸ਼ੇ ਦੀ ਦਲਦਲ ਵਿੱਚ ਫਸ ਗਿਆ। ਜਿਸ ਤੋਂ ਬਾਅਦ ਉਸ ਨੇ ਕਬੱਡੀ ਛੱਡ ਦਿੱਤੀ ਅਤੇ ਘਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮ੍ਰਿਤਕ ਸ਼ਾਦੀਸ਼ੁਦਾ ਹੈ ਅਤੇ ਉਸ ਦੇ ਦੋ ਬੇਟੇ ਹਨ। ਉਨ੍ਹਾਂ ਦੱਸਿਆ ਕਿ ਅੱਜ ਮ੍ਰਿਤਕ ਘਰ ਵਿੱਚ ਬੈਠਾ ਮੋਬਾਈਲ 'ਤੇ ਗੀਤ ਸੁਣ ਰਿਹਾ ਸੀ। ਇਸ ਦੌਰਾਨ ਮ੍ਰਿਤਕ ਦੀ ਮਾਤਾ ਨੇ ਉਸ ਨੂੰ ਗੀਤ ਸੁਣਨ ਦੀ ਬਜਾਏ ਗੁਰਬਾਣੀ ਅਤੇ ਰੱਬ ਦਾ ਨਾਮ ਲੈਣ ਲਈ ਕਿਹਾ। ਜਿਸ ਤੋਂ ਬਾਅਦ ਉਹ ਘਰ ਛੱਡ ਕੇ ਚਲਾ ਗਿਆ। ਪਰ ਕੁਝ ਦੇਰ ਬਾਅਦ ਹੀ ਪਰਿਵਾਰ ਨੂੰ ਉਸ ਦੀ ਮੌਤ ਦੀ ਖ਼ਬਰ ਮਿਲ ਗਈ। ਮ੍ਰਿਤਕ ਨੇ ਦਰਖ਼ਤ ਨਾਲ ਰੱਸੀ ਬੰਨ੍ਹ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ।

# ਟੀਪੂ ਸੁਲਤਾਨ ਦੀ ਤਲਵਾਰ ਲੰਡਨ ਵਿੱਚ 3.4 ਕਰੋੜ ਰੁਪਏ ਦੀ ਨਿਲਾਮ



ਟੀਪੂ ਸੁਲਤਾਨ ਦੀ ਨਿਲਾਮ ਹੋਈ ਤਲਵਾਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮੈਸੂਰ ਦੇ ਸ਼ਾਸਕ ਰਹੇ ਟੀਪੂ ਸੁਲਤਾਨ ਦੀ ਤਲਵਾਰ ਲੰਡਨ ਦੇ ਬੋਨਹੈਮਸ ਨਿਲਾਮੀ ਘਰ 'ਚ 317,900 ਪੌਂਡ (3.4 ਕਰੋੜ ਭਾਰਤੀ ਰੁਪਏ) 'ਚ ਨਿਲਾਮ ਹੋਈ ਹੈ। ਇਹ ਤਲਵਾਰ 1799 ਵਿੱਚ ਸ਼੍ਰੀਰੰਗਪਟਮ ਦੀ ਲੜਾਈ ਦੇ ਸਮੇਂ ਦੀ ਹੈ। ਇਸ ਯੁੱਧ ਵਿੱਚ ਟੀਪੂ ਸੁਲਤਾਨ ਦੀ ਹਾਰ ਅਤੇ ਮੌਤ ਤੋਂ ਬਾਅਦ, ਇਹ ਤਲਵਾਰ ਬਰਤਾਨਵੀ ਫੌਜ ਦੇ ਕੈਪਟਨ ਜੇਮਜ਼ ਐਂਡਰਿਊ ਡਿਕ ਨੂੰ ਉਸਦੀ ਸੇਵਾ ਲਈ ਤੋਹਫੇ ਵਜੋਂ ਦਿੱਤੀ ਗਈ ਸੀ। ਉਹ ਇਸ ਤਲਵਾਰ ਨੂੰ ਬਰਤਾਨੀਆ ਲੈ ਆਇਆ ਅਤੇ ਇਹ ਸ਼ਾਨਦਾਰ ਤਲਵਾਰ ਪਿਛਲੇ 300 ਸਾਲਾਂ ਤੋਂ ਉਸ ਦੇ ਪਰਿਵਾਰ ਕੋਲ ਸੀ।*

ਮੰਨਿਆ ਜਾਂਦਾ ਹੈ ਕਿ ਚਮਕਦਾਰ ਬਲੇਡ ਵਾਲੀ ਇਹ ਤਲਵਾਰ ਟੀਪੂ ਸੁਲਤਾਨ ਦੇ ਨਿੱਜੀ ਹਥਿਆਰਾਂ ਦਾ ਹਿੱਸਾ ਸੀ। ਇਸ ਤਲਵਾਰ 'ਤੇ ਸ਼ੇਰ-ਏ-ਮੈਸੂਰ ਦੀ ਪਛਾਣ 'ਬਬਰੀ (ਬਾਘ ਧਾਰੀਦਾਰ)' ਉੱਕਰੀ ਹੋਈ ਹੈ ਅਤੇ ਇਸ ਦੇ ਮੁੱਠੇ 'ਤੇ ਵਿਸ਼ੇਸ਼ ਕਿਸਮ ਦੀ ਨੱਕਾਸ਼ੀ ਅਤੇ ਸਜਾਵਟ ਹੈ। ਇਸ ਦੇ ਬਲੇਡ 'ਤੇ ਅਰਬੀ ਅੱਖਰ 'ਹਾ' ਸੋਨੇ ਵਿਚ ਉੱਕਰਿਆ ਹੋਇਆ ਹੈ, ਜੋ ਕਿ ਟੀਪੂ ਦੇ ਪਿਤਾ ਹੈਦਰ ਅਲੀ ਦਾ ਹਵਾਲਾ ਹੈ।

1782 ਵਿਚ ਮੈਸੂਰ ਦੀ ਗੱਦੀ 'ਤੇ ਬੈਠੇ ਟੀਪੂ ਸੁਲਤਾਨ ਦੀ ਅੰਗਰੇਜ਼ਾਂ ਨਾਲ ਹੋਈ ਲੜਾਈ ਵਿੱਚ 4 ਮਈ 1799 ਨੂੰ ਮੌਤ ਹੋ ਗਈ ਸੀ । ਟੀਪੂ ਆਪਣੇ ਪ੍ਰਸ਼ਾਸਨ ਵਿੱਚ ਪਹਿਲੀ ਵਾਰ ਰਾਕੇਟ ਬਣਾਉਣ ਅਤੇ ਬਹਾਦਰੀ ਨਾਲ ਯੁੱਧ ਲੜਨ ਲਈ ਜਾਣਿਆ ਜਾਂਦਾ ਹੈ। ਉਸਦੀ ਬਹਾਦਰੀ ਲਈ ਉਸਨੂੰ ਸ਼ੇਰ-ਏ-ਮੈਸੂਰ ਅਤੇ ਟਾਈਗਰ ਵਰਗੇ ਨਾਮ ਦਿੱਤੇ ਗਏ ਸਨ। ਟੀਪੂ ਸੁਲਤਾਨ ਦੀ ਨਿੱਜੀ ਲਾਇਬ੍ਰੇਰੀ ਵਿੱਚ ਕਈ ਵਿਸ਼ੇਸ਼ ਤਲਵਾਰਾਂ ਸਨ। ਟੀਪੂ ਦੀਆਂ ਤਲਵਾਰਾਂ ਦੀ ਨੋਕ 'ਤੇ ਬਹੁਤ ਸੁੰਦਰ ਮੀਨਾਕਾਰੀ ਕੀਤੀ ਗਈ ਸੀ। ਇਹ ਰਤਨਾਂ ਨਾਲ ਜੜੀਆਂ ਹੋਈਆਂ ਸਨ ਅਤੇ ਇਨ੍ਹਾਂ 'ਤੇ ਕੁਰਾਨ ਦੀਆਂ ਆਇਤਾਂ ਉੱਕਰੀਆਂ ਹੋਈਆਂ ਸਨ। ਟੀਪੂ ਦੇ ਨਿੱਜੀ ਹਥਿਆਰਾਂ ਦਾ ਵੱਡਾ ਹਿੱਸਾ ਬਰਤਾਨੀਆ ਲਿਜਾਇਆ ਗਿਆ ਸੀ।

ਕਪਤਾਨ ਜੇਮਜ਼ ਐਂਡਰਿਊ ਡਿਕ ਸ਼੍ਰੀਰੰਗਪਟਮ ਦੀ ਲੜਾਈ ਦੌਰਾਨ ਲੈਫਟੀਨੈਂਟ ਵਜੋਂ ਲੜਿਆ। ਟੀਪੂ ਨਾਲ ਇਸ ਲੜਾਈ ਵਿੱਚ ਆਪਣੀ ਸਫਲਤਾ ਤੋਂ ਬਾਅਦ, ਡਿਕ ਨੂੰ ਬਹੁਤ ਸਾਰੇ ਇਨਾਮ ਮਿਲੇ। ਇਨ੍ਹਾਂ ਵਿੱਚੋਂ ਇੱਕ ਇਨਾਮ ਟੀਪੂ ਸੁਲਤਾਨ ਦੀ ਇਹ ਵਿਸ਼ੇਸ਼ ਤਲਵਾਰ ਵੀ ਸੀ, ਜੋ ਇਸ ਸਾਲ ਜੂਨ 2024 ਤੱਕ ਉਸ ਦੇ ਪਰਿਵਾਰ ਕੋਲ ਰਹੀ। ਇਸ ਤੋਂ ਬਾਅਦ ਪਰਿਵਾਰ ਨੇ ਤਲਵਾਰ ਨਿਲਾਮੀ ਘਰ ਨੂੰ ਸੌਂਪ ਦਿੱਤੀ। ਇਸ ਤੋਂ ਬਾਅਦ ਨਿਲਾਮੀ ਘਰ ਨੇ ਇਸ ਤਲਵਾਰ ਨੂੰ ਨਿਲਾਮੀ ਲਈ ਰੱਖਿਆ ਅਤੇ ਇਸ ਨੂੰ ਲਗਭਗ 3.4 ਕਰੋੜ ਰੁਪਏ 'ਚ ਨਿਲਾਮੀ 'ਚ ਖਰੀਦਿਆ ਗਿਆ।

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਬਾਬਾ ਹਰਨਾਮ ਸਿੰਘ ਦੀ ਤਿੱਖੀ ਅਲੋਚਨਾ

## "ਦਮਦਮੀ ਟਕਸਾਲ ਵਲੋਂ ਸਿੱਖ ਦੁਸ਼ਮਣ ਜਮਾਤ ਭਾਜਪਾ ਦੀ ਹਿਮਾਇਤ ਦਾ ਮਾਮਲਾ "

ਲੰਡਨ - ਦਮਦਮੀ ਟਕਸਾਲ ਸਤਿਕਾਰਯੋਗ ਧਾਰਮਿਕ ਸੰਪਰਦਾ ਹੈ ,ਜਿਸ ਦਾ ਗੌਰਵਮਈ ਅਤੇ ਕੁਰਬਾਨੀਆਂ ਭਰਿਆ ਇਤਿਹਾਸ ਹੈ । ਜਦੋਂ ਵੀ ਕਿਸੇ ਹਮਲਾਵਰ ਨੇ ਕਿਸੇ ਵੀ ਰੂਪ ਵਿੱਚ ਸਿੱਖ ਕੌਮ ਤੇ ਜ਼ੁਲਮ ਕੀਤੇ, ਸਿੱਖ ਗੁਰਧਾਮਾਂ ਤੇ ਹਮਲੇ ਕੀਤੇ ਤਾਂ ਦਮਦਮੀ ਟਕਸਾਲ ਵਲੋਂ ਉਸ ਦੁਸ਼ਮਣ ਅਤੇ ਹਮਲਾਵਰ ਧਿਰ ਦਾ ਡੱਟ ਕੇ ਟਾਕਰਾ ਕੀਤਾ ਗਿਆ। ਵਰਤਮਾਨ ਸਮੇਂ ਵਿੱਚ ਦਮਦਮੀ ਟਕਸਾਲ ਦੇ ਮੁੱਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਸਿੱਖ ਕੌਮ ਕੀਤੀ ਗਈ ਅਗਵਾਈ ਅਤੇ ਜੂਝ ਕੇ ਪਾਈ ਗਈ ਸ਼ਹਾਦਤ ਦੇ ਵਰਤਾਰੇ ਨੇ ਸਿੱਖ ਇਤਿਹਾਸ ਨੂੰ ਸੁਨਿਹਰੀ ਅਤੇ ਗੌਰਵਮਈ ਅਜਿਹੀ ਰੰਗਤ ਦੇ ਦਿੱਤੀ ਹੈ ਜੋ ਕਿ ਆਉਣ ਵਾਲੀਆਂ ਸਿੱਖ ਪੀੜੀਆਂ ਵਾਸਤੇ ਚਾਨਣ ਮੁਨਾਰੇ ਦੀ ਨਿਆਰੀ ਹੈ । ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਦਮਦਮੀ ਟਕਸਾਲ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਹੈ ,ਪਰ ਇਸ ਦੇ ਮੌਜੂਦਾ ਮੁੱਖੀ ਬਾਬਾ ਹਰਨਾਮ ਸਿੰਘ ਵਲੋਂ ਸਿੱਖ ਦੁਸ਼ਮਣ ਜਮਾਤ ਭਾਜਪਾ ਦੀ ਹਿਮਾਇਤ ਕਰਨਾ ਦਮਦਮੀ ਟਕਸਾਲ ਦੇ ਸ਼ਾਨਾਮੱਤੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਬਰਾਬਰ ਹੈ ।ਜਿਸਦੀ ਬਰਤਾਨੀਆ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਸਖਤ ਨਿਖੇਧੀ ਕੀਤੀ ਗਈ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਜਾਰੀ ਪ੍ਰੈੱਸ ਬਿਆਨ ਵਿੱਚ ਸਮੂਹ ਜਥੇਬੰਦੀਆਂ ਦੇ ਆਗੂਆਂ ਸਿੱਖ ਫੈਡਰੇਸ਼ਨ ਯੂ,ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਬ੍ਰਿਟਿਸ਼ ਸਿੱਖ ਕੌਂਸਲ ਦੇ ਭਾਈ ਤਰਸੇਮ ਸਿੰਘ ਦਿਓਲ, ਧਰਮਯੁੱਧ ਜਥਾ ਦਮਦਮੀ ਟਕਸਾਲ ਟਿਵੀਡੇਲ ਯੂ,ਕੇ ਦੇ ਭਾਈ ਚਰਨ ਸਿੰਘ, ਸ੍ਰੋਮਣੀ ਅਕਾਲੀ ਦਲ ਯੂ,ਕੇ ਦੇ ਭਾਈ



ਗੁਰਦੇਵ ਸਿੰਘ ਚੋਹਾਨ, ਯੁਨਾਈਟਿਡ ਖਾਲਸਾ ਦਲ ਯੂ,ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ,ਕੇ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਖਾਲਿਸਤਾਨ ਜਲਾਵਤਨ ਸਰਕਾਰ ਦੇ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ,ਕੇ ਦੇ ਭਾਈ ਜਸਪਾਲ ਸਿੰਘ ਬੈਂਸ ਅਤੇ ਬੱਬਰ ਅਕਾਲੀ ਆਰਗੇਨਾਈਜ਼ਸ਼ਨ ਯੂ,ਕੇ ਦੇ ਭਾਈ ਹਰਵਿੰਦਰ ਸਿੰਘ ਨੇ ਬਾਬਾ ਹਰਨਾਮ ਸਿੰਘ ਵਲੋਂ ਭਾਜਪਾ ਦੀ ਹਿਮਾਇਤ ਦੇ ਐਲਾਨ ਨੂੰ ਬੇਹੱਦ ਅਫਸੋਸਜਨਕ ,ਕੌਮ ਅਤੇ ਸੰਘਰਸ਼ ਵਿਰੋਧੀ ਕਰਾਰ ਦਿੱਤਾ ਗਿਆ ਹੈ। ਜਿਕਰਯੋਗ ਹੈ ਭਾਜਪਾ ਸਿੱਖਾਂ ਸਮੇਤ ਭਾਰਤ ਦੀਆਂ ਵਸਨੀਕ ਸਮੁੱਚੀਆਂ ਘੱਟ ਗਿਣਤੀ ਕੌਮਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਤੇ ਚੱਲ ਰਹੀ ਹੈ । ਇਸਦੇ ਆਗੂਆਂ ਵਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੋੜਨਾ, ਜੂਨ 1984 ਦੇ ਘੱਲੂਘਾਰੇ ਵਿੱਚ ਰੋਲ ਅਦਾ ਕਰਨਾ, ਆਪਣੀ ਕਿਤਾਬ ਮਾਈ ਕੰਟਰੀ ਮਾਈ ਲਾਈਫ ਵਿੱਚ ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਰਾਖਸ਼ਸ਼ ਲਿਖਣਾ, ਸਿੱਖ ਵਿਰੋਧੀ ਡੇਰਿਆਂ ਨੂੰ ਉਤਸ਼ਾਹਿਤ ਕਰਨਾ, ਲੰਬੇ ਸਮੇਂ ਤੋਂ ਜੇਲਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਰੋਕਣੀ, ਉਹਨਾਂ ਨੂੰ ਮੁਆਫੀ ਮੰਗਣ ਵਾਸਤੇ ਆਖਣਾ, ਵਿਦੇਸ਼ਾਂ ਵਿੱਚ ਖਾਲਿਸਤਾਨ ਵਾਸਤੇ ਸਰਗਰਮ ਸਿੱਖਾਂ ਨੂੰ ਸ਼ਹੀਦ ਕਰਵਾਉਣਾ ਅਤੇ ਇੰਦਰਾ ਗਾਂਧੀ ਨੂੰ ਦੁਰਗਾ ਦਾ ਖਿਤਾਬ ਦੇਣ ਸਮੇਤ ਅਣਗਿਣਤ ਸਿੱਖ ਵਿਰੋਧੀ ਕਾਰਵਾਈਆਂ ਹਨ ਜਿਹੜੀਆਂ ਭਾਜਪਾ ਨੂੰ ਸਿੱਖ ਦੀ ਦੁਸ਼ਮਣ ਜਮਾਤ ਸਾਬਤ ਕਰਦੀਆਂ ਹਨ । ਦਮਦਮੀ ਟਕਸਾਲ ਸਮੇਤ ਸਮੁੱਚੀਆਂ ਸਿੱਖ ਧਾਰਮਿਕ ਸੰਸਥਾਵਾਂ ਨੂੰ ਆਪਣਾ ਧਿਆਨ ਸਿੱਖੀ ਦੇ ਪ੍ਰਚਾਰ ਦੇ ਕੇਂਦਰਿਤ ਰੱਖਦਿਆਂ ਕੌਮੀ ਆਜ਼ਾਦੀ ਵਾਸਤੇ ਯਤਨਸ਼ੀਲ ਅਤੇ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ ।

# ਇੰਗਲੈਂਡ ਵਿੱਚ ਗ੍ਰੰਥੀ ਨੇ 40 ਸਾਲਾਂ ਬਾਅਦ ਬੱਚਿਆਂ ਦਾ ਸ਼ੋਸ਼ਣ ਕਰਨ ਦੇ ਦੋਸ਼ ਕਬੂਲੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਹਿਚਨ, ਹਰਟਫੋਰਡਸ਼ਾਇਰ ਵਿੱਚ ਗ੍ਰੰਥੀ ਵਜੋਂ ਕੰਮ ਕਰਦੇ ਮੱਖਣ ਸਿੰਘ ਮੋਜੀ ਨਾਮ ਦੇ ਵਿਅਕਤੀ ਨੇ 40 ਸਾਲਾਂ ਬਾਅਦ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਕਬੂਲੇ ਹਨ। ਅਦਾਲਤ ਵਿੱਚ ਦੱਸਿਆ ਗਿਆ ਕਿ ਮੋਜੀ ਨੇ 1983 ਤੋਂ 1987 ਦਰਮਿਆਨ ਬੱਚਿਆਂ ਨੂੰ ਨਿਸ਼ਾਨਾ ਬਣਾਇਆ। ਉਸ ਨੇ ਇਹ ਅਪਰਾਧ ਗੁਰਦੁਆਰਾ ਸਮੇਤ ਵੱਖ ਵੱਖ ਥਾਵਾਂ ਤੇ ਕੀਤੇ ਸਨ। ਪੁਲਿਸ ਨੇ ਕਿਹਾ ਕਿ ਮੱਖਣ ਸਿੰਘ ਮੋਜੀ ਵਾਸੀ ਨੌਰਥ ਪ੍ਰਾਇਅਰਜ਼ ਕੋਰਟ, ਨੌਰਥੈਂਪਟਨ ਇੱਕ ਗ੍ਰੰਥੀ ਸੀ ਜਿਸ ਨੇ ਪੀੜਤਾਂ ਨੂੰ ਨਿਸ਼ਾਨਾ ਬਣਾਇਆ। 71 ਸਾਲਾ ਮੱਖਣ ਸਿੰਘ ਨੂੰ 13 ਜਿਨਸੀ ਅਪਰਾਧਾਂ ਲਈ ਦੋਸ਼ੀ ਮੰਨਿਆ ਅਤੇ 20 ਦਸੰਬਰ ਨੂੰ ਕੈਮਬ੍ਰਿਜ ਕ੍ਰਾਊਨ ਕੋਰਟ ਵਿਚ ਸਜ਼ਾ ਸੁਣਾਈ ਜਾਵੇਗੀ। ਅਦਾਲਤ ਵਿੱਚ ਚੱਲੇ ਮਕੱਦਮੇਂ ਦੇ ਚੌਥੇ ਦਿਨ ਉਸਨੇ ਵੀਰਵਾਰ ਨੂੰ ਆਪਣੀ ਪਟੀਸ਼ਨ ਨੂੰ ਦੋਸ਼ਾਂ ਵਿੱਚ ਬਦਲ ਦਿੱਤਾ। ਉਸ ਨੇ ਸਵੀਕਾਰ ਕੀਤਾ ਕਿ ਉਸ ਨੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਅੱਠ ਅਸ਼ਲੀਲ ਅਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਦੋ ਘੋਰ ਅਸ਼ਲੀਲ ਅਪਰਾਧਾਂ ਨੂੰ ਸਵੀਕਾਰ ਕੀਤਾ। ਇਸ ਤੋਂ ਇਲਾਵਾ ਉਸਨੇ 16 ਸਾਲ ਤੋਂ ਘੱਟ ਉਮਰ ਦੇ ਬੱਚੇ ਤੇ ਅਸ਼ਲੀਲ ਹਮਲੇ ਅਤੇ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਬਲਾਤਕਾਰ ਦੀ ਕੋਸ਼ਿਸ਼ ਦੇ ਦੋ ਹੋਰ ਦੋਸ਼ਾਂ ਲਈ ਦੋਸ਼ੀ ਮੰਨਿਆ ਹੈ। ਅਦਾਲਤ ਨੇ ਮੋਜੀ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ ਅਤੇ ਨਾਲ ਹੀ ਪਾਸਪੋਰਟ ਸੌਂਪਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਉਹ ਦੇਸ਼ ਛੱਡ ਕੇ ਭੱਜ ਨਾ ਸਕੇ।

ਬੈਡਸ, ਕੈਂਬਜ਼ ਅਤੇ ਹਰਟਸ ਮੇਜਰ ਕ੍ਰਾਈਮ ਯੂਨਿਟ ਦੇ ਇੰਸਪੈਕਟਰ ਜਸਟਿਨ ਜੇਨਕਿੰਸ ਨੇ ਕਿਹਾ ਕਿ ਪੀੜਤਾਂ ਲਈ ਉਹਨਾਂ ਘਟਨਾਵਾਂ 'ਤੇ ਚਰਚਾ ਕਰਨਾ ਔਖਾ ਹੋਣਾ ਸੀ ਜੋ ਉਹਨਾਂ 'ਤੇ ਲੰਬੇ ਸਮੇਂ ਤੱਕ ਪ੍ਰਭਾਵ ਪਾਉਂਦੀਆਂ ਰਹੀਆਂ। ਪਰ ਉਹਨਾਂ ਦੇ ਹੌਸਲੇ ਨਾਲ ਹੀ ਨਿਆਂ ਤੱਕ ਪਹੁੰਚ ਹੋ ਸਕੀ ਹੈ।

# ਸਹੁਰੇ ਨੇ ਨੂੰਹ ਦੀ ਕੀਤੀ ਹੱਤਿਆ !- ਲਵ ਮੈਰਿਜ ਤੋਂ ਸੀ ਨਾਰਾਜ਼

ਅੰਮ੍ਰਿਤਸਰ-ਅੰਮ੍ਰਿਤਸਰ ਦੇ ਪਿੰਡ ਪੰਡੋਰੀ ਵੜੈਚ ਵਿੱਚ ਸਹੁਰੇ ਨੇ ਆਪਣੀ ਨੂੰਹ ਦਾ ਕਤਲ ਕਰ ਦਿੱਤਾ। ਪਿੰਡ ਕਾਲੇ ਨੰਗਲ ਦੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਮ੍ਰਿਤਕਾ ਔਰਤ ਰਾਜਵਿੰਦਰ ਕੌਰ ਦਾ ਜੀਜਾ ਹੈ। ਰਾਜਵਿੰਦਰ ਦਾ ਪੰਡੋਰੀ ਦੇ ਗੋਰਾ ਨਾਮਕ ਨੌਜਵਾਨ ਨਾਲ ਅੱਠ ਮਹੀਨੇ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ। ਰਾਜਵਿੰਦਰ ਦੇ ਸਹੁਰੇ ਵਿਆਹ ਤੋਂ ਨਾਰਾਜ਼ ਸਨ। ਉਹ ਅਕਸਰ ਉਸ ਨਾਲ ਲੜਦੇ ਰਹਿੰਦੇ ਸਨ। ਵਿਆਹ ਤੋਂ ਕੁਝ ਸਮਾਂ ਬਾਅਦ ਹੀ ਗੋਰਾ ਦੁਬਈ ਚਲਾ ਗਿਆ ਅਤੇ ਰਾਜਵਿੰਦਰ ਦੇ ਸਹੁਰੇ ਉਸ ਨੂੰ ਤੰਗ ਪ੍ਰੇਸ਼ਾਨ ਕਰਦੇ ਸਨ। ਤੇ ਉਸ ਦੀ ਕੁੱਟਮਾਰ ਕੀਤੀ ਜਾਂਦੀ ਸੀ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਬੀਤੀ ਦੇਰ ਰਾਤ ਰਾਜਵਿੰਦਰ ਕੌਰ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦੀ ਲੜਕੀ ਰਾਜਵਿੰਦਰ ਕੌਰ ਰਸੋਈ ਵਿੱਚ ਡਿੱਗ ਕੇ ਮੌਤ ਹੋ ਗਈ ਹੈ। ਜਿਸ ਤੋਂ ਬਾਅਦ ਉਹ ਸਾਰੇ ਮੌਕੇ 'ਤੇ ਪਹੁੰਚੇ ਅਤੇ ਦੇਖਿਆ ਕਿ ਉਸ ਦੀ ਗਰਦਨ 'ਤੇ ਨਿਸ਼ਾਨ ਸਨ। ਜਿਸ ਤੋਂ ਬਾਅਦ ਪੁਲਿਸ ਨੂੰ ਸੂਚਨਾ ਦਿੱਤੀ ਗਈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।


## ਗੁਰੂ ਨਾਨਕ ਗੁਰਦੁਆਰਾ ਹੋਲੀ ਬੋਨਜ਼, ਲੈਸਟਰ ਵਿਖੇ ਇਕ ਕੀਰਤਨੀ ਸਿੰਘ ਦੀ ਤੁਰੰਤ ਲੋੜ ਹੈ

ਗੁਰੂ ਨਾਨਕ ਗੁਰਦੁਆਰਾ ਸਾਹਿਬ ਲੈਸਟਰ ਵਿਖੇ ਇੱਕ ਕੀਰਤਨੀ ਸਿੰਘ (ਟੀਅਰ ਪੰਜ) ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ। ਸੇਵਾਦਾਰ ਲਈ ਕੀਰਤਨ ਕਰਨ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਹੋਰ ਸੇਵਾਵਾਂ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸੇਵਾਵਾਂ ਵਿੱਚ ਸ਼ਾਮਿਲ ਹੋਣਾ ਜ਼ਰੂਰੀ ਹੈ। ਉਹਨਾਂ ਦੇ ਕੋਲ ਸਿੱਖ ਧਰਮ ਰਹਿਤ ਮਰਯਾਦਾ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ ।

ਨੋਟ:- ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਜ਼ਰੂਰੀ ਹੈ।

ਪੂਰੇ ਵੇਰਵੇ ਸਮੇਤ ਅਰਜ਼ੀਆਂ ਹੇਠਾਂ ਦਿੱਤੇ ਪਤੇ 'ਤੇ 21 ਦਸੰਬਰ 2024 ਤੱਕ ਭੇਜੋ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਅਜਮੇਰ ਸਿੰਘ ਬਸਰਾ ਨਾਲ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ:

## 1 VACANCY for Religious Worker (Tier-5)

1 Religious worker (Kirtanee Singh) required at Guru Nanak Gurdwara, Holy Bones, Leicester. He Must have sufficient experience to do the Paath reciting Guru Granth Sahib with good command, and also he must know to do the Kirtan (Singing Holy Hyms) and play Tabla (drums). He will be complimenting an existing team of Gyanis who are currently in Gurdwara. He would be performing all the Gurdwara duties as per our requirements. Accommodation free and minimum wages according to work and uk employment law.

**NOTE:- Must have Right to Work in uk.**

**Please send your applications to president Mr. Ajmer Singh Basra on address given below. or to Mr. Gurdip Singh Pabla Gen/Sec 07887 395949**

**Closing Date: 21st December 2024**

## GURU NANAK GURDWARA

9 Holy Bones Leicester, LE1 4LJ, U.K. (Tel: 0116 2517460)

PLEASE CONTACT: President Mr. Ajmer Singh Basra - 07855 310806

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਮਹਾਰਾਸ਼ਟਰ ਦੀਆਂ ਚੋਣਾਂ ਵਿੱਚ ਟਕਸਾਲ ਮੁਖੀ ਹਰਨਾਮ ਸਿੰਘ ਧੁੰਮਾ ਵੱਲੋਂ ਬੀ ਜੇ ਪੀ ਨੂੰ ਸਮਰਥਨ ਦੇਣ ਦੇ ਫੈਸਲੇ ਦੀ ਨਿਖੇਧੀ

## ਸਿੱਖ ਸੰਗਤਾਂ ਨੂੰ ਪੰਥਕ ਸਿਧਾਂਤਾਂ ਤੋਂ ਭਟਕਣ ਵਾਲੇ ਆਗੂਆਂ ਤੋਂ ਕਿਨਾਰਾ ਕਰਨ ਦੀ ਕੀਤੀ ਅਪੀਲ

*ਫਰੈਕਫੋਰਟ :- ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਜਤਿੰਦਰ ਸਿੰਘ ਜਰਮਨੀ, ਭਾਈ ਜਸਵਿੰਦਰ ਸਿੰਘ, ਹਰਜੋਤ ਸਿੰਘ ਸੰਧੂ ਹਾਲੈਂਡ, ਭਾਈ ਸਤਨਾਮ ਸਿੰਘ, ਭਾਈ ਸ਼ਿਗਾਰਾ ਸਿੰਘ ਮਾਨ ਫਰਾਂਸ ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਨੇ ਪ੍ਰੈੱਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਮਹਾਰਾਸ਼ਟਰ ਰਾਜ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਗਠਜੋੜ ਨੂੰ ਸਮਰਥਨ ਦੇਣ ਦੇ ਸਿੱਖ ਸਮਾਜ ਮਹਾਰਾਸ਼ਟਰ ਦੇ ਤਾਜ਼ਾ ਫੈਸਲੇ ਦੀ ਸਖ਼ਤ ਨਿੰਦਾ ਕਰਦੀ ਹੈ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਸਿਪਾਹੀ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆ ਦੇ ਵਾਰਿਸ ਅਖਵਾਉਣ ਵਾਲੇ ਬਾਬਾ ਹਰਨਾਮ ਸਿੰਘ ਧੁੰਮਾ ਵੱਲੋਂ ਆਰ ਐਸ ਐਸ ਦੀ ਸ਼ਾਖਾ ਭਾਰਤੀ ਜਨਤਾ ਪਾਰਟੀ ਨੂੰ ਦਿੱਤਾ ਇਹ ਸਮਰਥਨ ਦਰਸਾਉਂਦਾ ਹੈ ਕਿ ਉਹ ਪੰਥਕ ਸਿਧਾਂਤਾਂ ਤੋਂ ਭਟਕੇ ਹੋਏ ਹਨ ਅਤੇ ਸਿੱਖ ਕੌਮ ਦੇ ਹਿੱਤਾਂ ਦੀ ਰਾਖੀ ਨਾ ਕਰਕੇ ਆਪਣੇ ਨਿੱਜੀ ਮੁਫਾਦਾਂ ਨੂੰ ਤਰਜੀਹ ਦਿੰਦੇ ਹਨ ।*



ਮੌਜੂਦਾ ਬੀ ਜੇ ਪੀ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ ਦੇ ਕੁਝ ਸੰਕੇਤਕ ਕੰਮਾਂ ਦਾ ਹਵਾਲਾ ਦੇ ਕੇ ਜੋ ਇਹ ਸਮਰਥਨ ਦਿੱਤਾ ਗਿਆ ਹੈ, ਇਸ ਨਾਲ ਹਿੰਦੂ ਸਾਮਰਾਜੀ ਸੋਚ ਤਹਿਤ ਸਿੱਖਾਂ ਅਤੇ ਘੱਟ ਗਿਣਤੀਆਂ ਨੂੰ ਗੁਲਾਮ ਬਨਾਉਣ ਦੇ ਵਿਆਪਕ ਏਜੰਡੇ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ । ਭਾਰਤ ਅੰਦਰ ਸਿੱਖ ਪਛਾਣ, ਸਿੱਖ ਹੱਕਾਂ ਅਤੇ ਸਿੱਖ ਸਿਧਾਂਤਾਂ ਉੱਤੇ ਕੀਤੇ ਜਾ ਰਹੇ ਹਮਲੇ ਸਿੱਖ ਆਗੂਆਂ ਲਈ ਪ੍ਰਮੁੱਖ ਹੋਣੇ ਚਾਹੀਦੇ ਹਨ ਨਾਂ ਕਿ ਛੋਟੇ ਮੋਟੇ ਸਿਆਸੀ ਮੁਫਾਦਾਂ ਲਈ ਸਿੱਖ ਵਿਰੋਧੀ ਪਾਰਟੀਆ ਦਾ ਸਮਰਥਨ ।


ਅਜਿਹੇ ਸਮੇਂ ਵਿੱਚ ਜਦੋਂ ਸਿੱਖਾਂ ਨੂੰ ਵਿਸ਼ਵ ਪੱਧਰ 'ਤੇ ਭਾਰਤ ਸਰਕਾਰ ਵੱਲੋਂ ਵੱਧਦੇ ਦਮਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਵੇਲੇ ਭਾਰਤ ਵਿੱਚ ਰਵਾਇਤੀ ਸਿੱਖ ਸੰਸਥਾਵਾਂ ਦਾ ਘੱਟ ਗਿਣਤੀ ਦੇ ਹੱਕਾਂ ਨੂੰ ਸਰਗਰਮੀ ਨਾਲ ਦਬਾਉਣ ਵਾਲੀਆਂ ਸਿਆਸੀ ਪਾਰਟੀਆਂ ਨਾਲ ਗੱਠਜੋੜ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ।

ਸਿੱਖ ਕੌਮ ਦੀ ਜੰਗੇ ਅਜ਼ਾਦੀ ਦੀ ਮਿਸਲ ਖਾਲਿਸਤਾਨ ਕਮਾਂਡੋ ਫੋਰਸ ਦੇ ਜਥੇਦਾਰ ਭਾਈ ਪਰਮਜੀਤ ਸਿੰਘ ਪੰਜਵੜ੍ਹ, ਕਨੇਡਾ ਦੀ ਧਰਤੀ ਤੇ ਭਾਈ ਹਰਦੀਪ ਸਿੰਘ ਨਿੱਜਰ ਤੇ ਇੰਗਲੈਂਡ ਦੀ ਧਰਤੀ ਤੇ ਭਾਈ ਅਵਤਾਰ ਸਿੰਘ ਖੰਡਾ ਨੂੰ ਭਾਰਤ ਦੀ ਕੱਟੜ ਮੋਦੀ ਸਰਕਾਰ ਦੀਆਂ ਏਜੰਸੀਆਂ ਵੱਲੋਂ ਸ਼ਹੀਦ ਕੀਤਾ ਗਿਆ ਹੈ ਤੇ ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕਾ ਵਿੱਚ ਕਤਲ ਕਰਨ ਦੀ ਰਚੀ ਗਈ ਸਾਜ਼ਿਸ਼ ਨੂੰ ਅਮਰੀਕਾ ਤੇ ਕਨੇਡਾ ਦੀਆਂ ਸਰਕਾਰਾਂ ਜੱਗ ਜ਼ਾਹਰ ਕਰ ਚੁੱਕੀਆਂ ਹਨ । ਇਸ ਸਮੇਂ ਅਖੌਤੀ ਸਿੱਖ ਆਗੂਆਂ ਵੱਲੋਂ ਮਹਾਯੁਤੀ ਗਠਜੋੜ ਦੀ ਜਨਤਕ ਤੌਰ 'ਤੇ ਹਮਾਇਤ ਕਰਨ ਦਾ ਫੈਸਲਾ, ਸਿੱਖ ਵਿਰੋਧੀ ਤਾਕਤਾਂ ਨਾਲ ਖੜ੍ਹ ਕੇ ਸਿੱਖਾਂ ਦਾ ਘਾਣ ਕਰਨ ਵਿੱਚ ਸਾਥ ਦੇਣ ਦੇ ਬਰਾਬਾਰ ਹੈ।

ਸਿੱਖਾਂ ਦੀਆਂ ਸਿਆਸੀ ਪਾਰਟੀਆਂ ਅਤੇ ਰਵਾਇਤੀ ਸਿੱਖ ਸੰਸਥਾਵਾਂ ਵਿੱਚ ਹਿੰਦੂ ਸਾਮਰਾਜੀ ਤਾਕਤਾਂ ਦੀ ਘੁਸਪੈਠ ਲੰਮੇਂ ਸਮੇਂ ਤੋਂ ਜਾਰੀ ਹੈ । ਅਕਾਲੀ ਦਲ ਦਾ ਸਿੱਖ ਵਿਰੋਧੀ ਪਾਰਟੀ ਬੀ ਜੇ ਪੀ ਨਾਲ ਗਠਜੋੜ ਤੇ ਉਸ ਦਾ 'ਬਾਬਾ' ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਾਲੇ ਸੰਤ ਸਮਾਜ ਵੱਲੋਂ ਸਮਰਥਨ ਨੇ ਸਿੱਖ ਸੰਸਥਾਂਵਾਂ ਨੂੰ ਖੋਰਾ ਲਾਉਣ ਦੀ ਨੀਂਹ ਰੱਖ ਦਿੱਤੀ ਸੀ ਇਹ ਉਸ ਦਾ ਹੀ ਨਤੀਜਾ ਹੈ ਕਿ ਬਹੁਤੀਆਂ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬੀ ਜੇ ਪੀ ਦੇ ਅਧੀਨ ਹਨ ਤੇ ਅੱਜ ਸ਼ਰੇਆਮ ਸਿੱਖਾਂ ਦੀ ਕਾਤਲ ਬੀ ਜੇ ਪੀ ਨੂੰ ਸਮਰਥਨ ਦੇ ਕੇ ਸਿੱਖ ਪੰਥ ਦੇ ਵਿਸ਼ਵਾਸ ਅਤੇ ਕਦਰਾਂ-ਕੀਮਤਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ ।

'ਬਾਬਾ' ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਿੱਚ ਬੀ ਜੇ ਪੀ ਨੂੰ ਹਿਮਾਇਤ ਕਰਨ ਦਾ ਫੈਸਲਾ ਭਾਰਤ ਦੀ ਹਿੰਦੂ ਬਹੁ ਗਿਣਤੀ ਦੀ ਸਰਕਾਰ ਨੂੰ ਸਿੱਖਾਂ ਨੂੰ ਦਬਾਉਣ ਦੀ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਲਈ ਹੋਰ ਉਤਸ਼ਾਹਿਤ ਕਰੇਗਾ ਇਸ ਲਈ ਵਰਲਡ ਸਿੱਖ ਪਾਰਲੀਮੈਂਟ ਸਿੱਖਾਂ ਦੇ ਸਿਆਸੀ ਤੇ ਧਾਰਮਿਕ ਹਿੱਤਾਂ ਨਾਲ ਸਮਝੌਤਾ ਕਰਨ ਵਾਲੀ ਕਿਸੇ ਵੀ ਲੀਡਰਸ਼ਿਪ ਤੋਂ ਕਿਨਾਰਾ ਕਰਨ ਦਾ ਸੱਦਾ ਦਿੰਦੀ ਹੈ। ਸਿੱਖ ਕੌਮ ਲਈ ਇਹ ਲਾਜ਼ਮੀ ਹੈ ਕਿ ਉਹ ਸਿੱਖਾਂ ਦੇ ਕਾਤਲਾਂ ਨੂੰ ਸਮਰਥਨ ਦੇਣ ਵਾਲੇ ਆਗੂਆਂ ਤੋਂ ਜਵਾਬਦੇਹੀ ਦੀ ਮੰਗ ਕਰੇ ਅਤੇ ਪੰਥਕ ਸਿਧਾਂਤਾਂ ਉੱਤੇ ਚੱਲਣ ਵਾਲੇ ਆਗੂਆਂ ਦਾ ਹੀ ਸਾਥ ਦੇਵੇ। ਵਰਲਡ ਸਿੱਖ ਪਾਰਲੀਮੈਂਟ ਸਿੱਖ ਕੌਮ ਨੂੰ ਅਪੀਲ ਕਰਦੀ ਹੈ ਕਿ ਪੰਥਕ ਸਿਧਾਂਤਾਂ ਅਤੇ ਸਿੱਖ ਹਿੱਤਾਂ ਨੂੰ ਢਾਹ ਲਾਉਣ ਦੀ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਦਾ ਵਿਰੋਧ ਕਰਨ ਅਤੇ ਭਾਰਤ ਦੀ ਫਿਰਕੂ ਸਰਕਾਰ ਦੇ ਸਿੱਖਾਂ ਨੂੰ ਖਤਮ ਕਰਨ ਦੇ ਵਿਸ਼ਵ ਵਿਆਪੀ ਯਤਨਾਂ ਦਾ ਇਕਜੁੱਟ ਹੋ ਕੇ ਡੱਟ ਕੇ ਵਿਰੋਧ ਕਰਨ ।

# ਪੰਜਾਬੀ ਭਾਈਚਾਰੇ ਦੀ ਪ੍ਰਮੁੱਖ ਸਖਸੀਅਤ ਪ੍ਰਗਟ ਸਿੰਘ ਭੋਗਲ ਨਹੀਂ ਰਹੇ



ਪ੍ਰਗਟ ਸਿੰਘ ਭੋਗਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂਦੁਆਰਾ ਬਾਬੇ ਕੇ ਸੋਹੋ ਹਿਲ ਹੋਕਲੀ ਦੇ ਸੇਵਾਦਾਰ ਮਨਜੀਤ ਸਿੰਘ ਭੋਗਲ ਦੇ ਪਿਤਾ ਸਰਦਾਰ ਪਰਗਟ ਸਿੰਘ ਭੋਗਲ ਅਕਾਲ ਚਲਾਣਾ ਕਰ ਗਏ। ਉਹ 85 ਵਰ੍ਹਿਆਂ ਦੇ ਸਨ। ਹੁਸ਼ਿਆਰਪੁਰ ਜਿਲ੍ਹੇ ਨਾਲ ਸਬੰਧਿਤ ਪ੍ਰਗਟ ਸਿੰਘ ਕੀਨੀਆ ਤੋਂ ਹੁੰਦੇ ਹੋਏ 1960 ਵਿੱਚ ਯੂ ਕੇ ਆਏ ਅਤੇ ਹੁਣ ਬਰਮਿੰਘਮ ਸ਼ਹਿਰ ਵਿਚ ਰਹਿੰਦੇ ਸਨ। ਉਹ 3 ਬੇਟੀਆਂ ਅਤੇ ਇੱਕ ਬੇਟੇ ਦੇ ਪਿਤਾ ਸਨ। ਉਹਨਾਂ ਦੇ ਬੇਟੇ ਮਨਜੀਤ ਸਿੰਘ ਭੋਗਲ ਵਕੀਲ ਹਨ ਅਤੇ ਇੱਕ ਬੇਟੀ ਜੱਜ ਹੈ। ਵਿਸ਼ਵ ਭਾਈ ਮਰਦਾਨਾ ਸੋਸਾਇਟੀ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ਼ ਪ੍ਰਗਟ ਸਿੰਘ ਦੀ ਪ੍ਰੇਰਨਾ ਸਦਕਾ ਹੀ ਸਾਰਾ ਪਰਿਵਾਰ ਸਿੱਖ ਪ੍ਰੰਪਰਾਵਾਂ ਅਨੁਸਾਰ ਭਾਈਚਾਰੇ ਲਈ ਹਮੇਸ਼ਾਂ ਅੱਗੇ ਹੋ ਕੇ ਸੇਵਾ ਕਰਦਾ ਹੈ।

# ਵਿਰੋਧੀ ਧਿਰ ਦੇ ਨੇਤਾ ਹੁੰਦਿਆਂ ਸਿੱਖਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦੇਣ ਵਾਲੇ ਪ੍ਰਧਾਨ ਮੰਤਰੀ ਬਣਦੇ ਹੀ ਨਜ਼ਰਅੰਦਾਜ਼ ਕਰਨ ਲੱਗੇ ਕੀਰ ਸਟਾਰਮਰ



ਕੀਰ ਸਟਾਰਮਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਲੇਬਰ ਪਾਰਟੀ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਿੱਖਾਂ ਨੂੰ ਨਜ਼ਰਅੰਦਾਜ਼ ਕਰਦੇ ਵਿਖਾਈ ਦੇ ਰਹੇ। ਬੀਤੇ ਦਿਨੀ ਦਿਵਾਲੀ ਸਮਾਗਮ ਮੌਕੇ ਬੰਦੀਛੋੜ ਦਿਵਸ ਦੀਆਂ ਵਧਾਈਆਂ ਨਹੀਂ ਦਿੱਤੀਆਂ ਗਈਆਂ। ਲੇਕਨ ਸਿੱਖ ਭਾਈਚਾਰੇ ਨੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਲੇਕਨ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਿੱਖ ਭਾਈਚਾਰੇ ਲਈ ਕੋਈ ਸੰਦੇਸ਼ ਦੇਣਾ ਜ਼ਰੂਰੀ ਨਹੀਂ ਸਮਝਿਆ। ਜਿਸ ਨੂੰ ਲੈ ਕੇ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਉਂਕਿ ਵਿਰੋਧੀ ਧਿਰ ਦੇ ਨੇਤਾ ਹੁੰਦਿਆਂ ਕੀਰ ਸਟਾਰਮਰ ਹਮੇਸ਼ਾ ਸਿੱਖ ਭਾਈਚਾਰੇ ਲਈ ਸੰਦੇਸ਼ ਜਾਰੀ ਕਰਿਆ ਕਰਦੇ ਸਨ। ਇੱਥੇ ਹੀ ਬੱਸ ਨਹੀਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਲੰਡਨ ਦੇ ਮੇਅਰ ਸਦੀਕ ਖਾਨ ਸਮੇਤ ਬਹੁਤ ਸਾਰੀਆਂ ਸ਼ਖਸੀਅਤਾਂ ਨੇ ਭਾਈਚਾਰੇ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਦਫ਼ਤਰ ਵੱਲੋਂ ਕੱਲ ਦੀਵਾਲੀ ਸਮਾਗਮ ਮੌਕੇ ਸ਼ਰਾਬ ਅਤੇ ਮਾਸਾਹਾਰੀ ਭੋਜਨ ਪ੍ਰਰੋਸੇ ਜਾਣ ਦੀ ਗਲਤੀ ਦੀ ਮੁਆਫ਼ੀ ਮੰਗੀ ਸੀ। ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਅਤੇ ਰਿਸ਼ੀ ਸੁਨਕ ਵੀ ਭੁੱਲ ਦੀ ਸੋਧ ਕਰ ਚੁੱਕੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਜਿਸ ਪਾਰਟੀ ਵਿੱਚ 12 ਸਿੱਖ ਸੰਸਦ ਮੈਂਬਰ ਹੋਣ, ਉਹ ਪਾਰਟੀ ਦਾ ਆਗੂ ਹੀ ਸਿੱਖਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੋਵੇ ਇਸ ਦੇ ਕੀ ਕਾਰਨ ਹੋ ਸਕਦੇ ਹਨ? ਇੱਥੇ ਹੀ ਬੱਸ ਨਹੀਂ ਬਰਤਾਨੀਆ ਦੀ ਵਿਰੋਧੀ ਧਿਰ ਦੀ ਨੇਤਾ ਨੇ ਵੀ ਸਿੱਖਾਂ ਨੂੰ ਇਸ ਮਹੱਤਵਪੂਰਨ ਮੌਕੇ ਤੇ ਯਾਦ ਨਹੀਂ ਰੱਖਿਆ।

# ਲਾਰੈਂਸ ਇੰਟਰਵਿਊ ਮਾਮਲੇ ਬਾਰੇ ਹਾਈਕੋਰਟ ਸਖਤ

## ✪ ਕਿਹਾ ਕਿ ਅਗਲੀ ਸੁਣਵਾਈ ਤੋਂ ਪਹਿਲਾਂ ਐਸ.ਐਸ.ਪੀ. ਖ਼ਿਲਾਫ਼ ਕੀਤੀ ਜਾਵੇ ਕਾਰਵਾਈ ਨਹੀਂ ਤਾਂ ਗ੍ਰਹਿ ਸਕੱਤਰ ਹੋਵੇ ਪੇਸ਼

ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬੀਤੇ ਦਿਨੀਂ ਪੰਜਾਬ ਸਰਕਾਰ ਨੂੰ ਪੰਜਾਬ ਪੁਲਿਸ ਦੇ ਦੋਸ਼ੀ ਅਧਿਕਾਰੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਿਹਾ, ਜਿਸ ਨੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਖਰੜ ਵਿਚਲੀ ਕ੍ਰਾਈਮ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਦੀ ਹਿਰਾਸਤ ਤੋਂ ਟੀ.ਵੀ. ਇੰਟਰਵਿਊ ਦੇਣ ਵਿਚ ਮਦਦ ਕੀਤੀ ਸੀ, ਜੋ ਅਪਰਾਧ ਦੀ ਵਡਿਆਈ ਕਰਦੀ ਹੈ। ਹਾਈ ਕੋਰਟ ਨੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੀ ਹੁਣ ਤੱਕ ਦੀ ਕਾਰਵਾਈ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਉੱਚ ਅਧਿਕਾਰੀਆਂ ਨੂੰ ਅਜੇ ਤੱਕ ਮੁਅੱਤਲ ਕਿਉਂ ਨਹੀਂ ਕੀਤਾ ਗਿਆ। ਅਦਾਲਤ ਨੇ ਕਿਹਾ ਕਿ ਐਸ.ਐਸ.ਪੀ. ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਗਈ।

ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਲਪਿਤਾ ਬੈਨਰਜੀ ਦੇ ਬੈਂਚ ਨੇ ਪੰਜਾਬ ਸਰਕਾਰ ਨੂੰ ਜ਼ੁਬਾਨੀ ਤੌਰ 'ਤੇ ਇਸ ਮਾਮਲੇ ਵਿਚ ਮੁਅੱਤਲ ਕੀਤੇ ਹੈੱਡ ਕਾਂਸਟੇਬਲ ਅਤੇ ਕਾਂਸਟੇਬਲ ਨੂੰ ਬਹਾਲ ਕਰਨ ਬਾਰੇ ਵਿਚਾਰ ਕਰਨ ਅਤੇ ਇਹ ਯਕੀਨੀ ਬਣਾਉਣ ਨੂੰ ਕਿਹਾ ਕਿ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਬਲੀ ਦਾ ਬੱਕਰਾ ਨਾ ਬਣਾਇਆ ਜਾਵੇ। ਪੰਜਾਬ ਦੇ ਐਡਵੋਕੇਟ ਜਨਰਲ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਸ਼ਾਮਿਲ ਉੱਚ ਅਧਿਕਾਰੀਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਹਾਈ ਕੋਰਟ ਨੂੰ ਭਰੋਸਾ ਦਿਵਾਇਆ ਕਿ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਗੁਰਵਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਕੇਸ ਵਿਚ ਸ਼ਾਮਿਲ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਜਾਂਚ ਲਈ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਨਿਯੁਕਤੀ ਕੀਤੀ ਗਈ ਹੈ। ਹਾਲਾਂਕਿ ਹਾਈ ਕੋਰਟ ਨੇ ਅਧਿਕਾਰੀਆਂ ਦੇ ਇਕ ਪੈਨਲ ਦਾ ਸੁਝਾਅ ਦੇਣ ਲਈ ਕਿਹਾ, ਕਿਉਂਕਿ ਪੰਜਾਬ ਸਰਕਾਰ ਦੁਆਰਾ ਮਨੋਨੀਤ ਜੱਜ ਨੂੰ ਪਹਿਲਾਂ ਹੀ ਹੋਰ ਕੰਮ ਸੌਂਪਿਆ ਗਿਆ ਹੈ। ਅਦਾਲਤ ਨੇ ਪੰਜਾਬ ਸਰਕਾਰ ਨੂੰ ਮਾਰਚ 2023 ਵਿਚ ਦਿੱਤੀ ਗਈ ਡੀ.ਜੀ.ਪੀ. ਦੀ ਪ੍ਰੈਸ ਕਾਨਫ਼ਰੰਸ ਦੀ ਟਰਾਂਸਕ੍ਰਿਪਟ ਨੂੰ ਰਿਕਾਰਡ 'ਚ ਰੱਖਣ ਦੇ ਨਿਰਦੇਸ਼ ਦਿੱਤੇ, ਜਿਸ ਵਿਚ ਡੀ.ਜੀ.ਪੀ. ਨੇ ਕਥਿਤ ਤੌਰ 'ਤੇ ਪੰਜਾਬ ਦੀ ਕਿਸੇ ਜੇਲ੍ਹ ਤੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕੀਤੇ ਜਾਣ ਤੋਂ ਇਨਕਾਰ ਕੀਤਾ ਸੀ। ਅਦਾਲਤ ਨੇ ਪੁੱਛਿਆ ਕਿ ਕੀ ਡੀ.ਜੀ.ਪੀ ਨੂੰ ਇਸ ਗੱਲ ਬਾਰੇ ਪਤਾ ਨਹੀਂ ਸੀ ਜਾਂ ਉਨ੍ਹਾਂ ਨੂੰ ਗੁੰਮਰਾਹ ਕੀਤਾ ਗਿਆ ਸੀ। ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ 2 ਦਸੰਬਰ ਤੱਕ ਮੁਲਤਵੀ ਕਰਦੇ ਹੋਏ ਸਪੱਸ਼ਟ ਕੀਤਾ ਕਿ ਉਦੋਂ ਤੱਕ ਐਸ.ਐਸ.ਪੀ. ਅਤੇ ਹੋਰ ਉੱਚ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ ਨਹੀਂ ਤਾਂ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਹਾਜ਼ਰ ਹੋਣਾ ਪਵੇਗਾ।



ਮਾਮਲੇ ਵਿਚ ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਮੁਹਾਲੀ ਦੇ ਉਸ ਸਮੇਂ ਦੇ ਐਸ.ਐਸ.ਪੀ ਵਿਵੇਕਸ਼ੀਲ ਸੋਨੀ, ਐਸ. ਪੀ. ਅਮਨਦੀਪ ਸਿੰਘ ਬਰਾੜ, ਡੀ. ਐਸ. ਪੀ. ਗੁਰਸ਼ੇਰ ਸਿੰਘ ਸੰਧੂ ਅਤੇ ਸੀ. ਆਈ. ਏ. ਖਰੜ ਦੇ ਇੰਚਾਰਜ ਇੰਸਪੈਕਟਰ ਸ਼ਿਵ ਕੁਮਾਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ, ਉਨ੍ਹਾਂ ਨੂੰ 7 ਦਿਨਾਂ ਦੇ ਅੰਦਰ ਜਵਾਬ ਦਾਖ਼ਲ ਕਰਨ ਲਈ ਕਿਹਾ ਗਿਆ ਸੀ। ਫ਼ਿਲਹਾਲ ਇਨ੍ਹਾਂ ਅਧਿਕਾਰੀਆਂ ਨੂੰ ਪਬਲਿਕ ਡੀਲਿੰਗ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ।

ਪੰਜਾਬ ਟਾਈਮਜ ਅਨੁਸਾਰ ਅਸਲ ਵਿਚ ਇਹ ਮੁਦਾ ਅਐਸ ਪੀ ਲੈਵਲ ਤੱਕ ਸੀਮਤ ਨਹੀਂ, ਸਟੇਟ ਦੇ ਵੱਡੇ ਲੋਕ ਬਿਸ਼ਨੋਈ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰ ਰਹੇ ਹਨ। ਇਸ ਦੀਆਂ ਜੜਾਂ ਵਿਦੇਸ਼ਾਂ ਤਕ ਫੈਲੀਆਂ ਹਨ। ਇਸ ਕਾਰਣ ਭਾਰਤ ਦੀ ਬਦਨਾਮੀ ਹੋ ਰਹੀ ਹੈ। ਕੈਨੇਡਾ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਭਾਰਤ ਦਾ ਸਰਕਾਰੀ ਗਿਰੋਹ ਆਖਿਆ ਸੀ ਜੋ ਖਾਲਿਸਤਾਨੀ ਲੀਡਰਾਂ ਦਾ ਕਤਲ ਕਰ ਰਿਹਾ ਹੈ। ਕੁਛ ਭਗਵੇਂਵਾਦੀ ਉਸਨੂੰ ਰਾਸ਼ਟਰਵਾਦੀ ਹੀਰੋ ਵਜੋਂ ਦੇਖ ਰਹੇ

# ਅਕਾਲੀ ਦਲ ਸੁਧਾਰ ਲਹਿਰ ਦੀ ਹੋਈ ਮੀਟਿੰਗ

## ✪ ਅਕਾਲ ਤਖ਼ਤ ਸਾਹਿਬ ਤੋਂ ਆਉਣ ਵਾਲੇ ਆਦੇਸ਼ਾਂ ਦਾ ਇੰਤਜ਼ਾਰ ਕਰਨ ਦਾ ਫ਼ੈਸਲਾ


ਪਟਿਆਲਾ-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਦੀ ਇਕ ਬੈਠਕ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿਚ ਸੁਰਜੀਤ ਸਿੰਘ ਰੱਖੜਾ ਦੀ ਪਟਿਆਲਾ ਸਥਿਤ ਰਿਹਾਇਸ਼ ਵਿਖੇ ਹੋਈ। ਬੈਠਕ ਵਿਚ ਲੰਘੇ ਦਿਨੀਂ ਸੁਖਬੀਰ ਸਿੰਘ ਬਾਦਲ ਵਲੋਂ ਦਿੱਤੇ ਅਸਤੀਫ਼ੇ ਤੋਂ ਬਾਅਦ ਉਨ੍ਹਾਂ ਦੀ ਟੀਮ ਵਲੋਂ ਆਈਆਂ ਪ੍ਰਤੀਕ੍ਰਿਆਵਾਂ ਸੰਬੰਧੀ ਚਰਚਾ ਕੀਤੀ ਗਈ।



ਬੈਠਕ ਵਿਚ ਭਵਿੱਖ ਵਿਚ ਅਕਾਲੀ ਦਲ ਦੀ ਚੜ੍ਹਦੀ ਕਲਾ ਅਤੇ ਅਜਿਹੀਆਂ ਪ੍ਰਤੀਕ੍ਰਿਆਵਾਂ ਸੰਬੰਧੀ ਕੀ ਨੀਤੀਆਂ ਅਪਨਾਈਆਂ ਜਾਣ ਬਾਰੇ ਵੀ ਚਰਚਾ ਕੀਤੀ ਗਈ। ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਆਉਣ ਵਾਲੇ ਆਦੇਸ਼ਾਂ ਦਾ ਵੀ ਇੰਤਜ਼ਾਰ ਕਰਨ ਦਾ ਫੈਸਲਾ ਲਿਆ ਗਿਆ।

ਇਸ ਮੌਕੇ ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਗਗਨਜੀਤ ਸਿੰਘ ਬਰਨਾਲਾ, ਹਰਿੰਦਰਪਾਲ ਸਿੰਘ ਟੌਹੜਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਤਜਿੰਦਰਪਾਲ ਸਿੰਘ ਸੰਧੂ, ਦਰਸ਼ਨ ਸਿੰਘ ਧਾਲੀਵਾਲ, ਚਰਨਜੀਤ ਸਿੰਘ ਬਰਾੜ ਆਦਿ ਹਾਜ਼ਰ ਸਨ। ਅੰਦਰੂਨੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਅਕਾਲੀ ਦਲ ਉਸਾਰਨ ਦੀ ਤਿਆਰੀ ਕਰ ਲਈ ਹੈ। ਸਮਝਿਆ ਜਾਂਦਾ ਹੈ ਕਿ ਸੁਰਜੀਤ ਸਿੰਘ ਰੱਖੜਾ ਨਵੇਂ ਸੰਭਾਵੀ ਅਕਾਲੀ ਦਲ ਦੇ ਪ੍ਰਧਾਨ ਹੋ ਸਕਦੇ ਹਨ।

# ਕਿਸਾਨ 26 ਨਵੰਬਰ ਤੋਂ ਖਨੌਰੀ ਬਾਰਡਰ 'ਤੇ ਸ਼ੁਰੂ ਕਰਨਗੇ ਮਰਨ ਵਰਤ



ਚੰਡੀਗੜ੍ਹ-ਐਸ. ਕੇ. ਐਮ (ਗੈਰ-ਸਿਆਸੀ) ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕੇਂਦਰ 'ਤੇ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਕੋਈ ਕਦਮ ਨਾ ਚੁੱਕਣ ਦਾ ਦੋਸ਼ ਲਾਇਆ। ਡੱਲੇਵਾਲ ਨੇ ਕਿਹਾ ਕਿ ਉਹ 26 ਨਵੰਬਰ ਤੋਂ ਖਨੌਰੀ ਸਰਹੱਦ ਵਿਖੇ ਮਰਨ ਵਰਤ ਸ਼ੁਰੂ ਕਰਨਗੇ। ਕਿਸਾਨ ਆਗੂ ਨੇ ਕਿਹਾ ਕਿ ਕੇਂਦਰ ਨੇ 18 ਫਰਵਰੀ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ।

ਐਸ.ਕੇ.ਐਮ ਅਤੇ ਕੇਐਮਐਮ ਕਿਸਾਨਾਂ ਦੇ 'ਦਿੱਲੀ ਚਲੋ' ਮਾਰਚ ਦੀ ਅਗਵਾਈ ਕਰ ਰਹੇ ਹਨ ਤਾਂ ਜੋ ਸਰਕਾਰ 'ਤੇ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਦਬਾਅ ਬਣਾਇਆ ਜਾ ਸਕੇ।

ਪ੍ਰਦਰਸ਼ਨਕਾਰੀ ਕਿਸਾਨ 13 ਫਰਵਰੀ ਤੋਂ ਪੰਜਾਬ ਅਤੇ ਹਰਿਆਣਾ ਦੇ ਵਿਚਕਾਰ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਫਸੇ ਹੋਏ ਹਨ, ਜਦੋਂ ਸੁਰੱਖਿਆ ਬਲਾਂ ਨੇ ਉਨ੍ਹਾਂ ਦੇ ਮਾਰਚ ਨੂੰ ਰੋਕ ਦਿੱਤਾ ਸੀ।

ਉਹ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਬਿਜਲੀ ਦਰਾਂ ਵਿੱਚ ਕੋਈ ਵਾਧਾ ਨਾ ਕਰਨ, ਪੁਲਿਸ ਕੇਸ ਵਾਪਸ ਲੈਣ ਅਤੇ 2021 ਲਖੀਮਪੁਰ ਖੇੜੀ ਹਿੰਸਾ ਦੇ ਪੀੜਤਾਂ ਨੂੰ ਇਨਸਾਫ਼ ਦੇਣ, ਭੂਮੀ ਗ੍ਰਹਿਣ ਕਾਨੂੰਨ 2013 ਨੂੰ ਬਹਾਲ ਕਰਨ ਦੀ ਮੰਗ ਵੀ ਕਰ ਰਹੇ ਹਨ ਅਤੇ 2020-21 ਵਿੱਚ ਪਿਛਲੇ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਦੀ ਮੰਗ ਵੀ ਕੀਤੀ ਗਈ ਹੈ।

# ਪੰਜਾਬ ਵਿਚ ਪਰਾਲੀ ਸਾੜਨ ਦੇ ਇਕ ਦਿਨ ਵਿਚ ਸਭ ਤੋਂ ਵੱਧ 1251 ਮਾਮਲੇ

## ਪਰਾਲੀ ਸਾੜਨ ਕਰਕੇ ਸੂਬੇ ਦੀ ਆਬੋ-ਹਵਾ ਵੀ ਗੰਧਲੀ ਹੋਈ, ਲੋਕਾਂ ਦਾ ਸਾਹ ਲੈਣਾ ਹੋਇਆ ਔਖਾ



ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਜਾਗਰੂਕਤਾ ਮੁਹਿੰਮ ਚਲਾਉਣ ਦੇ ਬਾਵਜੂਦ ਪਰਾਲੀ ਲਾਉਣ ਦੀਆਂ ਘਟਨਾਵਾਂ ਜਾਰੀ ਹਨ। ਸੂਬੇ ਭਰ ਵਿੱਚ ਮੌਜੂਦਾ ਸੀਜ਼ਨ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਪ੍ਰਦੂਸ਼ਣ ਰੋਕਥਾਮ ਬੋਰਡ ਅਨੁਸਾਰ ਅੱਜ ਇਕੋ ਦਿਨ ਪੰਜਾਬ ਭਰ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੇ 1251 ਮਾਮਲੇ ਸਾਹਣੇ ਆਏ ਹਨ, ਜੋ ਸੀਜ਼ਨ ਵਿੱਚ ਸਭ ਤੋਂ ਵੱਧ ਹਨ। ਇਨ੍ਹਾਂ ਵਿੱਚ ਮੁਕਤਸਰ ਜ਼ਿਲ੍ਹਾ ਸਭ ਤੋਂ ਉੱਪਰ ਰਿਹਾ ਜਿੱਥੇ 247 ਮਾਮਲੇ ਪਰਾਲੀ ਨੂੰ ਸਾੜਨ ਦਾ ਸਾਹਮਣੇ ਆਏ ਹਨ, ਜਦੋਂ ਕਿ ਮੋਗਾ ਦੂਜੇ ਨੰਬਰ ’ਤੇ ਰਿਹਾ ਹੈ। ਮੋਗਾ ਵਿੱਚ ਅੱਜ ਪਰਾਲੀ ਸਾੜਨ ਦੇ 149 ਮਾਮਲੇ ਸਾਹਮਣੇ ਆਏ ਹਨ। ਇਸ ਦੇ ਨਾਲ ਹੀ ਪੰਜਾਬ ਵਿੱਚ ਮੌਜੂਦਾ ਸੀਜ਼ਨ ਦੌਰਾਨ ਪਰਾਲੀ ਸਾੜਨ ਦੇ ਕੁੱਲ ਮਾਮਲੇ 9655 ਹੋ ਗਏ ਹਨ, ਹਾਲਾਂਕਿ ਇਹ ਆਂਕੜਾ ਪਿਛਲੇ ਸਾਲ ਨਾਲੋਂ ਵਧੇਰੇ ਘੱਟ ਹੈ।

ਪ੍ਰਦੂਸ਼ਣ ਰੋਕਥਾਮ ਬੋਰਡ ਅਨੁਸਾਰ ਫਿਰੋਜ਼ਪੁਰ ਵਿੱਚ ਪਰਾਲੀ ਸਾੜਨ ਦੇ ਮਾਮਲੇ 130, ਬਠਿੰਡਾ ਵਿੱਚ 129, ਫਾਜ਼ਿਲਕਾ ਵਿੱਚ 94, ਫਰੀਦਕੋਟ ਵਿੱਚ 88, ਤਰਨ ਤਾਰਨ ਵਿੱਚ 77, ਸੰਗਰੂਰ ਵਿੱਚ 73, ਲੁਧਿਆਣਾ ਵਿੱਚ 52, ਬਰਨਾਲਾ ਵਿੱਚ 42, ਮਾਨਸਾ ਵਿੱਚ 40, ਅੰਮ੍ਰਿਤਸਰ ਵਿੱਚ 36, ਮਾਲੇਰਕੋਟਲਾ ਵਿੱਚ 34, ਜਲੰਧਰ ਵਿੱਚ 30, ਕਪੂਰਥਲਾ ਵਿੱਚ 12, ਪਟਿਆਲਾ ਵਿੱਚ 8, ਫਤਿਹਗੜ੍ਹ ਸਾਹਿਬ ਵਿੱਚ 6, ਗੁਰਦਾਸਪੁਰ ਅਤੇ ਨਵਾਂ ਸ਼ਹਿਰ ਵਿੱਚ 2-2 ਮਾਮਲੇ ਪਰਾਲੀ ਸਾੜਨ ਦੇ ਸਾਹਮਣੇ ਆਏ ਹਨ।

ਦੱਸਣਯੋਗ ਹੈ ਕਿ ਪਿਛਲੇ ਸਾਲ 18 ਨਵੰਬਰ ਨੂੰ ਸੂਬੇ ਵਿੱਚ ਪਰਾਲੀ ਸਾੜਨ ਦੇ 637 ਅਤੇ ਸਾਲ 2022 ਵਿੱਚ 18 ਨਵੰਬਰ ਨੂੰ 701 ਮਾਮਲੇ ਪਰਾਲੀ ਸਾੜਨ ਦੇ ਸਾਹਮਣੇ ਆਏ ਸਨ। ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿਸ਼ੇਸ਼ ਮੁਹਿੰਮ ਚਲਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਪੁਲੀਸ ਵੱਲੋਂ ਕਿਸਾਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਦਿਆਂ ਜੁਰਮਾਨੇ ਵੀ ਲਗਾਏ ਜਾ ਰਹੇ ਹਨ ਅਤੇ ਰਿਕਾਰਡ ਵਿੱਚ ਰੈੱਡ ਐਂਟਰੀਆਂ ਵੀ ਪਾਈਆਂ ਜਾ ਰਹੀਆਂ ਹਨ। ਇਸ ਦੇ ਬਾਵਜੂਦ ਸੂਬੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਘਟਨ ਦਾ ਨਾਮ ਨਹੀਂ ਲੈ ਰਹੀਆਂ ਹਨ। ਪਰਾਲੀ ਸਾੜਨ ਕਰਕੇ ਸੂਬੇ ਦੀ ਆਬੋ-ਹਵਾ ਵੀ ਗੰਧਲੀ ਹੋਈ ਪਈ ਹੈ।

# ਪੰਜਾਬ ਪੁਲਿਸ ਦਾ ਸਿਪਾਹੀ ਦੋ ਕਿੱਲੋ ਹੈਰੋਇਨ ਸਮੇਤ ਕਾਬੂ, ਕੇਸ ਦਰਜ



ਅੰਮ੍ਰਿਤਸਰ-ਥਾਣਾ ਸੀ ਡਵੀਜ਼ਨ ਦੀ ਪੁਲਿਸ ਨੇ ਬੀਤੇ ਦਿਨੀਂ ਪੰਜਾਬ ਪੁਲਿਸ ਦੇ ਇਕ ਸਿਪਾਹੀ ਨੂੰ ਦੋ ਕਿੱਲੋ ਹੈਰੋਇਨ ਸਮੇਤ ਕਾਬੂ ਕੀਤਾ ਹੈ। ਮੁਲਜ਼ਮ ਦੇ ਕਬਜ਼ੇ ’ਚੋਂ ਮੋਬਾਈਲ ਅਤੇ ਕੁਝ ਪੈਸੇ ਵੀ ਬਰਾਮਦ ਕੀਤੇ ਗਏ ਹਨ। ਮੁਲਜ਼ਮ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਕਿ ਉਹ ਮੁਹਾਲੀ ਵਿਚ ਬਤੌਰ ਕਾਂਸਟੇਬਲ ਤਾਇਨਾਤ ਸੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਭਾਰਤ-ਪਾਕਿਸਤਾਨ ਸਰਹੱਦ ’ਤੇ ਸਥਿਤ ਲੋਪੋਕੇ ਥਾਣਾ ਅਧੀਨ ਪੈਂਦੇ ਪਿੰਡ ਟਪਿਆਲਾ ਵਿਚ ਰਹਿੰਦਿਆਂ ਉਸ ਦੇ ਹੈਰੋਇਨ ਸਮੱਗਲਰਾਂ ਨਾਲ ਸਬੰਧ ਬਣ ਗਏ ਸਨ। ਮੁਲਜ਼ਮ ਨੇ ਦੱਸਿਆ ਕਿ ਉਹ ਰਾਇਲ ਪਲਾਜ਼ਾ ਥਾਣਾ ਸਿਟੀ ਕੁਰਾਲੀ ਵਿਚ ਨੌਕਰੀ ਕਰਦਾ ਹੈ।

# ਬਰਤਾਨੀਆ: ਦੀਵਾਲੀ ਮੌਕੇ ਮਾਸਾਹਾਰੀ ਭੋਜਨ ਪਰੋਸਣ ਤੇ ਪੀਐੱਮਓ ਨੇ ਮੁਆਫ਼ੀ ਮੰਗੀ



ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਦਫ਼ਤਰ ਨੇ ਦੀਵਾਲੀ ਮੌਕੇ 10 ਡਾਊਨਿੰਗ ਸਟਰੀਟ ਚ ਦਿੱਤੀ ਪਾਰਟੀ ਚ ਮਾਸਾਹਾਰੀ ਭੋਜਨ ਅਤੇ ਸ਼ਰਾਬ ਪਰੋਸੇ ਜਾਣ ਤੇ ਮੁਆਫ਼ੀ ਮੰਗੀ ਹੈ। ਕੁਝ ਬ੍ਰਿਟਿਸ਼ ਹਿੰਦੂਆਂ ਨੇ ਇਸ ਤੇ ਇਤਰਾਜ਼ ਜਤਾਇਆ ਸੀ। ਬਿਆਨ ਚ ਭੋਜਨ ਸੂਚੀ ਦਾ ਸਿੱਧੇ ਤੌਰ ਤੇ ਹਵਾਲਾ ਨਹੀਂ ਦਿੱਤਾ ਗਿਆ ਹੈ ਪਰ ਸਟਾਰਮਰ ਦੇ ਦਫ਼ਤਰ ਦੇ ਤਰਜਮਾਨ ਨੇ ਕਿਹਾ ਕਿ ਟੀਮ ਨੇ ਮੁੱਦੇ ਦੀ ਗੰਭੀਰਤਾ ਨੂੰ ਮਹਿਸੂਸ ਕੀਤਾ ਹੈ ਅਤੇ ਭਾਈਚਾਰੇ ਨੂੰ ਭਰੋਸਾ ਦਿੰਦੇ ਹਾਂ ਕਿ ਭਵਿੱਖ ਚ ਇਹ ਗਲਤੀ ਦੁਹਰਾਈ ਨਹੀਂ ਜਾਵੇਗੀ। ਤਰਜਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਬ੍ਰਿਟਿਸ਼ ਹਿੰਦੂਆਂ, ਸਿੱਖਾਂ ਅਤੇ ਜੈਨ ਭਾਈਚਾਰਿਆਂ ਵੱਲੋਂ ਮੁਲਕ ਚ ਪਾਏ ਯੋਗਦਾਨ ਦੀ ਸ਼ਲਾਘਾ ਕਰਦੇ ਹਨ ਅਤੇ ਇਕ ਸੰਗਠਨ ਦੇ ਪ੍ਰੋਗਰਾਮ ਚ ਗਲਤੀ ਹੋਈ ਸੀ ਜਿਸ ਦੀ ਉਹ ਮੁਆਫ਼ੀ ਮੰਗਦੇ ਹਨ। ਇਹ ਬਿਆਨ ਸੰਸਦ ਮੈਂਬਰ ਸ਼ਿਵਾਨੀ ਰਾਜਾ ਵੱਲੋਂ ਸਟਾਰਮਰ ਨੂੰ ਪੱਤਰ ਲਿਖਣ ਮਗਰੋਂ ਆਇਆ ਹੈ, ਜਿਸ ਚ ਉਨ੍ਹਾਂ ਕੰਜ਼ਰਵੇਟਿਵ ਪਾਰਟੀ ਚ ਹਿੰਦੂ ਰੀਤੀ-ਰਿਵਾਜ਼ਾਂ ਦੀ ਪਾਲਣਾ ਨਾ ਕਰਨ ਤੇ ਚਿੰਤਾ ਜਤਾਈ ਸੀ।

# ਸਪੇਸ ਸਟੇਸ਼ਨ ਵਿਚ ਦਰਾਰਾਂ : ਸੁਨੀਤਾ ਵਿਲੀਅਮਸ ਵੱਡੇ ਖਤਰੇ 'ਚ

ਇੰਟਰਨੈਸ਼ਨਲ ਸਪੇਸ ਸਟੇਸ਼ਨ (ਇਸ਼ਸ਼) ਨੂੰ ਲੈ ਕੇ ਨਾਸਾ ਵੀ ਤਣਾਅ 'ਚ ਹੈ। ਪਿਛਲੇ ਸਾਲਾਂ ਤੋਂ ਆਈਐਸਐਸ ਵਿੱਚ ਮਾਮੂਲੀ ਲੀਕੇਜ ਚੱਲ ਰਹੀ ਸੀ। ਹਾਲਾਂਕਿ ਹੁਣ ਇਹ ਸਾਹਮਣੇ ਆਇਆ ਹੈ ਕਿ ਘੱਟੋ-ਘੱਟ 50 ਥਾਵਾਂ 'ਤੇ ਲੀਕੇਜ ਦੀ ਸਮੱਸਿਆ ਹੈ। ਇਸ ਤੋਂ ਇਲਾਵਾ ਆਈਐਸਐਸ ਵਿੱਚ ਵੀ ਤਰੇੜਾਂ ਦਿਖਾਈ ਦੇ ਰਹੀਆਂ ਹਨ। ਨਾਸਾ ਦੀ ਇੱਕ ਜਾਂਚ ਰਿਪੋਰਟ ਲੀਕ ਹੋਈ ਸੀ ਜਿਸ ਵਿੱਚ ਖੁਲਾਸਾ ਹੋਇਆ ਸੀ ਕਿ ਆਈਐਸਐਸ ਖਤਰੇ ਵਿੱਚ ਹੈ। ਇਸ ਤੋਂ ਇਲਾਵਾ ਸੁਨੀਤਾ ਵਿਲੀਅਮਸ ਸਮੇਤ ਇੱਥੇ ਦੇ ਪੁਲਾੜ ਯਾਤਰੀਆਂ ਦੀ ਜਾਨ ਵੀ ਦਾਅ 'ਤੇ ਲੱਗੀ ਹੋਈ ਹੈ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ ‘ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

Contact Mr. Randhawa via email below:
Email: jsrcontractslimited@gmail.com

# ਵੱਡੇ ਕਾਰਪੋਰੇਟ ਘਰਾਣੇ ਪ੍ਰਧਾਨ ਮੰਤਰੀ ਮੋਦੀ ਦੇ ਨਾਲ ਘਿਓ-ਖਿਚੜੀ

## ✪ ਮਹਾਂਰਾਸ਼ਟਰ ਸਰਕਾਰ ਬਣਾਉਣ ਵਿਚ ਅਡਾਨੀ ਦਾ ਸਿਆਸੀ ਦਖਲ ਲੋਕਤੰਤਰ ਨਾਲ ਖਿਲਵਾੜ



ਪੰਜ ਸਾਲ ਪਹਿਲਾਂ ਮਹਾਰਾਸ਼ਟਰ ਵਿੱਚ ਸਰਕਾਰ ਬਣਾਉਣ ਲਈ ਭਾਜਪਾ ਤੇ ਐੱਨ ਸੀ ਪੀ ਵਿਚਾਲੇ ਗੱਠਜੋੜ ਕਰਾਉਣ ਲਈ ਹੋਈ ਇਕ ਮੀਟਿੰਗ ਵਿਚ ਦੇਸ਼ ਦਾ ਸਭ ਤੋਂ ਵੱਡਾ ਕਾਰੋਬਾਰੀ ਗੌਤਮ ਅਡਾਨੀ ਵੀ ਸ਼ਾਮਲ ਸੀ। ਇਹ ਇੰਕਸ਼ਾਫ ਸ਼ਰਦ ਪਵਾਰ ਤੋਂ ਅੱਡ ਹੋ ਕੇ ਭਾਜਪਾ ਤੇ ਸ਼ਿਵ ਸੈਨਾ (ਸ਼ਿੰਦੇ) ਦੀ ਸਰਕਾਰ ਵਿੱਚ ਸ਼ਾਮਲ ਹੋਏ ਅਜੀਤ ਪਵਾਰ ਨੇ ਨਿਊਜ਼ ਵੈੱਬਸਾਈਟ 'ਦੀ ਨਿਊਜ਼ ਮਿੰਟ' ਨੂੰ ਮਹਾਰਾਸ਼ਟਰ ਵਿਚ ਚੱਲ ਰਹੀਆਂ ਅਸੰਬਲੀ ਚੋਣਾਂ ਦਰਮਿਆਨ ਦਿੱਤੀ ਇੰਟਰਵਿਊ ਵਿਚ ਕੀਤਾ ਹੈ।

ਅਜੀਤ ਪਵਾਰ ਨੇ ਇਹ ਗੱਲ ਉਸ ਘਟਨਾਕ੍ਰਮ ਦੇ ਸੰਦਰਭ ਵਿਚ ਦੱਸੀ ਹੈ, ਜਦੋਂ ਪੰਜ ਸਾਲ ਪਹਿਲਾਂ ਕਾਂਗਰਸ, ਸ਼ਿਵ ਸੈਨਾ ਤੇ ਐੱਨ ਸੀ ਪੀ ਗੱਠਜੋੜ ਦੀ ਸਰਕਾਰ ਬਣਨੀ ਕਰੀਬ-ਕਰੀਬ ਤੈਅ ਹੋ ਗਈ ਸੀ, ਪਰ ਹੁਣੇ ਜਿਹੇ ਅਚਾਨਕ ਕੀਤੇ ਗਏ ਸਮਾਰੋਹ ਵਿਚ ਭਾਜਪਾ ਆਗੂ ਦਵਿੰਦਰ ਫੜਨਵੀਸ ਨੇ ਮੁੱਖ ਮੰਤਰੀ ਤੇ ਖੁਦ ਅਜੀਤ ਪਵਾਰ ਨੇ ਉਪ-ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਸੀ। ਹਾਲਾਂਕਿ ਅਜੀਤ ਪਵਾਰ ਦੀ ਬਗਾਵਤ ਤਿੰਨ ਦਿਨ ਹੀ ਚੱਲ ਸਕੀ ਸੀ, ਕਿਉਕਿ ਸ਼ਰਦ ਪਵਾਰ ਨੇ ਉਸ ਦੀ ਹਮਾਇਤ ਨਾ ਕਰਨ ਦਾ ਫੈਸਲਾ ਕੀਤਾ। ਇਸ ਦੇ ਬਾਅਦ ਅਜੀਤ ਪਵਾਰ ਦੇ ਨਾਲ ਗਏ ਬਹੁਤੇ ਵਿਧਾਇਕ ਸ਼ਰਦ ਪਵਾਰ ਦੀ ਅਗਵਾਈ ਵਾਲੀ ਐੱਨ ਸੀ ਪੀ ਵਿਚ ਪਰਤ ਆਏ। ਕੁਝ ਦਿਨਾਂ ਬਾਅਦ ਅਣਵੰਡੀ ਐੱਨ ਸੀ ਪੀ ਤੇ ਸ਼ਿਵ ਸੈਨਾ ਨੇ ਕਾਂਗਰਸ ਨਾਲ ਮਿਲ ਕੇ ਮਹਾਂ ਵਿਕਾਸ ਅਘਾੜੀ (ਐੱਮ ਵੀ ਏ) ਸਰਕਾਰ ਬਣਾ ਲਈ ਸੀ। ਇਸ ਸਰਕਾਰ ਦੇ ਗਠਨ ਦੇ ਢਾਈ ਸਾਲ ਬਾਅਦ ਸ਼ਿਵ ਸੈਨਾ ਵਿਚ ਬਗਾਵਤ ਹੋ ਗਈ ਤੇ ਸਰਕਾਰ ਡਿੱਗ ਗਈ। ਇਸ ਦੇ ਆਗੂ ਏਕਨਾਥ ਸ਼ਿੰਦੇ ਨੇ ਬਹੁਤੇ ਵਿਧਾਇਕ ਨਾਲ ਲਿਜਾ ਕੇ ਭਾਜਪਾ ਨਾਲ ਮਿਲ ਕੇ ਸਰਕਾਰ ਬਣਾ ਲਈ। ਬਾਅਦ ਵਿਚ ਅਜੀਤ ਪਵਾਰ ਐੱਨ ਸੀ ਪੀ ਤੋੜ ਕੇ ਸ਼ਿੰਦੇ ਸਰਕਾਰ ਵਿੱਚ ਉਪ-ਮੁੱਖ ਮੰਤਰੀ ਬਣ ਗਏ।

ਅਜੀਤ ਪਵਾਰ ਨੇ ਪੰਜ ਸਾਲ ਪਹਿਲਾਂ ਭਾਜਪਾ-ਐੱਨ ਸੀ ਪੀ ਗੱਠਜੋੜ ਲਈ ਹੋਣ ਵਾਲੇ ਯਤਨਾਂ ਸੰਬੰਧੀ ਸਵਾਲ ਦੇ ਜਵਾਬ ਵਿਚ ਕਿਹਾ ਕੀ ਤੁਹਾਨੂੰ ਨਹੀਂ ਪਤਾ? ਹਰ ਕੋਈ ਜਾਣਦਾ ਹੈ ਕਿ ਮੀਟਿੰਗ ਕਿੱਥੇ ਹੋਈ ਸੀ। ਅਮਿਤ ਸ਼ਾਹ ਉੱਥੇ ਸਨ, ਗੌਤਮ ਅਡਾਨੀ ਉੱਥੇ ਸਨ, ਪ੍ਰਫੁਲ ਪਟੇਲ ਉੱਥੇ ਸਨ, ਦਵਿੰਦਰ ਫੜਨਵੀਸ ਉੱਥੇ ਸਨ, ਪਵਾਰ ਸਾਹਿਬ ਉੱਥੇ ਸਨ, ਮੈਂ ਵੀ ਸੀ। ਇਕ ਪਾਰਟੀ ਕਾਰਕੁਨ ਦੇ ਤੌਰ 'ਤੇ ਮੈਂ ਉਹੀ ਕੀਤਾ, ਜੋ ਮੇਰੇ ਨੇਤਾ (ਸ਼ਰਦ ਪਵਾਰ) ਨੇ ਕਿਹਾ। ਇਹ ਪੁੱਛਣ 'ਤੇ ਕਿ ਸ਼ਰਦ ਪਵਾਰ ਨੇ ਭਾਜਪਾ ਨਾਲ ਗੱਠਜੋੜ ਕਰਕੇ ਸਰਕਾਰ ਕਿਉ ਨਹੀਂ ਬਣਾਈ, ਅਜੀਤ ਪਵਾਰ ਨੇ ਕਿਹਾ ਕਿ ਸ਼ਰਦ ਪਵਾਰ ਅਜਿਹੇ ਵਿਅਕਤੀ ਹਨ, ਜਿਨ੍ਹਾਂ ਬਾਰੇ ਦੁਨੀਆ ਦਾ ਕੋਈ ਵਿਅਕਤੀ ਭਵਿੱਖਬਾਣੀ ਨਹੀਂ ਕਰ ਸਕਦਾ।

ਸਿਆਸਤਦਾਨ ਸਮੇਂ-ਸਮੇਂ 'ਤੇ ਸਨਸਨੀਖੇਜ਼ ਬਿਆਨ ਦਿੰਦੇ ਰਹਿੰਦੇ ਹਨ, ਪਰ ਉਹ ਅਕਸਰ ਸਿਆਸਤਦਾਨਾਂ ਬਾਰੇ ਹੁੰਦੇ ਹਨ। ਅਜੀਤ ਪਵਾਰ ਦੇ ਗੌਤਮ ਅਡਾਨੀ ਦੀ ਮਹਾਰਾਸ਼ਟਰ ਵਿਚ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਦੀ ਸਰਕਾਰ ਬਣਾਉਣ ਬਾਰੇ ਹੋਈ ਮੀਟਿੰਗ 'ਚ ਸ਼ਾਮਲ ਹੋਣ ਦੇ ਇੰਕਸ਼ਾਫ ਨੇ ਕਾਂਗਰਸ ਤੇ ਦੂਜੀਆਂ ਸਿਆਸੀ ਪਾਰਟੀਆਂ ਦੇ ਇਸ ਦੋਸ਼ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਵੱਡੇ ਕਾਰਪੋਰੇਟ ਘਰਾਣੇ ਭਾਜਪਾ, ਖਾਸਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਘਿਓ-ਖਿਚੜੀ ਹਨ। ਇਹ ਘਰਾਣੇ ਚੋਣਾਂ ਤੋਂ ਪਹਿਲਾਂ ਆਪਣੀ ਪਸੰਦ ਦੀ ਪਾਰਟੀ ਨੂੰ ਕਿਵੇਂ ਧਨ ਦਿੰਦੇ ਹਨ, ਇਸ ਦਾ ਖੁਲਾਸਾ ਇਲੈਕਟੋਰਲ ਬਾਂਡ ਸਕੀਮ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਹੋ ਗਿਆ ਸੀ। ਅਡਾਨੀ ਦੀ ਸਿਆਸੀ ਮੀਟਿੰਗ ਵਿਚ ਸ਼ਮੂਲੀਅਤ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਪਸੰਦ ਦੀ ਪਾਰਟੀ ਨੂੰ ਬਹੁਮਤ ਨਾ ਮਿਲਣ ਦੇ ਬਾਅਦ ਉਹ ਕਿਵੇਂ ਜੋੜ-ਤੋੜ ਕਰਕੇ ਲੋਕਤੰਤਰ ਨਾਲ ਖਿਲਵਾੜ ਕਰਦੇ ਹਨ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2–3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਗੈਂਗਸਟਰਾਂ ਦਾ ਅੱਡਾ ਬਣੀ ਰਾਜਧਾਨੀ ਦਿੱਲੀ ਤੇ ਪੰਜਾਬ ਸਟੇਟ

**✪ 700 ਤੋਂ ਵੱਧ ਸ਼ੂਟਰਾਂ ਵਾਲਾ ਗਰੋਹ ਲਾਰੰਸ ਬਿਸ਼ਨੋਈ ਦੇਸ਼ਾਂ-ਵਿਦੇਸ਼ਾਂ ਵਿਚ ਸਰਗਰਮ ✪ ਫਿਰੋਜ਼ਪੁਰ ਵਿਚ ਖਿਡੌਣਿਆਂ ਨਾਲੋਂ ਵੱਧ ਸਪਲਾਈ ਹੁੰਦੇ ਹਨ ਨਾਜਾਇਜ਼ ਹਥਿਆਰ ✪ ਕੈਨੇਡਾ ਵਿਚ ਅਰਸ਼ ਡੱਲਾ ਨੂੰ ਨਹੀਂ ਮਿਲੀ ਜ਼ਮਾਨਤ-ਟਰੂਡੋ ਸਰਕਾਰ ਅਜੇ ਚੁੱਪ**

## ਵਿਸ਼ੇਸ਼ ਰਿਪੋਰਟ

ਭਾਰਤ ਦੀ ਰਾਜਧਾਨੀ ਦਿੱਲੀ ਤੇ ਸਟੇਟ ਪੰਜਾਬ ਅਪਰਾਧਿਕ ਗਰੋਹਾਂ ਦਾ ਅੱਡਾ ਬਣ ਗਿਆ ਹੈ ਤੇ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਇਸ ਰਾਜਧਾਨੀ ਦਾ ਹਰ ਦੂਜਾ ਜਾਂ ਤੀਜਾ ਵਿਅਕਤੀ ਕਿਸੇ ਨਾ ਕਿਸੇ ਗਿਰੋਹ ਦਾ ਸ਼ੂਟਰ ਹੋਵੇ। ਰੋਜ਼ਾਨਾ ਅਖ਼ਬਾਰ ਵਿਚ ਨਵੇਂ ਗੈਂਗ ਤੇ ਗੈਂਗਸਟਰ ਦਾ ਨਾਂਅ ਛਪਦਾ ਹੈ ਤੇ ਕਿਸੇ ਕੰਪਨੀ ਦੀ ਪ੍ਰੋਫਾਈਲ ਦੀ ਤਰ੍ਹਾਂ ਛਪਣ ਵਾਲੇ ਉਸ ਦੇ ਪ੍ਰੋਫਾਈਲ ਵਿਚ ਦੱਸਿਆ ਜਾਂਦਾ ਹੈ ਕਿ ਉਸ ਗੈਂਗਸਟਰ ਨੇ ਕਿਹੜੇ-ਕਿਹੜੇ ਕਾਰਨਾਮੇ ਕੀਤੇ ਹਨ, ਉਸ 'ਤੇ ਕਿੰਨੇ ਮੁਕੱਦਮੇ ਹਨ, ਉਹ ਇਸ ਸਮੇਂ ਕਿਹੜੀ ਜੇਲ੍ਹ ਵਿਚ ਜਾਂ ਕਿਸ ਦੇਸ਼ ਵਿਚ ਹੈ ਅਤੇ ਉਸ ਕੋਲ ਕਿੰਨੇ ਸ਼ੂਟਰ ਹਨ, ਜੋ ਉਸ ਦੇ ਇਕ ਇਸ਼ਾਰੇ 'ਤੇ ਕਿਸੇ 'ਤੇ ਵੀ ਗੋਲੀ ਚਲਾ ਸਕਦੇ ਹਨ। ਇਸ ਸਮੇਂ ਇਕ 700 ਤੋਂ ਵੱਧ ਸ਼ੂਟਰਾਂ ਵਾਲਾ ਗਰੋਹ ਲਾਰੰਸ ਬਿਸ਼ਨੋਈ ਸਭ ਤੋਂ ਵੱਡਾ ਗੈਂਗ ਹੈ, ਪਰ 100-200 ਸ਼ੂਟਰਾਂ ਵਾਲੇ ਵੀ ਕਈ ਗਰੋਹ ਹਨ। ਕੈਨੇਡਾ ਸਰਕਾਰ ਲਾਰੰਸ ਬਿਸ਼ਨੋਈ ਗੈਂਗ ਉਪਰ ਇਹ ਦੋਸ਼ ਲਗਾ ਚੁਕੀ ਹੈ ਕਿ ਇਹ ਸਰਕਾਰੀ ਗੈਂਗ ਹੈ ਜਿਸ ਦੀ ਪੁਸ਼ਤ ਪੁਨਾਹੀ ਭਾਰਤ ਸਰਕਾਰ ਕਰ ਰਹੀ ਹੈ।ਇਸ ਗੈਂਗ ਉਪਰ ਕੈਨੇਡਾ ਵਿਚ ਵਿਚ ਕਤਲ ਕਰਨ ਤੇ ਵਾਰਦਾਤਾਂ ਕਰਨ ਦੇ ਇਲਜਾਮ ਹਨ।ਖਾਲਿਸਤਾਨੀ ਹਰਦੀਪ ਸਿੰਘ ਨਿਝਰ ਕਤਲ ਕਾਂਡ ਦਾ ਦੋਸ਼ ਇਸੇ ਗੈਂਗ ਉਪਰ ਲਗਿਆ ਹੈ।

ਰਾਜਧਾਨੀ ਦਿੱਲੀ ਤੇ ਪੰਜਾਬ ਸਟੇਟ ਵਿਚ ਲਗਭਗ ਹਰ ਦਿਨ ਕਿਤੇ ਗੋਲੀ ਚੱਲਣ ਤੇ ਕਿਤੇ ਵਸੂਲੀ ਦੀ ਧਮਕੀ ਦਿੱਤੇ ਜਾਣ ਦਾ ਖ਼ਬਰ ਆ ਰਹੀ ਹੈ। ਪਤਾ ਨਹੀਂ ਅਸਲੀ ਬੌਸ ਭਾਵ ਗੈਂਗਸਟਰ ਨੂੰ ਪਤਾ ਵੀ ਹੋਵੇ ਜਾਂ ਨਹੀਂ, ਪਰ ਉਸ ਦੇ ਨਾਂਅ 'ਤੇ ਲੋਕਾਂ ਨੂੰ ਧਮਕੀਆਂ ਭਰੇ ਫ਼ੋਨ ਕੀਤੇ ਜਾ ਰਹੇ ਹਨ। ਅਜਿਹਾ ਵੀ ਹੁੰਦਾ ਹੈ ਕਿ ਆਪਣਾ ਨਾਂਅ ਬਣਾਉਣ ਦੇ ਚੱਕਰ ਵਿਚ ਕਿਸੇ ਨਾ ਕਿਸੇ 'ਤੇ ਗੋਲੀ ਚਲਾ ਦਿੱਤੀ ਜਾਂਦੀ ਹੈ ਜਾਂ ਕਤਲ ਕਰ ਦਿੱਤਾ ਜਾਂਦਾ ਹੈ।ਬਾਅਦ ਵਿਚ ਕੋਈ ਵੱਡਾ ਗੈਂਗਸਟਰ ਇਸ ਦੀ ਜ਼ਿੰਮੇਵਾਰੀ ਲੈ ਲੈਂਦਾ ਹੈ।

ਇਹ ਨੌਜਵਾਨ ਦੇਸੀ ਅਸਲਾ ਆਪਣੇ ਕੋਲ ਰੱਖ ਕੇ ਆਪਣੇ ਬੇਹੱਦ ਤਾਕਤਵਰ ਹੋਣ ਤੇ ਆਪਣੇ ਇਲਾਕੇ ਦਾ 'ਦਾਦਾ' ਹੋਣ ਦਾ ਭਰਮ ਪਾਲ਼ ਲੈਂਦੇ ਹਨ। ਫਿਰੋਜ਼ਪੁਰ ਵਿਚ ਨਾਜਾਇਜ਼ ਅਸਲੇ ਦਾ ਆਲਮ ਇਹ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਉੱਚ ਕੁਆਲਟੀ ਦੇ ਨਾਜਾਇਜ਼ ਪਿਸਟਲ ਖਿਡੌਣਿਆਂ ਨਾਲੋਂ ਵੀ ਵੱਧ ਸਪਲਾਈ ਹੋ ਰਹੇ ਹਨ,ਜੋ ਕਦੇ ਕਦੇ ਪੁਲਿਸ ਚੈਕਿੰਗ ਦੌਰਾਨ ਪੁਲਿਸ ਦੇ ਅੜਿੱਕੇ ਵੀ ਚੜ੍ਹ ਜਾਂਦੇ ਹਨ। ਅਜਿਹਾ ਹੀ ਇਕ ਮਾਮਲਾ ਜ਼ਿਲ੍ਹੇ ਦੇ ਕਸਬਾ ਤਲਵੰਡੀ ਭਾਈ ਵਿਖੇ ਸਾਹਮਣੇ ਆਇਆ ਸੀ, ਜਿਥੇ ਫਿਰੋਜ਼ਪੁਰ ਲੁਧਿਆਣਾ ਹਾਈਵੇ 'ਤੇ ਮੁੱਖ ਚੌਕ ਵਿਚ ਲੱਗੇ ਨਾਕੇ ਦੌਰਾਨ ਪੁਲਿਸ ਨੇ 11 ਪਿਸਟਲ ਅਤੇ 7 ਮੈਗਜ਼ੀਨ ਬਰਾਮਦ ਕੀਤੇ ਸਨ।





ਮੋਗਾ ਪੁਲਿਸ ਨੇ ਗੈਂਗਸਟਰ ਦਲਵੀਰ ਸਿੰਘ ਉਰਫ ਲੱਕੀ ਨਿਵਾਸੀ ਪਿੰਡ ਚੜਿੱਕ ਜੋ ਕੈਨੇਡਾ ਰਹਿੰਦਾ ਹੈ, ਦੇ ਗਿਰੋਹ ਨਾਲ ਸਬੰਧਤ 5 ਮੈਂਬਰਾਂ ਅਰਸ਼ਦੀਪ ਸਿੰਘ ਅਰਸ਼, ਗੁਰਜੀਤ ਸਿੰਘ ਜੱਗਾ, ਹਰਦੀਪ ਸਿੰਘ ਹਨੀ, ਕੁਲਦੀਪ ਸਿੰਘ ਲੱਡੂ, ਗਿਰਦੌਰ ਸਿੰਘ ਨੂੰ ਕਾਬੂ ਕਰ ਕੇ ਫਿਰੌਤੀ ਦੇ 1 ਲੱਖ 90 ਹਜ਼ਾਰ ਰੁਪਏ ਦੇ ਇਲਾਵਾ 4 ਫੋਨ ਬਰਾਮਦ ਕੀਤੇ ਗਏ ਸਨ।

ਇਥੇ ਜ਼ਿਕਰਯੋਗ ਹੈ ਕਿ ਦੋ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ 70 ਦੇ ਲਗਪਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫਿਰੌਤੀਆਂ ਵਸੂਲਣ ਜਿਹੇ ਅਪਰਾਧਾਂ ਵਿਚ ਸ਼ਾਮਲ ਰਹੇ ਹਨ।

ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ ਵਿਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਪੰਜਾਬ ਵਿਚ ਸਰਗਰਮ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ। ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ।

ਬੀਤੇ ਕੁਝ ਸਮੇਂ ਦੌਰਾਨ ਪੰਜਾਬ ਵਿਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ।

ਕੈਨੇਡਾ ਵਿਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 ਵਿਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਵਹੇ ਚੜ੍ਹ ਗਿਆ।

ਲਾਰੈਂਸ ਬਿਸ਼ਨੋਈ ਭਾਵੇਂ ਜੇਲ੍ਹ ਵਿੱਚ ਹੋਵੇ ਪਰ ਉਹ ਆਪਣੇ ਗੈਂਗ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦਾ ਹੈ। ਮੰਨਿਆ ਜਾਂਦਾ ਹੈ ਕਿ ਦੁਨੀਆ ਭਰ ਵਿੱਚ ਜਿੱਥੇ ਵੀ ਭਾਰਤੀ ਨੌਜਵਾਨ ਹਨ, ਉੱਥੇ ਲਾਰੈਂਸ ਬਿਸ਼ਨੋਈ ਗੈਂਗ ਦਾ ਨੈੱਟਵਰਕ ਹੈ। ਬਿਸ਼ਨੋਈ ਗੈਂਗ ਨੇ ਹਾਲ ਹੀ ਵਿੱਚ ਐਨਸੀਪੀ ਆਗੂ ਬਾਬਾ ਸਿੱਦੀਕੀ ਦੇ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ। ਇਸ ਦੌਰਾਨ ਲਾਰੈਂਸ ਬਿਸ਼ਨੋਈ ਦੇ ਚਚੇਰੇ ਭਰਾ ਨੇ ਉਸ ਬਾਰੇ ਹੈਰਾਨ ਕਰਨ ਵਾਲਾ ਖ਼ੁਲਾਸਾ ਕੀਤਾ ਹੈ।

ਗੈਂਗਸਟਰ ਦਾ ਪਰਿਵਾਰ ਹਰ ਸਾਲ ਉਸ 'ਤੇ 35 ਤੋਂ 40 ਲੱਖ ਰੁਪਏ ਖ਼ਰਚ ਕਰਦਾ ਹੈ। 50 ਸਾਲਾ ਰਮੇਸ਼ ਬਿਸ਼ਨੋਈ ਨੇ ਆਪਣੇ ਚਚੇਰੇ ਭਰਾ ਨਾਲ ਜੁੜੀਆਂ ਕਈ ਗੱਲਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਜਦੋਂ ਲਾਰੈਂਸ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ ਤਾਂ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਸੀ ਕਿ ਉਹ ਬਾਅਦ ਵਿੱਚ ਗੈਂਗਸਟਰ ਬਣ ਜਾਵੇਗਾ। ਲਾਰੈਂਸ ਹਮੇਸ਼ਾ ਮਹਿੰਗੇ ਕੱਪੜੇ ਅਤੇ ਜੁੱਤੇ ਪਹਿਨਦਾ ਸੀ। ਅੱਜ ਵੀ ਜਦੋਂ ਉਹ ਜੇਲ੍ਹ ਵਿੱਚ ਹੈ ਤਾਂ ਉਸ ਦਾ ਪਰਿਵਾਰ ਉਸ ਦੀ ਦੇਖਭਾਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦਾ। ਦ ਡੇਲੀ ਗਾਰਡੀਅਨ ਦੀ ਰਿਪੋਰਟ ਮੁਤਾਬਕ ਰਮੇਸ਼ ਨੇ ਦੱਸਿਆ ਕਿ ਜੇਲ੍ਹ ਵਿਚ ਬੰਦ ਲਾਰੈਂਸ ਦਾ ਪਰਿਵਾਰ ਹਰ ਸਾਲ ਉਸ 'ਤੇ ਕਰੀਬ 40 ਲੱਖ ਰੁਪਏ ਖ਼ਰਚ ਕਰਦਾ ਹੈ। ਪੰਜਾਬ ਦੇ ਫ਼ਿਰੋਜ਼ਪੁਰ ਵਿੱਚ ਜਨਮੇ ਲਾਰੈਂਸ ਬਿਸ਼ਨੋਈ ਦਾ ਅਸਲੀ ਨਾਂ ਬਲਕਰਨ ਬਰਾੜ ਹੈ।

ਅੱਜਕਲ੍ਹ ਕੈਨੇਡਾ ਵਿਚ ਅਰਸ਼ ਡੱਲਾ ਮੋਗਾ ਜ਼ਿਲ੍ਹੇ ਦਾ ਰਹਿਣ ਵਾਲਾ ਬਹੁਤ ਮਸ਼ਹੂਰ ਹੈ। ਪੰਜਾਬ ਪੁਲਿਸ ਦਾ ਕਹਿਣਾ ਹੈ ਕਿ ਅਰਸ਼ ਡੱਲਾ ਹੁਣ ਕੈਨੇਡਾ ਵਿੱਚ ਹੈ ਜੋ ਪੰਜਾਬ ਵਿਚ ਖਾਲਿਸਤਾਨੀਆਂ ਨਾਲ ਮਿਲਕੇ ਵਾਰਦਾਤਾਂ ਕਰਾ ਰਿਹਾ ਹੈ। ਭਾਰਤੀ ਮੀਡੀਆ ਨੇ ਦਾਅਵਾ ਕੀਤਾ ਸੀ ਕਿ ਕੈਨੇਡਾ ਵਿਚ ਉਸਦੀ ਗ੍ਰਿਫਤਾਰੀ ਹੋਈ ਹੈ, ਪਰ ਕੈਨੇਡਾ ਸਰਕਾਰ ਨੇ ਇਸ ਬਾਰੇ ਕੋਈ ਉਘ ਸੁਘ ਨਹੀਂ ਕੱਢੀ।

ਦੱਸਿਆ ਜਾਂਦਾ ਹੈ ਕਿ ਕੈਨੇਡਾ 'ਵਿਚ ਉਂਟਾਰੀਓ ਦੇ ਗੁਏਲਫ ਸ਼ਹਿਰ ਵਿਖੇ ਬੀਤੇ ਦਿਨ ਹਸਪਤਾਲ ਵਿਚ ਅਚਾਨਕ ਪੁਲਿਸ ਦੇ ਹੱਥ ਆ ਗਏ ਭਾਰਤ ਤੋਂ ਭਗੌੜੇ ਗੈਂਗਸਟਰ ਅਰਸ਼ਦੀਪ ਸਿੰਘ ਗਿੱਲ ਉਰਫ਼ ਅਰਸ਼ ਡੱਲਾ (28) ਬਾਰੇ ਪਤਾ ਲੱਗਾ ਹੈ ਕਿ ਉਸ ਦੀ ਬੀਤੇ ਦਿਨੀ ਮਿਲਟਨ ਵਿਖੇ ਅਦਾਲਤ ਵਿਚ ਸੰਖੇਪ ਪੇਸ਼ੀ ਹੋਈ ਸੀ।

ਇਸ ਮੌਕੇ ਜੱਜ ਨੇ ਉਸ ਨੂੰ ਅਤੇ ਉਸ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਗੁਰਜੰਟ ਸਿੰਘ ਨੂੰ ਜੇਲ੍ਹ ਵਿਚ ਭੇਜ ਦਿੱਤਾ ਸੀ ਅਤੇ ਉਨ੍ਹਾਂ ਦੀ ਜ਼ਮਾਨਤ ਨਹੀਂ ਹੋਈ ਸੀ। ਆਮ ਤੌਰ 'ਤੇ ਕੈਨੇਡਾ ਦੀ ਨਿਆਂ ਪ੍ਰਣਾਲੀ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਮੁਲਜ਼ਮਾਂ ਨੂੰ ਜ਼ਮਾਨਤ ਮਿਲਣਾ ਕੇਸ ਦੀ ਪ੍ਰਕ੍ਰਿਆ ਦਾ ਹਿੱਸਾ ਹੈ ਪਰ ਡੱਲਾ ਦੇ ਮਾਮਲੇ ਵਿਚ ਪਤਾ ਲੱਗਾ ਹੈ ਕਿ ਉਸ ਦੀ ਜ਼ਮਾਨਤ ਆਮ ਹਾਲਾਤ ਵਿਚ ਨਹੀਂ ਹੋ ਸਕੇਗੀ। ਇਹ ਵੀ ਕਿ ਜ਼ਮਾਨਤ ਦੀ ਅਰਜ਼ੀ ਦੀ ਵਿਸਥਾਰ ਸਹਿਤ ਲੰਬੀ ਸੁਣਵਾਈ ਹੋਣ ਦੀ ਸੰਭਾਵਨਾ ਰਹੇਗੀ ਕਿਉਂਕਿ ਮਾਮਲਾ ਅੰਤਰਰਾਸ਼ਟਰੀ ਪੱਧਰ ਦਾ ਅਤੇ ਹਿਰਾਸਤ ਵਿਚੋਂ ਛੱਡੇ ਜਾਣ 'ਤੇ ਮੁਲਜ਼ਮ ਵਲੋਂ ਦੇਸ਼ ਵਿਚੋਂ ਭੱਜ ਜਾਣ ਦਾ ਹੈ। ਸਰਕਾਰੀ ਵਕੀਲ ਅਤੇ ਪੁਲਿਸ ਵਲੋਂ ਉਸ ਖਿਲਾਫ਼ ਗੈਰ-ਕਾਨੂੰਨੀ ਹਥਿਆਰ ਰੱਖਣ, ਅਤੇ ਜਾਣਬੁੱਝ ਕੇ ਗੋਲੀ ਚਲਾਉਣ ਸਮੇਤ ਦਰਜਨ ਦੇ ਕਰੀਬ ਦੋਸ਼ਾਂ ਦੀ ਚਾਰਜਸ਼ੀਟ ਤਿਆਰ ਕੀਤੀ ਜਾ ਰਹੀ ਹੈ। ਇਸੇ ਦੌਰਾਨ ਅਰਸ਼ ਅਤੇ ਗੁਰਜੰਟ ਨੂੰ ਉਂਟਾਰੀਓ ਵਿਚ ਮਿਲਟਨ ਵਿਖੇ ਕੇਸ ਭੁਗਤ ਰਹੇ ਅਤੇ ਸਜ਼ਾ ਕੱਟ ਰਹੇ (ਖਤਰਨਾਕ) ਅਪਰਾਧੀਆਂ ਲਈ ਬਣੀ ਹੋਈ ਵੱਡੀ ਜੇਲ੍ਹ ਵਿਚ ਵੱਖ ਕਰਕੇ ਰੱਖਿਆ ਜਾ ਰਿਹਾ ਹੈ।ਉਸ ਜੇਲ੍ਹ ਵਿਚੋਂ ਵਿਡੀਓ ਰਾਹੀਂ ਪੇਸ਼ੀਆਂ ਦਾ ਪ੍ਰਬੰਧ ਹੈ ਅਤੇ ਵਿਸ਼ੇਸ਼ ਅਦਾਲਤਾਂ ਵੀ ਜੇਲ੍ਹ ਦੇ ਅੰਦਰ ਹੀ ਲੱਗ ਜਾਂਦੀਆਂ ਹਨ।

ਪੁਲਿਸ ਅਨੁਸਾਰ ਦਿੱਲੀ, ਮੁੰਬਈ, ਪੰਜਾਬ ਵਿਚ ਅਜਿਹੇ ਮਹਾਨਗਰਾਂ ਵਿਚ ਬੇਰੁਜ਼ਗਾਰ ਨੌਜਵਾਨਾਂ ਦਾ ਇਕ ਵਿਸ਼ਾਲ ਅਪਰਾਧੀ ਸਮੂਹ ਘੁੰਮ ਰਿਹਾ ਹੈ, ਜਿਨ੍ਹਾਂ ਤੋਂ ਗੈਂਗਸਟਰਾਂ ਨੂੰ ਆਸਾਨੀ ਨਾਲ ਕੱਚਾ ਮਾਲ ਮਿਲ ਰਿਹਾ ਹੈ। ਗੈਂਗਸਟਰ ਪੈਸੇ ਤੇ ਐਸ਼- ਮੌਜ ਮਸਤੀ ਦੇ ਜੀਵਨ ਦਾ ਲਾਲਚ ਦੇ ਕੇ ਇਨ੍ਹਾਂ ਨੌਜਵਾਨਾਂ ਨੂੰ ਫਸਾ ਰਹੇ ਹਨ। ਆਮ ਲੋਕਾਂ ਦਾ ਮੰਨਣਾ ਹੈ ਕਿ ਰਾਜਨੀਤਕ ਲੋਕ ਗੈਂਗਸਟਰਾਂ ਨੂੰ ਆਪਣਾ ਹਥਿਆਰ ਬਣਾਕੇ ਵਰਤ ਰਹੇ ਹਨ। ਪੁਲਿਸ ਸਿਆਸੀ ਪ੍ਰਭਾਵ ਕਾਰਣ ਇਨ੍ਹਾਂ ਦਾ ਕੁਛ ਨਹੀਂ ਵਿਗਾੜ ਰਹੀ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਤਾਰੀਖ ਵਿੱਚ ਵਾਧਾ


## ✪ 15 ਦਸੰਬਰ ਤੱਕ ਬਣਨਗੀਆਂ ਵੋਟਾਂ

ਅੰਮ੍ਰਿਤਸਰ-ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ, ਚੰਡੀਗੜ੍ਹ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਤਾਰੀਖ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਹੁਣ 15 ਦਸੰਬਰ ਤੱਕ ਵੋਟਾਂ ਬਣਾਈਆਂ ਜਾ ਸਕਦੀਆਂ ਹਨ। ਇਸ ਸਬੰਧ ਵਿੱਚ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰ ਕੇ ਸੂਚਿਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਵੋਟਰ ਦੀ ਰਜਿਸਟਰੇਸ਼ਨ ਲਈ ਆਖਰੀ ਮਿਤੀ 31 ਅਕਤੂਬਰ ਰੱਖੀ ਗਈ ਸੀ ਪਰ ਹੁਣ ਇਸ ਵਿੱਚ ਵਾਧਾ ਕਰਦੇ ਹੋਏ ਆਖਰੀ ਮਿਤੀ 15 ਦਸੰਬਰ ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਗਰੋਂ ਵੋਟਰ ਸੂਚੀਆਂ ਤਿਆਰ ਕੀਤੀਆਂ ਜਾਣਗੀਆਂ ਅਤੇ ਇਸ ਦੀ ਮੁਢਲੀ ਪ੍ਰਕਾਸ਼ਨਾ 16 ਦਸੰਬਰ ਤੋਂ 2 ਜਨਵਰੀ ਦੇ ਵਿਚਾਲੇ ਕੀਤੀ ਜਾਵੇਗੀ। ਇਸ ਸਬੰਧ ਵਿੱਚ ਇਤਰਾਜ਼ ਅਤੇ ਦਾਅਵੇ 24 ਜਨਵਰੀ ਤੱਕ ਕੀਤੇ ਜਾ ਸਕਣਗੇ। ਇਤਰਾਜ਼ ਤੇ ਦਾਅਵੇ 5 ਫਰਵਰੀ ਤੱਕ ਦੂਰ ਕੀਤੇ ਜਾਣਗੇ ਤੇ 25 ਫਰਵਰੀ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ।




# ਦਿੱਲੀ ਸਰਕਾਰ ਦੇ ਨਵੇਂ ਮੰਤਰੀ ਹੋਣਗੇ ਰਘੁਵਿੰਦਰ ਸ਼ੌਕੀਨ

ਨਵੀਂ ਦਿੱਲੀ-ਦਿੱਲੀ ਸਰਕਾਰ ਵਿਚ ਮੰਤਰੀ ਰਹੇ ਕੈਲਾਸ਼ ਗਹਿਲੋਤ ਦੇ ਪਾਰਟੀ ਛੱਡਣ ਤੋਂ ਬਾਅਦ ਆਮ ਆਦਮੀ ਪਾਰਟੀ ਵਿਧਾਇਕ ਰਘੁਵਿੰਦਰ ਸ਼ੌਕੀਨ ਦੀ ਕਿਸਮਤ ਖੁੱਲ੍ਹ ਗਈ ਹੈ। 'ਆਪ' ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 'ਆਪ' ਨੇਤਾ ਰਘੁਵਿੰਦਰ ਸ਼ੌਕੀਨ ਦਿੱਲੀ ਕੈਬਨਿਟ ਦੇ ਨਵੇਂ ਮੰਤਰੀ ਹੋਣਗੇ। ਰਘੁਵਿੰਦਰ ਹਲਕਾ ਨਾਂਗਲੋਈ ਜਾਟ ਤੋਂ ਵਿਧਾਇਕ ਹਨ। ਹੁਣ ਉਹ ਕੈਲਾਸ਼ ਗਹਿਲੋਤ ਦੇ ਅਸਤੀਫ਼ੇ ਤੋਂ ਬਾਅਦ ਖਾਲੀ ਹੋਏ ਅਹੁਦੇ 'ਤੇ ਮੰਤਰੀ ਬਣਨਗੇ। ਜਾਣਕਾਰੀ ਮੁਤਾਬਿਕ ਆਮ ਆਦਮੀ ਪਾਰਟੀ ਕਨਵੀਨਰ ਕੇਜਰੀਵਾਲ ਨੇ ਉਨ੍ਹਾਂ ਨੂੰ ਮੰਤਰੀ ਬਣਾਉਣ ਦਾ ਫ਼ੈਸਲਾ ਕੀਤਾ ਹੈ।



# ਗੀਤ ਐਮਪੀ 3 ਮਿਊਜ਼ਿਕ ਕੰਪਨੀ ਦੇ ਮਾਲਕ ਢਿੱਲੋਂ ਨੂੰ ਮਿਲੀ ਧਮਕੀ

## ✪ ਗੈਂਗਸਟਰ ਅਰਸ਼ ਡੱਲਾ ਦੇ ਸਾਥੀ ਜੰਟਾ ਖਰੜ ਦੀ ਵੀਡੀਓ ਸਾਹਮਣੇ ਆਈ

ਚੰਡੀਗੜ੍ਹ-ਪੰਜਾਬੀ ਫਿਲਮ ਅਤੇ ਸੰਗੀਤ ਇੰਡਸਟਰੀ ਦੀ ਸਭ ਤੋਂ ਵੱਡੀ ਨਿਰਮਾਤਾ ਕੰਪਨੀ ਗੀਤ ਐਮਪੀ 3 ਦੇ ਮਾਲਕ ਕੇਵੀ ਢਿੱਲੋਂ ਨੂੰ ਗੈਂਗਸਟਰ ਅਰਸ਼ ਡੱਲਾ ਦੇ ਸਾਥੀ ਜੰਟਾ ਖਰੜ ਵੱਲੋਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਸ ਸਬੰਧੀ ਇੱਕ ਕਥਿਤ ਆਡੀਓ ਸਾਹਮਣੇ ਆਈ ਹੈ।

ਆਡੀਓ ਵਿਚ ਜੰਟਾ ਨੇ ਕਿਹਾ- ਇਹ ਉਹੀ ਵਿਅਕਤੀ ਹੈ ਜਿਸ ਨੇ ਪਹਿਲਾਂ ਸਿੱਧੂ ਮੂਸੇਵਾਲਾ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਹੁਣ ਉਹ ਸਿੱਧੂ ਮੂਸੇਵਾਲਾ ਦੇ ਘਰ ਵੀ ਜਾ ਕੇ ਰੋਇਆ ਹੈ। ਬੇਕਸੂਰ ਹੋਣ ਦਾ ਦਿਖਾਵਾ ਕੀਤਾ ਹੈ। ਪਰ ਮਾਫ ਨਹੀਂ ਕੀਤਾ ਜਾਵੇਗਾ। ਇਸ ਵਿਅਕਤੀ ਨੇ ਕਈ ਲੋਕਾਂ ਨਾਲ ਠੱਗੀ ਮਾਰੀ ਹੈ। ਕਈ ਲੋਕਾਂ ਨੂੰ ਪ੍ਰੇਸ਼ਾਨ ਵੀ ਕੀਤਾ ਗਿਆ। ਸਾਡਾ ਭਰਾ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵੀ ਇਸ ਦਾ ਸ਼ਿਕਾਰ ਹੋ ਗਿਆ।

ਪੰਜਾਬੀ ਮਿਊਜ਼ਿਕ ਇੰਡਸਟਰੀ ਦੇ 25 ਤੋਂ ਵੱਧ ਸਟਾਰ ਗਾਇਕ ਐਮਪੀ 3 ਗੀਤ ਰਾਹੀਂ ਕੰਮ ਕਰਦੇ ਹਨ। ਅਜਿਹੇ ਵਿਚ ਉਨ੍ਹਾਂ ਗਾਇਕਾਂ ਜਸ ਮਾਣਕ, ਦੀਪ ਜੰਡੂ, ਬੋਹੇਮੀਆ, ਡਿਵਾਈਨ, ਹੁਨਰ ਸਿੰਘ ਸੰਧੂ, ਵੱਡਾ ਗਰੇਵਾਲ, ਕਰਨ ਰੰਧਾਵਾ, ਹਰਫ ਚੀਮਾ, ਜ਼ੀ ਖਾਨ, ਅੰਮ੍ਰਿਤ ਮਾਨ, ਕੈਂਬੀ, ਜਗਜੀਤ ਸੰਧੂ ਆਦਿ ਦੀ ਚਿੰਤਾ ਵੀ ਵਧ ਗਈ ਹੈ। ਐਮਪੀ 3 ਦੇ ਨਾਲ-ਨਾਲ ਪੰਜਾਬੀ ਗਾਇਕ ਸਮੇਤ ਕਈ ਹੋਰ ਨਾਮ ਸ਼ਾਮਲ ਹਨ।





ਜੰਟਾ ਖਰੜ ਨੇ ਮੱਧ ਪ੍ਰਦੇਸ਼ ਦੇ ਗਵਾਲੀਅਰ ਦੇ ਦਾਬਰਾ ਵਿੱਚ ਜਸਵੰਤ ਸਿੰਘ ਕਤਲ ਕਾਂਡ ਦੀ ਜ਼ਿੰਮੇਵਾਰੀ ਵੀ ਲਈ ਹੈ। ਜਿਸ ਵਿੱਚ ਉਸਨੇ ਕਿਹਾ- ਜਸਵੰਤ ਸਿੰਘ ਨਾਲ ਸਾਡੀ ਪੁਰਾਣੀ ਦੁਸ਼ਮਣੀ ਸੀ। ਜਿਸ ਕਾਰਨ ਉਸ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ।

ਜੰਟਾ ਨੇ ਅੱਗੇ ਕਿਹਾ, ਚੰਗਾ ਹੋਵੇਗਾ ਜੇਕਰ ਉਸ ਦੇ ਨਾਲ ਘੁੰਮਣ ਵਾਲੇ ਦੋ-ਚਾਰ ਗਾਇਕ ਕਿਤੇ ਹੋਰ ਕੰਮ ਲੱਭ ਲੈਣ।

# ਲਾਰੈਂਸ ਦਾ ਭਰਾ ਅਨਮੋਲ ਬਿਸ਼ਨੋਈ ਅਮਰੀਕਾ ਵਿਚ ਗ੍ਰਿਫ਼ਤਾਰ

## ✪ ਬਾਬਾ ਸਿੱਦੀਕੀ ਤੇ ਮੂਸੇਵਾਲ ਕਤਲ ਕਾਂਡ ਦਾ ਹੈ ਦੋਸ਼ੀ

ਨਵੀਂ ਦਿੱਲੀ-ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਨਮੋਲ ਬਿਸ਼ਨੋਈ ਨੂੰ ਅਮਰੀਕਾ ਦੇ ਕੈਲੀਫੋਰਨੀਆ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਕਾਰਵਾਈ ਮੁੰਬਈ ਪੁਲਿਸ ਦੀ ਕਰਾਈਮ ਬ੍ਰਾਂਚ ਵਲੋਂ ਵਿਸ਼ੇਸ਼ ਮਕੋਕਾ (ਮਹਾਰਾਸ਼ਟਰ ਕੰਟਰੋਲ ਆਫ ਆਰਗੇਨਾਈਜ਼ਡ ਕਰਾਈਮ ਐਕਟ) ਕੋਰਟ ਨੂੰ ਸੂਚਿਤ ਕੀਤੇ ਜਾਣ ਦੇ ਕੁਝ ਦਿਨਾਂ ਬਾਅਦ ਕੀਤੀ ਗਈ ਹੈ, ਜਿਸ ਵਿਚ ਉਸ ਦੀ ਹਵਾਲਗੀ ਦੀ ਮੰਗ ਕੀਤੀ ਗਈ ਸੀ। ਉਸ ਦੀ ਐੱਨਸੀਪੀ ਦੇ ਆਗੂ ਬਾਬਾ ਸਿੱਦੀਕੀ ਦੀ ਹੱਤਿਆ ਵਿਚ ਵੀ ਭਾਲ ਹੈ, ਜਿਸਦੀ 12 ਅਕਤੂਬਰ ਨੂੰ ਉਸਦੇ ਬੇਟੇ ਦੇ ਦਫ਼ਤਰ ਦੇ ਨੇੜੇ ਹੀ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੁਲਿਸ ਨੇ ਇਸ ਹੱਤਿਆਕਾਂਡ 'ਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।



ਪੁਲਿਸ ਨੂੰ ਅਨਮੋਲ ਤੇ ਲਾਰੈਂਸ ਦੀ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਦੀ ਰਿਹਾਇਸ਼ ਦੇ ਬਾਹਰ ਹੋਈ ਗੋਲ਼ੀਬਾਰੀ ਵਿਚ ਵੀ ਭਾਲ ਸੀ। ਪੁਲਿਸ ਦੀ ਚਾਰਜਸ਼ੀਟ ਵਿਚ ਦੋਵਾਂ ਦਾ ਨਾਂ ਸ਼ਾਮਲ ਹੈ। ਉਹ ਇਸ ਸਮੇਂ ਭਾਰਤ ਵਿਚ 18 ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਉਸ ਲਈ 10 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਬਾਲੀਵੁੱਡ ਦੀਆਂ ਕਈ ਮਸ਼ਹੂਰ ਹਸਤੀਆਂ 'ਤੇ ਹਮਲਿਆਂ ਦੀ ਯੋਜਨਾ ਬਣਾਉਣ ਵਿਚ ਸ਼ਾਮਲ ਹੈ। ਦੱਸਿਆ ਜਾਂਦਾ ਹੈ ਕਿ 2022 ਵਿਚ ਲਿਵ ਇਨ ਪਾਰਟਨਰ ਸ਼ਰਧਾ ਵਾਕਰ ਦੀ ਹੱਤਿਆ ਕਰਨ ਵਾਲਾ ਆਫਤਾਬ ਪੂਨਾਵਾਲਾ ਵੀ ਬਿਸ਼ਨੋਈ ਗੈਂਗ ਦੀ ਹਿਟ ਲਿਸਟ ਵਿਚ ਸੀ। ਬਾਬਾ ਸਿੱਦੀਕੀ ਹੱਤਿਆਕਾਂਡ ਦੀ ਜਾਂਚ ਕਰ ਰਹੇ ਮੁੰਬਈ ਪੁਲਿਸ ਦੇ ਅਧਿਕਾਰੀਆਂ ਮੁਤਾਬਕ, ਕਥਿਤ ਮੁੱਖ ਸ਼ੂਟਰ ਸ਼ਿਵ ਕੁਮਾਰ ਗੌਤਮ ਨੇ ਇਹ ਖ਼ੁਲਾਸਾ ਕੀਤਾ ਹੈ। ਮੂਸੇਵਾਲਾ ਦੀ ਮੌਤ ਤੋਂ ਬਾਅਦ ਅਨਮੋਲ ਲਾਪਤਾ ਹੋ ਗਿਆ ਸੀ ਅਤੇ ਮੰਨਿਆ ਜਾਂਦਾ ਹੈ ਕਿ ਉਹ ਜਾਅਲੀ ਪਾਸਪੋਰਟ 'ਤੇ ਭਾਰਤ ਤੋਂ ਭੱਜ ਗਿਆ ਸੀ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਉਸ ਨੇ ਕਿਸ ਦੇਸ਼ ਵਿਚ ਪਨਾਹ ਲਈ ਸੀ, ਕੁੱਝ ਰਿਪੋਰਟਾਂ ਤੋਂ ਪਤਾ ਲਗਦਾ ਹੈ ਕਿ ਉਹ ਕੈਨੇਡਾ ਤੋਂ ਬਿਸ਼ਨੋਈ ਗੈਂਗ ਦੇ ਮਾਮਲਿਆਂ ਦਾ ਪ੍ਰਬੰਧਨ ਕਰ ਰਿਹਾ ਸੀ। ਇਹ ਪਤਾ ਲੱਗਿਆ ਹੈ ਕਿ ਅਨਮੋਲ ਕੈਨੇਡਾ ਵਿੱਚ ਰਹਿੰਦਾ ਸੀ ਅਤੇ ਅਮਰੀਕਾ ਆਉਂਦਾ ਜਾਂਦਾ ਰਹਿੰਦਾ ਸੀ। ਕੁੱਝ ਰਿਪੋਰਟਾਂ ਅਨੁਸਾਰ ਅਨਮੋਲ ਨੂੰ ਪਿਛਲੇ ਸਾਲ ਕੀਨੀਆ ਵਿਚ ਵੇਖਿਆ ਗਿਆ ਸੀ ਅਤੇ ਉਦੋਂ ਤੋਂ ਉਸ ਨੇ ਕਈ ਵਾਰ ਆਪਣਾ ਟਿਕਾਣਾ ਬਦਲਿਆ ਹੈ।

# ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਉਪਰ ਪੱਥਰ ਨਾਲ ਹਮਲਾ

ਮੁੰਬਈ-ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਤੇ ਐਨ.ਸੀ.ਪੀ. (ਸ਼ਰਦ ਧੜੇ) ਦੇ ਨੇਤਾ ਅਨਿਲ ਦੇਸ਼ਮੁਖ 'ਤੇ ਬੀਤੇ ਸੋਮਵਾਰ ਰਾਤ ਨਾਗਪੁਰ ਦੇ ਕਾਟੋਲ ਵਿਧਾਨ ਸਭਾ ਹਲਕੇ ਵਿਚ ਹਮਲਾ ਕੀਤਾ ਗਿਆ। ਕਿਸੇ ਅਣਪਛਾਤੇ ਵਿਅਕਤੀ ਨੇ ਉਨ੍ਹਾਂ 'ਤੇ ਪੱਥਰ ਮਾਰਿਆ, ਜਿਸ ਕਾਰਨ ਅਨਿਲ ਦੇਸ਼ਮੁਖ ਦੇ ਸਿਰ 'ਤੇ ਸੱਟ ਲੱਗ ਗਈ ਤੇ ਉਹ ਗੰਭੀਰ ਜ਼ਖ਼ਮੀ ਹੋ ਗਏ। ਹਮਲੇ ਦੀ ਨਿੰਦਾ ਕਰਦੇ ਹੋਏ ਕਾਂਗਰਸ ਨੇਤਾ ਬਾਲਾਸਾਹਿਬ ਥੋਰਾਟ ਨੇ ਕਿਹਾ ਕਿ ਉਪ-ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਜ਼ਿਲ੍ਹੇ ਵਿਚ ਸਾਬਕਾ ਗ੍ਰਹਿ ਮੰਤਰੀ 'ਤੇ ਹਮਲਾ ਸਵਾਲ ਪੈਦਾ ਕਰਦਾ ਹੈ ਕਿ ਸੂਬੇ ਵਿਚ ਕਾਨੂੰਨ ਦਾ ਰਾਜ ਹੈ ਜਾਂ ਗੁੰਡਿਆਂ ਦਾ ਜਦਕਿ ਭਾਜਪਾ ਨੇ ਦੋਸ਼ ਲਾਇਆ ਹੈ ਕਿ ਇਹ ਚੋਣ ਸਟੰਟ ਹੈ।



# ਪੁਲਸ ਵਲੋਂ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼

## ✪ ਹੋਟਲ 'ਚ ਮਾਰਿਆ ਛਾਪਾ, ਇਤਰਾਜ਼ਯੋਗ ਹਾਲਤ ਵਿਚ ਚੱਕ ਲਏ ਮੁੰਡੇ-ਕੁੜੀਆਂ



ਮੋਗਾ-ਥਾਣਾ ਸਿਟੀ ਮੋਗਾ ਦੀ ਪੁਲਸ ਨੇ ਮੋਗਾ ਦੇ ਲੁਧਿਆਣਾ ਰੋਡ ਸਥਿਤ ਹੋਟਲ 'ਰੌਕਸਟਾਰ' ਵਿਚ ਰੇਡ ਮਾਰ ਕੇ ਪਿਛਲੇ ਲੰਬੇ ਸਮੇਂ ਤੋਂ ਚੱਲਦੇ ਆ ਰਹੇ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼ ਕੀਤਾ ਹੈ। ਥਾਣਾ ਸਿਟੀ-1 ਦੇ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਮਹਿਲਾ ਪੁਲਸ ਪਾਰਟੀ ਨਾਲ ਹੋਟਲ 'ਚ ਰੇਡ ਮਾਰ ਕੇ ਮੌਕੇ ਤੋਂ 11 ਔਰਤਾਂ ਤੇ 8 ਬੰਦਿਆਂ ਨੂੰ ਕਾਬੂ ਕਰ ਲਿਆ ਹੈ। ਪੁਲਸ ਨੇ ਉਨ੍ਹਾਂ ਖ਼ਿਲਾਫ਼ ਮੌਰਲ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਟਰੰਪ ਦੀ ਜਿੱਤ ਤੋਂ ਬਾਅਦ ਕਈ ਅਮਰੀਕੀ ਆਪਣਾ ਦੇਸ਼ ਕਿਉਂ ਛੱਡਣ ਲੱਗੇ ?

**ਖਾਸ ਖਬਰ** ✪ ਅਮਰੀਕਨ ਅਖਬਾਰਾਂ ਵਾਸ਼ਿੰਗਟਨ ਪੋਸਟ, ਨਿਊਯਾਰਕ ਟਾਈਮਜ਼ ਅਤੇ ਯੂਐਸਏ ਟੂਡੇ ਨੇ ਕੀਤਾ ਖੁਲਾਸਾ





ਪ੍ਰਸਿੱਧ ਅਮਰੀਕਨ ਮੀਡੀਆ ਫੋਰਬਸ ਦੁਆਰਾ ਇੱਕ ਸਟੋਰੀ ਦਾ ਸਿਰਲੇਖ ਹੈ - 'ਕੀ ਤੁਸੀਂ ਅਮਰੀਕਾ ਛੱਡਣਾ ਚਾਹੁੰਦੇ ਹੋ? ਕਿਹੜੇ ਦੇਸ਼ ਅਮਰੀਕੀਆਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰ ਰਹੇ ਹਨ?' ਵਾਸ਼ਿੰਗਟਨ ਪੋਸਟ ਵਰਗੇ ਵੱਕਾਰੀ ਅਮਰੀਕੀ ਅਖਬਾਰ ਵਿੱਚ ਇੱਕ ਕਹਾਣੀ ਦਾ ਸਿਰਲੇਖ ਹੈ - ਕੀ ਤੁਸੀਂ 'ਵਿਦੇਸ਼ ਜਾਣ ਦਾ ਸੁਪਨਾ ਦੇਖ ਰਹੇ ਹੋ?' 5 ਦੇਸ਼ਾਂ ਵਿੱਚ ਪਰਵਾਸ ਕਰਨ ਲਈ ਕੀ ਕਰਨਾ ਹੋਵੇਗਾ?

ਸਵਾਲ ਇਹ ਹੈ ਕਿ ਆਖਿਰ ਅਮਰੀਕਾ ਵਿਚ ਅਜਿਹਾ ਕੀ ਹੋਇਆ ਕਿ ਅਮਰੀਕੀ ਮੀਡੀਆ ਨੂੰ ਇਹ ਲਿਖਣਾ ਪਿਆ 'ਕੀ ਤੁਸੀਂ ਅਮਰੀਕਾ ਛੱਡਣਾ ਚਾਹੁੰਦੇ ਹੋ?' ਆਖ਼ਰਕਾਰ, ਵੱਡੇ ਅਖ਼ਬਾਰ ਉਨ੍ਹਾਂ ਦੇਸ਼ਾਂ ਦੀਆਂ ਸੂਚੀਆਂ ਕਿਉਂ ਛਾਪ ਰਹੇ ਹਨ ਜਿੱਥੇ ਅਮਰੀਕੀਆਂ ਲਈ ਪਰਵਾਸ ਕਰਨਾ ਬਿਹਤਰ ਹੋਵੇਗਾ? ਜਿਸ ਦੇਸ਼ ਵਿੱਚ ਭਾਰਤ ਵਰਗੇ ਦੇਸ਼ਾਂ ਦੇ ਲੋਕ ਪਰਵਾਸ ਜਾਂ ਵਸਣ ਦਾ ਸੁਪਨਾ ਲੈਂਦੇ ਹਨ ਅਤੇ 'ਡੰਕੀ ਰੂਟ' ਅਪਨਾਉਣ ਤੋਂ ਝਿਜਕਦੇ ਨਹੀਂ, ਉਸ ਦੇਸ਼ ਦੇ ਨਾਗਰਿਕਾਂ ਨੇ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਹੈ।ਆਖਿਰ ਅਮਰੀਕਾ ਵਿਚ ਅਜਿਹੀ ਸਥਿਤੀ ਕਿਵੇਂ ਪੈਦਾ ਹੋ ਗਈ?

ਇਕ ਹੋਰ ਵੱਕਾਰੀ ਅਮਰੀਕੀ ਅਖਬਾਰ, ਨਿਊਯਾਰਕ ਟਾਈਮਜ਼ ਨੇ ਪੁੱਛਿਆ, 'ਕੀ ਡਿਜ਼ੀਟਲ ਖਾਨਾਬਦੋਸ਼ ਦੀ ਨਵੀਂ ਲਹਿਰ ਆ ਰਹੀ ਹੈ?' ਵਿਦੇਸ਼ ਜਾਣ ਦੀ ਰੁਚੀ ਵਧ ਰਹੀ ਹੈ' ਇਸ ਸਿਰਲੇਖ ਵਾਲੀ ਲੰਬੀ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਅਮਰੀਕੀ ਚੋਣਾਂ ਦੇ ਮੱਦੇਨਜ਼ਰ ਡਿਜੀਟਲ ਨੋਮੈਡ ਵੀਜ਼ਾ ਅਤੇ ਵਿਦੇਸ਼ ਜਾਣ ਵਿੱਚ ਅਮਰੀਕੀਆਂ ਦੀ ਦਿਲਚਸਪੀ ਵੱਧ ਰਹੀ ਹੈ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਅਮਰੀਕਾ ਛੱਡਣ ਦੀ ਚਰਚਾ ਤੇਜ਼ ਹੋ ਗਈ ਹੈ। ਅਮਰੀਕੀ ਚੋਣ ਨਤੀਜੇ ਐਲਾਨੇ ਜਾਣ ਅਤੇ ਟਰੰਪ ਦੀ ਜਿੱਤ ਤੋਂ ਬਾਅਦ ਨੋਮੈਡ ਵੀਜ਼ਿਆਂ ਵਿੱਚ ਵੀ ਵਾਧਾ ਹੋਇਆ ਹੈ। ਇਹ ਵੀਜ਼ਾ ਲੋਕਾਂ ਨੂੰ ਲੰਬੇ ਸਮੇਂ ਲਈ ਦੂਜੇ ਦੇਸ਼ ਵਿਚ ਰਹਿਕੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਮਹਾਂਮਾਰੀ ਦੇ ਦੌਰਾਨ ਡਿਜੀਟਲ ਖਾਨਾਬਦੋਸ਼ ਵਧਿਆ, ਜਦੋਂ ਬਹੁਤ ਸਾਰੇ ਲੋਕ ਕੰਮ ਵਾਲੀ ਥਾਂ ਤੱਕ ਸੀਮਤ ਨਹੀਂ ਸਨ ਅਤੇ ਸੁਤੰਤਰ ਤੌਰ 'ਤੇ ਦੂਰ-ਦੁਰਾਡੇ ਦੀਆਂ ਮੰਜ਼ਿਲਾਂ ਦੀ ਯਾਤਰਾ ਕਰ ਸਕਦੇ ਸਨ ਅਤੇ ਉੱਥੋਂ ਰਹਿ ਸਕਦੇ ਸਨ ਅਤੇ ਕੰਮ ਕਰ ਸਕਦੇ ਸਨ।

ਜਦੋਂ ਬੀਤੇ ਦਿਨੀਂ ਇਹ ਸਪੱਸ਼ਟ ਹੋ ਗਿਆ ਕਿ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਹੈ, ਤਾਂ ਗੂਗਲ ਨੇ 'ਸਭ ਤੋਂ ਵਧੀਆ ਦੇਸ਼ ਜੋ ਤੁਸੀਂ ਜਾ ਸਕਦੇ ਹੋ' ਅਤੇ 'ਕੈਨੇਡਾ ਕਿਵੇਂ ਜਾਣਾ ਹੈ' ਵਰਗੇ ਸ਼ਬਦਾਂ ਦੀ ਖੋਜ ਕੀਤੀ, ਵਰਗੇ ਸ਼ਬਦਾਂ ਦੀ ਖੋਜ ਚਰਮ ਸੀਮਾ ਉਪਰ ਸੀ।

ਕਿਹਾ ਜਾ ਰਿਹਾ ਹੈ ਕਿ ਗੂਗਲ 'ਤੇ ਇਹ ਇਸ ਲਈ ਸਰਚ ਕੀਤਾ ਜਾ ਰਿਹਾ ਹੈ ਕਿਉਂਕਿ ਖੁਦ ਨੂੰ ਉਦਾਰਵਾਦੀ ਮੰਨਣ ਵਾਲੇ ਅਮਰੀਕੀਆਂ ਦਾ ਇਕ ਵਰਗ ਇਹ ਮੰਨਦਾ ਹੈ ਕਿ ਉਹ ਟਰੰਪ ਦੇ ਸ਼ਾਸਨ ਵਿਚ ਅਮਰੀਕਾ ਵਿਖੇ ਸੁਖੀ ਨਹੀਂ ਰਹਿ ਸਕਦੇ ਹਨ।ਉਹ ਟਰੰਪ ਨੂੰ ਵੰਡਣ ਵਾਲੀ ਤੇ ਨਸਲਵਾਦੀ ਸ਼ਖਸੀਅਤ ਵਜੋਂ ਦੇਖਦੇ ਹਨ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਣ ਦਾ ਵਾਅਦਾ ਕੀਤਾ ਹੈ ਅਤੇ ਉਹ ਇਮੀਗ੍ਰੇਸ਼ਨ ਵਿਰੁੱਧ ਸਖਤ ਕਨੂੰਨ ਲਿਆ ਰਹੇ ਹਨ।

ਹਾਲਾਂਕਿ ਅਮਰੀਕਾ ਤੋਂ ਬਾਹਰ ਜਾਣ ਦੇ ਚਾਹਵਾਨ ਲੋਕਾਂ ਬਾਰੇ ਕੋਈ ਠੋਸ ਡੇਟਾ ਨਹੀਂ ਹੈ, ਇਹ ਨਿਊਯਾਰਕ ਟਾਈਮਜ਼ ਅਤੇ ਯੂਐਸਏ ਟੂਡੇ ਸਮੇਤ ਕਈ ਮੀਡੀਆ ਰਿਪੋਰਟਾਂ ਅਤੇ ਔਨਲਾਈਨ ਚਰਚਾਵਾਂ ਵਿੱਚ ਦਿਖਾਈ ਦਿੰਦਾ ਹੈ। ਅਜਿਹਾ ਹੀ ਰੁਝਾਨ 2016 ਵਿੱਚ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਟਰੰਪ ਨੇ ਹਿਲੇਰੀ ਕਲਿੰਟਨ ਨੂੰ ਹਰਾ ਕੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਸੀ।

ਪਿਛਲੀਆਂ ਚੋਣਾਂ ਦੌਰਾਨ ਕੈਲੀਫੋਰਨੀਆ ਤੋਂ ਪੁਰਤਗਾਲ ਚਲੇ ਗਏ 48 ਸਾਲਾ ਜਸਟਿਨ ਨੈਪਰ ਨੇ ਯੂਐਸਏ ਟੂਡੇ ਨੂੰ ਮੌਜੂਦਾ ਸਥਿਤੀ ਬਾਰੇ ਦੱਸਿਆ, "ਮੈਂ ਕਹਾਂਗਾ ਕਿ ਸਾਡੇ ਘੱਟੋ-ਘੱਟ 50% ਦੋਸਤ ਜਾਣ ਬਾਰੇ ਵਿਚਾਰ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਲਈ ਰਾਜਨੀਤੀ ਇੱਕ ਕਾਰਣ ਹੈ"। ਯੂਐਸਏ ਟੂਡੇ ਨੇ ਰਿਪੋਰਟ ਅਨੁਸਾਰ ਬਹੁਤ ਸਾਰੇ ਪ੍ਰਵਾਸੀ ਇੱਕ ਅਜਿਹੇ ਦੇਸ਼ ਵਿੱਚ ਜਾਣਾ ਚਾਹੁੰਦੇ ਹਨ ਜੋ 'ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਨਾਲ ਮੇਲ ਖਾਂਦਾ ਹੋਵੇ, ਵਿਸ਼ਵਵਿਆਪੀ ਸਿਹਤ ਦੇਖਭਾਲ ਦਾ ਪ੍ਰਬੰਧ ਹੋਵੇ।ਅਮਰੀਕਨ ਸੰਯੁਕਤ ਰਾਜ ਅਮਰੀਕਾ ਦੀ ਨਫਰਤੀ ਤੇ ਧਰੁਵੀਕਰਨ ਵਾਲੀ ਸਿਆਸਤ ਕਾਰਣ ਰਾਜਨੀਤਿਕ ਮਾਹੌਲ ਤੋਂ ਦੂਰ ਕਿਤੇ ਵਸਣਾ ਚਾਹੁੰਦੇ ਹਨ'।

ਟਰੰਪ ਦੇ ਰਾਸ਼ਟਰਪਤੀ ਬਣਨ ਕਾਰਣ ਬਹੁਤ ਸਾਰੇ ਲੋਕਾਂ ਵਿੱਚ ਨਿਰਾਸ਼ਾ ਦੀ ਭਾਵਨਾ ਪੈਦਾ ਕੀਤੀ ਹੈ ਜੋ ਸੋਚਦੇ ਹਨ ਕਿ ਉਹ ਟਰੰਪ ਦੀਆਂ ਨੀਤੀਆਂ ਤੋਂ ਸਿੱਧੇ ਪ੍ਰਭਾਵਿਤ ਹੋਣਗੇ।ਨੌਕਰੀਆਂ ਤੋਂ ਛਾਂਟੀ, ਤਰੱਕੀ ਦੀ ਘਾਟ ਅਤੇ ਰੋਜ਼ੀ-ਰੋਟੀ ਕਮਾਉਣ ਵਿੱਚ ਮੁਸ਼ਕਲ ਕਾਰਨ ਲੋਕ ਅਮਰੀਕਾ ਨੂੰ ਅਲਵਿਦਾ ਕਹਿਣ ਲਈ ਮਜਬੂਰ ਹਨ।

ਸਿੰਡੀ ਸ਼ੀਹਾਨ ਨਾਮ ਦੀ ਇੱਕ ਔਰਤ ਅਮਰੀਕਾ ਵਿੱਚ ਵੱਧਦੇ ਧਰੁਵੀਕਰਨ ਅਤੇ ਵੰਡ ਕਾਰਨ ਇਸ ਅਕਤੂਬਰ ਵਿੱਚ ਸਿਸਲੀ ਚਲੀ ਗਈ ਸੀ। ਜਦੋਂ ਉਨ੍ਹਾਂ ਨੂੰ ਵਾਪਸ ਆਉਣ ਦੀ ਯੋਜਨਾ ਬਾਰੇ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਇਹ ਅਸੰਭਵ ਹੈ। ਉਸਨੇ ਯੂਐਸਏ ਟੂਡੇ ਨੂੰ ਦੱਸਿਆ, "ਟਰੰਪ ਦਾ ਇੱਕ ਹੋਰ ਕਾਰਜਕਾਲ ਮੈਨੂੰ ਸਵੀਕਾਰ ਨਹੀਂ ਹੈ।"

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਜੇਨ ਬਰਨੇਟ, ਜੋ ਐਕਸਪੈਟਸੀ ਨਾਂ ਦੀ ਕੰਪਨੀ ਚਲਾਉਂਦੀ ਹੈ, ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਵਿਦੇਸ਼ ਜਾਣ ਦੇ ਚਾਹਵਾਨ ਅਮਰੀਕੀਆਂ ਦੀ ਮਦਦ ਕਰਦੀ ਹੈ। ਉਸਨੇ ਕਿਹਾ ਕਿ ਰਾਸ਼ਟਰਪਤੀ ਨਤੀਜਿਆਂ ਦੀ ਘੋਸ਼ਣਾ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਹੀ ਉਸਦੀ ਸਾਈਟ ਨੂੰ ਇੱਕ ਮਹੀਨੇ ਦਾ ਟ੍ਰੈਫਿਕ ਪ੍ਰਾਪਤ ਹੋਇਆ ਕਿ ਅਮਰੀਕਨ ਦੇਸ ਛੱਡਣ ਦੇ ਚਾਹਵਾਨ ਹਨ।

ਰਿਪੋਰਟ ਅਨੁਸਾਰ 2004 ਵਿੱਚ ਜਾਰਜ ਡਬਲਯੂ ਬੁਸ਼ ਦੇ ਮੁੜ ਚੁਣੇ ਜਾਣ, 2020 ਵਿੱਚ ਜੋ ਬਿਡੇਨ ਦੀ ਚੋਣ, ਅਤੇ 2016 ਵਿੱਚ ਟਰੰਪ ਦੀ ਪਹਿਲੀ ਚੋਣ ਤੋਂ ਬਾਅਦ ਵਿਦੇਸ਼ ਜਾਣ ਵਿੱਚ ਇਸਤਰ੍ਹਾਂ ਦਿਲਚਸਪੀ ਵਧੀ ਹੈ। ਪਰ ਅੰਕੜੇ ਦਰਸਾਉਂਦੇ ਹਨ ਕਿ ਸਿਰਫ ਕੁਝ ਹੀ ਅਮਰੀਕੀਆਂ ਨੇ ਅਸਲ ਵਿੱਚ ਇਹ ਕਦਮ ਚੁੱਕੇ ਹਨ।

### -ਮਾਮਲਾ ਆਸਟ੍ਰੇਲੀਆ ਦਾ ਵਰਕ ਵੀਜ਼ਾ ਲਗਵਾਉਣ ਦੇ ਨਾਂ ਠੱਗੀ ਦਾ -

## ਏਜੰਟ ਨੇ 5 ਲੋਕਾਂ ਨਾਲ ਮਾਰੀ 41 ਲੱਖ ਦੀ ਠੱਗ

ਚੰਡੀਗੜ੍ਹ-ਆਸਟ੍ਰੇਲੀਆ ਦਾ ਵਰਕ ਵੀਜ਼ਾ ਲਗਵਾਉਣ ਦੇ ਨਾਂ 'ਤੇ ਪਟਿਆਲਾ ਦੀ ਰਹਿਣ ਵਾਲੀ ਪਲਕਦੀਪ ਕੌਰ ਸਣੇ ਪੰਜ ਲੋਕਾਂ ਤੋਂ ਸੈਕਟਰ-17 ਸਥਿਤ ਮਾਈ ਇਮੀਗ੍ਰੇਸ਼ਨ ਸਲਿਊਸ਼ਨ ਦੇ ਮਾਲਕ ਨੇ 41 ਲੱਖ ਰੁਪਏ ਦੀ ਠੱਗੀ ਮਾਰ ਲਈ। ਸੈਕਟਰ-17 ਥਾਣੇ ਦੀ ਪੁਲਸ ਨੇ ਮਾਮਲੇ ਦੀ ਜਾਂਚ ਕਰ ਕੇ ਮਾਈ ਇਮੀਗ੍ਰੇਸ਼ਨ ਸੋਲਿਊਸ਼ਨ ਦੇ ਮਾਲਕ ਵਿਕਾਸ ਸ਼ਰਮਾ ਤੇ ਹੋਰ ਸਟਾਫ ਖ਼ਿਲਾਫ਼ ਧੋਖਾਧੜੀ ਤੇ ਸਾਜ਼ਿਸ਼ ਰਚਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ, ਪਲਕਦੀਪ ਕੌਰ ਤੇ ਪੰਜ ਹੋਰ ਲੋਕਾਂ ਦੇ ਆਸਟ੍ਰੇਲੀਆ ਦੇ ਸਟੱਡੀ ਵੀਜ਼ੇ ਲਗਵਾਉਣ ਲਈ ਵਿਕਾਸ ਸ਼ਰਮਾ ਨੇ 7-7 ਲੱਖ ਰੁਪਏ ਮੰਗੇ ਸਨ। ਉਨ੍ਹਾਂ ਆਸਟ੍ਰੇਲੀਆ ਵਿਚ ਕੰਮ ਕਰਨ ਲਈ ਇਮੀਗ੍ਰੇਸ਼ਨ ਮਾਲਕ ਨੂੰ 41 ਲੱਖ 51 ਹਜ਼ਾਰ ਤੇ ਪਾਸਪੋਰਟ ਦੇ ਦਿੱਤੇ। ਪਰ ਦੋ-ਤਿੰਨ ਮਹੀਨਿਆਂ 'ਚ ਵਰਕ ਵੀਜ਼ਾ ਲੱਗਣ ਦਾ ਕਹਿਣ 'ਤੇ ਲੱਖਾਂ ਰੁਪਏ ਲੈਣ ਤੋਂ ਬਾਅਦ ਵੀ ਇਮੀਗ੍ਰੇਸ਼ਨ ਕੰਪਨੀ ਨੇ ਸ਼ਿਕਾਇਤਕਰਤਾਵਾਂ ਨੂੰ ਨਾ ਤਾਂ ਵੀਜ਼ਾ ਦਿੱਤਾ ਤੇ ਨਾ ਹੀ ਪੈਸੇ ਵਾਪਸ ਕੀਤੇ। ਸ਼ਿਕਾਇਤਕਰਤਾਵਾਂ ਨੇ ਐੱਸ. ਐੱਸ. ਪੀ. ਪਬਲਿਕ ਵਿੰਡੋ 'ਤੇ ਵਿਕਾਸ ਸ਼ਰਮਾ ਖ਼ਿਲਾਫ ਸ਼ਿਕਾਇਤ ਦਿੱਤੀ ਸੀ।

# ਇਜ਼ਰਾਈਲੀ ਹਵਾਈ ਹਮਲਿਆਂ ਵਿੱਚ ਹਿਜ਼ਬੁੱਲਾ ਦੇ ਤਿੰਨ ਫੀਲਡ ਕਮਾਂਡਰ ਮਾਰੇ ਗਏ

**✪ ਕਬਰਸਤਾਨ ਬਣਿਆ ਗਾਜ਼ਾ, 43 ਹਜ਼ਾਰ ਤੋਂ ਵੱਧ ਮੌਤਾਂ ✪ ਨੇਤਨਯਾਹੂ ਦੇ ਘਰ ਉਪਰ ਸੁੱਟੇ ਬੰਬ, ਇਜ਼ਰਾਇਲੀ ਹਮਲੇ ਵਿਚ 10 ਫਲਸਤੀਨੀਆਂ ਦੀ ਮੌਤ, 20 ਜ਼ਖ਼ਮੀ ✪ ਇਰਾਨ ਵਿਚ ਤਖ਼ਤਾ ਪਲਟ ਦੀ ਯੋਜਨਾ ਬਣਾ ਰਿਹਾ ਹੈ ਟਰੰਪ !**

ਦੱਖਣੀ ਲੇਬਨਾਨ ਵਿੱਚ ਇਜ਼ਰਾਇਲੀ ਹਵਾਈ ਹਮਲਿਆਂ ਵਿੱਚ ਹਿਜ਼ਬੁੱਲਾ ਦੇ ਤਿੰਨ ਫੀਲਡ ਕਮਾਂਡਰ ਮਾਰੇ ਗਏ ਹਨ। ਇਸ ਤੋਂ ਇਲਾਵਾ, ਬੇਰੂਤ ਦੇ ਦਹੀਆਹ ਵਿਚ ਸਮੂਹ ਦੇ ਜ਼ਿਆਦਾਤਰ ਹਥਿਆਰ ਸਟੋਰੇਜ ਅਤੇ ਉਤਪਾਦਨ ਸਹੂਲਤਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ। ਮਰਨ ਵਾਲਿਆਂ ਵਿੱਚ ਕਮਾਂਡਰ ਅਯਮਨ ਮੁਹੰਮਦ ਨਬੁਲਸੀ, ਹਾਜ ਅਲੀ ਯੂਸਫ ਸਲਾਹ ਅਤੇ ਗਜਰ ਖੇਤਰ ਦਾ ਇੱਕ ਹੋਰ ਕਮਾਂਡਰ ਸ਼ਾਮਲ ਹੈ।

ਫੌਜ ਨੇ ਦੱਸਿਆ ਕਿ ਅਕਤੂਬਰ ਵਿਚ ਖਿਯਾਮ ਇਲਾਕੇ ਦਾ ਹਿਜ਼ਬੁੱਲਾ ਕਮਾਂਡਰ ਮੁਹੰਮਦ ਮੂਸਾ ਸਲਾਹ ਮਾਰਿਆ ਗਿਆ ਸੀ। ਬੇਰੂਤ 'ਤੇ ਹੋਏ ਹਮਲੇ ਵਿਚ 20 ਲੋਕ ਮਾਰੇ ਗਏ ਸਨ। ਇਜ਼ਰਾਈਲ ਰੱਖਿਆ ਬਲਾਂ ਨੇ ਕਿਹਾ ਕਿ ਹਮਲੇ ਤੋਂ ਪਹਿਲਾਂ ਨਾਗਰਿਕਾਂ ਨੂੰ ਚੇਤਾਵਨੀ ਦਿੱਤੀ ਗਈ ਸੀ। ਹਿਜ਼ਬੁੱਲਾ ਜਾਣਬੁੱਝ ਕੇ ਇੱਥੇ ਵਸਨੀਕਾਂ ਨੂੰ ਮਨੁੱਖੀ ਢਾਲ ਵਜੋਂ ਵਰਤਣ ਲਈ ਘੁਸਪੈਠ ਕਰ ਰਿਹਾ ਹੈ।

ਹਾਲਾਂਕਿ ਹਿਜ਼ਬੁੱਲਾ ਨੇ ਇਸ ਦੋਸ਼ ਨੂੰ ਖਾਰਜ ਕਰ ਦਿੱਤਾ ਹੈ। ਹਿਜ਼ਬੁੱਲਾ ਨੇ ਡਰੋਨ ਅਤੇ ਰਾਕੇਟ ਨਾਲ ਜਵਾਬੀ ਕਾਰਵਾਈ ਕੀਤੀ ਹੈ। ਇਸ ਵਿੱਚ ਉੱਤਰੀ ਇਜ਼ਰਾਈਲ ਦੇ ਨਾਹਾਰੀਆ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਹਿਜ਼ਬੁੱਲਾ ਨੇ ਕਿਹਾ ਕਿ ਉਨ੍ਹਾਂ ਦਾ ਨਿਸ਼ਾਨਾ ਨਾਹਰੀਆ ਦੇ ਪੂਰਬ ਵਿੱਚ ਇੱਕ ਫੌਜੀ ਅੱਡਾ ਸੀ। ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਇਕ ਸੀਨੀਅਰ ਅਧਿਕਾਰੀ ਦਾ ਬਿਆਨ ਸਾਹਮਣੇ ਆਇਆ ਹੈ। ਉਸ ਨੇ ਕਿਹਾ ਹੈ ਕਿ ਲੇਬਨਾਨ ਵਿੱਚ ਜੰਗਬੰਦੀ ਲਿਆਉਣ ਲਈ ਸਾਰੀਆਂ ਧਿਰਾਂ ਨਾਲ ਮਿਲ ਕੇ ਉਨ੍ਹਾਂ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗਾਜ਼ਾ ਪੱਟੀ ਵਿਚ ਬੀਤੇ ਦਿਨੀਂ ਇਜ਼ਰਾਇਲੀ ਫੌਜੀ ਹਮਲਿਆਂ ਵਿਚ 14 ਫਲਸਤੀਨੀ ਮਾਰੇ ਗਏ। ਗਾਜ਼ਾ ਸ਼ਹਿਰ ਦੇ ਸ਼ਾਤੀ ਸ਼ਰਨਾਰਥੀ ਕੈਂਪ ਵਿਚ ਇਕ ਸਕੂਲ 'ਤੇ ਇਜ਼ਰਾਇਲੀ ਹਮਲੇ ਵਿਚ 10 ਫਲਸਤੀਨੀ ਮਾਰੇ ਗਏ ਅਤੇ 20 ਹੋਰ ਜ਼ਖ਼ਮੀ ਹੋ ਗਏ ਸਨ। ਡਾਕਟਰਾਂ ਨੇ ਦੱਸਿਆ ਕਿ ਇਸ ਸ਼ਰਨਾਰਥੀ ਕੈਂਪ ਵਿੱਚ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਮੌਜੂਦਾ ਸਮੇਂ ਵਿੱਚ ਵਿਸਥਾਪਿਤ ਪਰਿਵਾਰਾਂ ਨੂੰ ਸ਼ਰਨ ਦਿੱਤੀ ਜਾ ਰਹੀ ਹੈ।

ਦੂਜੇ ਪਾਸੇ ਉੱਤਰੀ ਇਜ਼ਰਾਈਲ ਦੇ ਸ਼ਹਿਰ ਕੈਸੇਰੀਆ ਵਿੱਚ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਘਰ ਵੱਲ ਦੋ ਫਲੈਸ਼ ਬੰਬ ਸੁੱਟੇ ਗਏ ਜੋ ਬਾਗ ਵਿੱਚ ਡਿੱਗ ਗਏ। ਪੁਲਿਸ ਅਨੁਸਾਰ ਹਮਲੇ ਦੇ ਸਮੇਂ ਨਾ ਤਾਂ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਨਾ ਹੀ ਉਨ੍ਹਾਂ ਦਾ ਪਰਿਵਾਰ ਮੌਜੂਦ ਸੀ ਅਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਹੈ। ਇਹ ਦੂਜੀ ਵਾਰ ਹੈ ਜਦੋਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਘਰ 'ਤੇ ਹਮਲਾ ਹੋਇਆ ਹੈ।

ਇਜ਼ਰਾਈਲ ਦੇ ਰਾਸ਼ਟਰਪਤੀ ਇਸਹਾਕ



ਹਰਜ਼ੋਗ ਨੇ ਟਵਿੱਟਰ 'ਤੇ ਇਕ ਪੋਸਟ ਵਿਚ ਘਟਨਾ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਦੀ ਅਜੇ ਤੱਕ ਕਿਸੇ ਨੇ ਤੁਰੰਤ ਜ਼ਿੰਮੇਵਾਰੀ ਨਹੀਂ ਲਈ ਹੈ।

ਇਸ ਬਾਰੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਸੀ ਕਿ ਉਹ ਗਾਜ਼ਾ ਵਿੱਚ ਲੜਾਈ ਵਿੱਚ ਇੱਕ ਅਸਲ ਅਤੇ ਵਿਸਤ੍ਰਿਤ ਵਿਰਾਮ ਚਾਹੁੰਦੇ ਹਨ ਤਾਂ ਜੋ ਲੋੜਵੰਦਾਂ ਨੂੰ ਸਹਾਇਤਾ ਮਿਲ ਸਕੇ। ਹਾਲਾਂਕਿ, ਲੋਕਾਂ ਦੀ ਮਦਦ ਕਰਨ ਦਾ ਸਭ ਤੋਂ ਵਧੀਆ ਤਰੀਕਾ ਜੰਗ ਨੂੰ ਖਤਮ ਕਰਨਾ ਹੋਵੇਗਾ। ਬਲਿੰਕੇਨ ਨੇ ਕਿਹਾ ਕਿ ਇਜ਼ਰਾਈਲ ਨੇ ਆਪਣੇ ਲਈ ਤੈਅ ਕੀਤੇ ਮਾਪਦੰਡਾਂ ਅਨੁਸਾਰ ਟੀਚਿਆਂ ਨੂੰ ਪੂਰਾ ਕੀਤਾ ਹੈ। ਇਸ ਜੰਗ ਨੂੰ ਖਤਮ ਕਰਨ ਦਾ ਸਮਾਂ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਜ਼ਰਾਈਲ ਗਾਜ਼ਾ ਨੂੰ ਮਾਨਵਤਾਵਾਦੀ ਸਹਾਇਤਾ ਵਿੱਚ ਰੁਕਾਵਟ ਨਹੀਂ ਪਾ ਰਿਹਾ।

ਦੂਜੇ ਪਾਸੇ ਇਕ ਅਖਬਾਰ ਨੇ ਇਜ਼ਰਾਇਲੀ ਅਧਿਕਾਰੀਆਂ ਦੇ ਹਵਾਲੇ ਨਾਲ ਖੁਲਾਸਾ ਕੀਤਾ ਹੈ ਕਿ ਟਰੰਪ ਦੇ ਕਰੀਬੀ ਈਰਾਨ ਦੇ ਸੁਪਰੀਮ ਲੀਡਰ ਅਲੀ ਖਮੇਨੇਈ ਸ਼ਾਸਨ ਦਾ ਤਖਤਾ ਪਲਟਣ ਦੀ ਰਣਨੀਤਕ ਯੋਜਨਾ ਬਣਾ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜਸ਼ਕੀਅਨ ਦੁਨੀਆ ਲਈ ਇੱਕ ਉਦਾਰਵਾਦੀ ਚਿਹਰਾ ਹਨ, ਪਰ ਈਰਾਨ ਦੀ ਵਾਗਡੋਰ ਸੁਪਰੀਮ ਲੀਡਰ ਅਲੀ ਖਾਮੇਨੇਈ ਦੇ ਹੱਥਾਂ ਵਿੱਚ ਹੈ। ਖਾਮੇਨੇਈ ਅਮਰੀਕਾ ਨੂੰ ਲਗਾਤਾਰ ਚੁਣੌਤੀ ਦੇ ਰਹੇ ਹਨ। ਸੂਤਰਾਂ ਦੇ ਹਵਾਲੇ ਨਾਲ ਅਮਰੀਕਾ ਇਜ਼ਰਾਈਲ 'ਚ ਸ਼ਾਂਤੀ ਸਥਾਪਿਤ ਕਰਕੇ ਈਰਾਨ ਦੀ ਤਾਕਤ ਨੂੰ ਘੱਟ ਕਰਨ ਦੀ ਯੋਜਨਾ ਬਣਾ ਰਿਹਾ ਹੈ। ਦੱਸ ਦੇਈਏ ਕਿ ਪਿਛਲੇ ਕਾਰਜਕਾਲ 'ਚ ਟਰੰਪ ਨੇ ਈਰਾਨ ਨਾਲ ਪ੍ਰਮਾਣੂ ਸਮਝੌਤਾ ਖਤਮ ਕਰਕੇ ਉਸ 'ਤੇ ਪਾਬੰਦੀਆਂ ਲਗਾ ਦਿੱਤੀਆਂ ਸਨ।

ਟਰੰਪ ਨੇ 3 ਜਨਵਰੀ 2020 ਨੂੰ ਕੁਦਸ ਫੋਰਸ ਦੇ ਮੁਖੀ ਜਨਰਲ ਕਾਸਿਮ ਸੁਲੇਮਾਨੀ ਦੀ ਹੱਤਿਆ ਦਾ ਹੁਕਮ ਦਿੱਤਾ ਸੀ। ਉਦੋਂ ਤੋਂ ਈਰਾਨ ਟਰੰਪ ਨੂੰ ਆਪਣਾ ਕੱਟੜ ਦੁਸ਼ਮਣ ਮੰਨਦਾ ਹੈ।

ਈਰਾਨ ਨੂੰ ਆਰਥਿਕ ਤੌਰ 'ਤੇ ਤੋੜਨ ਲਈ ਟਰੰਪ ਨੇ ਆਪਣੇ ਨਵੇਂ ਪ੍ਰਸ਼ਾਸਨ ਦੀ ਕੈਬਨਿਟ 'ਚ ਈਰਾਨ ਵਿਰੋਧੀ ਲੋਕਾਂ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਟਰੰਪ ਨੇ ਮਾਈਕ ਵਾਲਟਜ਼ ਨੂੰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਤੇ ਅਰਕਾਨਸਾਸ ਦੇ ਸਾਬਕਾ ਗਵਰਨਰ ਮਾਈਕ ਹਕਾਬੀ ਨੂੰ ਇਜ਼ਰਾਈਲ ਵਿੱਚ ਰਾਜਦੂਤ ਨਿਯੁਕਤ ਕੀਤਾ ਹੈ। ਇਸ ਦੇ ਨਾਲ ਹੀ ਟਰੰਪ ਨੇ ਫੌਕਸ ਨਿਊਜ਼ ਦੇ ਹੋਸਟ ਅਤੇ ਲੇਖਕ ਪੀਟ ਹੇਗਸੇਥ ਨੂੰ ਰੱਖਿਆ ਸਕੱਤਰ ਨਿਯੁਕਤ ਕੀਤਾ ਹੈ। ਹੇਗਸੇਥ ਨੇ ਇਜ਼ਰਾਈਲ ਨੂੰ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕਰਨ ਲਈ ਖੁਦਮੁਖਤਿਆਰੀ ਦੇਣ ਦੀ ਵਕਾਲਤ ਕੀਤੀ ਹੈ।

ਅਮਰੀਕੀ ਚੋਣ ਪ੍ਰਚਾਰ ਦੌਰਾਨ ਟਰੰਪ ਨੇ ਈਰਾਨ 'ਤੇ ਉਨ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਸੀ। ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਦੇ ਇੱਕ ਅਧਿਕਾਰੀ ਨੇ ਸਤੰਬਰ ਵਿੱਚ ਇੱਕ ਭਾੜੇ ਦੇ ਨਿਸ਼ਾਨੇਬਾਜ਼ ਨੂੰ ਟਰੰਪ ਨੂੰ ਮਾਰਨ ਦੀ ਯੋਜਨਾ ਬਣਾਉਣ ਲਈ ਕਿਹਾ ਸੀ। ਇਫਰਾਦ ਸ਼ਾਕੇਰੀ ਨਾਂ ਦੇ ਵਿਅਕਤੀ ਨੂੰ ਟਰੰਪ ਦੀ ਹੱਤਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਦਾ ਅਹੁਦਾ ਸੰਭਾਲਦੇ ਹੀ ਟਰੰਪ ਈਰਾਨ ਖਿਲਾਫ ਐਕਸ਼ਨ ਮੋਡ 'ਚ ਨਜ਼ਰ ਆ ਸਕਦੇ ਹਨ। ਟਰੰਪ ਦੀ ਨਵੀਂ ਟੀਮ ਈਰਾਨ ਲਈ ਆਰਡਰ ਤਿਆਰ ਕਰ ਰਹੀ ਹੈ। ਖਦਸ਼ਾ ਹੈ ਕਿ ਅਮਰੀਕਾ ਈਰਾਨੀ ਤੇਲ ਨਿਰਯਾਤ 'ਤੇ ਵੀ ਪਾਬੰਦੀ ਲਗਾ ਸਕਦਾ ਹੈ।

ਇਸ ਤੋਂ ਸਪੱਸ਼ਟ ਹੈ ਕਿ ਅਮਰੀਕਾ ਪੂਰੀ ਤਰ੍ਹਾਂ ਇਜਰਾਈਲ ਦੇ ਪੱਖ ਵਿਚ ਹੈ। "ਫਲਸਤੀਨ ਦੇ ਕਿੰਨੇ ਕੁ ਲੋਕ ਨਿਰਦੋਸ਼ ਹਨ?" ਇਹ ਲੇਖ 10 ਮਈ 2024 ਨੂੰ ਅਮਰੀਕੀ ਅਖਬਾਰ ਨਿਊਯਾਰਕ ਪੋਸਟ ਵਿੱਚ ਛਪਿਆ ਸੀ। ਇਸ ਸਿਰਲੇਖ ਨੂੰ ਪੜ੍ਹ ਕੇ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਨਾ ਸਿਰਫ਼ ਪੱਛਮੀ ਮੀਡੀਆ ਇਜਰਾਇਲੀ ਫੌਜੀ ਦਸਤਿਆਂ ਵੱਲੋਂ ਜੋ ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਉਸ ਉੱਪਰ ਪਰਦਾ ਪਾਉਣ ਦਾ ਕੰਮ ਕਰ ਰਿਹਾ ਹੈ, ਸਗੋਂ ਇਸ ਤੋਂ ਵੀ ਵੱਧ, ਸਿੱਧਾ ਫਲਸਤੀਨੀ ਲੋਕਾਂ ਦੇ ਕਤਲੇਆਮ ਨੂੰ ਜਾਇਜ ਦੱਸ ਰਿਹਾ ਹੈ। ਉਂਝ ਤਾਂ ਪੱਛਮੀ ਮੀਡੀਆ ਕੋਈ ਪਹਿਲੀ ਵਾਰ ਇਸ ਤਰ੍ਹਾਂ ਦਾ ਕਾਰਾ ਨਹੀਂ ਕਰ ਰਿਹਾ ਹੈ, ਇਸ ਤੋਂ ਪਹਿਲਾਂ ਇਰਾਕ, ਅਫ਼ਗਾਨਿਸਤਾਨ ਵਿੱਚ ਅਮਰੀਕੀ ਸਾਮਰਾਜ ਵੱਲੋਂ ਕੀਤੇ ਕਤਲੇਆਮ ਵੇਲੇ ਵੀ ਇਸਦਾ ਕਿਰਦਾਰ ਕੁਝ ਅਜਿਹਾ ਹੀ ਰਿਹਾ ਹੈ। ਪਿਛਲੇ ਅਕਤੂਬਰ ਤੋਂ ਇਜਰਾਇਲ ਵੱਲੋਂ ਕੀਤੇ ਜਾ ਰਹੇ ਇਸ ਕਤਲੇਆਮ ਵਿੱਚ ਹੁਣ ਤੱਕ 41,000 ਤੋਂ ਵੱਧ ਫਲਸਤੀਨੀ ਲੋਕ ਮਾਰੇ ਜਾ ਚੁੱਕੇ ਹਨ ਜਿਹਨਾਂ ਵਿੱਚ ਜਿਆਦਾਤਰ ਔਰਤਾਂ ਅਤੇ ਬੱਚੇ ਹਨ। ਇਸ ਕਤਲੇਆਮ ਬਾਰੇ ਜਾਂ ਤਾਂ ਪੱਛਮੀ ਮੀਡੀਆ ਚੁੱਪ ਹੈ ਜਾਂ ਬਹੁਤ ਘੁਮਾ-ਫਿਰਾ ਕੇ ਅਜਿਹੀ ਗੱਲ ਕਰਦਾ ਹੈ ਜਿਸ ਵਿੱਚ ਕਿਤੇ ਵੀ ਇਜਰਾਇਲੀ ਹਾਕਮਾਂ ਦੇ ਜੁਲਮਾਂ ਦਾ ਜਿਕਰ ਨਹੀਂ ਹੁੰਦਾ। ਇਜਰਾਇਲ ਵੱਲੋਂ ਪਿਛਲੇ 75 ਸਾਲ ਤੋਂ ਕੀਤੀ ਜਾ ਰਹੀ ਬੇਰਹਿਮ ਨਸਲਕੁਸ਼ੀ ਦੇ ਪੱਖ ਵਿੱਚ ਲੋਕਾਂ ਤੋਂ ਪ੍ਰਵਾਨਗੀ ਲੈਣ ਦਾ ਕੰਮ ਪੱਛਮੀ ਮੀਡੀਆ ਲੰਬੇ ਸਮੇਂ ਤੋਂ ਕਰਦਾ ਆ ਰਿਹਾ ਹੈ ਪਰ ਹੁਣ ਇਸਦਾ ਅਸਲ ਚਿਹਰਾ ਲੋਕਾਂ ਸਾਹਮਣੇ ਨੰਗਾ ਹੁੰਦਾ ਜਾ ਰਿਹਾ ਹੈ।

ਅਮਰੀਕਾ ਵਿੱਚ ਕੁਝ ਅਮੀਰਾਂ ਨੇ ਲੋਕਾਂ ਵਿੱਚ ਇਜਰਾਇਲ ਪੱਖੀ ਲੋਕ ਰਾਏ ਬਣਾਉਣ ਲਈ ਇੱਕ ਵਾਟਸਐਪ ਗਰੁੱਪ ਬਣਾਇਆ। ਇਹਨਾਂ ਅਮੀਰਾਂ ਨੇ ਨਿਊਯਾਰਕ ਸ਼ਹਿਰ ਦੇ ਮੇਅਰ ਨੂੰ ਕੋਲੰਬੀਆ ਯੂਨੀਵਰਸਿਟੀ ਵਿੱਚ ਫਲਸਤੀਨ ਪੱਖੀ ਪ੍ਰਦਰਸ਼ਨ ਨੂੰ ਖਿੰਡਾਉਣ ਲਈ ਪੁਲਿਸ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਇਸ ਸਮੂਹ ਦੀ ਸਥਾਪਨਾ 12 ਅਕਤੂਬਰ ਨੂੰ, ਹਮਾਸ ਦੇ ਦੱਖਣੀ ਇਜਰਾਇਲ 'ਤੇ ਅਚਾਨਕ ਹਮਲੇ ਤੋਂ ਕੁਝ ਦਿਨ ਬਾਅਦ, ਇਜਰਾਈਲ 'ਤੇ ਬਿਰਤਾਂਤ ਨੂੰ ਬਦਲਣ ਲਈ ਕੀਤੀ ਗਈ ਸੀ। ਸਮੂਹ ਵਿੱਚ ਸਟਾਰਬਕਸ ਦੇ ਸੀਈਓ ਹਾਵਰਡ ਸੁਲਟਜ, ਡੇਲ ਦੇ ਸੀਈਓ ਅਤੇ ਸੰਸਥਾਪਕ ਮਾਈਕਲ ਡੇਲ ਸ਼ਾਮਲ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਪੱਛਮੀ ਦੇਸ਼ਾਂ ਵਿੱਚ ਸਰਮਾਏਦਾਰ ਮੀਡੀਆ ਉੱਪਰ ਪੂਰੀ ਤਰ੍ਹਾਂ ਨਾਲ ਕਾਬਜ ਹਨ ਅਤੇ ਇਜਰਾਇਲ ਦੇ ਜੁਲਮਾਂ ਉੱਪਰ ਪਰਦਾ ਪਾ ਰਹੇ ਹਨ। ਇਸ ਸਾਰੇ ਕੂੜ ਪ੍ਰਚਾਰ ਦੇ ਬਾਵਜੂਦ ਫਲਸਤੀਨ ਦੇ ਲੋਕਾਂ ਦਾ ਜੁਝਾਰੂ ਸੰਘਰਸ਼ ਪਿਛਲੇ 75 ਸਾਲ ਤੋਂ ਜਾਰੀ ਹੈ।

# .ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰੇਗਾ ਕੈਨੇਡਾ


**ਵਿਜ਼ਟਰ ਵੀਜ਼ਾ ਵਾਲਿਆਂ ਵਿਰੁੱਧ ਹੋਵੇਗੀ ਸਖ਼ਤੀ ● 10,000 ਵਿਦਿਆਰਥੀਆਂ ਦੇ ਫਰਜ਼ੀ ਮਨਜ਼ੂਰੀ ਪੱਤਰ ਬਾਰੇ ● ਇਮੀਗ੍ਰੇਸ਼ਨ ਅਧਿਕਾਰੀ ਸਖਤ**

## ਵਿਸ਼ੇਸ਼ ਖਬਰ

ਕੈਨੇਡਾ ਨੇ ਇਮੀਗਰੇਸ਼ਨ ਪ੍ਰਤੀ ਸਖਤੀ ਵਰਤਣੀ ਸ਼ੁਰੂ ਕਰ ਦਿਤੀ ਹੈ। ਹਾਲ ਹੀ ਵਿਚ ਕੈਨੇਡਾ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ ਪ੍ਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਵਾਲਾ ਦੌਰ ਬੀਤੇ ਦੀ ਗੱਲ ਹੋ ਚੁੱਕੀ ਹੈ ਅਤੇ ਹੁਣ ਕੈਨੇਡੀਅਨ ਇੰਪਲਾਈਜ਼ ਨੂੰ ਉੱਚੀਆਂ ਉਜਰਤ ਦਰਾਂ 'ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਕਿ ਟੈਂਪਰੇਰੀ ਵੀਜ਼ਾ 'ਤੇ ਆਏ ਵੱਡੀ ਗਿਣਤੀ ਵਿਚ ਲੋਕ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਵਾਪਸੀ ਨਹੀਂ ਕਰਦੇ ਅਤੇ ਇਸ ਤਰੀਕੇ ਨਾਲ ਉਹ ਕਾਨੂੰਨ ਤੋੜ ਰਹੇ ਹੁੰਦੇ ਹਨ। ਟੈਂਪਰੇਰੀ ਵੀਜ਼ਾ 'ਤੇ ਆਏ ਅਜਿਹੇ ਵਿਅਕਤੀਆਂ ਨੂੰ ਆਉਂਦੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪ੍ਰਵਾਸੀਆਂ ਵਿਚੋਂ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਪਿਛਲੇ ਅੱਠ ਸਾਲ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਨ੍ਹਾਂ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਫ਼ਸਰਾਂ ਦੀਆਂ ਅੱਖਾਂ ਵਿਚ ਘਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਰਹੇ ਹਨ।

ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਸਮਾਗਮ ਵਿਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਰੁਜ਼ਗਾਰਦਾਤਾਵਾਂ ਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਦੇਖਣੇ ਹੋਣ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਸ਼੍ਰੇਣੀ ਵਿਚ ਦੇਖੇ ਜਾ ਸਕਦੇ ਹਨ ਜਿੱਥੇ ਕਿਰਤੀਆਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਖੇਤੀ ਸੈਕਟਰ ਅਤੇ ਫੂਡ ਪ੍ਰੋਸੈਸਿੰਗ ਵਿਚ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਬਣਦਾ ਮਿਹਨਤਾਨਾ ਵੀ ਨਹੀਂ ਮਿਲਦਾ ਪਰ ਫੈਡਰਲ ਸਰਕਾਰ ਵੱਲੋਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਅਥਾਹ ਆਮਦ 'ਤੇ ਰੋਕ ਲਾ ਦਿੱਤੀ ਗਈ ਹੈ ਅਤੇ ਹੁਣ ਸਸਤੇ ਵਿਦੇਸ਼ੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ।

ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿਚ ਦਾਖਲ ਹੁੰਦਿਆਂ ਹਾਲਾਤ ਹੋਰ ਬਿਹਤਰ ਹੋਣਗੇ ਅਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਗਿਣਤੀ ਹੋਰ ਘਟ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਕੈਨੇਡਾ ਵਿਚ ਮੌਜੂਦ ਕਿਰਤੀਆਂ ਨੂੰ ਪੀਆਰ ਦੇਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ਾਂ ਤੋਂ ਕਿਰਤੀ ਸੱਦਣ ਦਾ ਰੁਝਾਨ ਘਟਾਇਆ ਗਿਆ ਹੈ।





ਦੱਸ ਦੇਈਏ ਕਿ ਗਲੋਬਲ ਨਿਊਜ਼ ਵੱਲੋਂ ਪ੍ਰਕਾਸ਼ਤ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਅਪਰਾਧਕ ਸਰਗਰਮੀਆਂ ਵਿਚ ਸ਼ਾਮਲ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਤਾਂ ਜਾਰੀ ਹੋਏ ਪਰ 2018 ਤੱਕ 1,200 ਲੋਕ ਕੈਨੇਡਾ ਵਿਚ ਹੀ ਮੌਜੂਦ ਸਨ। ਉਧਰ ਅਮਰੀਕਾ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਮਾਰਕ ਮਿਲਰ ਨੇ ਕਿਹਾ ਕਿ ਉਹ ਟੌਮ ਹੋਮੈਨ ਨਾਲ ਸਿੱਧੀ ਗੱਲਬਾਤ ਕਰਨਾ ਚਾਹੁਣਗੇ। ਬਿਨਾਂ ਸ਼ੱਕ ਗੱਲਬਾਤ ਰਾਹ ਸੁਖਾਲਾ ਨਹੀਂ ਹੋਵੇਗਾ ਪਰ ਕੈਨੇਡਾ ਉਮੀਦ ਕਰਦਾ ਹੈ ਕਿ ਨਵੀਂ ਅਮਰੀਕੀ ਸਰਕਾਰ ਸੇਫ ਥਰਡ ਕੰਟਰੀ ਐਗਰੀਮੈਂਟ ਦੀ ਪਾਲਣਾ ਯਕੀਨੀ ਬਣਾਵੇਗੀ।

### ਯੂਨੀਵਰਸਿਟੀਆਂ ਤੋਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਦੇ ਫਰਜ਼ੀ ਮਨਜ਼ੂਰੀ ਪੱਤਰ

ਕੈਨੇਡਾ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਲਈ ਇਕ ਬਹੁਤ ਹੀ ਹੈਰਾਨ ਕਰਨ ਵਾਲੀ ਤੇ ਚਿੰਤਾ ਵਾਲੀ ਖਬਰ ਸਾਹਮਣੇ ਆਈ ਹੈ। ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੰਚਾਰਜ ਇਮੀਗ੍ਰੇਸ਼ਨ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਇਸ ਸਾਲ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀ ਮਨਜ਼ੂਰੀ ਪੱਤਰਾਂ ਨੂੰ ਸੰਭਾਵੀ ਤੌਰ 'ਤੇ ਫਰਾਡ ਦੱਸਿਆ ਗਿਆ ਹੈ।



ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਵਿਚ ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਮਿਲੇ ਹਨ ਜਿਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਪੜ੍ਹਨ ਲਈ ਇੱਕ ਅਸਲੀ ਜਗ੍ਹਾ ਹੈ ਪਰ ਹੋ ਸਕਦਾ ਹੈ ਕਿ ਕੈਨੇਡਾ ਵਿਚ ਦਾਖਲ ਹੋਣ ਲਈ ਅਰਜ਼ੀ ਵਿਚ ਉਹ ਇਕ ਫਰਜ਼ੀ ਪੱਤਰ ਨੱਥੀ ਕਰ ਰਹੇ ਹੋਣ। ਪਿਛਲੇ ਸਾਲ ਸਥਾਈ ਨਿਵਾਸ ਲਈ ਅਰਜ਼ੀ ਦੇਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇੱਕ ਸਮੂਹ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਤੋਂ ਬਾਅਦ ਸਖ਼ਤ ਜਾਂਚਾਂ ਦੀ ਸ਼ੁਰੂਆਤ ਕੀਤੀ ਗਈ ਸੀ ਕਿਉਂਕਿ ਭਾਰਤ ਵਿੱਚ ਇੱਕ ਗੈਰ-ਲਾਇਸੈਂਸੀ ਇਮੀਗ੍ਰੇਸ਼ਨ ਸਲਾਹਕਾਰ ਨੇ ਅਧਿਐਨ ਪਰਮਿਟ ਲਈ ਆਪਣੀਆਂ ਅਰਜ਼ੀਆਂ ਦੇ ਨਾਲ ਜਾਅਲੀ ਸਵੀਕ੍ਰਿਤੀ ਪੱਤਰ ਜਮ੍ਹਾਂ ਕਰਵਾਏ ਸਨ।

ਇਮੀਗ੍ਰੇਸ਼ਨ ਵਿਭਾਗ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਖਾ ਦੇ ਡਾਇਰੈਕਟਰ-ਜਨਰਲ ਬ੍ਰੌਨਵਿਨ ਮੇਅ ਨੇ ਪਿਛਲੇ ਹਫਤੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਜਦੋਂ ਤੋਂ ਆਈਆਰਸੀਸੀ ਨੇ ਪਿਛਲੇ ਸਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਮਨਜ਼ੂਰੀ ਪੱਤਰਾਂ ਦੀ ਪੁਸ਼ਟੀ ਕਰਨੀ ਸ਼ੁਰੂ ਕੀਤੀ ਹੈ। ਅਧਿਕਾਰੀਆਂ ਨੇ "ਮਨਜ਼ੂਰੀ ਦੇ 10,000 ਤੋਂ ਵੱਧ ਸੰਭਾਵੀ ਤੌਰ 'ਤੇ ਧੋਖਾਧੜੀ ਵਾਲੇ ਪੱਤਰਾਂ ਨੂੰ ਰੋਕਿਆ ਹੈ।"

ਉਸ ਨੇ ਕਿਹਾ ਕਿ ਵਿਭਾਗ ਦੁਆਰਾ ਪਿਛਲੇ 10 ਮਹੀਨਿਆਂ ਵਿੱਚ ਜਾਂਚ ਕੀਤੀਆਂ ਗਈਆਂ ਸਟੱਡੀ ਪਰਮਿਟ ਅਰਜ਼ੀਆਂ ਨਾਲ ਜੁੜੇ 500,000 ਮਨਜ਼ੂਰੀ ਪੱਤਰਾਂ ਵਿੱਚੋਂ 93 ਫੀਸਦੀ ਕਾਲਜ ਜਾਂ ਯੂਨੀਵਰਸਿਟੀ ਸਹੀ ਤਸਦੀਕ ਕੀਤੀਆਂ ਗਈਆਂ। ਪਰ 2 ਪ੍ਰਤੀਸ਼ਤ ਗੈਰ ਪ੍ਰਮਾਣਿਕ, 1 ਫੀਸਦੀ ਦੀ ਜਗ੍ਹਾ ਕਾਲਜ ਜਾਂ ਯੂਨੀਵਰਸਿਟੀ ਦੁਆਰਾ ਰੱਦ ਕਰ ਦਿੱਤੀ ਗਈ ਸੀ, ਜਦੋਂ ਕਿ ਦੂਜੇ ਮਾਮਲਿਆਂ ਵਿਚ ਕਾਲਜ ਅਤੇ ਯੂਨੀਵਰਸਿਟੀਆਂ ਇਹ ਦੱਸਣ ਵਿੱਚ ਅਸਫਲ ਰਹੀਆਂ ਕਿ ਕੀ ਬਿਨੈਕਾਰਾਂ ਨੂੰ ਪੜ੍ਹਨ ਲਈ ਜਗ੍ਹਾ ਦੀ ਪੇਸ਼ਕਸ਼ ਕਰਨ ਵਾਲੇ ਪੱਤਰ ਅਸਲ ਸਨ। ਉਸ ਨੇ ਕਾਮਨਜ਼ ਇਮੀਗ੍ਰੇਸ਼ਨ ਕਮੇਟੀ ਨੂੰ ਦੱਸਿਆ ਕਿ ਆਈਆਰਸੀਸੀ ਫਰਜ਼ੀ ਪੱਤਰਾਂ ਦੇ ਸਰੋਤ ਬਾਰੇ ਹੋਰ ਪੁੱਛਗਿੱਛ ਕਰ ਰਹੀ ਹੈ।

ਐਨੀ ਬਿਊਡੋਇਨ, ਇੱਕ ਸਾਬਕਾ ਇਮੀਗ੍ਰੇਸ਼ਨ ਅਧਿਕਾਰੀ ਜੋ ਹੁਣ ਇੱਕ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਹੈ, ਨੇ ਕਿਹਾ ਕਿ ਉਹ ਸੰਭਾਵੀ ਧੋਖਾਧੜੀ ਦੇ ਪੈਮਾਨੇ ਤੋਂ ਹੈਰਾਨ ਨਹੀਂ ਸੀ। ਉਸਨੇ ਕਿਹਾ ਕਿ ਵਿਸਤ੍ਰਿਤ ਪ੍ਰਣਾਲੀ ਦੀ ਸ਼ੁਰੂਆਤ ਤੋਂ ਪਹਿਲਾਂ, ਪ੍ਰਸ਼ਨਾਤਮਕ ਸਵੀਕ੍ਰਿਤੀ ਪੱਤਰਾਂ ਨੂੰ ਵੇਖਣਾ ਅਸਧਾਰਨ ਨਹੀਂ ਸੀ। ਇੱਕ ਮਾਮਲੇ ਵਿੱਚ ਉਸਨੇ ਨੌਜਵਾਨ ਕੋਰੀਆਈ ਔਰਤਾਂ ਦੇ ਇੱਕ ਸਮੂਹ ਨੂੰ ਦੇਖਿਆ। ਸਾਰੀਆਂ ਨੂੰ ਇੱਕੋ ਸੰਸਥਾ ਤੋਂ ਇੱਕੋ ਮਨਜ਼ੂਰੀ ਪੱਤਰ ਮਿਲੇ ਸਨ। ਮੰਨਿਆ ਜਾ ਰਿਹਾ ਹੈ ਕਿ ਉਹ ਸੈਕਸ-ਤਸਕਰੀ ਨਾਲ ਜੁੜੇ ਹੋਏ ਸਨ। ਉਸ ਨੇ ਕਿਹਾ ਕਿ ਇਹ ਵੱਡੀ ਧੋਖਾਧੜੀ ਹੈ। ਅਸੀਂ ਖੁਸ਼ ਸੀ ਜਦੋਂ ਆਈਆਰਸੀਸੀ ਨੇ ਇਹ ਜਾਂਚ ਕਰਨ ਦਾ ਇੱਕ ਤੇਜ਼, ਕੁਸ਼ਲ ਤਰੀਕਾ ਰੱਖਿਆ ਕਿ ਕੀ ਮਨਜ਼ੂਰੀ ਪੱਤਰ ਅਸਲੀ ਜਾਰੀ ਕੀਤੇ ਗਏ ਸਨ।

ਐੱਨਡੀਪੀ ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਹਾਲ ਹੀ ਵਿੱਚ 10,000 ਜਾਅਲੀ ਦਾਖਲਾ ਪੱਤਰਾਂ ਦਾ ਪਰਦਾਫਾਸ਼ ਕੀਤੇ ਜਾਣ ਦਾ ਖੁਲਾਸਾ ਬਹੁਤ ਚਿੰਤਾਜਨਕ ਹੈ। ਇਹ ਗੈਰ-ਸੰਵੇਦਨਸ਼ੀਲ ਹੈ ਕਿ ਲਿਬਰਲਾਂ ਨੇ ਬੇਈਮਾਨਾਂ ਨੂੰ ਇੰਨੇ ਲੰਬੇ ਸਮੇਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਅਤੇ ਦੁਰਵਿਵਹਾਰ ਕਰਨ ਦੀ ਇਜਾਜ਼ਤ ਦਿੱਤੀ। ਸਰਕਾਰ ਨੂੰ ਨਾ ਸਿਰਫ ਇਹ ਪਛਾਣ ਕਰਨ ਦੀ ਜ਼ਰੂਰਤ ਹੈ ਕਿ ਉਹ ਕੌਣ ਹਨ ਬਲਕਿ ਉਨ੍ਹਾਂ ਨੂੰ ਉਨ੍ਹਾਂ ਸੰਸਥਾਵਾਂ ਦੀ ਵੀ ਪਛਾਣ ਕਰਨ ਦੀ ਜ਼ਰੂਰਤ ਹੈ ਜੋ ਕਿਸੇ ਵੀ ਧੋਖਾਧੜੀ ਦੀਆਂ ਯੋਜਨਾਵਾਂ ਵਿੱਚ ਸ਼ਾਮਲ ਹਨ।

ਓਟਵਾ ਨੇ ਪਿਛਲੇ ਸਾਲ ਭਾਰਤ, ਚੀਨ ਅਤੇ ਵੀਅਤਨਾਮ ਦੇ ਵਿਦਿਆਰਥੀਆਂ ਦੇ 2,000 ਸ਼ੱਕੀ ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਵਿਚ ਪਾਇਆ ਗਿਆ ਕਿ ਵਿਦੇਸ਼ਾਂ ਦੇ ਇਮੀਗ੍ਰੇਸ਼ਨ ਸਲਾਹਕਾਰਾਂ ਦੁਆਰਾ ਲਗਭਗ 1,485 ਨੂੰ ਕੈਨੇਡਾ ਆਉਣ ਲਈ ਜਾਅਲੀ ਦਸਤਾਵੇਜ਼ ਜਾਰੀ ਕੀਤੇ ਗਏ ਸਨ। ਕਈਆਂ ਨੂੰ ਕਾਲਜਾਂ ਤੋਂ ਮਨਜ਼ੂਰੀ ਪੱਤਰ ਜਾਅਲੀ ਪਾਏ ਜਾਣ ਤੋਂ ਬਾਅਦ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਪਰ ਬਾਕੀ ਪਹਿਲਾਂ ਹੀ ਆ ਚੁੱਕੇ ਸਨ।

# ਟਰੰਪ ਲਈ ਲੱਖਾਂ ਭਾਰਤੀ, ਮੈਕਸੀਕਨ, ਪਾਕਿਸਤਾਨੀ ਗੈਰ ਕਨੂੰਨੀ ਪ੍ਰਵਾਸੀਆਂ ਨੂੰ ਕੱਢਣਾ ਸੌਖਾ ਨਹੀਂ

## ✪ ਟਰੰਪ ਨੇ ਇੰਮੀਗ੍ਰੇਸ਼ਨ ਸਖਤ ਕਰਨ ਦੀ ਜ਼ਿੰਮੇਵਾਰੀ ਟੌਮ ਹੋਮਨ ਨੂੰ ਸੌਂਪੀ





ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਡੋਨਲ ਟਰੰਪ ਲੱਖਾਂ ਗੈਰ ਕਨੂੰਨੀ ਰਹਿ ਰਹੇ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਕੱਢਣ ਦੇ ਵੱਡੇ-ਵੱਡੇ ਵਾਇਦੇ ਕਰ ਰਹੇ ਹਨ। ਟਰੰਪ ਇਸ ਮੁੱਦੇ 'ਤੇ ਜਿੰਨੀ ਦ੍ਰਿੜਤਾ ਦਿਖਾ ਰਹੇ ਹਨ, ਉਸ ਦੇ ਰਾਹ ਵਿਚ ਕਈ ਕਾਨੂੰਨੀ ਅੜਿੱਕੇ ਹਨ ਅਤੇ ਹਿੰਸਕ ਝੜਪਾਂ ਹੋਣ ਦੀ ਸੰਭਾਵਨਾ ਹੈ। ਡੋਨਾਲਡ ਟਰੰਪ ਇਸ ਮੁੱਦੇ 'ਤੇ ਜਾਣਬੁੱਝ ਕੇ ਤਿੱਖੀ ਬਿਆਨਬਾਜ਼ੀ ਕਰ ਰਹੇ ਹਨ। ਟਰੰਪ ਦੇ ਇਹ ਸ਼ਬਦ ਸਕਾਰਾਤਮਕ ਦੇ ਨਾਲ-ਨਾਲ ਨਕਾਰਾਤਮਕ ਸੰਦੇਸ਼ ਵੀ ਦੇ ਰਹੇ ਹਨ। ਸ਼ੱਕ ਸਿਰਫ਼ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਚ ਹੀ ਨਹੀਂ, ਸਗੋਂ ਉਨ੍ਹਾਂ ਲੋਕਾਂ ਵਿਚ ਵੀ ਪੈਦਾ ਹੋਇਆ ਹੈ ਜੋ ਕਾਨੂੰਨੀ ਤੌਰ 'ਤੇ ਅਮਰੀਕਾ ਆਏ ਹਨ ਅਤੇ ਕੰਮ ਕਰ ਰਹੇ ਹਨ ਅਤੇ ਇੱਥੇ ਪੱਕੇ ਤੌਰ 'ਤੇ ਵਸਣ ਲਈ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ। ਅਮਰੀਕੀ ਮੀਡੀਆ ਮੁਤਾਬਕ ਟਰੰਪ ਦੇ ਨਿਸ਼ਾਨੇ ਉਪਰ ਕਰੀਬ 50 ਲੱਖ ਪ੍ਰਵਾਸੀ ਹਨ। ਹਾਲਾਤ ਇਹ ਬਣ ਗਏ ਹਨ ਕਿ ਇਸ ਤੋਂ ਬਚਣ ਦੇ ਤਰੀਕੇ ਲੱਭਣ ਲਈ ਇਮੀਗ੍ਰੇਸ਼ਨ ਮਾਮਲਿਆਂ 'ਤੇ ਵਕੀਲਾਂ ਤੋਂ ਸਲਾਹ ਲੈਣ ਵਾਲਿਆਂ ਦੀ ਭੀੜ ਲਗ ਰਹੀ ਹੈ ਅਤੇ ਇਸ ਨਾਲ ਅਫਵਾਹਾਂ ਦਾ ਬਾਜ਼ਾਰ ਗਰਮ ਹੁੰਦਾ ਜਾ ਰਿਹਾ ਹੈ। ਅਫਵਾਹਾਂ ਇਹ ਵੀ ਫੈਲੀਆਂ ਹਨ ਕਿ ਟਰੰਪ ਸਰਕਾਰ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਦੀ ਪ੍ਰਣਾਲੀ ਨੂੰ ਖਤਮ ਕਰਨ ਜਾ ਰਹੀ ਹੈ, ਜਦਕਿ ਸਰਕਾਰ ਦਾ ਅਜਿਹਾ ਕੋਈ ਏਜੰਡਾ ਨਹੀਂ ਹੈ।

ਨਿਊਜਰਸੀ ਵਿੱਚ ਇੱਕ ਇਮੀਗ੍ਰੇਸ਼ਨ ਅਟਾਰਨੀ, ਲਿਟਜ਼ ਹੈਰੀ ਟਰੰਪ ਦੀ ਦੇਸ਼ ਨਿਕਾਲੇ ਨੀਤੀ ਦੇ ਨਤੀਜੇ ਬਾਰੇ ਕਿਹਾ ਕਿ ਇਹ ਇੱਕ ਲੰਬੀ ਪ੍ਰਕਿਰਿਆ ਹੋਵੇਗੀ। ਜਿਵੇਂ ਕਿ ਕਿਹਾ ਜਾ ਰਿਹਾ ਹੈ ਕਿ ਇਸ ਨੂੰ ਤੁਰੰਤ ਲਾਗੂ ਕੀਤਾ ਜਾਵੇਗਾ, ਅਜਿਹਾ ਸੰਭਵ ਨਹੀਂ ਹੈ। ਇਸ ਵਿੱਚ ਕਈ ਕਾਨੂੰਨੀ ਪੇਚੀਦਗੀਆਂ ਹਨ। ਹਰ ਕਿਸੇ ਨੂੰ ਅਦਾਲਤ ਵਿੱਚ ਜਾਣ ਦਾ ਹੱਕ ਹੈ। ਵੈਸੇ ਤਾਂ ਟਰੰਪ ਨੇ ਅਪਰਾਧਿਕ ਤੱਤਾਂ ਵਿਚ ਸ਼ਾਮਲ ਲੋਕਾਂ ਨੂੰ ਬਾਹਰ ਕੱਢਣ ਦੀ ਗੱਲ ਹੀ ਕੀਤੀ ਹੈ, ਦੇਖਦੇ ਹਾਂ ਅੱਗੇ ਕੀ ਹੁੰਦਾ ਹੈ।

### ਵੇਂਸ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਕੀਤਾ ਵੱਡਾ ਐਲਾਨ

ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਹੁਣ ਕਲੀਵਲੈਂਡ ਵਿੱਚ ਲਾਅ ਫਰਮ ਯੂਬੀ ਗ੍ਰੀਨਸਫੇਲਡਰ ਦੇ ਇੱਕ ਭਾਈਵਾਲ ਡੇਵਿਡ ਡਬਲਯੂ. ਲੀਓਪੋਲਡ, ਦਾ ਕਹਿਣਾ ਹੈ ਕਿ ਦੇਸ਼ ਨਿਕਾਲੇ ਦੀ ਵਿਆਪਕ ਕਾਰਵਾਈ ਦਾ ਅਰਥਚਾਰੇ 'ਤੇ ਮਾੜਾ ਪ੍ਰਭਾਵ ਪਵੇਗਾ। ਬਹੁਤ ਸਾਰੇ ਕਾਮਿਆਂ ਅਤੇ ਪੇਸ਼ੇਵਰਾਂ ਦੇ ਜੀਵਨ ਪ੍ਰਭਾਵਿਤ ਹੋਣਗੇ, ਇਸ ਲਈ ਉਹ ਕਾਨੂੰਨੀ ਸਹਾਇਤਾ ਲਈ ਆਪਣੇ ਮਾਲਕ ਦੀ ਮਦਦ ਲੈਣਗੇ ਅਤੇ ਸਮੂਹਿਕ ਦੇਸ਼ ਨਿਕਾਲੇ ਦੇ ਨਤੀਜਿਆਂ ਨਾਲ ਨਜਿੱਠਣ ਦੀ ਯੋਜਨਾ ਬਣਾਉਣਗੇ। ਟਰੰਪ ਤੇ ਉਪ-ਰਾਸ਼ਟਰਪਤੀ-ਚੁਣੇ ਹੋਏ ਜੇਡੀ ਵੇਂਸ ਨੇ ਅਪਰਾਧਿਕ ਰਿਕਾਰਡ ਵਾਲੇ 5 ਮਿਲੀਅਨ ਤੋਂ 1 ਮਿਲੀਅਨ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਅਤੇ ਦੇਸ਼ ਨਿਕਾਲਾ ਦੇਣ ਬਾਰੇ ਗੱਲ ਕੀਤੀ ਹੈ। ਯੂਐਸ ਫੈਡਰਲ ਸਰਕਾਰ ਦੇ ਅੰਕੜਿਆਂ ਅਨੁਸਾਰ, ਸਤੰਬਰ 2024 ਤੱਕ ਇਮੀਗ੍ਰੇਸ਼ਨ ਅਦਾਲਤਾਂ ਦੁਆਰਾ 314,000 ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਆਦੇਸ਼ ਦਿੱਤੇ ਗਏ ਸਨ ਅਤੇ ਪਿਛਲੇ ਸਾਲ 236,000 ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦਾ ਆਦੇਸ਼ ਦਿੱਤਾ ਗਿਆ ਸੀ, ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਅਜੇ ਵੀ ਅਮਰੀਕਾ ਨਹੀਂ ਛੱਡਿਆ। ਵਿਦੇਸ਼ਾਂ ਤੋਂ ਅਮਰੀਕਾ ਆ ਕੇ ਸ਼ਰਨ ਲੈਣ ਵਾਲੇ ਲੋਕਾਂ ਲਈ ਹਰ ਸਾਲ ਸਰਕਾਰ ਵੱਲੋਂ ਇੱਕ ਨੰਬਰ ਤੈਅ ਕੀਤਾ ਜਾਂਦਾ ਹੈ। ਟਰੰਪ ਦੇ ਪਹਿਲੇ ਸ਼ਾਸਨ ਦੌਰਾਨ ਇਸ ਨੂੰ 1 ਲੱਖ 25 ਹਜ਼ਾਰ ਤੋਂ ਘਟਾ ਕੇ 15 ਹਜ਼ਾਰ ਕਰ ਦਿੱਤਾ ਗਿਆ ਸੀ, ਜਿਸ ਨੂੰ ਬਿਡੇਨ ਸਰਕਾਰ ਨੇ ਵਧਾ ਕੇ 62 ਹਜ਼ਾਰ 500 ਕਰ ਦਿੱਤਾ ਸੀ।

ਇੱਕ ਸਰਕਾਰੀ ਸੰਸਥਾ ਬਿਊਰੋ ਆਫ ਲੇਬਰ ਸਟੈਟਿਸਟਿਕਸ, ਦੇ ਅਨੁਸਾਰ, ਅਮਰੀਕਾ ਦੀ ਕਿਰਤ ਸ਼ਕਤੀ ਵਿੱਚ ਪ੍ਰਵਾਸੀਆਂ ਦੀ ਭਾਗੀਦਾਰੀ ਦੀ ਦਰ ਅਮਰੀਕਾ ਦੇ ਮੂਲ ਨਿਵਾਸੀਆਂ ਨਾਲੋਂ ਵੱਧ ਹੈ। ਉਸਾਰੀ ਅਤੇ ਖੇਤੀ ਵਰਗੇ ਖੇਤਰ ਪੂਰੀ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹਨ। ਅਜਿਹਾ ਇਸ ਲਈ ਕਿਉਂਕਿ ਇਹ ਲੋਕ ਸਥਾਨਕ ਲੋਕਾਂ ਨਾਲੋਂ ਘੱਟ ਪੈਸਿਆਂ ਵਿੱਚ ਕੰਮ ਕਰਨ ਲਈ ਰਾਜ਼ੀ ਹੋ ਜਾਂਦੇ ਹਨ। ਅਜਿਹੇ ਵਿਚ ਉਨ੍ਹਾਂ ਨੂੰ ਕਾਰੋਬਾਰੀਆਂ ਲਈ ਸਸਤੇ ਵਿਚ ਮਜ਼ਦੂਰੀ ਮਿਲਦੀ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਉਹ ਪ੍ਰਵਾਸੀ ਹਨ ਜੋ ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਏ ਸਨ। ਕਈਆਂ ਨੂੰ ਦੋ ਸਾਲਾਂ ਲਈ ਅਮਰੀਕਾ ਵਿਚ ਕੰਮ ਕਰਨ ਦਾ ਅਸਥਾਈ ਲਾਇਸੈਂਸ ਮਿਲ ਗਿਆ ਹੈ, ਪਰ ਜਿਨ੍ਹਾਂ ਦੀ ਮਿਆਦ ਖਤਮ ਹੋਣ ਵਾਲੀ ਹੈ, ਉਹ ਟਰੰਪ ਦੇ ਰਾਸ਼ਟਰਪਤੀ ਬਣਨ ਨੂੰ ਲੈ ਕੇ ਕਾਫੀ ਚਿੰਤਤ ਜਾਪਦੇ ਹਨ।

### ਟਰੰਪ ਨੇ ਇਹ ਜ਼ਿੰਮੇਵਾਰੀ ਆਪਣੇ ਕਰੀਬੀ ਦੋਸਤ ਨੂੰ ਦਿੱਤੀ

ਟਰੰਪ ਨੇ ਆਪਣਾ ਸਭ ਤੋਂ ਵੱਡਾ ਚੋਣ ਵਾਅਦਾ ਪੂਰਾ ਕਰਨ ਦੀ ਅਹਿਮ ਜ਼ਿੰਮੇਵਾਰੀ ਟੌਮ ਹੋਮਨ ਨੂੰ ਸੌਂਪ ਦਿੱਤੀ ਹੈ। ਉਨ੍ਹਾਂ ਨੂੰ ਸੀਮਾ ਸੁਰੱਖਿਆ ਵਿਭਾਗ ਦਾ ਮੁਖੀ ਚੁਣਿਆ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਉਹ ਬਾਰਡਰ ਜ਼ਾਰ ਯਾਨੀ ਅਜਿਹਾ ਵਿਅਕਤੀ ਸਾਬਤ ਹੋਵੇਗਾ ਜਿਸ ਨੂੰ ਦੇਸ਼ ਨਿਕਾਲੇ ਦੀ ਪ੍ਰਕਿਰਿਆ ਲਈ ਲੋੜੀਂਦੀਆਂ ਸਾਰੀਆਂ ਸ਼ਕਤੀਆਂ ਦਿੱਤੀਆਂ ਜਾਣਗੀਆਂ। ਉਹ ਪਿਛਲੇ 34 ਸਾਲਾਂ ਤੋਂ ਇਨ੍ਹਾਂ ਵਿਭਾਗਾਂ ਨਾਲ ਜੁੜੇ ਹੋਏ ਹਨ ਪਰ ਉਸ ਦੀ ਆਪਣੀ ਨਜ਼ਰ ਵਿੱਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਸਮੱਸਿਆ ਦੇਸ਼ ਦੀ ਇੱਕ ਗੁੰਝਲਦਾਰ ਸਮੱਸਿਆ ਹੈ। ਹੋਮਨ ਅਤੇ ਉਸਦੇ ਪਰਿਵਾਰ ਨੂੰ ਪਿਛਲੇ ਕੁਝ ਦਿਨਾਂ ਵਿੱਚ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ, ਪਰ ਉਹ ਆਪਣੀ ਸਥਿਤੀ ਦੇ ਖਤਰੇ ਨੂੰ ਸਮਝਦਾ ਹੈ ਪਰ ਫਿਰ ਵੀ ਆਉਣ ਵਾਲੇ ਟਰੰਪ ਪ੍ਰਸ਼ਾਸਨ ਦੇ ਰੁਖ ਅਤੇ ਯੋਜਨਾਵਾਂ 'ਤੇ ਕਾਇਮ ਹੈ।

ਨਿਊਯਾਰਕ ਟਾਈਮਜ਼ ਨੇ ਸਾਲ 2023 ਦੌਰਾਨ ਕੰਜ਼ਰਵੇਟਿਵ ਐਕਸ਼ਨ ਕਾਨਫਰੰਸ ਵਿੱਚ ਹੋਮਨ ਨੇ ਇੱਕ ਪੱਤਰਕਾਰ ਦੇ ਸਵਾਲ ਦੇ ਜਵਾਬ ਵਿੱਚ ਜੋ ਕਿਹਾ ਸੀ, ਉਹੀ ਫੌਕਸ ਨਿਊਜ਼ ਦੇ ਨਾਲ ਇੱਕ ਤਾਜ਼ਾ ਇੰਟਰਵਿਊ ਵਿੱਚ ਦੁਹਰਾਉਂਦੇ ਕਿਹਾ ਸੀ ਕਿ ਮੈਂ ਪਰਵਾਸੀ ਵਿਰੋਧੀ ਨਹੀਂ ਹਾਂ, ਭਾਵੇਂ ਕਿ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਮੈਂ ਪਰਵਾਸੀ ਭਾਈਚਾਰੇ ਵਿਰੋਧੀ ਹਾਂ। ਮੈਂ ਆਪਣੇ 34 ਸਾਲਾਂ ਵਿੱਚ ਜੋ ਦੇਖਿਆ ਹੈ, ਉਸ ਕਾਰਨ ਮੈਂ ਗੈਰ-ਕਾਨੂੰਨੀ ਪਰਵਾਸ ਦੇ ਵਿਰੁੱਧ ਹਾਂ। ਲੋਕ ਮੈਨੂੰ ਨਸਲਵਾਦੀ ਜਾਂ ਗੋਰਾ ਰਾਸ਼ਟਰਵਾਦੀ ਕਹਿਣ ਤੋਂ ਨਹੀਂ ਝਿਜਕਦੇ, ਪਰ ਇਸ ਵਿੱਚ ਮੇਰਾ ਕੀ ਕਸੂਰ ਹੈ?

ਇਮੀਗ੍ਰੇਸ਼ਨ ਕਾਨੂੰਨ ਇੱਥੇ ਨੀਤੀ ਨਿਰਮਾਤਾਵਾਂ ਦੁਆਰਾ ਬਣਾਇਆ ਗਿਆ ਹੈ, ਮੇਰਾ ਕੰਮ ਹੈ ਜੋ ਕਾਨੂੰਨ ਬਣਾਇਆ ਗਿਆ ਹੈ, ਉਸ ਨੂੰ ਲਾਗੂ ਕਰਨਾ ਹੈ। ਸਾਡੇ ਕੋਲ ਬਦਲ ਕੀ ਹੈ? ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿੱਚ ਸ਼ਰਨ ਲਈ ਅਪੀਲ ਕਰਨ ਦਾ ਅਧਿਕਾਰ ਹੈ। ਤੁਹਾਨੂੰ ਅਦਾਲਤ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਹੈ। ਅਸੀਂ ਇਨ੍ਹਾਂ ਲੋਕਾਂ ਨੂੰ ਬਹੁਤ ਆਜ਼ਾਦੀ ਦਿੱਤੀ ਹੈ ਪਰ ਅੰਤ ਵਿੱਚ ਜੇਕਰ ਅਦਾਲਤ ਦਾ ਹੁਕਮ ਇਹ ਕਹਿੰਦਾ ਹੈ ਕਿ ਇਨ੍ਹਾਂ ਨੂੰ ਦੇਸ਼ ਨਿਕਾਲਾ ਦੇਣਾ ਚਾਹੀਦਾ ਹੈ ਤਾਂ ਸਾਨੂੰ ਅਜਿਹਾ ਕਰਨਾ ਪਵੇਗਾ। ਹੋਮਨ ਨੇ ਕਿਹਾ ਕਿ ਜਦੋਂ ਤੋਂ ਜੋਅ ਬਿਡੇਨ ਰਾਸ਼ਟਰਪਤੀ ਬਣੇ ਹਨ, ਅਮਰੀਕਾ ਦੀਆਂ ਸਰਹੱਦਾਂ 'ਤੇ 10 ਮਿਲੀਅਨ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਇਕੱਠੇ ਹੋਏ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਸਰਕਾਰ ਦੀਆਂ ਕਮਜ਼ੋਰ ਨੀਤੀਆਂ ਕਾਰਨ ਅੰਦਰ ਆਉਣ ਦਿੱਤਾ ਗਿਆ।

### ਹੋਮਨ ਨੇ ਟਰੰਪ ਦੀ ਨੀਤੀ ਦੀ ਵਿਆਖਿਆ ਕੀਤੀ

ਹੋਮਨ ਨੇ ਕਿਹਾ ਕਿ ਇਮੀਗ੍ਰੇਸ਼ਨ 'ਤੇ ਟਰੰਪ ਦੀ ਨੀਤੀ ਸਪੱਸ਼ਟ ਹੈ ਕਿ ਉਹ ਇਸ ਨੂੰ ਜਨਤਕ ਅਤੇ ਰਾਸ਼ਟਰੀ ਸੁਰੱਖਿਆ ਲਈ ਵੱਡਾ ਖਤਰਾ ਮੰਨਦੇ ਹਨ। ਅਜਿਹੇ ਵਿਚ ਅਸੀਂ ਇਸ ਦੇ ਖਿਲਾਫ ਠੋਸ ਕਾਰਵਾਈ ਕਰਨ 'ਤੇ ਜ਼ੋਰ ਦਿੰਦੇ ਹਾਂ। ਗੈਰ-ਕਾਨੂੰਨੀ ਪ੍ਰਵਾਸੀ ਸਭ ਤੋਂ ਵੱਧ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਂਦੇ ਹਨ। ਅਜਿਹੇ ਵਿਚ ਉਨ੍ਹਾਂ ਨੂੰ ਦੇਸ਼ ਵਿਚੋਂ ਕੱਢਣਾ ਬਹੁਤ ਜ਼ਰੂਰੀ ਹੈ। ਜਿੱਥੋਂ ਤੱਕ ਉਨ੍ਹਾਂ ਲੋਕਾਂ ਲਈ ਹੈ ਜੋ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿੱਚ ਪ੍ਰਮਾਣਿਤ ਦਸਤਾਵੇਜ਼ਾਂ ਤੋਂ ਬਿਨਾਂ ਆਉਣਾ ਗੈਰ-ਕਾਨੂੰਨੀ ਹੈ। ਉਨ੍ਹਾਂ ਨੂੰ ਨਤੀਜੇ ਭੁਗਤਣੇ ਪੈਣਗੇ। ਸ਼ੰਕਿਆਂ ਅਤੇ ਸਰਕਾਰੀ ਦਾਅਵਿਆਂ ਦੇ ਵਿਚਕਾਰ, ਇਹ ਸਮਾਂ ਹੀ ਦੱਸੇਗਾ ਕਿ ਟਰੰਪ ਸਰਕਾਰ ਦੀ ਦੇਸ਼ ਨਿਕਾਲੇ ਦੀ ਨੀਤੀ ਕਿੰਨੀ ਪ੍ਰਭਾਵਸ਼ਾਲੀ ਹੋਵੇਗੀ।

# ਚੰਡੀਗੜ੍ਹ ਬਾਰੇ ਪੰਜਾਬ ਦੀਆਂ ਰਾਜਸੀ ਪਾਰਟੀਆਂ ਨੇ ਡਟਕੇ ਲਿਆ ਸਟੈਂਡ

**ਖਾਸ ਖ਼ਬਰ** ✪ ਹਰਿਆਣਾ ਨੂੰ ਜ਼ਮੀਨ ਦੇਣ ਦੇ ਮਾਮਲੇ ਵਿਚ ਬੋਲੇ ਰਾਜਪਾਲ - 'ਚੰਡੀਗੜ੍ਹ ਵਿਚ ਅਲਾਟ ਨਹੀਂ ਹੋਈ ਜ਼ਮੀਨ ✪ ਖਤਰਾ ਅਜੇ ਟਲਿਆ ਨਹੀਂ, ਕੇਂਦਰ ਸਰਕਾਰ ਨਿਭਾ ਰਹੀ ਏ ਪੰਜਾਬ ਵਿਰੋਧੀ ਭੂਮਿਕਾ ✪ ਪੰਜਾਬ ਕੋਲ ਹੁਣ ਕੀ ਰਸਤਾ ਬਚਿਆ ਹੈ ?

ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਲਈ ਬਦਲਵੀਂ ਜਗ੍ਹਾ ਦੇਣ ਦੀ ਤਜਵੀਜ਼ ਨੂੰ ਲੈ ਕੇ ਪੰਜਾਬ ਦੇ ਸਿਆਸੀ ਹਲਕਿਆਂ ਦਾ ਜਿਸ ਕਿਸਮ ਦਾ ਵਿਵਾਦ ਸਾਹਮਣੇ ਆਇਆ ਹੈ, ਉਸ ਦੀ ਪਹਿਲਾਂ ਹੀ ਆਸ ਕੀਤੀ ਜਾ ਰਹੀ ਸੀ ਕਿ ਮੋਦੀ ਸਰਕਾਰ ਪੰਜਾਬ ਨਾਲ ਇਨਸਾਫ ਨਹੀਂ ਕਰੇਗੀ ਉਸਦੀ ਨੀਤੀ ਪੰਜਾਬ ਪ੍ਰਤੀ ਕਾਂਗਰਸ ਸਰਕਾਰ ਵਰਗੀ ਹੈ ਕਾਂਗਰਸ ਰਾਜ ਵੇਲੇ ਵੀ ਪੰਜਾਬ ਨਾਲ ਘੱਟ ਧੱਕੇ ਨਹੀਂ ਹੋਏ। ਪਹਿਲਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਵਿਚ ਭਾਸ਼ਾਈ ਰਾਜ ਬਣਾਉਣ ਦਾ ਅਸੂਲ ਮੰਨਣ ਦੇ ਬਾਵਜੂਦ ਪੰਜਾਬੀ ਭਾਸ਼ਾ ਦੇ ਅਧਾਰ 'ਤੇ ਰਾਜ ਬਣਾਉਣ ਤੋਂ ਸ਼ਰੇਆਮ ਇਨਕਾਰ ਕੀਤਾ, ਫਿਰ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1966 ਵਿਚ ਪੰਜਾਬੀ ਸੂਬਾ ਬਣਾਇਆ ਤਾਂ ਵੀ ਪੰਜਾਬ ਪੁਨਰਗਠਨ ਐਕਟ ਵਿਚ ਅਲੋਕਾਰ ਧਾਰਾਵਾਂ 78, 79, 80 ਪਾ ਦਿੱਤੀਆਂ, ਜੋ ਕਿਸੇ ਵੀ ਹੋਰ ਰਾਜ ਦੇ ਪੁਨਰਗਠਨ ਵੇਲੇ ਨਹੀਂ ਪਾਈਆਂ ਗਈਆਂ, ਜਿਸ ਨਾਲ ਪੰਜਾਬ ਦੀ ਰਾਜਧਾਨੀ, ਪੰਜਾਬ ਦੇ ਪਾਣੀ ਤੇ ਡੈਮ ਅਤੇ ਹੋਰ ਕਈ ਕੁਝ ਪੰਜਾਬ ਨੂੰ ਦੇਣ ਤੋਂ ਰੋਕ ਲਿਆ ਗਿਆ। ਪੰਜਾਬ ਦੇ ਹੱਕਾਂ ਉਪਰ ਡਾਕਾ ਮਾਰਿਆ ਗਿਆ।

29 ਅਗਸਤ, 2023 ਨੂੰ ਸੁਪਰੀਮ ਕੋਰਟ ਨੇ ਵੀ ਪੰਜਾਬ ਨਾਲ ਵਿਤਕਰਾ ਕੀਤਾ ਸੀ। ਸੁਪਰੀਮ ਕੋਰਟ ਦੇ ਤਤਕਾਲੀ ਮੁੱਖ ਜੱਜ ਡੀ.ਵਾਈ. ਚੰਦਰਚੂੜ ਨੇ ਧਾਰਾ 370 ਸੰਬੰਧੀ ਸੁਣਵਾਈ ਕਰਦਿਆਂ ਇਹ ਟਿੱਪਣੀ ਕੀਤੀ ਸੀ ਕਿ ਚੰਡੀਗੜ੍ਹ ਨੂੰ ਆਰਜ਼ੀ ਤੌਰ 'ਤੇ ਕੇਂਦਰੀ ਪ੍ਰਦੇਸ਼ (ਯੂ.ਟੀ.) ਬਣਾਇਆ ਗਿਆ ਸੀ ਅਤੇ ਹੁਣ ਵੀ ਯੂ.ਟੀ. ਹੀ ਹੈ। ਵੈਸੇ ਅਫ਼ਸੋਸ ਹੈ ਕਿ ਮੁੱਖ ਜੱਜ ਨੂੰ ਪੰਜਾਬ ਨਾਲ ਬੇਇਨਸਾਫ਼ੀ ਦਾ ਅਹਿਸਾਸ ਹੁੰਦਿਆਂ ਵੀ ਉਨ੍ਹਾਂ ਨੇ ਮਾਮਲੇ 'ਤੇ ਸੋਹੋ-ਮੋਟੋ ਐਕਸ਼ਨ ਲੈਣ ਦੀ ਲੋੜ ਨਹੀਂ ਸਮਝੀ। ਇਹ ਟਿੱਪਣੀ ਪੰਜਾਬ ਨਾਲ ਵੱਡੀ ਬੇਇਨਸਾਫ਼ੀ ਸੀ।

## ਪ੍ਰਧਾਨ ਮੰਤਰੀ ਮੋਦੀ ਕਿਉਂ ਨਹੀਂ ਪੰਜਾਬ ਨਾਲ ਨਿਆਂ ਕਰਦੇ

ਬੜੀ ਹੈਰਾਨੀ ਦੀ ਗੱਲ ਹੈ ਕਿ ਹੁਣ ਜਦੋਂ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਪੰਜਾਬੀਆਂ ਤੇ ਸਿੱਖਾਂ ਨਾਲ ਬਹੁਤ ਹੇਜ ਜਤਾਉਂਦੇ ਹਨ ਅਤੇ ਉਹ ਸਿਰਫ਼ ਸਿੱਖਾਂ ਤੇ ਪੰਜਾਬੀਆਂ ਨੂੰ ਖ਼ੁਸ਼ ਕਰਨ ਲਈ ਭਾਵਨਾਤਮਕ ਕੰਮ ਤਾਂ ਕਰਦੇ ਹਨ ਪਰ ਅਮਲੀ ਤੌਰ 'ਤੇ ਉਨ੍ਹਾਂ ਦੀ ਪਹੁੰਚ ਪੰਜਾਬ ਤੇ ਸਿੱਖ ਵਿਰੋਧੀ ਹੀ ਦਿਖਾਈ ਦਿੰਦੀ ਹੈ, ਉਨ੍ਹਾਂ ਨੇ ਵੀ ਕਾਂਗਰਸ ਸਰਕਾਰਾਂ ਵਲੋਂ ਕੀਤੀ ਬੇਇਨਸਾਫ਼ੀ ਨੂੰ ਠੀਕ ਕਰਨ ਦਾ ਕੋਈ ਯਤਨ ਨਹੀਂ ਕੀਤਾ, ਸਿਖ ਪੰਥ ਨਾਲ ਵੀ ਇਨਸਾਫ ਨਹੀਂ ਕੀਤਾ,ਸਗੋਂ ਨਵੇਂ ਧੱਕੇ ਕੀਤੇ ਹਨ।

ਖ਼ਾਸਕਰ ਚੰਡੀਗੜ੍ਹ ਦੀ ਗੱਲ ਕਰੀਏ ਤਾਂ ਮੋਦੀ ਸਰਕਾਰ ਨੇ ਚੰਡੀਗੜ੍ਹ ਬਾਰੇ ਜੋ ਪਹਿਲਾ ਹੁਕਮ ਜਾਰੀ ਕੀਤਾ ਸੀ, ਉਹ ਚੰਡੀਗੜ੍ਹ ਨੂੰ ਪੰਜਾਬ ਦੇ ਹੱਥੋਂ ਖੋਹ ਕੇ ਪੱਕੇ ਤੌਰ 'ਤੇ ਯੂ.ਟੀ. ਬਣਾਉਣ ਦੀ ਕੋਸ਼ਿਸ਼ ਸੀ। ਉਨ੍ਹਾਂ ਨੇ ਚੰਡੀਗੜ੍ਹ ਦਾ ਪ੍ਰਸ਼ਾਸਨ ਜੋ ਹੁਣ ਵੀ ਪੰਜਾਬ ਦੇ ਗਵਰਨਰ ਕੋਲ ਹੈ, ਨੂੰ ਖ਼ਤਮ ਕਰਨ ਲਈ ਅਗਸਤ 2016 ਵਿਚ ਇਕ ਆਈ.ਏ.ਐਸ. ਕੇ.ਜੇ. ਅਲਫੌਂਸ ਨੂੰ ਚੰਡੀਗੜ੍ਹ ਦਾ ਪ੍ਰਸ਼ਾਸਕ ਲਾਉਣ ਦਾ ਫ਼ੈਸਲਾ ਲਿਆ ਸੀ, ਜਿਸ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਦੇ ਵਿਰੋਧ ਕਾਰਨ ਅਹੁਦਾ ਛੱਡਣਾ ਪਿਆ ਸੀ।



ਜੇ ਇਹ ਹੋ ਜਾਂਦਾ ਤਾਂ ਚੰਡੀਗੜ੍ਹ ਵੀ ਦਾਦਰਾ-ਨਗਰ ਹਵੇਲੀ, ਦਮਨ, ਦੀਉ ਤੇ ਲਕਸ਼ਦੀਪ ਵਾਂਗ ਹੀ ਇਕ ਪੱਕਾ ਕੇਂਦਰ ਪ੍ਰਸ਼ਾਸਤ ਖੇਤਰ ਬਣ ਜਾਂਦਾ। ਭਾਜਪਾ ਸਰਕਾਰ ਨੇ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਖ਼ਤਮ ਕਰਨ ਲਈ ਦੂਸਰਾ ਹਮਲਾ ਇਹ ਕੀਤਾ ਕਿ ਚੰਡੀਗੜ੍ਹ ਦੇ ਕਰਮਚਾਰੀਆਂ ਜਿਨ੍ਹਾਂ 'ਤੇ ਪੰਜਾਬ ਦੇ ਗਰੇਡ ਲਾਗੂ ਹੁੰਦੇ ਸਨ, ਉਪਰ ਯੂ.ਟੀ. ਗਰੇਡ ਭਾਵ ਕੇਂਦਰੀ ਗਰੇਡ ਲਾਗੂ ਕਰ ਦਿੱਤੇ, ਜਿਸ ਦਾ ਕਰਮਚਾਰੀਆਂ ਨੂੰ ਤਾਂ ਫਾਇਦਾ ਹੈ ਪਰ ਉਹ ਹੁਣ ਕਦੋਂ ਚਾਹੁੰਣਗੇ ਕਿ ਚੰਡੀਗੜ੍ਹ ਕਦੇ ਪੰਜਾਬ ਨੂੰ ਮਿਲੇ। ਫਿਰ ਕਾਂਗਰਸ ਸਰਕਾਰਾਂ ਵੇਲੇ ਕਿਸੇ ਹੱਦ ਤੱਕ ਮੰਨੇ ਜਾ ਰਹੇ 60 : 40 ਦੇ ਅਨੁਪਾਤ ਨੂੰ ਵੀ ਭਾਜਪਾ ਸਰਕਾਰ ਨੇ ਖ਼ਤਮ ਕਰ ਦਿੱਤਾ। ਹੁਣ ਬਹੁਤੇ ਕਰਮਚਾਰੀ ਯੂ.ਟੀ. ਕੇਡਰ ਤੋਂ ਆ ਰਹੇ ਹਨ ਤੇ ਉਹ ਬਹੁਤੇ ਗ਼ੈਰ-ਪੰਜਾਬੀ ਹੀ ਹੁੰਦੇ ਹਨ। ਵੈਸੇ ਇਕ ਅਸੂਲ ਹੈ ਕਿ ਕਿਸੇ ਵੀ ਭਾਈਵਾਲੀ (ਪਾਰਟਨਰਸ਼ਿਪ) ਵਿਚ 51 ਫ਼ੀਸਦੀ ਜਾਂ ਵੱਧ ਦੇ ਹਿੱਸੇਦਾਰ ਦੀ ਮਰਜ਼ੀ ਹੀ ਚਲਦੀ ਹੈ ਪਰ ਇੱਥੇ ਇਸ ਫ਼ੈਸਲੇ ਵੇਲੇ 60 ਫ਼ੀਸਦੀ ਦੇ ਅਲਿਖਤ ਹਿੱਸੇਦਾਰ ਮੰਨੇ ਜਾਂਦੇ ਪੰਜਾਬ ਨੂੰ ਪੁੱਛਿਆ ਤੱਕ ਨਹੀਂ ਗਿਆ। ਇਵੇਂ ਹੀ ਪੰਜਾਬ ਦਾ ਚੰਡੀਗੜ੍ਹ 'ਤੇ ਦਾਅਵਾ ਕਮਜ਼ੋਰ ਕਰਨ ਲਈ ਹੀ ਪੰਜਾਬ ਯੂਨੀਵਰਸਿਟੀ ਦੀਆਂ ਸੈਨਟ ਚੋਣਾਂ ਲਟਕਾਉਣਾ ਅਤੇ ਉਸ ਦਾ ਕੁਲਪਤੀ (ਚਾਂਸਲਰ) ਉਪ-ਰਾਸ਼ਟਰਪਤੀ ਨੂੰ ਲਾਉਣਾ ਵੀ ਇਸੇ ਹੀ ਸਾਜਿਸ਼ ਦਾ ਹਿੱਸਾ ਸਮਝਿਆ ਜਾ ਰਿਹਾ ਹੈ। ਨਹੀਂ ਤਾਂ ਪੰਜਾਬ ਯੂਨੀਵਰਸਿਟੀ ਨਾਲ ਇਸ ਵੇਲੇ ਹਰਿਆਣਾ ਦਾ ਤਾਂ ਇਕ ਵੀ ਕਾਲਜ ਨਹੀਂ ਜੁੜਿਆ ਹੋਇਆ।

## ਕੀ ਹੈ ਤਾਜ਼ਾ ਮਾਮਲਾ ਚੰਡੀਗੜ੍ਹ ਬਾਰੇ

ਹੁਣ ਹਰਿਆਣਾ ਸਰਕਾਰ ਨੇ ਚੰਡੀਗੜ੍ਹ ਵਿਚ 10 ਏਕੜ ਜ਼ਮੀਨ ਉੱਤੇ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਨੂੰ 12 ਏਕੜ ਜ਼ਮੀਨ ਪੰਚਕੂਲਾ ਵਿਚ ਦੇਣ ਬਾਰੇ ਕਿਹਾ ਸੀ ਪਰ ਪੰਚਕੂਲਾ ਵਾਲੀ ਜ਼ਮੀਨ ਈਕੋ ਸੈਂਸਟਿਵ ਹੋਣ ਕਰ ਕੇ ਮਾਮਲਾ ਭਖ ਗਿਆ ਸੀ। ਕੇਂਦਰੀ ਵਾਤਾਵਰਨ, ਜੰਗਲਾਤ ਤੇ ਜਲਵਾਯੂ ਤਬਦੀਲੀ ਮੰਤਰਾਲੇ ਨੇ ਪੰਚਕੂਲਾ ਦੀ ਇਸ ਜ਼ਮੀਨ ਨੂੰ ਵਾਤਾਵਰਨ ਪੱਖੋਂ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਜ਼ਮੀਨ ਦੀ ਅਦਲਾ-ਬਦਲੀ ਦਾ ਰਾਹ ਸਾਫ ਹੋ ਗਿਆ ਪਰ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ , ਅਕਾਲੀ ਦਲ ਸੁਧਾਰ ਲਹਿਰ ,ਸ਼੍ਰੋਮਣੀ ਕਮੇਟੀ, ਆਪ ਪਾਰਟੀ, ਕਾਂਗਰਸ ਦੇ ਆਗੂਆਂ ਨੇ ਵੀ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਵਿਧਾਨ ਸਭਾ ਲਈ ਜ਼ਮੀਨ ਦੇਣ ਦੀ ਤਜਵੀਜ਼ ਦਾ ਤਿੱਖਾ ਵਿਰੋਧ ਕੀਤਾ ਸੀ। ਇਹ ਗੱਲ ਆਖੀ ਸੀ ਕਿ ਕੇਂਦਰ ਦੀ ਇਹ ਪਹਿਲਕਦਮੀ ਪੰਜਾਬ ਦੇ ਹਿੱਤਾਂ ਤੇ ਹੱਕਾਂ ਉੱਪਰ ਵੱਡਾ ਹਮਲਾ ਹੈ।

ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਾਫ਼ ਤੌਰ 'ਤੇ ਕਿਹਾ ਸੀ ਕਿ ਕੇਂਦਰ ਦੀ ਇਸ ਕਾਰਵਾਈ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਢਾਹ ਲੱਗੇਗੀ ਤੇ ਇਸ ਤਰ੍ਹਾਂ ਦੇ ਪੰਜਾਬ ਵਿਰੋਧੀ ਰੁਖ਼ ਨਾਲ ਰਾਜ ਦੇ ਲੋਕਾਂ ਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ। ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਰੱਦ ਕਰਵਾਉਣ ਲਈ ਨਿੱਜੀ ਤੌਰ 'ਤੇ ਦਖ਼ਲ ਦੇਣ ਦੀ ਅਪੀਲ ਕੀਤੀ ਸੀ।

ਹੁਣ ਹਰਿਆਣਾ ਦੀ ਨਵੀਂ ਵਿਧਾਨ ਸਭਾ ਇਮਾਰਤ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਨੂੰ ਲੈ ਕੇ ਚੱਲ ਰਹੇ ਵਿਵਾਦ ਵਿੱਚ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦਾ ਬਿਆਨ ਸਾਹਮਣੇ ਆਇਆ ਹੈ। ਇਸ ਸਬੰਧੀ ਰਾਜਪਾਲ ਨੇ ਕਿਹਾ ਹੈ ਕਿ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਲਈ ਕੋਈ ਜ਼ਮੀਨ ਅਲਾਟ ਨਹੀਂ ਕੀਤੀ ਗਈ ਹੈ ਰਾਜਪਾਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਇੱਕ ਪ੍ਰਸਤਾਵ ਲੰਬੇ ਸਮੇਂ ਤੋਂ ਪੈਂਡਿੰਗ ਹੈ। ਫੈਸਲਾ ਹੋਣ ਤੱਕ ਕੁਝ ਨਹੀਂ ਕਿਹਾ ਜਾ ਸਕਦਾ।

ਯਾਦ ਰਹੇ ਕੁਝ ਦਿਨ ਪਹਿਲਾਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਦੇ ਰਾਜਪਾਲ ਕਟਾਰੀਆ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਵਿਧਾਨ ਸਭਾ ਭਵਨ ਲਈ ਹਰਿਆਣਾ ਨੂੰ ਜ਼ਮੀਨ ਅਲਾਟ ਕਰਨ ਦੇ ਕਦਮ ਦਾ ਵਿਰੋਧ ਕੀਤਾ ਸੀ ਅਤੇ ਮੰਗ ਪੱਤਰ ਸੌਂਪਿਆ ਸੀ ਵਿੱਤ ਮੰਤਰੀ ਨੇ ਕਿਹਾ ਸੀ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਅਸੀਂ ਹਰਿਆਣਾ ਨੂੰ ਇਕ ਇੰਚ ਵੀ ਜ਼ਮੀਨ ਨਹੀਂ ਦੇਵਾਂਗੇ। ਚੰਡੀਗੜ੍ਹ 'ਤੇ ਪੰਜਾਬ ਦਾ ਕੰਟਰੋਲ ਹੈ। ਅਸੀਂ ਆਪਣੇ ਹੱਕਾਂ ਲਈ ਲੜਾਂਗੇ। ਚੰਡੀਗੜ੍ਹ ਦੀ ਜ਼ਮੀਨ ਹਰਿਆਣਾ ਨੂੰ ਅਲਾਟ ਕਰਨਾ ਗ਼ਲਤ ਹੈ। ਇਹ ਪੰਜਾਬ ਦੇ 3 ਕਰੋੜ ਲੋਕਾਂ ਦੀਆਂ ਭਾਵਨਾਵਾਂ ਦੀ ਉਲੰਘਣਾ ਹੈ।

ਉਨ੍ਹਾਂ ਦੀ ਇਸ ਗੱਲ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਸਰਕਾਰ ਤੇ ਪਲਟਵਾਰ ਕਰਦਿਆਂ ਕਿਹਾ ਸੀ ਕਿ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੋਵਾਂ ਦਾ ਹਿੱਸਾ ਹੈ। ਚੰਡੀਗੜ੍ਹ 'ਤੇ ਵੀ ਹਰਿਆਣਾ ਦਾ ਹੱਕ ਹੈ। ਸੀਐਮ ਸੈਣੀ ਨੇ ਕਿਹਾ ਸੀ ਕਿ ਅਸੀਂ ਚੰਡੀਗੜ੍ਹ ਵਿੱਚ ਵਿਧਾਨ ਸਭਾ ਕਿਉਂ ਨਹੀਂ ਬਣਾ ਸਕਦੇ ? ਸੈਣੀ ਨੇ ਸਤਲੁਜ-ਯਮੁਨਾ ਲਿੰਕ ਨਹਿਰੀ ਪਾਣੀ ਦਾ ਮੁੱਦਾ ਪੰਜਾਬ ਸਰਕਾਰ ਕੋਲ ਉਠਾਉਂਦਿਆਂ ਕਿਹਾ ਸੀ ਕਿ ਪੰਜਾਬ ਨੇ ਹਰਿਆਣਾ ਦਾ ਪਾਣੀ ਰੋਕ ਕੇ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਇਆ ਹੈ।

ਯਾਦ ਰਹੇ ਕਿ 1966 ਵਿੱਚ ਜਦੋਂ ਪੰਜਾਬ ਦਾ ਮੁੜ ਗਠਨ ਕਰ ਕੇ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ ਸੀ, ਚੰਡੀਗੜ੍ਹ ਦੇ ਮੁੱਦੇ ਨੂੰ ਉਦੋਂ ਤੋਂ ਹੀ ਲਟਕਾ ਕੇ ਰੱਖਿਆ ਹੋਇਆ ਹੈ। ਹਾਲਾਂਕਿ ਚੰਡੀਗੜ੍ਹ ਅਣਵੰਡੇ ਪੰਜਾਬ ਦੀ ਰਾਜਧਾਨੀ ਸੀ ਅਤੇ ਮੁੜਗਠਨ ਵੇਲੇ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਹਰਿਆਣਾ ਨੂੰ ਨਵੀਂ ਰਾਜਧਾਨੀ ਤਿਆਰ ਕਰਨ ਲਈ ਪੰਜ ਸਾਲ ਦੀ ਮੋਹਲਤ ਦਿੱਤੀ ਗਈ ਸੀ। ਨਵੀਂ ਵਿਧਾਨ ਸਭਾ ਬਾਰੇ ਹਰਿਆਣਾ ਦੀ ਲੋੜ ਤਾਂ ਸਮਝ ਪੈਂਦੀ ਹੈ ਪਰ ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਚੰਡੀਗੜ੍ਹ ਦੇ ਦਰਜੇ ਨੂੰ ਲੈ ਕੇ ਵਿਵਾਦ ਵਾਲੀ ਸਥਿਤੀ ਬਣੀ ਹੋਈ ਹੈ। ਇਸ ਮੌਕੇ ਚੰਡੀਗੜ੍ਹ ਦੇ ਦਰਜੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਸੰਵਿਧਾਨਕ ਅਤੇ ਇਖ਼ਲਾਕੀ ਤੌਰ 'ਤੇ ਸਹੀ ਨਹੀਂ ਆਖੀ ਜਾ ਸਕਦੀ।

ਬਾਕੀ ਹਿਸਾ ਸਫਾ 24 ਤੇ ਪੜ੍ਹੋ →

### 23 ਸਫ਼ੇ ਦੀ ਬਾਕੀ

ਉਂਜ ਗ਼ੌਰਤਲਬ ਹੈ ਚੰਡੀਗੜ੍ਹ ਪ੍ਰਸ਼ਾਸਨ ਜੋ ਪੰਜਾਬ ਦੇ ਰਾਜਪਾਲ ਦੇ ਅਧੀਨ ਹੈ, 6 ਜੂਨ, 2022 ਨੂੰ ਹੀ ਹਰਿਆਣਾ ਨੂੰ 10 ਏਕੜ ਜ਼ਮੀਨ ਦੇਣ ਲਈ 3 ਥਾਵਾਂ 'ਤੇ ਪੇਸ਼ਕਸ਼ ਕਰ ਚੁੱਕਾ ਸੀ। ਕੋਈ ਪੁੱਛੇ ਪੰਜਾਬ ਦੇ ਗਵਰਨਰ ਦਾ ਫ਼ਰਜ਼ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨਾ ਹੈ ਕਿ ਨਹੀਂ?

1966 ਵਿਚ ਪੰਜਾਬੀ ਪਿੰਡਾਂ ਨੂੰ ਉਜਾੜ ਕੇ ਬਣਿਆ 100 ਫ਼ੀਸਦੀ ਪੰਜਾਬੀ ਬੋਲਦਾ ਚੰਡੀਗੜ੍ਹ, ਪ੍ਰਵਾਸੀਆਂ ਦੀ ਵਸੋਂ ਨਾਲ 1971 ਦੀ ਮਰਦਮ-ਸ਼ੁਮਾਰੀ ਵਿਚ ਹੀ 59.33 ਫ਼ੀਸਦੀ ਹਿੰਦੀ ਬੋਲੀ ਵਸੋਂ ਵਾਲਾ ਇਲਾਕਾ ਬਣਾ ਦਿੱਤਾ ਗਿਆ ਸੀ। 2011 ਦੀ ਮਰਦਮਸ਼ੁਮਾਰੀ ਵਿਚ ਤਾਂ ਇੱਥੇ 78 ਫ਼ੀਸਦੀ ਹਿੰਦੀ ਬੋਲਦੇ ਸਨ। ਪਰ ਸਾਡਾ ਅੰਦਾਜ਼ਾ ਹੈ ਜਿਸ ਤੇਜ਼ੀ ਨਾਲ ਇੱਥੇ ਪ੍ਰਵਾਸੀ ਅਫ਼ਸਰ, ਕਰਮਚਾਰੀ ਤੇ ਮਜ਼ਦੂਰ ਵਸਾਏ ਗਏ ਹਨ, ਹੁਣ ਹੋਣ ਵਾਲੀ ਨਵੀਂ ਮਰਦਮਸ਼ੁਮਾਰੀ ਵਿਚ ਚੰਡੀਗੜ੍ਹ ਵਿਚ 90 ਫ਼ੀਸਦੀ ਲੋਕ ਆਪਣੀ ਮਾਤ ਭਾਸ਼ਾ ਹਿੰਦੀ ਜਾਂ ਗ਼ੈਰ-ਪੰਜਾਬੀ ਲਿਖਵਾਉਣਗੇ। ਕੀ ਦੁਨੀਆ ਦੇ ਕਿਸੇ ਹੋਰ ਖਿੱਤੇ ਵਿਚ ਏਨੀ ਤੇਜ਼ੀ ਨਾਲ ਭਾਸ਼ਾ ਦਾ ਤਵਾਜ਼ਨ ਬਦਲਿਆ ਹੈ ਕਦੇ?

ਇਸ ਤੋਂ ਸਪਸ਼ਟ ਹੈ ਕਿ ਭਾਜਪਾ ਦੀ ਪੰਜਾਬ ਅਤੇ ਸਿੱਖਾਂ ਪ੍ਰਤੀ ਅਸਲ ਤੇ ਲੁਕੀ ਹੋਈ ਰਣਨੀਤੀ ਇਹੀ ਹੈ ਕਿ ਪੰਜਾਬ ਤੇ ਸਿਖ ਪੰਥ ਨੂੰ ਖੁਆਰ ਕੀਤਾ ਜਾਵੇ, ਨਿਆਂ ਨਾ ਕੀਤਾ ਜਾਵੇ।

### ਹੁਣ ਪੰਜਾਬ ਦੀਆਂ ਸਿਆਸੀ ਜਥੇਬੰਦੀਆਂ ਕੀ ਕਰਨ?

ਸਭ ਤੋਂ ਵੱਡਾ ਸਵਾਲ ਹੈ ਕਿ ਇਸ ਸਥਿਤੀ ਵਿਚ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਕੀ ਕਰਨ? ਵੈਸੇ ਤਾਂ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਭ ਤੋਂ ਵੱਡੀ ਲੋੜ, ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਤੇ 80 ਖ਼ਤਮ ਕਰਵਾਉਣਾ ਹੈ। ਇਸ ਤੋਂ ਬਿਨਾਂ ਤਾਂ ਇਹ ਹੱਲ ਹੋ ਵੀ ਨਹੀਂ ਸਕਦੀਆਂ। ਇਸ ਲਈ ਪੰਜਾਬ ਨੂੰ ਅਦਾਲਤੀ ਰਸਤਿਆਂ ਦੇ ਨਾਲ-ਨਾਲ ਸਮੁੱਚੇ ਪੰਜਾਬੀਆਂ ਨੂੰ ਨਾਲ ਲੈ ਕੇ ਧਰਮ ਆਧਾਰਿਤ ਨਹੀਂ, ਸਗੋਂ ਪੰਜਾਬੀਅਤ ਆਧਾਰਿਤ ਸ਼ਾਂਤੀਪੂਰਵਕ ਜੱਦੋਜਹਿਦ ਦੀ ਰਣਨੀਤੀ ਬਣਾਉਣੀ ਪਵੇਗੀ ਪਰ ਫੌਰੀ ਤੌਰ 'ਤੇ ਸਾਹਮਣੇ ਖੜ੍ਹੀ ਮੁਸ਼ਕਿਲ ਕਿ ਹਰਿਆਣਾ ਨੂੰ ਚੰਡੀਗੜ੍ਹ ਵਿਚ 10 ਏਕੜ ਜਗ੍ਹਾ ਅਲਾਟ ਕਰਕੇ ਉਸ ਨੂੰ ਪੱਕੇ ਤੌਰ 'ਤੇ ਚੰਡੀਗੜ੍ਹ ਵਿਚ ਹੱਕਦਾਰ ਬਣਾਉਣ ਅਤੇ ਚੰਡੀਗੜ੍ਹ ਨੂੰ ਪੱਕੇ ਤੌਰ 'ਤੇ ਯੂ.ਟੀ. ਬਣਾਉਣ ਦੀ ਸਾਜ਼ਿਸ਼ ਦਾ ਵਿਰੋਧ ਕਰਨ ਲਈ ਸਾਰੇ 20 ਪੰਜਾਬੀ ਅਤੇ 21ਵੇਂ ਚੰਡੀਗੜ੍ਹ ਦੇ ਐੱਮ.ਪੀ., ਪੰਜਾਬ ਦੇ ਮੁੱਖ ਮੰਤਰੀ ਅਤੇ ਪ੍ਰਮੁੱਖ ਵਿਰੋਧੀ ਪਾਰਟੀਆਂ ਦੇ ਪ੍ਰਧਾਨਾਂ ਨੂੰ ਕੇਂਦਰ ਦੇ ਇਸ ਫ਼ੈਸਲੇ ਨੂੰ ਰੱਦ ਕਰਵਾਉਣ ਲਈ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਦੇਣਾ ਚਾਹੀਦਾ ਹੈ। ਜੇਕਰ ਕੇਂਦਰ ਸਰਕਾਰ ਆਪਣੇ ਫ਼ੈਸਲੇ ਨੂੰ ਬਦਲਣ ਲਈ ਤਿਆਰ ਨਹੀਂ ਹੁੰਦੀ ਤਾਂ ਪ੍ਰਧਾਨ ਮੰਤਰੀ ਦੇ ਨਿਵਾਸ ਅੱਗੇ ਧਰਨਾ ਤੇ ਭੁੱਖ ਹੜਤਾਲ 'ਤੇ ਬੈਠ ਜਾਣਾ ਚਾਹੀਦਾ ਹੈ। ਲੋਕਤੰਤਰ ਦਾ ਯੁੱਗ ਹੈ, ਕੇਂਦਰ ਸਰਕਾਰ ਦੀ ਹਿੰਮਤ ਨਹੀਂ ਹੋ ਸਕਦੀ ਕਿ ਉਹ ਲੋਕਾਂ ਦੇ ਚੁਣੇ ਪ੍ਰਤੀਨਿਧਾਂ ਦੀ ਏਕਤਾ ਨੂੰ ਜ਼ਿਆਦਾ ਸਮਾਂ ਅਣਗੌਲਿਆਂ ਕਰ ਸਕੇ।

# ਮੁੱਖ ਮੰਤਰੀ ਧਮਕ ਬੇਸ ਨੂੰ ਕੁੱਟਣ ਵਾਲੇ ਪੁਲਿਸੀਆਂ ਨੇ ਮੰਗੀ ਮਾਫ਼ੀ

## ✪ ਜਥੇਬੰਦੀਆਂ ਵਲੋਂ ਇਸ ਮੁੱਦੇ ਨੂੰ ਸਮਾਪਤ ਕਰਨ ਦੀ ਅਪੀਲ



ਤਰਨ ਤਾਰਨ-ਬੀਤੇ ਦਿਨੀਂ ਧਰਮਪ੍ਰੀਤ ਸਿੰਘ ਉਰਫ ਮੁੱਖ ਮੰਤਰੀ ਨੂੰ ਕੁੱਟਣ ਦੀ ਵੀਡੀਓ ਵਾਇਰਲ ਹੋ ਰਹੀ ਸੀ। ਜਿਸ ਵਿੱਚ ਪੁਲਿਸ ਮੁਲਾਜ਼ਮ 'ਮੁੱਖ ਮੰਤਰੀ' ਦੀ ਕੁੱਟਮਾਰ ਕਰਦੇ ਨਜ਼ਰ ਆ ਰਹੇ ਹਨ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਵੱਲੋਂ ਕਾਰਵਾਈ ਕਰਦਿਆਂ ਦੋਵਾਂ ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰਕੇ ਲਾਈਨ ਹਾਜ਼ਰ ਕਰ ਦਿੱਤਾ ਗਿਆ ਸੀ।

ਸੋ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਦੇ ਹੱਕ ਵਿੱਚ ਕਈ ਧਾਰਮਿਕ ਜਥੇਬੰਦੀਆਂ ਨਿਤਰੀਆਂ ਤੇ ਉਹਨਾਂ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਕੇਸਾਂ ਦੀ ਬੇਅਦਬੀ ਕਰਨ ਵਾਲੇ ਪੁਲਿਸ ਮੁਲਾਜ਼ਮਾਂ 'ਤੇ 295ਏ ਦਾ ਮੁਕਦਮਾ ਦਰਜ ਕੀਤਾ ਜਾਵੇ। ਜਿਸ ਤੋਂ ਬਾਅਦ ਇਨਾ ਦੋਨਾਂ ਪੁਲਿਸ ਮੁਲਾਜ਼ਮਾਂ ਵੱਲੋਂ ਧਰਮਪ੍ਰੀਤ ਉਰਫ ਮੁੱਖ ਮੰਤਰੀ ਧਮਕ ਦੇ ਘਰ ਜਾ ਕੇ ਜਥੇਬੰਦੀਆਂ ਦੀ ਅਗਵਾਈ ਹੇਠ ਮਾਫੀ ਮੰਗੀ ਅਤੇ ਗੁਰਦੁਆਰਾ ਗੋਇੰਦਵਾਲ ਸਾਹਿਬ ਬਉਲੀ ਸਾਹਿਬ ਵਿਖੇ ਮੱਥਾ ਟੇਕ ਕੇ ਆਪਣੀ ਭੁੱਲ ਬਖਸ਼ਾਈ।

ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਜਥੇਬੰਦੀਆਂ ਵੱਲੋਂ ਪੁਲਿਸ ਮੁਲਾਜ਼ਮਾਂ ਨਾਲ ਮੁੱਖ ਮੰਤਰੀ ਧਮਕ ਬੇਸ ਵਾਲੇ ਦਾ ਰਾਜ਼ੀਨਾਮਾ ਕਰਵਾ ਦਿੱਤਾ ਗਿਆ ਹੈ ਅਤੇ ਇਸ ਮਾਮਲੇ ਨੂੰ ਹੁਣ ਇੱਥੇ ਹੀ ਖਤਮ ਕੀਤਾ ਜਾਵੇ।

ਉਨ੍ਹਾਂ ਨੇ ਸੋਸ਼ਲ ਮੀਡੀਆ ਤੇ ਮੀਡੀਆ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਹੁਣ ਇਸ ਲੜਾਈ ਝਗੜੇ ਦੇ ਮਾਮਲੇ ਨੂੰ ਨਾ ਉਛਾਲਿਆ ਜਾਵੇ ਕਿਉਂਕਿ ਇਸ ਮਾਮਲੇ ਨੂੰ ਲੈ ਕੇ ਰਾਜ਼ੀਨਾਮਾ ਹੋ ਚੁੱਕਾ ਹੈ ਕਿਉਂਕਿ ਕੋਈ ਵੀ ਵਿਅਕਤੀ ਨਹੀਂ ਚਾਹੁੰਦਾ ਕਿ ਕਿਸੇ ਦਾ ਕੋਈ ਨੁਕਸਾਨ ਹੋਵੇ ਜੇ ਪੁਲਿਸ ਮੁਲਾਜ਼ਮਾਂ ਵੱਲੋਂ ਗਲਤੀ ਕੀਤੀ ਗਈ ਸੀ ਤਾਂ ਉਸ ਵਿੱਚ ਉਹਨਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਹੋ ਕੇ ਮਾਫੀ ਮੰਗ ਲਈ ਗਈ ਹੈ।

# ਸਹੁਰੇ ਪਰਿਵਾਰ ਨੇ ਕਿਹਾ ਸੀ ਕਿ "ਤੈਨੂੰ ਵਿਦੇਸ਼ ਭੇਜਾਂਗੇ, ਸਾਰਾ ਖ਼ਰਚਾ ਸਾਡਾ..."

## ✪ ਵਿਆਹ ਮਗਰੋਂ ਮੁੱਕਰੇ, ਵਿਆਹ ਮਗਰੋਂ ਪੇਕਿਆਂ ਤੋਂ ਪੈਸੇ ਲਿਆਉਣ ਲਈ ਕੁੱਟਮਾਰ, ਕੁੜੀ ਪਹੁੰਚੀ ਥਾਣੇ

ਮੋਗਾ-ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਮਾਛੀਕੇ ਦੀ ਇਕ ਨੌਜਵਾਨ ਕੁੜੀ ਨੇ ਪੁਲਸ ਤੋਂ ਇਨਸਾਫ ਨਾ ਮਿਲਣ 'ਤੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਐੱਸ.ਐੱਸ.ਪੀ. ਦਫ਼ਤਰ ਅੱਗੇ ਆਤਮਦਾਹ ਦੀ ਦਿੱਤੀ ਧਮਕੀ ਦਿੱਤੀ ਹੈ। ਉਸ ਨੇ ਦੋਸ਼ ਲਾਇਆ ਕਿ ਉਹ ਇਨਸਾਫ ਲੈਣ ਲਈ ਪਿਛਲੇ ਇਕ ਸਾਲ ਤੋਂ ਪੁਲਸ ਅਧਿਕਾਰੀਆਂ ਦੇ ਹਾੜੇ ਕੱਢ ਰਹੀ ਹੈ, ਪਰ ਉਸ ਦੇ ਸਹੁਰਾ ਪਰਿਵਾਰ ਦੇ ਦਬਾਅ ਹੇਠ ਮੋਗਾ ਜ਼ਿਲੇ ਦੀ ਪੁਲਸ ਉਸ ਨੂੰ ਇਨਸਾਫ ਨਹੀਂ ਦਿਵਾ ਰਹੀ।

ਪੀੜਤ ਜਸਪ੍ਰੀਤ ਕੌਰ ਪੁੱਤਰੀ ਰਣਜੀਤ ਸਿੰਘ ਵਾਸੀ ਪਿੰਡ ਮਾਛੀਕੇ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਦੱਸਿਆ ਕਿ ਉਸ ਦਾ ਵਿਆਹ 15 ਫਰਵਰੀ 2023 ਨੂੰ ਜਸਪ੍ਰੀਤ ਸਿੰਘ ਪਿੰਡ ਛਾਪਾ (ਬਰਨਾਲਾ) ਨਾਲ ਹੋਇਆ ਸੀ।

ਉਸ ਨੇ ਦੱਸਿਆ ਕਿ ਉਸ ਨੇ ਆਈਲੈਟਸ ਕੀਤੀ ਹੋਈ ਹੈ ਤੇ ਉਸ ਦੇ ਅੱਠ ਬੈਂਡ ਆਏ ਹੋਏ ਸਨ। ਵਿਆਹ ਤੋਂ ਪਹਿਲਾ ਉਸ ਦੇ ਸਹੁਰਾ ਪਰਿਵਾਰ ਨੇ ਉਸ ਨੂੰ ਵਿਦੇਸ਼ ਭੇਜਣ ਦੇ ਸਾਰੇ ਖਰਚੇ ਚੁੱਕਣ ਦੀ ਜ਼ਿੰਮੇਵਾਰੀ ਲਈ ਸੀ। ਉਹ ਇਸ ਗੱਲ ਨਾਲ ਸਹਿਮਤ ਹੋਏ ਸੀ ਕਿ ਮੁੰਡਾ-ਕੁੜੀ ਦੋਵੇਂ ਇਕੱਠੇ ਬਾਹਰ ਭੇਜਾਂਗੇ।

ਫਿਰ ਵਿਆਹ ਤੋਂ ਚਾਰ-ਪੰਜ ਦਿਨ





ਬਾਅਦ ਉਸ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਪੇਕਿਆਂ ਤੋਂ ਪੈਸੇ ਲਿਆਉਣ ਦੇ ਤਾਅਨੇ-ਮਿਹਣੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਉਸ ਦੇ ਪਤੀ ਨੇ ਉਸ ਨੂੰ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਜਾਨੋਂ ਮਾਰਨ ਦੀ ਵੀ ਕੋਸ਼ਿਸ਼ ਕੀਤੀ। ਫੇਰ ਮੈਨੂੰ ਵਿਆਹ ਤੋਂ ਕੁਝ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਉਸ ਦਾ ਪਤੀ ਪਹਿਲਾਂ ਹੀ ਵਿਆਹਿਆ ਹੋਇਆ ਸੀ। ਜਦ ਉਸ ਨੇ ਇਹ ਗੱਲ ਪੁੱਛੀ ਤਾਂ ਉਸ ਦੇ ਸਹੁਰੇ ਸਾਫ਼ ਮੁੱਕਰ ਗਏ।

ਇਸ ਤੋਂ ਬਾਅਦ ਜਸਪ੍ਰੀਤ ਨੇ ਐੱਸ.ਐੱਸ.ਪੀ. ਦਫ਼ਤਰ ਮੋਗਾ ਵਿਖੇ ਇਨਸਾਫ਼ ਲਈ ਦਰਖਾਸਤ ਦਿੱਤੀ, ਜਿਸ ਤੋਂ ਬਾਅਦ ਉਸ ਦੇ ਪਤੀ ਦੇ ਮਾਮੇ, ਉਸ ਦੇ ਦੋਸਤਾਂ, ਚਾਚਾ ਤੇ ਪੁਲਸ ਵਾਲਿਆਂ ਨੇ ਇਹ ਕਹਿ ਕੇ ਰਾਜ਼ੀਨਾਮਾ ਕਰਵਾਇਆ ਸੀ ਕਿ ਸਾਡਾ ਮੁੰਡਾ ਕੁੜੀ ਨਾਲ 25 ਦਿਨਾਂ ਵਿਚ ਕੋਰਟ ਮੈਰਿਜ ਕਰਵਾਏਗਾ ਤੇ ਦੂਜੇ ਪਰੂਫ ਬਣਾਏਗਾ, ਪਰ ਉਸ ਦਾ ਸਹੁਰਾ ਪਰਿਵਾਰ ਮੁੜ ਇਸ ਵਾਅਦੇ ਤੋਂ ਮੁੱਕਰ ਗਿਆ ਤੇ ਉਸ ਨਾਲ ਪਹਿਲਾ ਵਾਂਗ ਕੁੱਟ-ਮਾਰ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਅੱਗੇ ਦੱਸਿਆ ਕਿ ਉਹ ਸਭ ਕੁਝ 4 ਮਹੀਨੇ ਤਕ ਸਹਿੰਦੀ ਰਹੀ, ਫਿਰ 23 ਜੂਨ 2024 ਨੂੰ ਉਸ ਦੇ ਸਹੁਰਿਆਂ ਨੇ ਕੁੱਟ-ਮਾਰ ਕਰ ਕੇ ਉਸ ਨੂੰ ਘਰੋ ਕੱਢ ਦਿੱਤਾ।

ਇਸ ਤੋਂ ਬਾਅਦ ਉਸ ਨੇ ਆਪਣੇ ਨਾਲ ਹੋਏ ਧੋਖੇ ਦਾ ਇਨਸਾਫ਼ ਲੈਣ ਲਈ ਸੁਹਰਿਆਂ ਖਿਲਾਫ ਮੁੜ ਐੱਸ.ਐੱਸ.ਪੀ. ਮੋਗਾ ਨੂੰ ਦਰਖਾਸਤ ਦਿੱਤੀ ਪਰ ਪੁਲਸ ਪ੍ਰਸ਼ਾਸਨ ਨੇ ਲਾਰੇ ਲੱਪਿਆਂ ਤੋਂ ਬਗੈਰ ਇਨਸਾਫ ਦੇਣ ਲਈ ਕੁਝ ਨਹੀਂ ਕੀਤਾ। ਇਸ ਦੌਰਾਨ ਉਸ ਦਾ ਸਹੁਰਾ ਪਰਿਵਾਰ ਉਸ ਨੂੰ ਧਮਕੀਆਂ ਦਿੰਦਾ ਰਿਹਾ ਕਿ ਤੁਸੀਂ ਸਾਡਾ ਕੁਝ ਨਹੀਂ ਵਿਗਾੜ ਸਕਦੇ ਕਿ ਅਸੀਂ ਆਪਣਾ ਪੁੱਤ ਜ਼ਮੀਨ ਵੇਚ ਕੇ ਛੁਡਾ ਲਵਾਂਗੇ।

ਪੀੜਤ ਲੜਕੀ ਨੇ ਕਿਹਾ ਕਿ ਉਹ ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਦਫ਼ਤਰ ਅੱਗੇ ਦਿਨ-ਰਾਤ ਦੇ ਧਰਨੇ 'ਤੇ ਬੈਠੇਗੀ ਅਤੇ ਜੇਕਰ ਫਿਰ ਵੀ ਇਨਸਾਫ ਨਾ ਮਿਲਿਆ ਤਾਂ ਉਹ ਆਤਮ-ਦਾਹ ਵੀ ਕਰ ਸਕਦੀ ਹੈ। ਉਸ ਨੇ ਕਿਹਾ ਕਿ ਮੈਂ ਗਰੀਬ ਪਰਿਵਾਰ ਦੀ ਧੀ ਹਾਂ, ਉਸ ਨੇ ਇਨਸਾਫ ਪਸੰਦ ਜਥੇਬੰਦੀਆਂ, ਪੰਚਾਇਤਾਂ ਅਤੇ ਹੋਰ ਸੰਸਥਾਵਾਂ ਤੋਂ ਅਪੀਲ ਕੀਤੀ ਕਿ ਉਸ ਨੂੰ ਇਨਸਾਫ ਦਿਵਾਉਣ ਲਈ ਸਹਿਯੋਗ ਕੀਤਾ ਜਾਵੇ।

## ਕਰਾਈਮ ਨਿਊਜ਼

### ਸੀਮਾ ਸੁਰੱਖਿਆ ਬਲ ਨੇ ਪਾਕਿਸਤਾਨੀ ਸਮਗਲਰਾਂ ਵੱਲੋਂ ਭੇਜੀ ਗਈ ਛੇ ਕਿੱਲੋ ਹੈਰੋਇਨ ਫੜੀ



ਗੁਰਦਾਸਪੁਰ-ਸੀਮਾ ਸੁਰੱਖਿਆ ਬਲ ਨੇ ਬੀਤੇ ਦਿਨੀਂ ਪਾਕਿਸਤਾਨ ਤੋਂ ਭੇਜੀ ਗਈ ਸਾਢੇ ਛੇ ਕਿੱਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ। ਇਹ ਬਰਾਮਦਗੀ ਅੰਮਿਬਸਰ ਅਤੇ ਗੁਰਦਾਸਪੁਰ ਜ਼ਿਲਿਆਂ ਦੇ ਸਰਹੱਦੀ ਪਿੰਡਾਂ ਵਿਚ ਹੋਈ ਦਰਅਸਲ ਸੀਮਾ ਸੁਰੱਖਿਆ ਬਲ ਦੇ ਖੁਫ਼ੀਆ ਵਿੰਗ ਨੂੰ ਸੂਚਨਾ ਮਿਲੀ ਸੀ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਅਗਵਾਨ ਦੇ ਖੇਤਾਂ ਵਿਚ ਇਕ ਪੈਕਟ ਪਿਆ ਹੈ। ਫੋਰਸ ਨੇ ਪੈਕਟ ਬਰਾਮਦ ਕੀਤਾ। ਇਸ ਪੈਕਟ ਵਿੱਚੋਂ ਸਾਢੇ ਚਾਰ ਕਿੱਲੋ ਹੈਰੋਇਨ ਮਿਲੀ। ਇਹ ਪੈਕੇਟ ਇਕ ਡ੍ਰੋਨ ਰਾਹੀਂ ਸੁੱਟਿਆ ਗਿਆ ਸੀ। ਇਸੇ ਤਰ੍ਹਾਂ ਅੰਮਿਬਸਰ ਦੇ ਪਿੰਡ ਘੋਨੇਵਾਲ ਦੇ ਖੇਤਾਂ ਵਿਚੋਂ ਚਾਰ ਪੈਕਟ ਬਰਾਮਦ ਕੀਤੇ ਗਏ। ਇਨ੍ਹਾਂ ਪੈਕਟਾਂ ਵਿਚ ਦੋ ਕਿੱਲੋ ਹੈਰੋਇਨ ਸੀ। ਇਸ ਸਬੰਧੀ ਅੰਮਿਬਸਰ ਤੇ ਗੁਰਦਾਸਪੁਰ ਦੇ ਥਾਣਿਆਂ ਵਿਚ ਅਣਪਛਾਤੇ ਤਸਕਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

# ਪ੍ਰੇਮੀ ਤੇ ਉਸ ਦੇ ਭਰਾ ਨਾਲ ਮਿਲ ਕੇ ਕੀਤਾ ਪ੍ਰੇਮਿਕਾ ਨੇ ਪਤੀ ਦਾ ਕਤਲ, ਦੋਸ਼ੀ ਫਰਾਰ

### ✪ ਕਾਤਲ ਲਾਸ਼ ਮੋਟਰਸਾਈਕਲ 'ਤੇ ਲੈ ਗਏ, ਪੁਲਿਸ ਨੇ ਲਾਸ਼ ਖੇਤਾਂ ਵਿਚੋਂ ਕੀਤੀ ਬਰਾਮਦ





ਫਤਿਹਗੜ੍ਹ ਸਾਹਿਬ-ਹੁਸੈਨਪੁਰਾ ਪਿੰਡ ਵਿਚ ਪ੍ਰੇਮੀ ਤੇ ਉਸ ਦੇ ਭਰਾ ਨਾਲ ਮਿਲ ਕੇ ਇਕ ਔਰਤ ਨੇ ਆਪਣੇ ਪਤੀ 44 ਸਾਲਾ ਸੁਖਦੇਵ ਸਿੰਘ ਇਲੈਕਟ੍ਰੀਸ਼ਨ ਦਾ ਕਤਲ ਕਰ ਦਿੱਤਾ। ਥਾਣਾ ਬੱਸੀ ਪਠਾਣਾ ਦੀ ਪੁਲਿਸ ਨੇ ਗੁਰਪ੍ਰੀਤ ਸਿੰਘ, ਹਰਜਸਪ੍ਰੀਤ ਸਿੰਘ ਵਾਸੀ ਪਿੰਡ ਭੋਜੇਮਾਜਰਾ (ਰੂਪਨਗਰ) ਅਤੇ ਕੁਲਦੀਪ ਕੌਰ ਵਾਸੀ ਪਿੰਡ ਹੁਸੈਨਪੁਰ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਬਕ ਦੇ ਭਰਾ ਕੁਲਵਿੰਦਰ ਸਿੰਘ ਵਾਸੀ ਪਿੰਡ ਹੁਸੈਨਪੁਰਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਵੱਡਾ ਭਰਾ ਸੁਖਦੇਵ ਸਿੰਘ ਆਪਣੀ ਪਤਨੀ ਤੇ ਦੋ ਬੱਚਿਆਂ ਨਾਲ ਪਿੰਡ ਵਿਚ ਰਹਿੰਦਾ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਉਸ ਦੇ ਭਰਾ ਸੁਖਦੇਵ ਸਿੰਘ ਦੀ ਪਤਨੀ ਦੇ ਗੁਰਪ੍ਰੀਤ ਸਿੰਘ ਨਾਲ ਨਾਜਾਇਜ਼ ਸਬੰਧ ਸਨ ਜਿਸ ਦੇ ਚੱਲਦਿਆਂ ਉਸ ਦੇ ਭਰਾ ਦੀ ਪਤਨੀ ਕੁਝ ਸਮਾਂ ਪਹਿਲਾਂ ਗੁਰਪ੍ਰੀਤ ਸਿੰਘ ਨਾਲ ਕਿਧਰੇ ਚਲੇ ਗਈ ਸੀ ਜਿਸ ਤੋਂ ਕੁਝ ਚਿਰ ਬਾਅਦ ਉਹ ਫਿਰ ਪਿੰਡ ਵਾਪਸ ਆ ਕੇ ਆਪਣੇ ਪਤੀ ਸੁਖਦੇਵ ਸਿੰਘ ਦੇ ਘਰ ਰਹਿਣ ਲੱਗ ਪਈ।

ਕੁਲਵਿੰਦਰ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਅਤੇ ਉਸ ਦਾ ਭਰਾ ਹਰਜਸਪ੍ਰੀਤ ਸਿੰਘ ਅਕਸਰ ਉਸ ਦੀ ਭਰਜਾਈ ਨੂੰ ਮਿਲਣ ਉਸ ਦੇ ਭਰਾ ਸੁਖਦੇਵ ਸਿੰਘ ਦੇ ਘਰ ਆਉਂਦੇ-ਜਾਂਦੇ ਰਹਿੰਦੇ ਸਨ ਤੇ ਸੁਖਦੇਵ ਸਿੰਘ ਨੂੰ ਧਮਕਾਉਂਦੇ ਰਹਿੰਦੇ ਸਨ ਜਿਸ ਬਾਰੇ ਸੁਖਦੇਵ ਸਿੰਘ ਨੇ ਉਸ ਨੂੰ ਦੱਸਿਆ ਸੀ ਕਿ ਉਹ ਤਾਂ ਸ਼ਰਮ ਦਾ ਮਾਰਾ ਉਕਤ ਵਿਅਕਤੀਆਂ ਦੀ ਸ਼ਿਕਾਇਤ ਲੈ ਕੇ ਪੁਲਿਸ ਕੋਲ ਨਹੀਂ ਜਾਂਦਾ ਸੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਬੀਤੇ ਦਿਨੀਂ ਗੁਰਪ੍ਰੀਤ ਸਿੰਘ ਅਤੇ ਉਸ ਦਾ ਭਰਾ ਹਰਜਸ੍ਰਪੀਤ ਸਿੰਘ ਉਸ ਦੇ ਭਰਾ ਸੁਖਦੇਵ ਸਿੰਘ ਦੇ ਘਰ ਆਏ ਜਿਨ੍ਹਾਂ ਨੂੰ ਦਰਵਾਜ਼ਾ ਖੋਲ੍ਹ ਕੇ ਉਸ ਦੀ ਭਰਜਾਈ ਕੁਲਦੀਪ ਕੌਰ ਨੇ ਅੰਦਰ ਵਾੜ ਲਿਆ। ਉਹ ਵੀ ਉਨ੍ਹਾਂ ਦੇ ਪਿੱਛੇ ਹੀ ਸੀ ਅਤੇ ਕਮਰੇ ਦੀ ਲਾਈਟ ਜਗ ਰਹੀ ਸੀ। ਸੁਖਦੇਵ ਬੈੱਡ 'ਤੇ ਸੌਂ ਰਿਹਾ ਸੀ। ਦੋਵਾਂ ਦਾ ਪਹਿਲਾਂ ਵੀ ਸੁਖਦੇਵ ਦੇ ਘਰ ਆਉਣਾ-ਜਾਣਾ ਸੀ, ਜਿਨ੍ਹਾਂ ਨੂੰ ਉਸ ਦਾ ਭਰਾ ਰੋਕਦਾ ਸੀ। ਇਸ ਤੋਂ ਬਾਅਦ ਕੁਲਦੀਪ ਕੌਰ ਨੇ ਸੁਖਦੇਵ ਦੀਆਂ ਬਾਹਾਂ ਤੇ ਹਰਜਸਪ੍ਰੀਤ ਸਿੰਘ ਨੇ ਲੱਤਾਂ ਫੜ ਲਈਆਂ ਅਤੇ ਗੁਰਪ੍ਰੀਤ ਨੇ ਸਿਰਹਾਣੇ ਨਾਲ ਮੂੰਹ ਤੇ ਗਲਾ ਦਬਾਉਣ ਲੱਗਾ। ਭਤੀਜੇ ਚਾਹਤਪ੍ਰੀਤ ਨੇ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਪਰ ਤਿੰਨੋਂ ਉਸ ਨੂੰ ਮਾਰਨ 'ਤੇ ਉਤਾਰੂ ਸਨ। ਕੋਈ ਚਾਰਾ ਨਾ ਦੇਖ ਉਹ ਆਪਣੇ ਦੂਸਰੇ ਭਰਾ ਨੂੰ ਬੁਲਾਉਣ ਚਲਾ ਗਿਆ। ਜਦੋਂ ਪਰਤਿਆ ਤਾਂ ਦੇਖਿਆ ਕਿ ਉਨ੍ਹਾਂ ਨੇ ਭਰਾ ਦਾ ਕਤਲ ਕਰ ਦਿੱਤਾ ਹੈ ਅਤੇ ਲਾਸ਼ ਮੋਟਰਸਾਈਕਲ 'ਤੇ ਲੈ ਗਏ ਹਨ। ਉਨ੍ਹਾਂ ਦੀ ਭਾਲ ਵੀ ਕੀਤੀ। ਸੁਖਦੇਵ ਸਿੰਘ ਦੀ ਲਾਸ਼ ਪਿੰਡ ਆਲਮਪੁਰ ਦੇ ਸੂਏ ਨਜ਼ਦੀਕ ਖੇਤਾਂ ਵਿਚ ਪਈ ਮਿਲੀ।

ਸ਼ਿਕਾਇਤਕਰਕਤਾ ਦੇ ਬਿਆਨਾਂ 'ਤੇ ਗੁਰਪ੍ਰੀਤ ਸਿੰਘ, ਹਰਜਸਪ੍ਰੀਤ ਸਿੰਘ ਅਤੇ ਕੁਲਦੀਪ ਕੌਰ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਿਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ ਡੀਐੱਸਪੀ ਬੱਸੀ ਪਠਾਣਾਂ ਰਾਜ ਕੁਮਾਰ ਨੇ ਦੱਸਿਆ ਕਿ ਦੋਸ਼ੀਆਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

# ਲੁੱਟਾਂ-ਖੋਹਾਂ ਕਰਨ ਵਾਲਾ ਪੰਜ ਮੈਂਬਰੀ ਗੈਂਗ ਗ੍ਰਿਫਤਾਰ

### ✪ ਦੋ ਪਿਸਤੌਲ, ਗਹਿਣੇ ਤੇ ਹੋਰ ਸਾਮਾਨ ਫੜਿਆ



ਪਟਿਆਲਾ-ਮਾਡਲ ਟਾਊਨ ਪੁਲਿਸ ਚੌਕੀ ਦੀ ਪੁਲਿਸ ਟੀਮ ਨੇ ਚੋਰੀ ਤੇ ਲੁੱਟਾਂ-ਖੋਹਾਂ ਕਰਨ ਵਾਲਾ ਪੰਜ ਮੈਂਬਰੀ ਭਗੌੜਾ ਗੈਂਗ ਕਾਬੂ ਕੀਤਾ ਹੈ। ਪੁਲਿਸ ਨੇ ਮੁਲਜਮਾਂ ਕੋਲੋਂ ਦੋ ਪਿਸਤੌਲ 32, ਅੱਠ ਜਿੰਦਾ ਕਾਰਤੂਸ, ਗਹਿਣੇ ਤੇ ਹੋਰ ਸਮਾਨ ਬਰਾਮਦ ਕੀਤਾ ਹੈ।

ਥਾਣਾ ਸਿਵਲ ਲਾਇਲ ਪੁਲਿਸ ਮੁਖੀ ਅੰਮ੍ਰਿਤਵੀਰ ਸਿੰਘ ਸਿੰਘ ਨੇ ਦੱਸਿਆ ਕਿ ਮਾਡਲ ਟਾਊਨ ਚੌਕੀ ਇੰਚਾਰਜ ਰਣਜੀਤ ਸਿੰਘ ਦੀ ਟੀਮ ਨੇ ਮੁਲਜਮਾਂ ਰੋਬਿਨ ਰੈਂਬੋ ਨਾਭਾ, ਦੀਪਕ ਦੀਪੂ ਵਾਸੀ ਨਾਭਾ, ਮਨਪ੍ਰੀਤ ਸਿੰਘ ਮੱਲੀ ਵਾਸੀ ਪਟਿਆਲਾ, ਰਣਜੀਤ ਕੁਮਾਰ ਨਾਟਾ ਨਾਭਾ ਅਤੇ ਮਨੋਜ ਕੁਮਾਰ ਉਰਫ ਮੋਨੂੰ ਵਾਸੀ ਮਕਾਨ ਹੀਰਾ ਮਹਿਲ ਕਲੋਨੀ ਨਾਭਾ ਨੂੰ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਹ ਬਡੂੰਗਰ ਸਥਿਤ ਮੜੀਆਂ ਕੋਲ ਖਾਲੀ ਕਮਰੇ ਵਿੱਚ ਬੈਠ ਕੇ ਡਾਕਾ ਮਾਰਨ ਸਬੰਧੀ ਵਿਉਤਬੰਦੀ ਕਰ ਰਹੇ ਹਨ। ਪੁਲਿਸ ਨੇ ਛਾਪਾ ਮਾਰ ਕੇ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ। ਇਸ ਦੌਰਾਨ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਅਨੁਸਾਰ ਗੈਂਗ ਦਾ ਸਰਗਨਾ ਰਣਜੀਤ ਕੁਮਾਰ ਉਰਫ ਨਾਟਾ ਹੈ। ਇਹਨਾਂ ਮੁਲਜਮਾਂ ਦੀਆਂ ਆਪਸੀ ਮੁਲਾਕਾਤਾਂ ਪਟਿਆਲਾ ਅਤੇ ਨਾਭਾ ਜੇਲਾਂ ਵਿੱਚ ਹੋਈਆਂ ਸਨ। ਜੇਲਾਂ ਤੋ ਬਾਹਰ ਆ ਕੇ ਇਨ੍ਹਾਂ ਨੇ ਗੈਂਗ ਬਣਾ ਕੇ ਮਾਰੂ ਹਥਿਆਰਾਂ ਨਾਲ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਦੀ ਯੋਜਨਾ ਬਣਾਈ ਸੀ। ਜਿਨ੍ਹਾਂ ਕੋਲੋਂ ਪਹਿਲਾਂ ਕੀਤੀ ਗਈ ਵਾਰਦਾਤ ਦੇ ਕਰੀਬ 23 ਤੋਲੇ ਸੋਨਾ ਗਹਿਣੇ ਵੀ ਬਰਾਮਦ ਕੀਤੇ ਗਏ ਹਨ।

#### ਵਾਰਦਾਤਾਂ ਹੋਈਆਂ ਟਰੇਸ

ਇਨ੍ਹਾਂ ਮੁਲਜਮਾਂ ਦੀ ਗ੍ਰਿਫਤਾਰੀ ਨਾਲ ਪਟਿਆਲਾ ਸ਼ਹਿਰ ਵਿੱਚ ਇਨ੍ਹਾਂ ਵੱਲੋਂ ਕੀਤੀਆਂ ਗਈਆਂ ਦੋ ਵਾਰਦਾਤਾਂ ਵੀ ਟਰੇਸ ਹੋਈਆਂ ਹਨ।

ਮੁਲਜਮਾਂ ਵਲੋਂ ਬਚਿੱਤਰ ਨਗਰ ਵਿਖੇ ਇਕ ਘਰ ਵਿੱਚੋ ਸੋਨਾ, ਚਾਂਦੀ, ਨਗਦੀ ਅਤੇ ਹੋਰ ਸਮਾਨ ਦੀ ਚੋਰੀ ਕੀਤੀ ਸੀ। ਇਸ ਗ੍ਰਿਫਤਾਰੀ ਨਾਲ ਇਹ ਮੁਕੱਦਮਾ ਟਰੇਸ ਹੋਇਆ ਹੈ ਅਤੇ ਇਨਾਂ ਵਲੋਂ ਲੁਟਿਆ ਗਿਆ ਗਿਆ ਸੋਨਾ ਕਰੀਬ 23 ਤੋਲੇ ਬਰਾਮਦ ਹੋਇਆ ਹੈ। ਥਾਣਾ ਸਿਵਲ ਲਾਇਨ ਇਲਾਕੇ ਵਿਚ ਹੀ ਇਸ ਗਿਰੋਹ ਵਲੋਂ ਇੱਕ ਐਨ.ਆਈ.ਆਰ ਦੇ ਮਕਾਨ ਵਿੱਚ ਦਾਖਲ ਹੋ ਕੇ ਸੋਨਾ, ਚਾਂਦੀ, ਨਗਦੀ ਅਤੇ ਹੋਰ ਸਮਾਨ ਚੋਰੀ ਕੀਤਾ ਸੀ।

#### ਪਹਿਲਾਂ ਵੀ ਕਈ ਮਾਮਲੇ ਦਰਜ

ਰਣਜੀਤ ਕੁਮਾਰ ਨਾਟਾ ਖਿਲਾਫ ਤਿੰਨ ਕਤਲ ਦੇ ਮਾਮਲਾ ਥਾਣਾ ਕੋਤਵਾਲੀ ਨਾਭਾ ਤੇ ਥਾਣਾ ਬਖਸ਼ੀਵਾਲਾ ਵਿਖੇ ਦਰਜ ਹਨ। ਮਨਪ੍ਰੀਤ ਸਿੰਘ ਮੱਲੀ ਖਿਲਾਫ ਥਾਣਾ ਅਨਾਜ ਮੰਡੀ ਤੇ ਅਰਬਨ ਅਸਟੇਟ ਵਿਖ ਕੁੱਲ ਪੰਜ ਮਾਮਲਾ ਦਰਜ ਹਨ। ਰੋਬਿਨ ਰੈਂਬੋ ਖਿਲਾਫ ਥਾਣਾ ਕੋਤਵਾਲੀ ਨਾਭਾ ਤੇ ਥਾਣਾ ਸਿਵਲ ਲਾਇਨ ਵਿਖੇ ਕੁੱਲ ਚਾਰ, ਦੀਪਕ ਕੁਮਾਰ ਖਿਲਾਫ ਦੋ ਤੇ ਮਨੋਜ ਕੁਮਾਰ ਮੋਨੂੰ ਖਿਲਾਫ ਇਕ ਮਾਮਲਾ ਦਰਜ ਹੈ।

### -ਮਾਮਲਾ ਜ਼ਮੀਨ ਦੀ ਵੰਡ ਨੂੰ ਲੈ ਕੇ ਝਗੜੇ ਦਾ-

## ਦਿੜ੍ਹਬਾ ਵਿਖੇ ਵੱਡੇ ਭਰਾ ਵਲੋਂ ਗੋਲੀ ਮਾਰ ਕੇ ਛੋਟੇ ਭਰਾ ਦਾ ਕੀਤਾ ਕਤਲ

ਦਿੜ੍ਹਬਾ-ਦਿੜ੍ਹਬਾ ਵਿਖੇ ਵੱਡੇ ਭਰਾ ਨੇ ਗੋਲੀ ਮਾਰ ਕੇ ਛੋਟੇ ਭਰਾ ਦਾ ਕਤਲ ਕਰ ਦਿੱਤਾ। ਪ੍ਰਾਪਤ ਵੇਰਵਿਆਂ ਅਨੁਸਾਰ ਹਰਜਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਦਾ ਆਪਣੇ ਛੋਟੇ ਭਰਾ ਸੁਖਵਿੰਦਰ ਸਿੰਘ ਉਰਫ ਡੀਸੀ ਦਾ ਕਿਸੇ ਜ਼ਮੀਨ ਦੀ ਵੰਡ ਨੂੰ ਲੈ ਕੇ ਝਗੜਾ ਹੋ ਗਿਆ। ਮੁੱਖ ਥਾਣਾ ਅਫਸਰ ਦਰਸ਼ਨ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮ੍ਰਿਤਕ ਦੇ ਪਿਤਾ ਨੇ ਬਿਆਨ ਦਿੱਤਾ ਕਿ ਉਸ ਦੇ ਦੋਨੋਂ ਪੁੱਤਰਾਂ ਵਿੱਚ ਜਮੀਨ ਦੀ ਵੰਡ ਨੂੰ ਲੈ ਕੇ ਝਗੜਾ ਚਲ ਰਿਹਾ ਹੈ ਇਸ ਨੂੰ ਲੈ ਕੇ ਦੋਹਾਂ ਵਿੱਚ ਤਕਰਾਰ ਹੋ ਗਈ ਜਿਸ ਉਤੇ ਸੁਖਵਿੰਦਰ ਸਿੰਘ ਨੇ ਰਾਇਫਲ ਚੁੱਕ ਲਈ ਪਰ ਹਰਜਿੰਦਰ ਸਿੰਘ ਨੇ ਰਾਇਫਲ ਖੋਹ ਕੇ ਸੁਖਵਿੰਦਰ ਸਿੰਘ ਡੀਸੀ (32) ਦੇ ਗੋਲੀ ਮਾਰ ਦਿੱਤੀ। ਜਿਸ ਨੂੰ ਇਲਾਜ ਲਈ ਸੰਗਰੂਰ ਹਸਪਤਾਲ ਵਿਖੇ ਲਿਜਾਇਆ ਗਿਆ ਜਿੱਥੇ ਮੌਤ ਹੋ ਗਈ। ਪੁਲਿਸ ਨੇ ਹਰਜਿੰਦਰ ਸਿੰਘ ਦੇ ਖਿਲਾਫ ਵੱਖ ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 21 ਨਵੰਬਰ ਬੁੱਧਵਾਰ 27 ਨਵੰਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਆਮਦਨ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ–ਨਾਲ ਧਨ ਦਾ ਖਰਚ ਵੀ ਜ਼ਿਆਦਾ ਹੋਵੇਗਾ। ਸੰਤਾਨ ਪੱਖੋਂ ਖ਼ੁਸ਼ੀ ਦੇ ਮੌਕੇ ਮਿਲਣਗੇ। ਕਿਸੇ ਖਾਸ ਕੰਮ ਲਈ ਦੇਰੀ ਹੋਣ ਨਾਲ ਮਨ ਪ੍ਰੇਸ਼ਾਨ ਹੋਵੇਗਾ। ਕਾਰੋਬਾਰ ਵਿੱਚ ਤਬਦੀਲੀ ਦਾ ਵਿਚਾਰ ਵੀ ਬਣ ਸਕਦਾ ਹੈ। ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਲੰਬਾ ਸਮਾਂ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਹਾਲਾਤ ਵਿੱਚ ਕੁਝ ਸੁਧਾਰ ਦੇ ਸੰਕੇਤ ਹਨ। ਹੌਲੀ–ਹੌਲੀ ਆਰਥਿਕ ਖੇਤਰ ਵਿੱਚ ਕੁਝ ਬਦਲਾਵ ਅਤੇ ਲਾਭ ਦੇ ਯੋਗ ਬਣਨਗੇ। ਇਸ ਹਫ਼ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਸਿਹਤ ਢਿੱਲੀ ਰਹਿ ਸਕਦੀ ਹੈ। ਪਰਿਵਾਰਕ ਸਹਿਯੋਗ ਨਾਲ ਤਰੱਕੀ ਦੇ ਮੌਕੇ ਮਿਲਣਗੇ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜ਼ਰੂਰ ਲਿਜਾਉ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਮਾਣ–ਇੱਜ਼ਤ ਵਿੱਚ ਵਾਧਾ ਹੋਵੇਗਾ। ਨੌਕਰੀ/ਕਾਰੋਬਾਰੀ ਖੇਤਰ ਵਿੱਚ ਸੰਘਰਸ਼ ਜ਼ਿਆਦਾ ਹੋਵੇਗਾ। ਨਵੇਂ ਖੇਤਰ ਦੀ ਤਲਾਸ਼ ਅਤੇ ਸਹਿਯੋਗ ਲਈ ਕੋਸ਼ਿਸ਼ ਕਰਦੇ ਰਹੋਗੇ। ਦਾਮਪਤਯ ਸਬੰਧਾਂ ਵਿੱਚ ਉਤਸ਼ਾਹ ਤੇ ਸੁੱਖ–ਸਾਧਨਾਂ ਵਿੱਚ ਵਾਧਾ ਹੋਵੇਗਾ। ਗਰੀਬ ਪਰਿਵਾਰ ਦੇ ਬੱਚੇ ਨੂੰ ਧਾਰਮਿਕ ਜਾਂ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਦਿਉ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਘਰੇਲੂ ਪ੍ਰੇਸ਼ਾਨੀਆਂ ਕਰਕੇ ਮਨ ਬੇਚੈਨ ਰਹੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ, ਪਰ ਕਾਰੋਬਾਰੀ ਹਾਲਾਤ ਮੱਧਮ ਰਹਿਣਗੇ। ਨੌਕਰੀ/ਵਪਾਰ ਵਿੱਚ ਰੁਝੇਵੇਂ ਵੱਧਣਗੇ। ਉੱਚ ਅਧਿਕਾਰੀਆਂ ਦੀ ਮਦਦ ਵਿੱਚ ਵੀ ਵਾਧਾ ਹੋਵੇਗਾ, ਪਰ ਗੁਪਤ ਚਿੰਤਾ ਬਣੀ ਰਹੇਗੀ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਵਿਗੜੇ ਕੰਮਾਂ ਵਿੱਚ ਸੁਧਾਰ ਤੇ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਰੋਜ਼ਾਨਾ ਦੇ ਕੰਮਾਂ ਵਿੱਚ ਤਰੱਕੀ ਹੋਵੇਗੀ। ਵਪਾਰ ਨੂੰ ਵਧਾਉਣ ਲਈ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮਦਦ ਮਿਲੇਗੀ। ਨਵੇਂ–ਨਵੇਂ ਲੋਕਾਂ ਨਾਲ ਮੇਲ–ਜੋਲ ਵਧੇਗਾ।ਸਥਾਨ ਬਦਲਾਵ ਦੇ ਵੀ ਯੋਗ ਹਨ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਧਨ ਲਾਭ ਤੇ ਸੁੱਖ–ਸਾਧਨਾਂ ਵਿੱਚ ਥੋੜ੍ਹਾ ਵਾਧਾ ਹੋਵੇਗਾ। ਧਰਮ–ਕਰਮ ਦੇ ਕੰਮਾਂ ਵਿੱਚ ਸਮਾਂ ਬੀਤੇਗਾ। ਪਰਿਵਾਰ ਵੱਲੋਂ ਕਿਸੇ ਸ਼ੁੱਭ ਕੰਮ ਦੀ ਖਬਰ ਮਿਲੇਗੀ। ਸਿਹਤ ਸਬੰਧੀ ਪ੍ਰੇਸ਼ਾਨੀ, ਪਰਿਵਾਰ ਵਿੱਚ ਮੱਤਭੇਦ, ਭੱਜ–ਦੌੜ ਅਤੇ ਗੁੱਸਾ ਵੀ ਜ਼ਿਆਦਾ ਆਵੇਗਾ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਵਪਾਰਕ ਤੇ ਘਰੇਲੂ ਹਾਲਾਤ ਵਿੱਚ ਕੁਝ ਖਾਸ ਬਦਲਾਵ ਹੋਣਗੇ। ਮਿਹਨਤ ਕਰਨ ਨਾਲ ਧਨ ਲਾਭ ਅਤੇ ਕਾਰੋਬਾਰ ਦੇ ਖੇਤਰ ਵਿੱਚ ਹੌਲੀ–ਹੌਲੀ ਤਰੱਕੀ ਹੋਵੇਗੀ, ਪਰ ਫਜ਼ੂਲ ਦੀ ਭੱਜ–ਦੌੜ, ਮਨ ਵਿੱਚ ਅਸ਼ਾਂਤੀ ਤੇ ਦਿਮਾਗੀ ਤਣਾਉ ਬਣਿਆ ਰਹੇਗਾ। ਮਾਤਾ ਪਿਤਾ ਨੂੰ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਸਰਕਾਰੀ ਖੇਤਰਾਂ ਵਿੱਚ ਲਾਭ ਅਤੇ ਮਾਣ–ਇੱਜ਼ਤ ਬਣੀ ਰਹੇਗੀ। ਕਿਸੇ ਨਵੇਂ ਕੰਮ ਦੀ ਯੋਜਨਾ ਵਿੱਚ ਧਨ ਦਾ ਨਿਵੇਸ਼ ਕਰਨ ਲਈ ਪਰਿਵਾਰਕ ਸਹਿਯੋਗ ਅਤੇ ਸਲਾਹ ਜ਼ਰੂਰੀ ਹੋਵੇਗੀ। ਦਿਮਾਗੀ ਤਣਾਉ ਦੇ ਨਾਲ–ਨਾਲ ਗੁਪਤ ਚਿੰਤਾ ਵੀ ਬਣੀ ਰਹੇਗੀ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਇਸ ਹਫਤੇ ਕੋਈ ਸ਼ੁੱਭ ਸਮਾਚਾਰ ਅਤੇ ਅਣਦੇਖੇ ਲਾਭ ਦੀ ਪ੍ਰਾਪਤੀ ਹੋਵੇਗੀ। ਆਰਥਿਕ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋਣਗੇ। ਕਾਰੋਬਾਰੀ ਰੁਝੇਵੇਂ ਬਣੇ ਰਹਿਣਗੇ। ਮਿੱਤਰਾਂ ਤੇ ਰਿਸ਼ਤੇਦਾਰਾਂ ਦਾ ਸਹਿਯੋਗ ਮਿਲਣ ਵਿੱਚ ਮੁਸ਼ਕਿਲ ਰਹੇਗੀ। ਮਨ ਅੰਦਰ ਸਿਰਫ ਪ੍ਰਮਾਤਮਾ ਦਾ ਸਿਮਰਨ ਕਰੋ, ਕਾਰਜ ਸਿੱਧ ਹੋਣਗੇ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਧਨ ਦਾ ਫਜ਼ੂਲ ਖਰਚ, ਧਨ ਦਾ ਨੁਕਸਾਨ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਹੋਣਗੀਆਂ। ਸਰੀਰਕ ਕਸ਼ਟ, ਅਨਜਾਣ ਡਰ ਅਤੇ ਯਾਤਰਾ ਕਰਕੇ ਪ੍ਰੇਸ਼ਾਨੀ ਰਹੇਗੀ। ਆਮਦਨ ਦੇ ਸਾਧਨ ਬਣਦੇ ਰਹਿਣਗੇ। ਤਾਂਤਰਿਕ ਜੋਤਸ਼ੀ ਵੱਡੇ ਠੱਗ ਹੋ ਸਕਦੇ ਹਨ, ਇਨ੍ਹਾਂ ਨੂੰ ਨਾ ਮਿਲੋ ਅਤੇ ਨਾ ਹੀ ਪੈਸੇ ਦਿਉ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਬਿਨਾਂ ਕਿਸੇ ਕਾਰਨ ਗੁੱਸਾ, ਉਤੇਜਨਾ ਅਤੇ ਕਾਰੋਬਾਰ/ਨੌਕਰੀ ਵਿੱਚ ਸੰਘਰਸ਼ ਭਰੇ ਹਾਲਾਤ ਦਾ ਸਾਹਮਣਾ ਹੋਵੇਗਾ। ਪਰਿ–ਵਾਰਕ ਮੱਤਭੇਦ ਅਤੇ ਆਪਣੇ ਵੀ ਪਰਾਏ ਵਰਗਾ ਵਰਤਾਉ ਕਰਨਗੇ, ਪਰ ਹਾਲਾਤ ਵਿੱਚ ਕੁਝ ਸੁਧਾਰ ਦੇ ਵੀ ਯੋਗ ਹਨ। ਗੁਰੂ ਘਰ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਇਸ ਹਫਤੇ ਉਲਝਣਾਂ ਦੇ ਬਾਵਜੂਦ ਪਰਾਕ੍ਰਮ ਵਿੱਚ ਵਾਧਾ ਹੋਵੇਗਾ। ਆਮਦਨ ਘੱਟ ਤੇ ਖਰਚ ਜ਼ਿਆਦਾ ਹੋਣਗੇ। ਇਸਤਰੀ ਤੇ ਸੰਤਾਨ ਵੱਲੋਂ ਸ਼ੁੱਭ ਸਮਾਚਾਰ ਮਿਲਣਗੇ। ਕੋਈ ਨਵਾਂ ਗੱਠਜੋੜ ਭਾਗਯ ਦੀ ਤਰੱਕੀ ਲਈ ਮਦਦਗਾਰ ਹੋਵੇਗਾ। ਬੇਲੋੜੀ ਯਾਤਰਾ ਤੇ ਫਜ਼ੂਲ ਖਰਚੀ ਤੋਂ ਪ੍ਰਹੇਜ਼ ਕਰੋ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

## ਹਾਸੇ ਦੀ ਪਟਾਰੀ

**ਪਹਿਲਾ** ਕੈਦੀ (ਦੂਜੇ ਨੂੰ), ਤੈਨੂੰ ਪੁਲਸ ਨੇ ਕਿਉਂ ਫੜਿਆ ?

ਦੂਜਾ, ਬੈਂਕ ਲੁੱਟਣ ਤੋਂ ਬਾਅਦ ਉਥੇ ਹੀ ਬੈਠ ਪੈਸੇ ਗਿਣਨ ਲੱਗਾ ਤਾਂ ਪੁਲਸ ਨੇ ਫੜ ਲਿਆ।

ਪਹਿਲਾ, ਉਥੇ ਹੀ ਪੈਸੇ ਗਿਣਨ ਦੀ ਕੀ ਲੋੜ ਸੀ ?

ਦੂਜਾ, ਉਥੇ ਲਿਖਿਆ ਸੀ ਕਿ ਕਾਊਂਟਰ ਛੱਡਣ ਤੋਂ ਪਹਿਲਾਂ ਪੈਸੇ ਗਿਣ ਲਵੋ, ਬਾਅਦ ਵਿੱਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

**ਪੱਪੂ,** ਅੱਜ ਗੁਆਂਢਣ ਨਾਲ ਮੇਰੀ ਲੜਾਈ ਹੋ ਗਈ।

ਗੱਪੂ, ਕੀ ਕਿਹਾ ਉਸ ਨੇ ?

ਪੱਪੂ, ਕਹਿ ਕੇ ਗਈ ਹੈ ਕਿ ਦਮ ਹੈ ਤਾਂ ਇਕੱਲਾ ਆ ਕੇ ਮਿਲ। ਉਸ ਵੇਲੇ ਤੋਂ ਮਨ ਪ੍ਰੇਸ਼ਾਨ ਹੈ ਕਿ ਸਾਲੀ ਧਮਕੀ ਦੇ ਕੇ ਗਈ ਹੈ ਜਾਂ ਆਫਰ।

*---*---*

**ਪਤਨੀ,** ਮੈਂ ਦੁਬਾਰਾ ਵਿਆਹ ਕਰਾਉਣ ਦਾ ਫੈਸਲਾ ਕੀਤਾ ਹੈ।

ਪਤੀ, ਅਜਿਹਾ ਕਿਉਂ ?

ਪਤਨੀ, ਕਿਉਂਕਿ ਸਾਡੇ ਪਿਛਲੇ ਵਿਆਹ ਦੀ ਫੋਟੋ ਨੂੰ ਬਹੁਤ ਘੱਟ ਲਾਈਕਸ ਮਿਲੇ ਹਨ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS......................................................................
..............................................POST CODE.............................
TEL..............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਭਾਰਤ ਅਤੇ ਚੀਨ ਸਮਝੌਤਾ ਭਾਰਤ ਸਰਕਾਰ ਦੀ ਕਾਮਯਾਬੀ

ਡਾਕਟਰ ਦਲਵਿੰਦਰ ਸਿੰਘ ਗਰੇਵਾਲ

•••



ਫ਼ੌਜ ਦੇ ਸੂਤਰਾਂ ਨੇ 30 ਅਕਤੂਬਰ, 2024 ਨੂੰ ਕਿਹਾ ਕਿ ਭਾਰਤੀ ਅਤੇ ਚੀਨੀ ਫ਼ੌਜਾਂ ਪੂਰਬੀ ਲੱਦਾਖ ਦੇ ਦੇਮਚੌਕ ਅਤੇ ਦੇਪਸਾਂਗ ਦੀਆਂ ਦੋ ਆਪਸੀ ਖਿਚਾ ਵਾਲੀਆਂ ਥਾਵਾਂ ਤੋਂ ਪਿੱਛੇ ਹਟ ਗਈਆਂ ਹਨ ਅਤੇ ਇਨ੍ਹਾਂ ਬਿੰਦੂਆਂ 'ਤੇ ਜਲਦੀ ਹੀ ਗਸ਼ਤ ਸ਼ੁਰੂ ਹੋਣ ਵਾਲੀ ਹੈ। ਇਸ ਸਮਝੌਤੇ ਦੀ ਖੁਸ਼ੀ ਵਿਚ ਦੀਵਾਲੀ ਨੂੰ ਦੋਵੇਂ ਸੈਨਾਵਾਂ ਦੇ ਲੋਕਲ ਬ੍ਰਿਗੇਡ ਕਮਾਂਡਰਾਂ ਵਲੋਂ ਮਿਠਿਆਈ ਵੀ ਸਾਂਝੀ ਕੀਤੀ ਗਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਪਿਛਲੇ ਹਫ਼ਤੇ ਰੂਸ 'ਚ ਹੋਈ ਮੀਟਿੰਗ ਦਾ ਨਤੀਜਾ ਕਾਫ਼ੀ ਮਹੱਤਵਪੂਰਨ ਹੋ ਨਿਬੜਿਆ। 23 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਰੂਸ ਦੇ ਸ਼ਹਿਰ ਕਜ਼ਾਨ ਵਿਚ ਬ੍ਰਿਕਸ ਸੰਮੇਲਨ ਦੇ ਮੌਕੇ 'ਤੇ ਆਪਣੀ ਦੁਵੱਲੀ ਮੀਟਿੰਗ ਦੌਰਾਨ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਲਾਈਨ ਦੇ ਨਾਲ ਗਸ਼ਤ ਕਰਨ ਅਤੇ ਫੌਜਾਂ ਦੀ ਮੁੜ ਤਾਇਨਾਤੀ ਸੰਬੰਧੀ ਸਮਝੌਤੇ ਦਾ ਸਮਰਥਨ ਕੀਤਾ ਸੀ।

ਇਸ ਤੋਂ ਬਾਅਦ ਭਾਰਤ ਨੇ ਘੋਸ਼ਣਾ ਕੀਤੀ ਕਿ ਉਹ ਪੂਰਬੀ ਲੱਦਾਖ ਵਿਚ ਅਸਲ ਨਿਯੰਤਰਣ ਰੇਖਾ (ਐੱਲ.ਏ.ਸੀ.) ਦੇ ਨਾਲ ਗਸ਼ਤ ਕਰਨ ਲਈ ਚੀਨ ਨਾਲ ਇਕ ਸਮਝੌਤੇ 'ਤੇ ਪਹੁੰਚ ਗਿਆ ਹੈ, ਜਿਸ ਨਾਲ ਸਾਢੇ ਚਾਰ ਸਾਲਾਂ ਤੋਂ ਦੋਵਾਂ ਦੇਸ਼ਾਂ ਵਿਚ ਲੰਬੇ ਤਣਾਅ ਨੂੰ ਖ਼ਤਮ ਕਰਨ ਵਿਚ ਇਕ ਵੱਡੀ ਸਫ਼ਲਤਾ ਮਿਲੇਗੀ ਅਤੇ ਇਸ ਨਾਲ ਅਗਲੀਆਂ ਮੀਟਿੰਗਾਂ ਲਈ ਰਾਹ ਵੀ ਪੱਧਰਾ ਹੋਵੇਗਾ।

ਚੀਨੀ ਬਲਾਂ ਨੇ ਦੇਪਸਾਂਗ ਤੱਕ ਐਲ.ਏ.ਸੀ. ਦੇ ਨਾਲ ਪੂਰਬੀ ਲੱਦਾਖ ਦੇ ਖੇਤਰਾਂ 'ਤੇ ਚਾਰ ਸਾਲ ਪਹਿਲਾਂ ਜਬਰੀ ਕਬਜ਼ਾ ਕਰ ਲਿਆ ਸੀ, ਜਿਸ ਸੰਬੰਧੀ ਹੁਣ ਫ਼ੈਸਲਾ ਹੋਇਆ ਹੈ। ਸੂਤਰਾਂ ਨੇ ਕਿਹਾ ਕਿ ਹਲਚਲ ਖ਼ਤਮ ਹੋਣ ਤੋਂ ਬਾਅਦ ਦੋਵਾਂ ਤਣਾਅ ਵਾਲੇ ਸਥਾਨਾਂ 'ਤੇ ਗਸ਼ਤ ਸ਼ੁਰੂ ਹੋ ਜਾਵੇਗੀ ਅਤੇ ਦੋਵੇਂ ਧਿਰਾਂ ਆਪੋ-ਆਪਣੀਆਂ ਫ਼ੌਜਾਂ ਨੂੰ ਪਿੱਛੇ ਹਟਾ ਲੈਣਗੀਆਂ ਅਤੇ ਅਸਥਾਈ ਢਾਂਚਿਆਂ ਨੂੰ ਢਾਹ ਦੇਣਗੀਆਂ। ਇਸ ਤਰ੍ਹਾਂ ਅਪ੍ਰੈਲ 2020 ਤੋਂ ਪਹਿਲਾਂ ਦੀ ਸਥਿਤੀ ਬਹਾਲ ਹੋ ਜਾਏਗੀ।

ਜੂਨ 2020 ਵਿਚ ਗਲਵਾਨ ਘਾਟੀ ਵਿਚ ਇਕ ਭਿਆਨਕ ਝੜਪ ਤੋਂ ਬਾਅਦ ਦੋ ਏਸ਼ਿਆਈ ਦਿੱਗਜਾਂ ਵਿਚਕਾਰ ਸੰਬੰਧਾਂ ਵਿਚ ਤਣਾਅ ਵਧ ਗਿਆ ਸੀ, ਜੋ ਪਿਛਲੇ ਕਈ ਦਹਾਕਿਆਂ ਵਿਚੋਂ ਸੱਭ ਤੋਂ ਵੱਧ ਸੀ।

ਦੋਵਾਂ ਨੇਤਾਵਾਂ ਵਿਚਕਾਰ ਹੋਈ ਮੁਲਾਕਾਤ 'ਤੇ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਜ਼ਾਨ ਵਿਖੇ ਇਕ ਪ੍ਰੈੱਸ ਸੰਬੋਧਨ ਵਿਚ ਕਿਹਾ ਸੀ ਕਿ ਮੋਦੀ ਅਤੇ ਸ਼ੀ ਦੋਵਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਕ-ਦੂਜੇ ਦੀਆਂ ਸੰਵੇਦਨਸ਼ੀਲਤਾਵਾਂ, ਹਿਤਾਂ, ਚਿੰਤਾਵਾਂ ਅਤੇ ਇੱਛਾਵਾਂ ਲਈ ਆਪਸੀ ਸਤਿਕਾਰ ਦਿਖਾਉਂਦੇ ਹੋਏ ਭਾਰਤ ਅਤੇ ਚੀਨ ਪੱਕੀ ਤਰ੍ਹਾਂ ਅਤੇ ਸਿਆਣਪ ਦੇ ਨਾਲ 'ਸ਼ਾਂਤੀਪੂਰਨ, ਸਥਿਰ ਅਤੇ ਲਾਭਦਾਇਕ ਦੁਵੱਲੇ ਸੰਬੰਧ' ਬਣਾ ਸਕਦੇ ਹਨ।



ਚੀਨ ਨੇ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਰੂਸ ਦੇ ਕਜ਼ਾਨ 'ਚ ਬੁੱਧਵਾਰ ਨੂੰ ਹੋਈ ਬੈਠਕ 'ਬਹੁਤ ਮਹੱਤਵਪੂਰਨ' ਰਹੀ ਹੈ, ਕਿਉਂਕਿ ਉਹ ਦੁਵੱਲੇ ਸੰਬੰਧਾਂ ਨੂੰ ਬਿਹਤਰ ਬਣਾਉਣ ਲਈ 'ਮਹੱਤਵਪੂਰਨ ਸਾਂਝੀ ਸਮਝ' 'ਤੇ ਪਹੁੰਚੇ ਹਨ। ਚੀਨੀ ਬੁਲਾਰੇ ਲਿਨ ਜਿਆਨ ਨੇ ਇਹ ਵੀ ਕਿਹਾ ਹੈ ਕਿ ਚੀਨ ਦੁਵੱਲੇ ਸੰਬੰਧਾਂ ਨੂੰ ਰਣਨੀਤਕ ਉਚਾਈ ਅਤੇ ਲੰਬੇ ਸਮੇਂ ਦੇ ਨਜ਼ਰੀਏ ਤੋਂ ਦੇਖਣ ਅਤੇ ਨਜਿੱਠਣ ਲਈ ਭਾਰਤ ਨਾਲ ਕੰਮ ਕਰਨ ਲਈ ਤਿਆਰ ਹੈ। ਚੀਨ ਸੰਚਾਰ ਅਤੇ ਸਹਿਯੋਗ ਨੂੰ ਵਧਾਉਣ, ਆਪਸੀ ਰਣਨੀਤਕ ਵਿਸ਼ਵਾਸ ਨੂੰ ਵਧਾਉਣ, ਮਤਭੇਦਾਂ ਨੂੰ ਸਹੀ ਢੰਗ ਨਾਲ ਨਜਿੱਠਣ ਅਤੇ ਦੁਵੱਲੇ ਸੰਬੰਧਾਂ ਨੂੰ ਜਲਦੀ ਤੋਂ ਜਲਦੀ ਸਥਿਰ ਵਿਕਾਸ ਦੇ ਰਾਹ 'ਤੇ ਲਿਆਉਣ ਲਈ ਵੀ ਤਿਆਰ ਹੈ।

ਵਿਸ਼ੇਸ਼ ਪ੍ਰਤੀਨਿਧ ਤੰਤਰ ਦੀਆਂ 2003 ਵਿਚ ਸਰਹੱਦੀ ਸਵਾਲ ਨੂੰ ਹੱਲ ਕਰਨ ਲਈ 22 ਮੀਟਿੰਗਾਂ ਹੋਈਆਂ ਸਨ। ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਸੰਬੰਧਾਂ ਨੂੰ ਵਿਕਸਤ ਕਰਨ ਅਤੇ ਸੁਧਾਰਨ ਲਈ ਅਤੀਤ ਵਿਚ ਇਕ ਮੁੱਖ ਭੂਮਿਕਾ ਨਿਭਾਈ ਸੀ, ਪਰ ਇਹ ਵਿਧੀ ਡੋਵਾਲ ਅਤੇ ਵਾਂਗ ਵਿਚਕਾਰ 2019 ਵਿਚ ਹੋਈ ਆਖਰੀ ਮੀਟਿੰਗ ਤੋਂ ਬਾਅਦ ਅੱਗੇ ਨਹੀਂ ਸੀ ਵਧੀ। ਮਈ 2020 ਵਿਚ ਚੀਨੀ ਫ਼ੌਜ ਦੁਆਰਾ ਪੂਰਬੀ ਲੱਦਾਖ ਵਿਚ ਘੁਸਪੈਠ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿਚ ਖਟਾਸ ਆ ਗਈ, ਜਿਸ ਵਿਚ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ.) ਨੇ ਵੱਡੀ ਗਿਣਤੀ ਵਿਚ ਅਭਿਆਸ ਕਰ ਰਹੇ ਸੈਨਿਕਾਂ ਨੂੰ ਐਲ.ਏ.ਸੀ. 'ਤੇ ਭੇਜਿਆ, ਜਿਸ ਤੋਂ ਬਾਅਦ ਗਲਵਾਨ ਵਿਚ ਭਿਆਨਕ ਝੜਪ ਹੋਈ। ਘਾਟੀ ਵਿਚ ਇਹ ਪਿਛਲੇ ਦਹਾਕਿਆਂ ਦੌਰਾਨ ਦੋਵਾਂ ਧਿਰਾਂ ਵਿਚਕਾਰ ਸਭ ਤੋਂ ਗੰਭੀਰ ਫ਼ੌਜੀ ਸੰਘਰਸ਼ ਸੀ।

ਲੈਫਟੀਨੈਂਟ ਜਨਰਲ ਵਿਨੋਦ ਭਾਟੀਆ, ਪੀ.ਵੀ. ਐੱਸ. ਐੱਮ., ਏ. ਵੀ. ਐੱਸ. ਐੱਮ., ਐੱਸ. ਐੱਮ. ਦਾ ਕਹਿਣਾ ਹੈ, ਕਿ 'ਚੀਨ ਨੂੰ ਉਮੀਦ ਨਹੀਂ ਸੀ ਕਿ ਭਾਰਤ ਆਪਣੀ ਖੇਤਰੀ ਅਖੰਡਤਾ ਦੀ ਰੱਖਿਆ ਲਈ ਅਜਿਹਾ ਰਣਨੀਤਕ ਸੰਕਲਪ ਦਿਖਾਏਗਾ।'

ਅਜੇ ਅਸਲ ਕੰਟਰੋਲ ਰੇਖਾ 'ਤੇ ਭਾਰਤ ਅਤੇ ਚੀਨ ਨੂੰ ਵੱਖ ਕਰਨ ਵਾਲੀ ਸਰਹੱਦ ਨੂੰ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਨਹੀਂ ਕੀਤਾ ਗਿਆ ਅਤੇ ਐਲ. ਏ. ਸੀ. ਸੰਬੰਧੀ ਉਨ੍ਹਾਂ ਦੀ ਤੇ ਸਾਡੀ ਧਾਰਨਾ ਬਾਰੇ ਕੋਈ ਆਮ ਸਹਿਮਤੀ ਨਹੀਂ ਬਣੀ। ਦੋਵੇਂ ਧਿਰਾਂ ਉਨ੍ਹਾਂ ਸਥਾਨਾਂ 'ਤੇ ਗਸ਼ਤ ਕਰਨਗੀਆਂ, ਜਿਨ੍ਹਾਂ 'ਤੇ ਉਨ੍ਹਾਂ ਦਾ ਟਕਰਾਅ ਪੈਦਾ ਹੋ ਗਿਆ ਸੀ। ਉਨ੍ਹਾਂ ਨੇ ਭਾਰਤੀ ਸੈਨਾਂ ਨੂੰ ਰਾਖੀ ਨਾਲੇ 'ਤੇ ਰੋਕ ਲਿਆ ਸੀ, ਜਿਸ ਰਾਹੀਂ ਪਹਿਲਾਂ ਭਾਰਤੀ ਸੈਨਾ ਦੇਪਸਾਂਗ ਦੇ 972 ਵਰਗ ਕਿਲੋਮੀਟਰ ਦੇ ਮੈਦਾਨਾਂ ਤੱਕ ਪਹੁੰਚਦੀ ਸੀ। ਚੀਨ ਵਲੋਂ ਰਾਖੀ ਨਾਲਾ ਖਾਲੀ ਕਰਨ ਨਾਲ ਹੁਣ ਅਸੀਂ ਗਸ਼ਤ ਪੁਆਇੰਟ 10, 11, 12, 13, 14, 15 ਤੱਕ ਪਹੁੰਚ ਸਕਾਂਗੇ। ਗਸ਼ਤ ਲਈ ਪ੍ਰੋਟੋਕੋਲ, ਨਿਰੀਖਣ ਅਤੇ ਉਪਾਅ ਆਪਸੀ ਸਹਿਮਤੀ ਨਾਲ ਜ਼ਮੀਨੀ ਪੱਧਰ 'ਤੇ ਕੀਤੇ ਜਾਣੇ ਚਾਹੀਦੇ ਹਨ, ਪਰ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸਾਨੂੰ ਆਪਣੀ ਚੌਕਸੀ ਅਤੇ ਖੁਫੀਆ ਨਿਗਰਾਨੀ ਨੂੰ ਬਣਾਈ ਰੱਖਣਾ ਚਾਹੀਦਾ ਹੈ। ਸਾਡੇ ਕੋਲ ਉਨ੍ਹਾਂ ਦੀਆਂ ਹਰਕਤਾਂ 'ਤੇ ਨਜ਼ਰ ਰੱਖਣ ਦਾ ਸਾਧਨ ਹੋਣਾ ਚਾਹੀਦਾ ਹੈ। 'ਫ਼ੌਜਾਂ ਨੂੰ ਆਪਣੇ ਫੈਸਲੇ ਲੈਣ ਵਿਚ ਖੁੱਲ੍ਹ ਹੋਣੀ ਚਾਹੀਦੀ ਹੈ ਤਾਂ ਕਿ ਵਕਤ 'ਤੇ ਫੈਸਲੇ ਲੈ ਕੇ ਸਮੇਂ ਸਿਰ ਪੈਦਾ ਹੋਣ ਵਾਲੀ ਨਵੀਂ ਮੁਸ਼ਕਿਲ ਨੂੰ ਹੱਲ ਕੀਤਾ ਜਾ ਸਕੇ।

ਲੈਫਟੀਨੈਂਟ ਜਨਰਲ ਵਿਨੋਦ ਭਾਟੀਆ ਨੇ ਕਿਹਾ 'ਇਹ ਇਕ ਹੌਲੀ ਤੇ ਸੁਚੇਤ ਪ੍ਰਕਿਰਿਆ ਹੈ, ਜਿਸ ਨੂੰ ਨਿਰੀਖਣ ਅਤੇ ਮੁੜ-ਨਿਰੀਖਣ ਦੀ ਲੋੜ ਹੈ। ਇੱਕ ਲੰਮੇ ਕਦਮ ਲਈ ਸਾਨੂੰ ਰੂਪ-ਰੇਖਾ ਬਣਾਉਣ ਦੀ ਲੋੜ ਹੈ, ਚੌਕਸੀ ਰੱਖਣ ਦੀ ਲੋੜ ਹੈ !', ਜਨਰਲ ਨੇ ਅੱਗੇ ਹੋਰ ਕਿਹਾ, ਸਾਨੂੰ ਚੀਨ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ। ਅਸੀਂ ਜਾਣਦੇ ਹਾਂ ਕਿ 1962 ਵਿਚ ਕੀ ਹੋਇਆ ਸੀ, ਅਪ੍ਰੈਲ ਤੇ ਮਈ 2020 ਵਿਚ ਕੀ ਹੋਇਆ ਸੀ। ਇਸ ਲਈ, ਸਾਨੂੰ ਬੁਨਿਆਦੀ ਢਾਂਚੇ ਦੇ ਵਿਕਾਸ, ਸਮਰੱਥਾ ਨਿਰਮਾਣ ਅਤੇ ਸਮਰੱਥਾ ਵਧਾਉਣ ਵਿਚ ਨਿਵੇਸ਼ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਤਾਂ ਜੋ ਅਸੀਂ ਚੀਨ ਨਾਲ ਤੁਲਨਾਤਮਿਕ ਤਾਕਤ ਦੀ ਸਥਿਤੀ ਤੋਂ ਗੱਲ ਕਰ ਸਕੀਏ। ਚੀਨ ਤਾਕਤ ਦਾ ਸਨਮਾਨ ਕਰਦਾ ਹੈ ਅਤੇ ਸਾਨੂੰ ਚੀਨ ਸਾਹਮਣੇ ਤਾਕਤ ਦਾ ਪ੍ਰਦਰਸ਼ਨ ਕਰਨਾ ਪਵੇਗਾ। ਚੀਨ ਸਮਝੌਤਿਆਂ ਨੂੰ ਆਪਣੇ ਤਰੀਕੇ ਨਾਲ ਪੜ੍ਹਨ ਅਤੇ ਵਿਆਖਿਆ ਕਰਨ ਲਈ ਜਾਣਿਆ ਜਾਂਦਾ ਹੈ। ਉਹ ਨਿਯਮਾਂ ਦੀ ਕੋਈ ਪਰਵਾਹ ਨਹੀਂ ਕਰਦਾ। ਸਾਨੂੰ ਕਿਸੇ ਵੀ ਸਮਝੌਤੇ ਦੀਆਂ ਸ਼ਰਤਾਂ ਬਾਰੇ ਸੰਤੁਸ਼ਟ ਨਹੀਂ ਹੋਣਾ ਚਾਹੀਦਾ, ਕਿਉਂਕਿ ਚੀਨ ਨੇ ਬੇਰਹਿਮੀ ਨਾਲ ਪੰਜ ਸਮਝੌਤਿਆਂ ਦੀ ਉਲੰਘਣਾ ਕੀਤੀ ਹੈ, ਜੋ ਸਾਢੇ ਤਿੰਨ ਦਹਾਕਿਆਂ ਤੋਂ ਸਮੇਂ ਦੀ ਪ੍ਰੀਖਿਆ 'ਤੇ ਖਰੇ ਉਤਰੇ ਸਨ।

ਚੀਨ ਦੀ ਰਣਨੀਤੀ ਹੈ ਲਗਾਤਾਰ ਨਵੇਂ ਦਾਅਵੇ ਕਰਨੇ, ਕਬਜ਼ੇ ਕਰਨੇ ਤੇ ਉਨ੍ਹਾਂ ਨੂੰ ਜਾਇਜ਼ ਠਹਿਰਾਉਣਾ, ਸ਼ੋਸ਼ਣ ਕਰਨਾ ਤੇ ਇਲਾਕਾ ਆਪਣੇ ਨਾਲ ਮਿਲਾ ਲੈਣਾ। ਉਹ ਪਹਿਲਾਂ ਹੀ ਸਤੰਬਰ 1959 ਤੋਂ ਦੇਮਚੌਕ ਤੇ ਦੇਪਸਾਂਗ ਵਾਲੇ ਖੇਤਰ 'ਤੇ ਦਾਅਵਾ ਕਰ ਚੁੱਕੇ ਹਨ ਅਤੇ ਮਈ 2020 ਤੋਂ ਪਹਿਲਾਂ ਵਾਂਗ ਸ਼ਾਂਤੀ ਬਣਾਈ ਰੱਖਣ ਲਈ ਆਪਣੇ ਦਾਅਵੇ ਨੂੰ ਇੰਨੀ ਆਸਾਨੀ ਨਾਲ ਨਹੀਂ ਛੱਡਣਗੇ। ਸਮਝੌਤਾ ਲਾਗੂ ਹੋਣ ਤੋਂ ਬਾਅਦ ਵੀ ਸਾਨੂੰ ਫ਼ੌਜਾਂ ਨੂੰ ਚੌਕਸ ਰੱਖਣਾ ਪਵੇਗਾ। ਸਾਨੂੰ ਸੰਕਟਕਾਲੀਨ ਸਥਿਤੀਆਂ ਲਈ ਰਿਜ਼ਰਵ ਦੀ ਸਥਿਤੀ ਰੱਖਣੀ ਪਵੇਗੀ, ਕਿਉਂਕਿ ਵਿਸ਼ਵਾਸ ਦੀ ਘਾਟ ਹੈ। ਭਾਰਤੀ ਫ਼ੌਜ ਐਲ.ਏ.ਸੀ. ਨੂੰ ਮਜ਼ਬੂਤ ਕਰਨਾ ਜਾਰੀ ਰੱਖੇ, ਸਮੇਂ ਦੇ ਨਾਲ ਸਾਡੇ ਕੋਲ ਰਿਜ਼ਰਵ ਅਤੇ ਅਚਨਚੇਤੀ ਯੋਜਨਾਵਾਂ ਹੋਣ।

## ਭਾਰਤੀ ਵਿਦੇਸ਼ ਮੰਤਰੀ ਦਾ ਪ੍ਰਤੀਕਰਮ

ਇਸ ਹੱਲ ਦੇ ਵੱਖ-ਵੱਖ ਪਹਿਲੂ ਸਨ। ਸਮੱਸਿਆ ਦਾ ਇੱਕ ਹਿੱਸਾ ਇਹ ਹੈ ਕਿ ਪਹਿਲੇ ਸਾਲਾਂ ਵਿਚ ਸਰਹੱਦੀ ਬੁਨਿਆਦੀ ਢਾਂਚੇ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। ਇਸ ਦਹਾਕੇ ਦੌਰਾਨ, ਭਾਰਤ ਨੇ ਆਪਣੇ ਬੁਨਿਆਦੀ ਢਾਂਚੇ ਵਿਚ ਸੁਧਾਰ ਕੀਤਾ। ਅੱਜ ਅਸੀਂ ਇਕ ਦਹਾਕੇ ਪਹਿਲਾਂ ਦੇ ਮੁਕਾਬਲੇ ਸਾਲਾਨਾ ਪੰਜ ਗੁਣਾ ਜ਼ਿਆਦਾ ਸਰੋਤ ਲਗਾਏ ਹਨ, ਜੋ ਨਤੀਜੇ ਦਿਖਾ ਰਹੇ ਹਨ ਅਤੇ ਫ਼ੌਜ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਚੀਨ ਉੱਤੇ ਭਾਰਤ ਦੇ ਵਿਸ਼ਵਾਸ ਦੀ ਘਾਟ ਹੈ, ਕਿਉਂਕਿ ਚੀਨ ਨੇ ਭਾਰਤ ਦੇ ਗਵਾਂਢੀ ਦੇਸ਼ਾਂ ਨੂੰ ਆਪਣੇ ਨਾਲ ਮਿਲਾ ਕੇ ਭਾਰਤ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਨੇ ਭਾਰਤ ਦਾ ਇਲਾਕਾ ਹੜੱਪਣ ਦੀ ਨਾਕਾਮ ਕੋਸ਼ਿਸ਼ ਵੀ ਕੀਤੀ ਹੈ ਅਤੇ ਜਿਸ ਤਰਾਂ ਭਾਰਤ ਉਸ ਅੱਗੇ ਬੜੀ ਦਲੇਰੀ ਨਾਲ ਡਟਿਆ ਰਿਹਾ ਹੈ ਅਤੇ ਦੂਜੇ ਪਾਸੇ ਜਿਸ ਤਰ੍ਹਾਂ ਕੁਆਡ ਭਾਰਤ ਦੀ ਘੇਰਾਬੰਦੀ ਦੇ ਬਦਲੇ ਚੀਨ ਦੁਆਲੇ ਸਾਗਰੀ ਇਲਾਕੇ ਦੀ ਘੇਰਾਬੰਦੀ ਵਿਚ ਸ਼ਾਮਿਲ ਹੋਇਆ ਹੈ ਅਤੇ ਜਿਸ ਬਾਖੂਬੀ ਨਾਲ ਭਾਰਤੀ ਜਰਨੈਲਾਂ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਡਟ ਕੇ ਚੀਨ ਨਾਲ ਗੱਲਬਾਤ ਵਿੱਚ ਆਪਣਾ ਪੱਖ ਪੇਸ਼ ਕੀਤਾ ਹੈ ਅਤੇ ਅੜਿੱਗ ਰਹੇ, ਉਹ ਵੀ ਇਸ ਬਦਲੀ ਸਥਿਤੀ ਲਈ ਜ਼ਿੰਮੇਵਾਰ ਹਨ, ਪਰ ਸਭ ਤੋਂ ਮਹਤੱਵਪੂਰਨ ਤੱਥ ਇਹ ਵੀ ਹੈ ਕਿ ਚੀਨ ਦੇ ਅੰਦਰੂਨੀ ਆਰਥਿਕ ਹਾਲਾਤ ਵਿਗੜੇ ਹਨ ਅਤੇ ਭਾਰਤ ਨਾਲ ਵਪਾਰਕ ਸੰਬੰਧ ਮੱਠੇ ਹੋਣ ਕਰਕੇ ਉਸ ਨੂੰ ਆਰਥਿਕ ਘਾਟਾ ਵੀ ਹੋਇਆ ਹੈ। ਫਿਰ ਰੂਸ ਦਾ ਵੀ ਚੀਨ ਉਤੇ ਦਬਾਅ ਰਿਹਾ ਹੈ ਕਿ ਉਹ ਭਾਰਤ ਨਾਲ ਚੰਗੇ ਸੰਬੰਧ ਬਣਾਵੇ। ਲਗਦਾ ਨਹੀਂ ਕਿ ਚੀਨ ਕੋਲ ਭਾਰਤੀ ਇਲਾਕਾ ਖਾਲੀ ਕਰਕੇ ਚੰਗੇ ਸੰਬੰਧ ਬਣਾਉਣ ਬਿਨਾਂ ਕੋਈ ਹੋਰ ਚਾਰਾ ਰਿਹਾ ਸੀ, ਪਰ ਫਿਰ ਵੀ ਭਾਰਤ ਨੂੰ ਸੰਬੰਧ ਸੁਧਾਰਨ ਵਿਚ ਅੱਗੇ ਵਧਣ ਲਈ ਪੈਰ-ਪੈਰ 'ਤੇ ਬੜੀ ਚੌਕਸੀ ਵਰਤਣੀ ਪਵੇਗੀ। ਤਾਜ਼ਾ ਘਟਨਾਕ੍ਰਮ ਅਨੁਸਾਰ ਹੋਏ ਸਮਝੌਤੇ ਅਨੁਸਾਰ ਡੇਮਚੋਕ ਅਤੇ ਦੇਪਸਾਂਗ ਵਿਚ ਗਸ਼ਤ ਲਈ ਚੀਨ ਦੀ ਫ਼ੌਜ ਮੁੜ ਔਕੜਾਂ ਖੜੀਆਂ ਕਰ ਰਹੀ ਹੈ। ਇਸ ਮਸਲੇ ਦਾ ਵੀ ਹੱਲ ਲੱਭਣਾ ਪਵੇਗਾ। ਪਰ ਸਾਨੂੰ ਇਹ ਜ਼ਰੂਰ ਮੰਨਣਾ ਪਵੇਗਾ ਕਿ ਮੌਜੂਦਾ ਸਰਕਾਰ ਦੀ ਇਹ ਬਹੁਤ ਵੱਡੀ ਕਾਮਯਾਬੀ ਹੈ, ਜਿਸ ਨਾਲ ਭਾਰਤ ਦੀਆਂ ਪੂਰਬੀ ਹੱਦਾਂ ਦੀ ਸੁਰੱਖਿਆ ਵਧੇਗੀ ਅਤੇ ਸਾਡੇ ਸੈਨਿਕਾਂ ਨੂੰ ਬਰਫੀਲੀਆਂ ਚੋਟੀਆਂ ਦੀ ਤਾਇਨਾਤੀ ਦੇ ਕਸ਼ਟਾਂ ਤੋਂ ਕੁਝ ਹੱਦ ਤੱਕ ਛੁਟਕਾਰਾ ਮਿਲੇਗਾ ਤੇ ਭਾਰਤ ਦਾ ਹੱਦਾਂ ਸੁਰਖਿਅਤ ਰੱਖਣ ਉਤੇ ਹੋਣ ਵਾਲਾ ਇਹ ਖ਼ਰਚ ਘਟੇਗਾ।

TAIL PIECE
Dalip Singh Wasan
Adv. Patiala
Email : dalipsinghwassan@yahoo.co.in

# SRI GURU NANAK DEV JEE TAUGHT US TO BELIEVE IN GOD

The founder of Sikhism in India Sri Guru Nanak Dev jee directd the Sikhs to believe in God and do what actually God directrs him. The soul in man remains present in huim because the man is actually part of God and each man on earth always thinks on right side. But because of his wordly desires, wishes his soul is polluted and he starts going on wrong path.

As per Sri Guru Nanak Dev Jee God is the director and what happens on this earth and in this universe is as per directions of God and not as per wishes of man. Claiming that I have done this and that is wrong and here belief in God is disturbed. Man is simply acting as per directions what he does and act is as per directions. There is none wise and none is fool, but the same person sometimes acts as wise and sometime as a fool. His actions are not fre. And therefore, we must believe in God and must accept that what we do and what we think, all are directions of God.

And therefore, Sri Guru Nanak Dev jee guided the Sikhs to bear what God does with him because we cannot give directions to God to change his Will. The old principle and tradition too had been adopted by Guru Nanak Dev jee that will of God must be accepted and we must believe what is written in our luck only that shall be coming to us and nothing more than that.

And because of these basic belief in the Sikhs they are happy, mobile, progressive, working hard, settling where God sends them and settle there safe and satisfied.



### Not to loo but rooting out poverty be our mission- Narendar Modi PM

Our Prime Minister has come out with this statement against the tohercontesting group. Making such statements is easy but rooting out poverty from India is a difficult task and because of this situation in India, the politicians who arew interested to fight elections joined in creating a vote bank and since poor had been in large nuber, they decided to establish it permanently. So all they could do was their main aim and therefore, keeping the poor alive had been the first target with them. They knew that poor breed poors and keeping alive the poor is the only way to increase number of voters.

It is on record that what the politicians had been doing for the poor was not to root out poverty, but only keep alive the poor by giving them free ration, some reservations, some concessions, some immediate helps in emergcies and they succeeded in their mission.

We have noted that the situations in elections and per centage of poor in this country has become percentage of voters in our elections. We can say that most of the poor come forward as voters. The politicians know that only elections have been establish for opening way to come in power and this election system must continue. This had been the reason, till now, we could not establish government of the people, but it is government of those who could bring more as members and they have turned this democracy a government of the politicians or political groups. It can be called government of the PM designate and all others of the group are just to support him.

And since this system has been followed for decades, now there is no chance that it could upgrade this system and establish government of the people, because nomination of candidates from the public side is impossible now. Nomination of candidates by contesting groups too has become a tradition. The poor is not having anything which could be looted.

### Whips be used only for the national programmes

Whips mean the member loses hiw own wisdom, eill and discretion and basically whips are violation of basics of democracy. The members are present in the Parliament to represent the people specially to represent the people of the area and when there is something which is going against the people of the area, their representative must speak as pewr his own will, wisdom and promise he had made to the people.

For the Ist moe than seven decades, the tradition which we could establish had not been following the principles of democracy and had turned this democracy as one man rule.

Till date only the heads of contesting groupos had been working and all the members with each contesting group are jut number and let us cxome out of this number system and bring democracy as functional, one step ahead, and ensure that the candidates arew allowed to function as representatives and may be allowed to put up problems of their own areas and for that purpose they must be free and even voting system too mut not work under whip, but each candidate mut be independent to forward his view while speaking and while voting. He must not be directed to function as per whip of the contesting group, direct or indirect.

If need be we can bring some changes in the oath draft giving these independences to the representatives of the people.

Uner the present system our news papers too are reporting us statements of contesting groups and their heads and members are not allowed to speak and even pepers do not publish what the members state for their areas.

Let us go ahead to establish true democracy in India and we should try to establish government of the people through their representatives only. Even contesting groups should use this old method just to form government and let its functioning be democratic an letter and spirit.

• • •

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੌਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

# ਸਿੱਖ ਪੰਥ ਦਿਸ਼ਾਹੀਨ ਕਿਉਂ ਤੇ ਕਿਉਂ ਉਜੜ ਰਿਹਾ ਪੰਜਾਬ ?

ਇਕਬਾਲ ਸਿੰਘ ਲਾਲਪੁਰਾ
9780003333



ਭੰਬਲ ਭੂਸਾ ਦਾ ਅਰਥ ਦਿਸ਼ਾ ਹੀਣ ਹੰਦਾ ਹੈ। ਗੁਰਮਤਿ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਵਾਲਾ ਸਪਸ਼ਟ ਮਾਰਗ ਹੈ। ਅੱਜ ਸਿੱਖ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵਸ ਰਹੇ ਹਨ, ਪਰ ਸਿੱਖ ਧਰਮ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਤੇ ਅਵਤਾਰ ਧਾਰ ਕੇ ਪ੍ਰਗਟ ਕੀਤਾ, ਇਸ ਲਈ ਸਿੱਖ ਧਰਮ ਦਾ ਕੇਂਦਰ ਪੰਜਾਬ ਹੈ। ਇਸੇ ਹੀ ਧਰਤੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਪ੍ਰਗਟ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਨੇ ਖਾਲਸਾ ਰਾਜ ਦੀ ਸਥਾਪਨਾ ਕੀਤੀ।

ਦੇਸ਼ ਦੀ ਵੰਡ ਤੋਂ ਪਹਿਲਾਂ ਖਾਲਸਾ ਰਾਜ ਤੇ ਪੰਜਾਬ ਦੀ ਰਾਜਧਾਨੀ ਲਾਹੌਰ ਸੀ, ਸ਼੍ਰੀ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਰਾਮ ਦਾਸ ਜੀ ਦੀ ਜਨਮ ਭੂਮੀ ਸਮੇਤ ਬਹੁਤਿਆਂ ਧਾਰਮਿਕ ਤੇ ਇਤਿਹਾਸ ਨਾਲ ਸਬੰਧਤ ਇਮਾਰਤਾਂ ਪਾਕਿਸਤਾਨ ਵਿਚ ਦੇਸ਼ ਦੀ ਵੰਡ ਸਮੇਂ ਰਹਿ ਗਈਆਂ। ਸਿੱਖਾਂ ਨੂੰ ਉਹ ਧਰਤੀ ਛੱਡਣ ਲਈ ਮਜਬੂਰ ਹੋਣਾ ਪਿਆ ਤੇ ਅੱਜ ਪਾਕਿਸਤਾਨ ਵਿਚ ਸਿੱਖ ਨਾਮ ਮਾਤਰ ਹੀ ਹਨ , ਜਿਥੋਂ ਦੇ ਅਨੇਕਾਂ ਗੁਰੂ ਘਰ ਤੇ ਹੋਰ ਸਿੱਖ ਇਮਾਰਤਾਂ ਬਰਬਾਦ ਹੋ ਚੁੱਕੀਆਂ ਹਨ ਜਾਂ ਕਬਜ਼ੇ ਹੋ ਚੁੱਕੇ ਹਨ। ਕੁਛ ਉਦਮੀ ਸਿਖਾਂ ਨੇ ਸਰਕਾਰ ਨਾਲ ਗਲਬਾਤ ਕਰਕੇ ਕੁਛ ਕਬਜ਼ੇ ਛੁਡਵਾਏ ਵੀ ਹਨ।

ਇਹ ਦੁਖਾਂਤਕ ਇਤਿਹਾਸ ਹੈ ਕਿ ਸਿੱਖਾਂ ਨੂੰ ਖਾਲਸਾ ਰਾਜ ਦਾ ਇਲਾਕਾ ਛਡ ਭਾਰਤ ਵੱਲ ਆਉਣ ਲਈ ਮਜਬੂਰ ਹੋਣਾ ਪਿਆ ਸੀ।ਸਿਖ ਦੇਸ ਵੰਡ ਨਹੀਂ ਚਾਹੁੰਦੇ ਸਨ।ਇਸ ਦਾ ਜ਼ਿੰਮੇਵਾਰ ਜਿਨਾਹ ਸੀ।

ਸਿਖਾਂ ਨੂੰ ਭਾਰਤ ਵਿੱਚ ਕੇਵਲ ਸਤਿਕਾਰ ਤੇ ਬਰਾਬਰੀ ਦੇ ਸੰਵਿਧਾਨਿਕ ਹੱਕ ਹੀ ਨਹੀਂ ਮਿਲੇ, ਪੂਰੇ ਦੇਸ਼ ਵਿੱਚ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਧਰਮ ਅਸਥਾਨ ਦਾ ਪ੍ਰਬੰਧ ਕਰਨ ਕੇ ਪ੍ਰਚਾਰ ਕਰਨ ਦਾ ਅਧਿਕਾਰ ਵੀ ਹੈ , ਜਿੱਥੇ ਸਿੱਖ ਆਪਣੀਆਂ ਧਾਰਮਿਕ ਰਵਾਇਤਾਂ ਅਨੁਸਾਰ ਸੇਵਾ ਕਰ ਰਹੇ ਹਨ।

ਆਬਾਦੀ ਦੀ ਵੰਡ ਵੇਖੀਏ ਤਾਂ ਪੰਜਾਬ ਵਿੱਚ ਇੱਕ ਕਰੋੜ ਸੱਠ ਲੱਖ ਦੇ ਕਰੀਬ ਸਿੱਖ ਹਨ, ਜੋ ਕੁੱਲ ਆਬਾਦੀ ਦਾ ਕਰੀਬ ਅੱਠਵੰਜਾ ਫੀਸਦੀ ਹੈ। ਬਾਕੀ ਭਾਰਤ ਵਿੱਚ ਕਰੀਬ ਪੰਜਾਹ ਲੱਖ ਦੇ ਕਰੀਬ ਸਿੱਖ ਆਬਾਦੀ ਹੈ, ਜੋ ਜ਼ਿੰਮੀਦਾਰ ਵੀ ਹਨ, ਸਰਕਾਰੀ ਕਰਮਚਾਰੀ ਤੇ ਕਾਰੋਬਾਰੀ ਵੀ। ਤੀਹ ਲੱਖ ਦੇ ਕਰੀਬ ਪਿਛਲੇ ਤਕਰੀਬਨ 170 ਸਾਲ ਵਿੱਚ ਮਹਾਰਾਜਾ ਦਲੀਪ ਸਿੰਘ ਤੋਂ ਬਾਅਦ ਸਿੱਖ ਵਿਦੇਸ਼ਾਂ ਵਿੱਚ ਜਾ ਵਸੇ ਹਨ , ਪਰ ਵੱਡੀ ਗਿਣਤੀ ਵਿੱਚ ਪਿਛਲੇ ਪੰਜਾਹ ਸਾਲ ਤੋਂ ਵਿਦੇਸ਼ ਜਾਣ ਦਾ ਰੁਝਾਨ ਜ਼ਿਆਦਾ ਵਧਿਆ ਹੈ ਤੇ ਅੱਜ ਵੀ ਜਾਰੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਸਿੱਖਾਂ ਦੇ ਧਰਮ ਤੇ ਰਾਜਨੀਤੀ ਤੇ ਮਾੜਾ ਪ੍ਰਭਾਵ ਪਿਆ। ਮੁਗਲਾਂ ਨੇ ਗੁਰੂ ਸਾਹਿਬਾਨ ਸਮੇਤ ਸਿੱਖਾਂ ਦੀ ਨਸਲਕੁਸ਼ੀ ਕੀਤੀ ਸੀ, ਪਰ ਉਹ ਨਿਰਮਲ ਤੇ ਖਾਲਸਾ ਪੰਥ ਦੇ ਮੂਲ ਸਿਧਾਂਤਾਂ ਨੂੰ ਠੇਸ ਨਾ ਪਹੁੰਚਾ ਸਕੇ, ਪਰ ਅੰਗਰੇਜ਼ ਦਾ ਨਿਸ਼ਾਨਾ ਸਿੱਖ ਪੰਥ ਦੇ ਮੂਲ ਸਿਧਾਂਤ ਰਹੇ ਸਨ , ਜਿਸ ਰਾਹੀਂ ਸਿੱਖ ਕੌਮ ਨੂੰ ਕਮਜ਼ੋਰ ਕਰਨਾ ਸੋਖਾ ਸੀ। ਇਸ ਲਈ ਅੰਗਰੇਜ਼ ਨੇ ਪੰਜਾਬੀਆਂ ਨੂੰ ਧਰਮ ਦੇ ਅਧਾਰ ਤੇ ਵੰਡਿਆ, ਇੱਕ ਅਕਾਲ ਦੇ ਪੁਜਾਰੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਵਾਲੇ ਸਿੰਘ ਦੇਹਧਾਰੀ ਬਾਬਿਆਂ ਵੱਲ ਤੁਰ ਪਏ, ਗੁਰੂ ਘਰਾਂ ਨੂੰ ਵਿਭਚਾਰ ਤੇ ਅੰਗਰੇਜ਼ ਪ੍ਰਸਤਾਂ ਦੇ ਕੇਂਦਰ ਬਣਾਉਣ ਦਾ ਕੰਮ ਵੀ ਹੋਇਆ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਾਰੇ ਕਿਸ ਸੋਚਣਾ ਸੀ।

1920 ਈ ਵਿੱਚ ਆਰੰਭ ਹੋਈ ਗੁਰਦਵਾਰਾ ਸੁਧਾਰ ਲਹਿਰ ਨੇ ਇੱਕ ਨਵੀਂ ਚੇਤਨਾ ਪੈਦਾ ਕੀਤੀ। ਸਿੰਘ ਸਭਾ ਲਹਿਰ ਨੂੰ ਤਾਂ ਅੰਗਰੇਜ਼ ਨੇ ਸਿੱਖਾਂ ਵਿੱਚ ਫੁੱਟ ਪਾ ਕੇ ਕਾਬੂ ਕਰ ਲਿਆ ਸੀ। 1920 ਈ ਤੋਂ ਅੰਗਰੇਜ਼ ਨਾਲ ਪੁਰ ਅਮਨ ਢੰਗ ਨਾਲ ਮੁਕਾਬਲਾ ਕਰਦੇ ਸਿੱਖ 1925 ਈ ਤੱਕ ਗੁਰਦਵਾਰਾ ਪ੍ਰਬੰਧ ਕਾਨੂੰਨੀ ਤੌਰ ਤੇ ਲੈਣ ਵਿੱਚ ਕਾਮਯਾਬ ਹੋ ਗਏ।ਅੰਗਰੇਜ਼ ਦੀ ਅੱਖ ਤਾਂ ਸਿੱਖ ਨੌਜਵਾਨੀ ਤੇ ਸੀ, ਜਿਨ੍ਹਾਂ ਨੂੰ ਫ਼ੌਜ ਵਿਚ ਭਰਤੀ ਕਰ ਉਹ ਵਿਸ਼ਵ ਵਿਜੇਤਾ ਬਣ ਗਿਆ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੰਘਰਸ਼ ਸਮੇਂ ਨਵੀਂ ਉਭਰੀ ਅਕਾਲੀ ਲੀਡਰਸ਼ਿਪ ਗਾਂਧੀ ਜੀ ਦੀ ਅਗਵਾਈ ਹੇਠ ਦੇਸ਼ ਦੀ ਅਜ਼ਾਦੀ ਲਈ ਕਾਂਗਰਸ ਪਾਰਟੀ ਦਾ ਹਿੱਸਾ ਬਣ ਗਏ, ਇਸ ਤਰ੍ਹਾਂ ਗੁਰਦਵਾਰਾ ਪ੍ਰਬੰਧ ਲੈਣ ਉਪਰੰਤ ਵੀ ਸਿੱਖ ਧਰਮ ਵਾਰੇ ਖੋਜ, ਪ੍ਰਚਾਰ ਪ੍ਰਸਾਰ, ਵਿੱਦਿਆ ਵੱਲੋਂ ਅਵੇਸਲੇ ਹੋ ਗਏ। ਦੂਜੇ ਪਾਸੇ ਮੁਕਾਬਲੇ ਵਿੱਚ ਖਾਲਸਾ ਨੇਸ਼ਨਲਸਿਟ ਪਾਰਟੀ ਬਣਾ ਅਕਾਲੀ ਦਲ ਦੇ ਮੁਕਾਬਲੇ ਸਿੱਖ ਲੀਡਰ ਅੱਗੇ ਕਰ ਦਿੱਤੇ , ਜੋ ਵਜ਼ੀਰ ਵੀ ਬਣੇ ਤੇ ਸਰਕਾਰੀ ਸਹਾਇਕ ਵੀ ਰਹੇ।

ਅਜ਼ਾਦੀ ਤੋਂ ਬਾਅਦ ਕਾਂਗਰਸ ਪੱਖੀ ਅਕਾਲੀ ਆਗੂਆਂ ਨੂੰ ਨਮੋਸ਼ੀ ਹੀ ਪੱਲੇ ਪਈ। ਕਾਂਗਰਸ ਪਾਰਟੀ ਵੱਲੋਂ ਕੀਤੇ ਕੋਈ ਵੀ ਜ਼ੁਬਾਨੀ ਵਾਇਦੇ ਵਫਾ ਨਹੀਂ ਹੋਏ , ਇਸਦੇ ਉਲਟ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਬਹੁਤੀ ਅਕਾਲੀ ਲੀਡਰਸ਼ਿਪ ਨੂੰ ਕਾਂਗਰਸ ਵਿੱਚ ਸ਼ਾਮਲ ਕਰ ਲਿਆ ਗਿਆ। ਮਾਸਟਰ ਤਾਰਾ ਸਿੰਘ ਜੀ ਨੂੰ ਬਦਨਾਮ ਕਰ ਪਾਰਟੀ ਤੋਂ ਵੱਖ ਕਰ ਦਿੱਤਾ ਗਿਆ।

o 1966 ਈ ਨੂੰ ਮੁੜ ਪੰਜਾਬ ਦੀ ਵੰਡ ਹੋਈ ਮਸਲਾ ਪੰਜਾਬੀ ਦਾ ਨਹੀਂ ਸੀ ਕਿਉਕਿ ਗੁਰਮੁਖੀ ਤਾਂ ਬਾਘਾ ਤੋਂ ਪਲਵਲ ਤੱਕ ਪੜ੍ਹਾਈ ਜਾਂਦੀ ਸੀ ਪਰ ਵੱਡੇ ਪੰਜਾਬ ਵਿਚ ਸਿੱਖ ਗਿਣਤੀ ਘੱਟ ਹੋਣ ਕਾਰਨ ਸ਼ਾਇਦ ਅਕਾਲੀ ਦਲ ਦੀ ਸਰਕਾਰ ਨਹੀਂ ਬਣ ਸਕਦੀ ਸੀ।

o ਪੰਜਾਬ ਦੀ ਵੰਡ ਤੋਂ ਬਾਅਦ 1967 ਵਿੱਚ ਪਹਿਲੀ ਗੈਰ ਕਾਂਗਰਸੀ ਸਰਕਾਰ ਅਕਾਲੀ ਦਲ ਦੀ ਅਗਵਾਈ ਵਿੱਚ ਬਣੀ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ, ਭਾਖੜਾ ਡੈਮ ਦਾ ਪ੍ਰਬੰਧ, ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀਆਂ ਦੇ ਮਸਲੇ ਅੱਜ ਵੀ ਲਮਕੇ ਹੋਏ ਹਨ। ਜੇਕਰ ਇਹ ਮਸਲੇ ਹੱਲ ਕਰਨੇ ਜ਼ਰੂਰੀ ਸਨ ਤਾਂ ਅਕਾਲੀ ਦਲ ਨੂੰ, ਇਨ੍ਹਾਂ ਦੀ ਪੂਰਤੀ ਤੋਂ ਬਿਨਾਂ, ਸਰਕਾਰਾਂ ਨਹੀਂ ਬਣਾਉਣੀਆਂ ਚਾਹੀਦੀਆਂ ਸਨ। ਫੇਰ ਤਾਂ ਇਹ ਮਸਲੇ ਆਪਣੇ ਆਪ ਹੀ ਕਦੋਂ ਦੇ ਹੱਲ ਹੋ ਜਾਣੇ ਸਨ। ਪਰ ਹੋਇਆ ਇਸ ਦੇ ਉਲਟ ਸਰਕਾਰ ਬਨਣ ਤੇ ਇਹ ਮੁੱਦੇ ਠੰਡੇ ਬਸਤੇ ਵਿੱਚ ਰਹਿੰਦੇ ਹਨ ਤੇ ਬਾਅਦ ਵਿੱਚ ਲੋਕ ਭਾਵਨਾਵਾਂ ਨਾਲ ਖੇਡਣ ਲਈ ਮੁੜ ਚਰਚਾ ਦਾ ਵਿਸ਼ਾ ਬਣ ਜਾਂਦੇ ਹਨ।

o 1982 ਈ ਦੇ ਧਰਮ ਯੁੱਧ ਮੋਰਚੇ ਦੇ ਵੀ ਇਹ ਹੀ ਮੁੱਖ ਮੁੱਦੇ ਸਨ , ਬਾਕੀ ਤਾਂ ਬੰਦੀ ਸਿੱਖਾਂ ਦੀ ਰਿਹਾਈ ਦੀ ਗੱਲ ਸੀ , ਜੋ ਬਾਅਦ ਵਿੱਚ ਬਰੀ ਹੋ ਗਏ ਸਨ। ਸਾਕਾ ਨੀਲਾ ਤਾਰਾ ਤੇ ਦਿੱਲੀ ਸਮੇਤ ਦਸ ਰਾਜਾਂ ਵਿੱਚ ਸਿੱਖ ਕਤਲੇਆਮ ਵੀ ਇਸ ਦੀ ਹੀ ਲੜੀ ਹੈ।ਪਰ ਕਿਸੇ ਵੀ ਮਸਲੇ ਦਾ ਹੱਲ ਕਿਉਂ ਨਹੀਂ ਹੋਇਆ ? ਨਾ ਕੋਈ ਪ੍ਰਾਪਤੀ , ਨਾ ਹੀ ਮਲੂਮ ਤੇ ਨਾ ਹੀ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਲੰਬੀ ਵਿਉਂਤਵਬੰਦੀ ਕੀਤੀ ਨਜ਼ਰ ਆਉਂਦੀ ਹੈ। ਭਾਵੇਂ 1985 ਤੇ 2017 ਈ ਤੱਕ ਕਈ ਵਾਰ ਮੋਰਚਾ ਲਾਉਣ ਵਾਲਿਆਂ ਨੇ ਸਰਕਾਰਾਂ ਬਣਾਈਆਂ ਹਨ।

o ਦੁੱਖ ਦੀ ਗੱਲ ਹੈ ਕਿ ਇਸ ਸਮੇਂ, ਸਰਕਾਰ ਵਿੱਚ ਰਹਿੰਦਿਆਂ ਸਿੱਖ ਧਰਮ ਦੇ ਮੁਢਲੇ ਅਸੂਲਾਂ ਨਾਲ, ਕੋਝਾ ਮਜ਼ਾਕ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਦੀ ਮਦਦ, ਦੇ ਦੋਸ਼ ਲਗਣ ਨਾਲ ਇਹ ਰਾਜਸੀ ਤੇ ਧਾਰਮਿਕ ਪੰਥਕ ਆਗੂ ਸਵਾਲਾਂ ਦੇ ਘੇਰੇ ਵਿੱਚ ਹਨ। ਦੇਸੀ ਕੁਝ ਰਾਜਸੀ ਤੇ ਧਾਰਮਿਕ ਹਨ ਜਾਂ ਪੂਰੀ ਸੰਸਥਾ ? ਇਹ ਵਿਚਾਰ ਦਾ ਵਿਸ਼ਾ ਹੈ, ਦੋਸ਼ੀ ਸਮਾਜ ਵਿਰੋਧੀ ਹੁੰਦੇ ਹਨ, ਜੇਕਰ ਚੌਂਕੀਦਾਰ ਵੀ ਚੋਰ ਨਾਲ ਰਲ ਜਾਣ ਜਾਂ ਬਚਾਉ ਕੌਣ ? ਇਹ ਅੱਜ ਦੀ ਸਥਿਤੀ ਹੈ। ਇੱਕ ਦੂਜੇ ਤੇ ਦੋਸ਼ ਲਾਉਣ ਨਾਲੋਂ ਗਲਤੀ ਦਾ ਅਹਿਸਾਸ ਕਰਨਾ ਸਹੀ ਨੀਤੀ ਹੁੰਦੀ ਹੈ , ਪਰ ਹੋ ਬਿਲਕੁਲ ਉਲਟ ਰਿਹਾ ਹੈ।

o ਇਸ ਸਥਿਤੀ ਨੇ ਦੇਸ਼ ਵਿਰੋਧੀਆਂ ਨੂੰ ਮੌਕਾ ਦਿੱਤਾ ਹੈ ਕਿ ਉਹ ਨੌਜਵਾਨਾਂ ਨੂੰ ਭਟਕਾ ਸਕਣ ਤੇ ਸਿੱਖ ਕੌਮ ਨੂੰ ਬਦਨਾਮ ਤੇ ਕਮਜ਼ੋਰ ਕਰ ਸਕਣ।

ਬੇਬੁਨਿਆਦ ਮਸਲੇ ਖੜੇ ਕਰ, ਬੇਲੋੜੇ ਤੇ ਕੇਵਲ ਰਾਜਨੀਤੀ ਤੋਂ ਪ੍ਰੇਰਤ ਅੰਦੋਲਨਾਂ ਨੇ, ਪੰਜਾਬ ਦੀ ਸ਼ਾਂਤੀ ਨੂੰ ਅੱਗ ਲਾ ਕੇ ਸਿੱਖ ਕੌਮ ਨੂੰ ਸ਼ਕੀ ਬਣਾ ਦਿੱਤਾ ਹੈ। ਲੋੜ ਤਾਂ ਗਲਬਾਤ ਦੀ ਹੈ ਰੋਲਾ ਪਾਉਣ ਦੀ ਨਹੀਂ, ਜੇਕਰ ਕੋਈ ਵੀ ਪੰਜਾਬ ਤੇ ਸਿੱਖ ਕੌਮ ਲਈ ਸਹਿਰਦ ਹੁੰਦਾ ਤਾਂ 58 ਸਾਲ ਮਸਲੇ ਲਮਕਾਉਣ ਦੀ ਲੋੜ ਨਹੀਂ ਸੀ, ਗਲਬਾਤ ਦੇ ਬੜੇ ਚੰਗੇ ਮੌਕੇ ਸਨ ਤੇ ਹਨ ਵੀ, ਮੰਤਵ ਮਸਲੇ ਹੱਲ ਨਹੀਂ ਖੜੇ ਕਰਨਾ ਹੈ। ਪਰ ਕੀ ਕਿਸੇ ਨੇ ਪੰਜਾਬ ਤੋਂ ਬਾਹਰ ਵੱਸਦੇ ਪੰਜਾਹ ਲੱਖ ਸਿੱਖਾਂ ਤੇ ਉਨਾਂ ਦੀਆਂ ਸਮੱਸਿਆਵਾਂ ਵਾਰੇ ਸੋਚਿਆ ਹੈ ? ਜਾਂ ਉੱਥੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਹੈ ? ਕੀ ਖੇਤੀ ਬਾੜੀ ਸਮੇਤ ਕਿੱਤਿਆਂ ਦਾ ਸਬੰਧ ਕਿਸੇ ਧਰਮ ਨਾਲ ਹੁੰਦਾ ਹੈ ? ਕੀ ਅਮਨ ਤੋਂ ਬਗੈਰ ਕੋਈ ਕਾਰਖਾਨੇਦਾਰ ਜਾਂ ਵਿਉਪਾਰੀ ਪੰਜਾਬ ਵਿੱਚ ਨਿਵੇਸ਼ ਕਰੇਗਾ ?

o ਸਿੱਖ ਧਰਮ ਵਿਅਕਤੀ ਨੂੰ ਦੇਵਤਾ ਬਨਣ ਦਾ ਰਾਹ ਦਸਦਾ ਹੈ, ਦੇਵਤਾ ਗਿਆਨਵਾਨ, ਦੂਰਅੰਦੇਸ਼, ਸ਼ਹਿਨਸ਼ੀਲ ਤੇ ਬਹਾਦੁਰ ਹੁੰਦਾ ਹੈ, ਜੋ ਗੁਰਬਾਣੀ ਦਾ ਸਿਧਾਂਤ ਵੀ ਹੈ। ਅੱਜ ਕਿਸ ਰਾਜਸੀ, ਧਾਰਮਿਕ ਤੇ ਸਮਾਜਿਕ ਆਗੂ ਵਿੱਚ ਇਹ ਗੁਣ ਹਨ ?

o ਸਿੱਖ ਗੁਰਦਵਾਰਾ ਐਕਟ 1925 ਅਧੀਨ ਬਣੀ ਗੁਰਦਵਾਰਾ ਪ੍ਰਬੰਧਕ ਸੌ ਸਾਲ ਪੂਰੇ ਕਰ ਰਹੀ ਹੈ। ਸਿੱਖ ਧਰਮ ਦੇ ਪ੍ਰਚਾਰ ਦੇ ਨਾਂ ਤੇ ਗੁਰਮਤਿ ਗਿਆਨ ਦੇਣ ਲਈ ਕੋਈ ਸੰਸਥਾ ਪਿੰਡ ਤੇ ਕਸਬਾ ਪੱਧਰ ਤੇ ਨਹੀ , ਪਿੰਡ ਵਾਰ ਛੱਡ ਜਿਲਾ ਪੱਧਰ ਤੇ ਵੀ ਕੋਈ ਪ੍ਰਚਾਰਕ ਨਹੀਂ ਹੈ। ਗੁਰਬਾਣੀ ਦੇ ਸਹਿਜ ਤੇ ਅਖੰਡ ਪਾਠ ਉਜਰਤ ਤੋਂ ਬਿਨਾਂ ਅਸੰਭਵ ਹੈ, ਉਜਰਤ ਲੈ ਕੇ ਪਾਠ, ਕੀਰਤਨ, ਅਰਦਾਸ, ਕਵੀਸ਼ਰੀ ਰੋਟੀ ਰੋਜ਼ੀ ਦਾ ਸਾਧਨ ਹੈ, ਧਰਮ ਪ੍ਰਚਾਰ ਦਾ ਨਹੀਂ। ਪਿੰਡ ਪਿੰਡ ਅਕਾਲ ਪੁਰਖ ਦੇ ਪੁਜਾਰੀ ਦੇ ਭੇਖ ਵਿੱਚ ਬਾਬਿਆਂ ਦੀ ਵੱਡੀ ਗਿਣਤੀ ਹੈ, ਉਹ ਵੀ ਧਰਮ ਪ੍ਰਚਾਰ ਵਿੱਚ ਅਸਰਦਾਰ ਨਹੀਂ ਲੱਗਦੇ, ਕਿਉਕਿ ਸਿੱਖ ਆਪਣਾ ਧਰਮ ਛੱਡ ਰਹੇ ਹਨ। 26000 ਏਕੜ ਤੋਂ ਵੱਧ ਜ਼ਮੀਨ ਹੀ ਗੁਰੂ ਘਰਾਂ ਦੇ ਨਾਂ ਤੇ ਹੈ , ਉਥੋਂ ਹੁੰਦੀ ਕਮਾਈ, ਲੰਗਰ ਵਿੱਦਿਆ ਤੇ ਨਾ ਹੀ ਧਰਮ ਪ੍ਰਚਾਰ ਵਿੱਚ ਪੂਰਨ ਰੂਪ ਵਿੱਚ ਲਗਦੀ ਨਜ਼ਰ ਆਉਂਦੀ ਹੈ। ਉਜਰਤ ਦੇ ਕੇ ਕਰਮ ਕਾਂਡ ਹੁੰਦੇ ਹਨ ਜਿਸ ਦੀ ਮਨਾਹੀ ਹੈ ਇਸ ਤਰ੍ਹਾਂ ਉਜਾੜੇ ਕੇ ਬੰਧ ਵਾਲੀ ਗੱਲ ਹੈ , ਫੇਰ ਕੌਮ ਤੇ ਪੰਜਾਬ ਦੀ ਬਰਬਾਦੀ ਲਈ ਕਿਧਰੇ ਅਸੀਂ ਆਪ ਹੀ ਜ਼ਿੰਮੇਵਾਰ ਤਾਂ ਨਹੀਂ ?

o ਵਿਦੇਸ਼ ਜਾਣਾ ਮਜਬੂਰੀ ਹੈ ਜਾਂ ਸ਼ੌਂਕ, ਵਿਦੇਸ਼ਾਂ ਵਿਚ ਰਾਜਨੀਤਿਕ ਸ਼ਰਨ ਲੈ ਕੇ ਰਹਿਣ ਲਈ, ਆਧਾਰ ਹੀਣ ਦੇਸ਼ ਵਿਰੋਧੀ ਹੋਣ ਦੇ ਝੂਠੇ ਕਾਗਜ਼ ਤਿਆਰ ਕਰਨੇ ਵੀ ਇਕ ਵਪਾਰ ਬਣ ਚੁੱਕਾ ਹੈ। ਕਾਰੋਬਾਰ ਤੇ ਨੌਕਰੀ ਦੀ ਅਣਹੋਂਦ, ਵਿਗੜਦੀ ਅਮਨ ਕਾਨੂੰਨ ਦੀ ਸਥਿਤੀ ਤੇ ਨਸ਼ਿਆਂ ਦੀ ਭਰਮਾਰ ਵਿੱਚ ਬੱਚੇ ਵਿਦੇਸ਼ ਭੇਜਣਾ ਹੀ ਉਨ੍ਹਾਂ ਦੀ ਬੇਹਤਰੀ ਦਾ ਮਾਂ-ਬਾਪ ਨੂੰ ਸਹੀ ਰਾਹ ਲੱਗਦਾ ਹੈ।

o ਗੱਲ ਪੰਜਾਬ ਵਿੱਚ ਅਮਨ ਸ਼ਾਂਤੀ ਤੇ ਵਿਕਾਸ ਦੇ ਮਾਰਗ ਬਾਰੇ ਚਿੰਤਨ ਕਰਨ ਦੀ ਹੈ, ਇਹ ਕੰਮ ਕੋਣ ਕਰੇਗਾ ? ਅਸੀਂ ਦੇਸ਼ ਭਗਤ ਹਾਂ, ਸਿੱਖ ਇੱਕ ਵੱਖਰੀ ਕੌਮ ਹੈ ਕਿ ਇਸ ਬਾਰੇ ਕਿਸੇ ਤੋਂ ਸਰਟੀਫਿਕੇਟ ਲੈਣ ਦੀ ਲੋੜ ਹੈ ? ਪਰ ਵਿਦੇਸ਼ਾਂ ਵਿੱਚ ਵੱਸਦੇ ਭਾਰਤ ਵਿਰੋਧੀਆਂ ਦੇ ਕੂੜ ਪ੍ਰਚਾਰ ਤੋਂ ਬਚਣ ਦੀ ਲੋੜ ਹੈ ?

o ਡਰ ਰਹਿਤ ਸਮਾਜ ਦੀ ਸਿਰਜਣਾ ਗੁਰੂ ਸਾਹਿਬਾਨ ਨੇ ਕੁਰਬਾਨੀਆਂ ਦੇ ਕੇ ਕੀਤੀ ਸੀ। "ਨਿਰਭਉ ਜਪੈ ਸਗਲ ਭਉ ਮਿਟੈ ॥" ਦੇ ਧਾਰਨੀ ਪੀੜਤ ਨਹੀਂ ਹੋ ਸਕਦੇ, ਸਿਖ ਕੌਮ ਨੂੰ ਪੀੜਤ ਹੋਣ ਦੀ ਗੱਲ ਕਰਨੀ ਬੰਦ ਕਰਨੀ ਹੋਵੇਗੀ, ਕੇਵਲ ਵਿੱਦਿਆ ਤੇ ਵਿਕਾਸ ਮੁੱਖ ਰੱਖਕੇ ਉਹ ਸ਼ਕਤੀਸ਼ਾਲੀ ਪੰਥ ਬਣਨਾ ਹੋਵੇਗਾ। ਸਿੱਖ ਸਮਾਜ ਦੇ ਕੁਝ ਆਗੂ ਜਾਤੀ ਲਾਭ ਲਈ ਕੇਵਲ ਪੀੜਿਤ ਜਾ ਵਿਕਿਟਮ ਕਾਰਡ ਹੀ ਅੱਗੇ ਰੱਖ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਗੱਲ ਤਾਂ ਪੁਛਣ ਵਾਲੀ ਕਿ ਰਾਜ ਤੇ ਕੇਂਦਰ ਸਰਕਾਰ ਦੀ ਅਗਵਾਈ ਇਸ ਡਰ ਨੂੰ ਖਤਮ ਕਰਨ ਲਈ ਸਿਖ ਲੀਡਰਸ਼ਿਪ ਨੇ ਕੀ ਕੀਤਾ, ਜਿਹਨਾਂ ਕੋਲ ਸੱਤਾ ਸੀ ? ਸਿੱਖ ਸੰਸਥਾਵਾਂ ਜਿਸ ਦੇ ਉਹ ਮੁਖੀ ਹਨ ਧਰਮ ਤੇ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਵਿੱਚ ਫਾਡੀ ਕਿਉਂ ਹਨ ? ਅੱਗੇ ਵਧਣ ਲਈ, ਸਿੱਖ ਆਗੂਆਂ ਨੂੰ ਇਹ ਭੰਬਲਭੂਸੇ ਦੂਰ ਕਰਨੇ ਹੋਣਗੇ ਤੇ ਪੰਜਾਬ ਤੇ ਦੇਸ ਹਿਤਾਂ ਉਪਰ ਡਟਕੇ ਪਹਿਰਾ ਦੇਣਾ ਹੋਵੇਗਾ। ਗੁਰਬਾਣੀ ਪ੍ਰਚਾਰ ਪ੍ਰਸਾਰ ਰੋਟੀ ਰੋਜੀ ਦਾ ਸਾਧਨ ਨਾ ਹੋ ਕੇ ਪਾਰਸ ਬਣ ਮਿਸਾਲ ਪੇਸ਼ ਕਰਨ ਵਾਲੇ ਦੇਵਤੇ ਧਰਮ ਤੇ ਰਾਜਨੀਤੀ ਦੀ ਅਗਵਾਈ ਕਰਨ ਵਾਲੇ ਸਿੱਖ ਅੱਗੇ ਆਉਣ ਤਾਂ ਹੀ ਕੁਝ ਚੰਗੀ ਆਸ ਰੱਖੀ ਜਾ ਸਕਦੀ ਹੈ।

ਇਹ ਸਾਰੇ ਮਸਲੇ ਗੰਭੀਰ ਵਿਚਾਰ ਚਰਚਾ ਤੇ ਚਿੰਤਨ ਮੰਗਦੇ ਹਨ। ਆਉ ਮਿਲ ਕੇ ਭੰਬਲ ਭੂਸਾ ਦੂਰ ਕਰੀਏ ਤੇ ਪੰਜਾਬ ਪੱਖੀ ਕੇਂਦਰ ਸਰਕਾਰ ਦਾ ਲ਼ਾਭ ਉਠਾ ਕੇ ਸੂਬੇ ਸਮੇਤ ਆਪਣਾ ਧਾਰਮਿਕ ਤੇ ਆਰਥਿਕ ਵਿਕਾਸ ਕਰੀਏ।

ਚੇਅਰਮੈਨ, ਕੌਮੀ ਘੱਟ ਗਿਣਤੀ
ਕਮਿਸ਼ਨ ਭਾਰਤ ਸਰਕਾਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

"ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥1॥ ਰਹਾਉ ॥ ਅੰਗ 364"। ਭਗਤੀ ਰਾਹੀਂ ਗੁਰੂ ਅਨੁਸਾਰੀ ਦੇ ਅੰਦਰ ਪ੍ਰਭੂ ਪ੍ਰਤੀ ਪ੍ਰੀਤ ਤੇ ਪਿਆਰ ਪੈਦਾ ਹੁੰਦਾ ਹੈ । "ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਅੰਗ 364"। ਗੁਰੂ ਅਨੁਸਾਰੀ ਹੋ ਕੇ ਕੀਤੀ ਹੋਈ ਭਗਤੀ ਹੀ ਪ੍ਰਭੂ ਮਿਲਾਪ ਦਾ (ਸਹੀ) ਤਰੀਕਾ ਹੈ । "ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ ਅੰਗ 364"। ਅਜੇਹੀ ਭਗਤੀ ਦੀ ਬਰਕਤ ਨਾਲ਼ ਮਨੁੱਖ ਜਿਉਂਦਿਆਂ ਹੋਇਆਂ ਵੀ ਮਰਿਆ ਰਹਿੰਦਾ ਹੈ (ਭਾਵ ਆਪਣੇ ਮਨ/ਆਪਣੀ ਹਉਮੈ ਨੂੰ ਮਾਰ ਲੈਂਦਾ ਹੈ), ਤੇ ਗੁਰੂ ਦੀ ਕਿਰਪਾ ਨਾਲ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ । ਗੁਰੂ ਦੇ ਉਪਦੇਸ਼ ਅਨੁਸਾਰ ਕੀਤੀ ਹੋਈ ਭਗਤੀ (ਪ੍ਰਭੂ ਦੇ ਦਰ ਤੇ) ਪਰਵਾਨ ਹੁੰਦੀ ਹੈ। ਫਿਰ ਪ੍ਰਭੂ ਆਪ ਹੀ ਮਨੁੱਖ ਦੇ ਮਨ ਵਿਚ ਆ ਵਸਦਾ ਹੈ । "ਏਹਾ ਭਗਤਿ ਜਨੁ ਜੀਵਤ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ॥ ਗੁਰ ਕੈ ਬਚਨਿ ਭਗਤਿ ਥਾਇ ਪਾਇ॥ ਹਰਿ ਜੀਉ ਆਪਿ ਵਸੈ ਮਨਿ ਆਇ ॥4॥ ਅੰਗ 365"। ਹੇ ਨਾਨਕ ਜਿਹਨਾਂ ਦਾ ਹਿਰਦਾ ਨਿਰਮਲ ਹੈ ਉਹ ਪਰਮੇਸ਼ਰ ਦੀ ਭਗਤੀ ਰਾਹੀਂ ਪਰਮੇਸ਼ਰ ਦੀ ਪ੍ਰਾਪਤੀ ਕਰ ਲੈਂਦੇ ਹਨ । "ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥ 4॥11॥18॥ ਅੰਗ 450"। ਜਿਸ ਤੇ ਪਰਮਾਤਮਾ ਮਿਹਰ ਕਰਦਾ ਹੈ ਉਸ ਨੂੰ ਗੁਰੂ ਮਿਲਾਂਦਾ ਹੈ, (ਗੁਰੂ ਕਿਰਪਾ ਨਾਲ਼) ਉਹ ਨਾ ਡੋਲਣ ਵਾਲ਼ੀ ਭਗਤੀ ਕਰਦਾ ਹੈ ਤੇ ਪਰਮਾਤਮਾ ਨਾਲ ਆਪਣਾ ਚਿੱਤ ਜੋੜੀ ਰੱਖਦਾ ਹੈ । ਹੇ ਨਾਨਕ! ਜੇਹੜੇ ਮਨੁੱਖ (ਪਰਮਾਤਮਾ ਦੀ) ਭਗਤੀ (ਦੇ ਰੰਗ) ਵਿਚ ਰੰਗੇ ਜਾਂਦੇ ਹਨ ਉਹਨਾਂ ਨੂੰ ਸਦਾ ਕਾਇਮ ਰਹਿਣ ਵਾਲੀ ਸੋਭਾ ਮਿਲਦੀ ਹੈ । ਪਰਮਾਤਮਾ ਦੇ ਨਾਮ-ਰੰਗ ਵਿੱਚ ਰੰਗੇ ਹੋਇਆਂ ਨੂੰ ਆਤਮਕ ਆਨੰਦ/ਸਦੀਵੀ ਸੁਖ ਮਿਲਦਾ ਹੈ । "ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥ ਭਗਤਿ ਰਤੇ ਤਿਨ੍ ਸਚੀ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ॥5॥12॥51॥ ਅੰਗ 365"। ਪ੍ਰਭੂ ਦੀ ਪ੍ਰੇਮਾ ਭਗਤੀ ਕਰਕੇ ਆਦਮੀ ਆਤਮਿਕ ਅਡੋਲਤਾ 'ਚ ਸਮਾ ਜਾਂਦਾ ਹੈ; ਮਨ ਪਤੀਜ ਜਾਂਦਾ ਹੈ । "ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ ਅੰਗ 685"। ਅਤੇ "ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥4॥ ਅੰਗ 686"। ਜਿਹੜਾ ਸੇਵਕ ਪ੍ਰਭੂ ਦੀ ਪ੍ਰੇਮਾ ਭਗਤੀ ਵਾਰੇ ਕੁਛ ਜਾਣਦਾ ਹੈ, ਉਸਨੂੰ ਕੋਈ ਹੈਰਾਨੀ ਨਹੀਂ ਹੁੰਦੀ । ਜਿਸ ਤਰ੍ਹਾਂ ਪਾਣੀ ਸਮੁੰਦਰ 'ਚ ਮਿਲਕੇ ਵੱਖ ਨਹੀਂ ਹੋ ਸਕਦਾ ਇਸੇ ਤਰ੍ਹਾਂ ਜੁਲਾਹਾ (ਕਬੀਰ ਜੀ) ਆਪਾ-ਭਾਵ ਮਿਟਾ ਕੇ ਪਰਮਾਤਮਾ ਨਾਲ਼ ਇਕ ਮਿਕ ਹੋ ਗਿਆ ਹੈ । ਭਾਵ ਉਸ ਦਾ ਪ੍ਰਭੂ ਨਾਲ ਇੱਕ-ਮਿੱਕ ਹੋ ਜਾਣਾ ਕੋਈ ਵੱਡੀ ਗੱਲ ਨਹੀਂ ਹੁੰਦੀ । "ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥ ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥1॥ ਅੰਗ 692"। ਸਤਿਗੁਰੂ ਜੀ ਬਚਨ ਕਰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਜਿਹੜਾ ਗੁਰੂ ਅਨੁਸਾਰੀ ਪਰਮਾਤਮਾ ਦੀ ਭਗਤੀ ਵਿਚ ਆਪਣਾ ਮਨ ਜੋੜਦਾ ਹੈ, ਉਸਨੂੰ ਪਰਾਮਤਮਾ ਦੇ ਦਰ ਤੇ ਸਰੋਪਾ ਮਿਲਦਾ ਹੈ । "ਨਾਨਕ ਤੇ ਹਰਿ ਦਰਿ ਪੈਨ੍ਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ॥4॥4॥ ਅੰਗ 540"। ਪ੍ਰਭੂ ਨੇ ਮਨੁੱਖਾ ਦੇਹੀ ਰੂਪੀ ਚੋਲੀ ਭਗਤੀ (ਰੂਪ ਕਸੀਦਾ) ਕੱਢ ਕੇ ਸਵਾਰੀ ਹੈ । "ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ ॥ ਅੰਗ 646"। ਜਿਹਨਾਂ ਨੂੰ ਪ੍ਰਭੂ ਸਦਾ ਕਾਇਮ ਰਹਿਣ ਵਾਲੀ ਭਗਤੀ ਦੀ ਦਾਤਿ ਦਿੰਦਾ ਹੈ ਉਹ ਮਨੁੱਖਾਂ ਤੋਂ ਦੇਵਤੇ ਬਣ ਜਾਂਦੇ ਹਨ । "ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥ ਅੰਗ 850"। ਮੇਰੇ ਪ੍ਰਭੂ ਨੂੰ ਆਪਣੇ ਮਨ 'ਚ ਸ਼ਰਧਾ-ਭਗਤੀ ਚੰਗੀ ਲੱਗਦੀ ਹੈ; ਪ੍ਰਭੂ ਆਪਣੇ ਸੇਵਕ ਦੀ ਇੱਜ਼ਤ ਨੂੰ ਚਾਰ ਚੰਨ ਲਾ ਦਿੰਦਾ ਹੈ । "ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ ॥1॥ ਅੰਗ 982"।


ਆਪਣੀ ਮਨ ਦੀ ਮਰਜ਼ੀ ਕਰਨ ਵਾਲ਼ੇ ਅੰਦਰ ਭਗਤੀ (ਭਾਵਨਾ) ਨਹੀਂ ਹੁੰਦੀ । "ਮਨਮੁਖਿ ਅੰਤਰਿ ਭਗਤਿ ਨ ਹੋਈ ॥ ਅੰਗ 1049"। ਪਾਪੀ ਬੰਦੇ ਨੂੰ ਪਰਮਾਤਮਾ ਦੀ ਭਗਤੀ ਨਹੀਂ ਭਾਉਂਦੀ, ਪਰਮਾਤਮਾ ਦੀ ਪੂਜਾ ਨਹੀਂ ਸੁਖਾਂਦੀ (ਸੁਖ ਦੇਣ ਵਾਲ਼ੀ ਨਹੀਂ ਜਾਪਦੀ) । ਜਿਸ ਤਰ੍ਹਾਂ ਮੱਖੀ (ਸੋਹਣੀ ਖ਼ੁਸ਼-ਬੂ ਵਾਲੇ) ਚੰਦਨ ਨੂੰ ਤਿਆਗ ਦੇਂਦੀ ਹੈ ਤੇ ਜਿੱਥੇ ਬਦਬੂ ਹੋਵੇ ਉੱਥੇ ਜਾਂਦੀ ਹੈ । "ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥ ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥68॥ ਅੰਗ 1368"। ਇਹ ਵਿਚਾਰਾ ਜਗਤ ਜਨਮ ਮਰਨ ਦਾ ਗੇੜ ਸਹੇੜ ਬੈਠਾ ਹੈ, ਕਿਉਂਕਿ ਇਸ ਨੇ ਦੂਜੇ ਭਾਉ (ਮਾਇਆ ਮੋਹ) ਵਿਚ ਪਰਮਾਤਮਾ ਦੀ ਭਗਤੀ ਭੁਲਾ ਦਿੱਤੀ ਹੈ । "ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਅੰਗ 598"। ਪਰਮਾਤਮਾ ਦੇ ਨਾਮ (ਸਿਮਰਨ) ਤੋਂ ਬਿਨਾ ਜੀਵ ਜਨਮ ਮਰਨ ਦਾ ਦੁੱਖ ਪਾਉਂਦਾ ਹੈ । ਗੁਰੂ ਇਹ ਭੇਦ ਦੀ ਗੱਲ ਦੱਸਦਾ ਹੈ, ਕਿ ਪਰਮਾਤਮਾ ਦੀ ਭਗਤੀ ਕਰਨ ਤੋਂ ਬਿਨਾ ਮਨੁੱਖ ਦਾ ਸਹਿਮ ਖ਼ਤਮ ਨਹੀਂ ਹੁੰਦਾ । "ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥1॥ ਰਹਾਉ ॥ ਅੰਗ 830" । ਪ੍ਰਭੂ ਦੀ ਭਗਤੀ ਬਿਨਾ ਛੁਟਕਾਰਾ ਨਹੀਂ ਹੁੰਦਾ! "ਬਿਨੁ ਹਰਿ ਭਗਤਿ ਨਹੀ ਛੁਟਕਾਰਾ ॥ ਅੰਗ 891" । ਜਿਵੇਂ ਪਾਣੀ ਵਿਚ ਰੱਖੇ ਹੋਏ ਪੱਥਰ ਨੂੰ ਪਾਣੀ ਵਿੰਨ੍ਹ ਨਹੀਂ ਸਕਦਾ; ਭਾਵ ਨਰਮ ਨਹੀਂ ਹੁੰਦਾ ।

ਬਾਕੀ ਅਗਲੇ ਹਫ਼ਤੇ


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk



## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

**ਮੁੱਖ ਕੰਮ:-** ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
**ਸਮਾਂ:-** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਬਿਨੈਕਾਰ ਆਪਣੀਆਂ ਅਰਜ਼ੀਆਂ 7 ਦਸੰਬਰ 2024 ਤੋਂ ਪਹਿਲਾਂ ਭੇਜਣ

### Job Title: Keertani Jatha of 3 Required at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**
Please contact: Parkash Singh on 07909 517494 or Tel: 0161 2267233

**Closing Date : Please Apply before 7th December 2024**

SRI GURU GOBIND SINGH GURDWARA Educational & Cultural Centre,
57 UPPER CHORLTON ROAD, WHALLEY RANGE, MANCHESTER, M16 7RQ.
www.manchestergurdwara.co.uk - Email:info@manchestergurdwara.co.uk
Charity Registration No. 1104110

ਲੜੀਵਾਰ ਨਾਵਲ
ਸ਼ਿਵਚਰਨ
ਜੱਗੀ (ਕੁੱਸਾ)




ਫੋਨ : 07853 317 891
Email: jaggikussa@yahoo.de

**ਕਿਸ਼ਤ ਚੌਥੀ**

# ਇੱਕ ਮੇਰੀ ਅੱਖ ਕਾਸ਼ਣੀ...

**ਜੋਸ਼ਨ ਫੁਰਤੀ ਨਾਲ਼ ਤਿੰਨ ਗਿਲਾਸ ਹੋਰ ਭਰਵਾ ਲਿਆਇਆ। ਪਾਇਲ ਨੂੰ ਕੋਈ ਪਤਾ ਨਹੀਂ ਸੀ ਕਿ ਉਸ ਅੰਦਰ ਵੀ ਕੋਈ "ਨਸ਼ੀਲਾ ਪਦਾਰਥ" ਜਾ ਚੁੱਕਾ ਸੀ। ਉਸ ਅੰਦਰ ਮਸਤੀ ਖਿੜ ਗਈ ਅਤੇ ਉਸ ਨੇ ਸਿਲਕੀ ਨੂੰ ਡਾਂਸ ਫਲੋਰ 'ਤੇ ਖਿੱਚ ਲਿਆ ਅਤੇ ਨਾਚ ਕਰਨ ਲੱਗੀ। ਉਹਨਾਂ ਦੇ ਨਾਲ਼ ਹੀ ਜੋਸ਼ਨ ਨੱਚਣ ਲੱਗ ਪਿਆ। ਜਦ ਮਿਊਜ਼ਿਕ ਬੰਦ ਹੋਇਆ ਤਾਂ ਜੋਸ਼ਨ ਨੇ ਦੂਜਾ ਗਿਲਾਸ ਪਾਇਲ ਦੇ ਅੱਗੇ ਕਰ ਦਿੱਤਾ। ਪਾਇਲ ਸ਼ਰਬਤ ਦੇ ਪਾਣੀ ਵਾਂਗ ਸੁਤ ਗਈ। ਸਿਲਕੀ ਬਾਜ ਅੱਖ ਨਾਲ਼ ਤਾੜ ਰਹੀ ਸੀ ਕਿ ਪਾਇਲ ਦਾ ਸਰੀਰ ਨਸ਼ੇ ਦੀ ਜਕੜ ਵਿੱਚ ਆ ਚੁੱਕਾ ਸੀ। ਉਸ ਦਾ ਸਰੀਰ ਥਾਲ਼ੀ ਦੇ ਪਾਣੀ ਵਾਂਗ ਡੋਲ ਰਿਹਾ ਸੀ। ਉਹ ਡਾਂਸ ਫਲੋਰ ਉਪਰ ਧਾਗੇ ਵਾਂਗ ਹਿੱਲਦੀ ਫਿਰਦੀ ਸੀ।**




## ਕਾਂਡ 3

ਕਿਸੇ ਫਿਲਮੀਂ ਸਿਤਾਰੇ ਨੂੰ ਤੱਕਣ ਦੀ ਆਸ ਵਿੱਚ। ਆਸ ਆਸਰੇ ਹੀ ਬੰਦਾ ਜਿਉਂਦਾ ਹੈ। ਤੇ ਪਾਇਲ ਨੇ ਆਸ ਛੱਡੀ ਨਹੀਂ ਸੀ। .... ਸ਼ਾਇਦ ਮੈਨੂੰ ਕੋਈ ਐਕਟਰ, ਡਾਇਰੈਕਟਰ ਜਾਂ ਕੋਈ ਪ੍ਰੋਡਿਊਸਰ ਪਸੰਦ ਕਰ ਲਵੇ ਅਤੇ ਮੈਨੂੰ ਆਪਣੀ ਕਿਸੇ ਅਗਲੀ ਫ਼ਿਲਮ ਵਿੱਚ ਬਰੇਕ ਦੇ ਦੇਵੇ?

ਪਾਇਲ ਇੱਕ ਗੱਲੋਂ ਹੋਰ ਹੈਰਾਨ ਸੀ ਕਿ ਜੇ ਸਿਲਕੀ ਮੁੰਬਈ ਫਿਲਮ ਇੰਡਸਟਰੀ ਵਿੱਚ ਇਤਨਾ ਹੀ ਮਕਬੂਲ ਨਾਮ ਸੀ ਤਾਂ ਇਸ ਨੂੰ ਪਾਰਟੀ ਦੇ ਕਿਸੇ ਵੀ ਮੁੰਡੇ, ਜਾਂ ਕੁੜੀ ਨੇ ਚੱਜ ਨਾਲ਼ ਬੁਲਾਇਆ ਨਹੀਂ ਸੀ। ਉਸ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਨਾ ਤਾਂ ਸਿਲਕੀ ਨੂੰ ਇੱਥੇ ਕੋਈ ਜਾਣਦਾ ਸੀ, ਅਤੇ ਨਾ ਹੀ ਸਿਲਕੀ ਇੱਥੇ ਮੌਜੂਦ ਲੋਕਾਂ ਨੂੰ ਜਾਣਦੀ ਸੀ। ਪਰ ਉਸ ਨੂੰ ਇੱਥੇ ਬੁਲਾਇਆ ਕਿਸ ਨੇ...? ਜਾਂ ਸਿਲਕੀ ਆਈ ਕਿਸ ਦੇ ਕਹਿਣ 'ਤੇ ਸੀ...? ਪਾਇਲ ਅਜੀਬ ਹੀ ਉਧੇੜ-ਬੁਣ ਵਿੱਚ ਬੈਠੀ ਸੀ। ਆਮ ਤੌਰ 'ਤੇ ਤੁਹਾਨੂੰ ਜਾਨਣ ਵਾਲ਼ੇ ਲੋਕ ਤੁਹਾਨੂੰ ਉੱਡ-ਉੱਡ ਕੇ ਮਿਲ਼ਦੇ ਨੇ..। ਗਲਵਕੜੀਆਂ ਪਾਉਂਦੇ ਨੇ..। ਪਰ ਇੱਥੇ ਤਾਂ ਕਿਸੇ ਨੇ ਸਿੱਧੇ ਮੂੰਹ ਨਾਲ਼ ਸਿਲਕੀ ਨੂੰ ਬੁਲਾਇਆ ਤੱਕ ਨਹੀਂ ਸੀ। ਸੋਚ ਕੇ ਪਾਇਲ ਦਾ ਦਿਲ ਘਟਣ ਲੱਗ ਪਿਆ। ਉਹ ਅਜੇ ਇੱਥੋਂ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਇੱਕ "ਹਿੱਪੀ" ਟਾਈਪ ਦਾ ਬੰਦਾ ਪਾਰਟੀ ਵਿੱਚ ਪਹੁੰਚਿਆ। ਉਸ ਦੇ ਗਲ਼ ਵਿੱਚ ਜੋਗੀਆਂ ਵਾਂਗ ਮਾਲ਼ਾਵਾਂ ਅਤੇ ਸੋਨੇ ਦੀਆਂ ਜੰਜ਼ੀਰਾਂ ਪਹਿਨੀਆਂ ਹੋਈਆਂ ਸਨ।

-"ਲੈ, ਆ ਗਿਆ ਭੱਪੀ ਲਹਿਰੀ ਸਾਹਿਬ ਦਾ ਚੇਲਾ...!" ਸਿਲਕੀ ਨੇ ਖ਼ੁਸ਼ ਹੁੰਦਿਆਂ ਕਿਹਾ।

-"ਭੱਪੀ ਲਹਿਰੀ ਸਾਹਬ ਦਾ..?" ਪਾਇਲ ਨੇ ਉੱਤਸੁਕਤਾ ਨਾਲ਼ ਪੁੱਛਿਆ।

-"ਠਹਿਰ ਕੇ ਦੱਸਦੀਂ ਆਂ...!" ਉਹ ਅਜੇ ਗੱਲਾਂ ਹੀ ਕਰ ਰਹੀਆਂ ਸਨ ਕਿ ਉਹ ਹਿੱਪੀ ਸਿੱਧਾ ਆ ਕੇ ਸਿਲਕੀ ਦੀ ਹਿੱਕ ਵਿੱਚ ਵੱਜਿਆ।

-"ਹਾਏ ਸਿਲਕੀ ਡਾਰਲਿੰਗ...? ਹਾਓ ਆਰ ਯੂ ਮਾਈ ਸਵੀਟ ਹਾਰਟ...?" ਉਸ ਨੇ ਆ ਕੇ ਸਿਲਕੀ ਨੂੰ ਅੰਨ੍ਹੇ ਵਾਲ਼ਾ ਜੱਫ਼ਾ ਮਾਰ ਲਿਆ ਅਤੇ ਉਸ ਨੂੰ ਚੁੰਮਣਾ ਸ਼ੁਰੂ ਕਰ ਦਿੱਤਾ। ਪਾਇਲ ਨੇ ਸ਼ਰਮ ਨਾਲ਼ ਮੂੰਹ ਪਾਸੇ ਕਰ ਲਿਆ। ਸਿਲਕੀ ਬੜੀ ਬੇਸ਼ਰਮੀਂ ਨਾਲ਼ ਉਸ ਨੂੰ ਚਿੱਚੜ ਵਾਂਗ ਚਿੰਬੜੀ ਹੋਈ ਸੀ।

-"ਤੁਸੀਂ ਕੁਛ ਖਾਧਾ ਪੀਤਾ...?" ਉਸ ਨੇ ਮੇਜ਼ ਵੱਲ ਝਾਕਦਿਆਂ ਪੁੱਛਿਆ।

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

-"ਮੈਂ ਬੀਅਰ ਪੀਤੀ ਐ...! ਬਾਈ ਦਾ ਵੇਅ ਜੋਸ਼ਨ, ਮੀਟ ਮਾਈ ਬੈਸਟ ਫਰਿੰਡ, ਪਾਇਲ..!" ਸਿਲਕੀ ਨੇ ਪਾਇਲ ਵੱਲ ਹੱਥ ਕੀਤਾ।

ਪਾਇਲ ਅੱਧ ਕੁ ਦੀ ਹੋਈ ਖੜ੍ਹੀ ਸੀ।

ਜੋਸ਼ਨ ਨੇ ਪਾਇਲ ਵੱਲ ਹੱਥ ਵਧਾਇਆ।

ਸੰਗਦੀ ਸੰਗਦੀ ਪਾਇਲ ਨੇ ਹੱਥ ਮਿਲ਼ਾ ਲਿਆ।

-"ਮੈਨੂੰ ਥੋੜਾ ਕੰਮ ਠੰਢਾ ਜਿਆ ਲੱਗਦੈ, ਚਲੋ ਡਰਿੰਕ ਲੈ ਕੇ ਆਈਏ...।" ਉਸ ਨੇ ਸਿਲਕੀ ਨੂੰ ਕਿਹਾ।

-"ਪਾਇਲ, ਦੋ ਮਿੰਟ ਬੈਠ, ਅਸੀਂ ਆਪਣੇ ਵਾਸਤੇ ਡਰਿੰਕ ਲੈ ਕੇ ਆਏ..!" ਆਖ ਕੇ ਸਿਲਕੀ ਜੋਸ਼ਨ ਦੀ ਬਾਂਹ ਫੜ ਕੇ 'ਬਾਰ' ਵੱਲ ਨੂੰ ਤੁਰ ਪਈ।

-"ਇਹ ਕਬੂਤਰੀ ਕੌਣ ਆਂ...?" ਜੋਸ਼ਨ ਨੇ ਸਿਲਕੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਪੁੱਛਿਆ। ਸਿਲਕੀ ਦੀਆਂ ਅੱਖਾਂ ਵਿੱਚ ਬੀਅਰ ਦਾ ਨਸ਼ਾ ਡੋਲ ਰਿਹਾ ਸੀ।

-"ਘੱਟੋ ਘੱਟ ਤੇਰੇ ਵਾਸਤੇ ਨੀ...। ਇਹ ਕਿਸੇ 'ਵੱਡੇ' ਦੀ 'ਅਮਾਨਤ' ਹੈ, ਜਿਸ ਨੇ ਇਸ ਪਾਰਟੀ ਦਾ ਪ੍ਰਬੰਧ ਕਰ ਕੇ ਦਿੱਤੈ..। ਇਹ ਫ਼ਿਲਮੀਂ ਦੁਨੀਆਂ ਵਿੱਚ ਜਾਣ ਦੀ ਸ਼ੌਕੀਨ ਐਂ, ਤੇ ਇਹਨੂੰ ਉਂਗਲ਼ੀ ਚੱਟਾਈ ਰੱਖਣੀ ਐਂ, ਤੇ ਨਿਰਾਸ਼ ਨੀ ਹੋਣ ਦੇਣਾ, ਬੱਸ 'ਉਪਰੋਂ' ਮਤਲਬ 'ਹਾਈ ਕਮਾਂਡ' ਵੱਲੋਂ ਇਹੀ ਹੁਕਮ ਐਂ..।... ਹਾਂ, ਇੱਕ ਹੋਰ ਗੱਲ..!"

-"ਉਹ ਕੀ...?" ਜੋਸ਼ਨ ਮਜੌਰਾਂ ਦੀ ਮਾਂ ਵਾਂਗ ਝਾਕਿਆ। ਉਸ ਦਾ ਨਸ਼ਿਆਂ ਨਾਲ਼ ਧੁਆਂਖਿਆ ਮੂੰਹ ਬੰਦੂਕ ਦੇ ਬੁੱਗ ਵਰਗਾ ਲੱਗਦਾ ਸੀ। ਉਸ ਨੇ ਮੂੰਹ ਉਪਰ ਲੰਬੇ ਲਟਕਦੇ ਵਾਲ਼ ਇਕੱਠੇ ਕਰ ਕੇ ਜੂੜੀ ਜਿਹੀ ਬਣਾ ਲਈ।

-"ਇਹਨੂੰ ਹੱਥ ਲਾਉਣ ਦੀ ਗਲਤੀ ਨਾ ਕਰ ਲਈਂ, 'ਵੱਡੇ ਬੌਸ' ਦੇ ਗੁੱਸੇ ਦਾ ਸ਼ਿਕਾਰ ਹੋਵੇਂਗਾ..। ਬੱਸ ਇਹਨੂੰ ਬਲੀ ਦੇਣ ਲਈ ਤਿਆਰ ਕਰਨੈਂ, ਉਹ ਕਿਵੇਂ ਕਰਨੈਂ, ਤੂੰ ਬਿਹਤਰ ਜਾਣਦੈਂ...!"

-"ਸਾਨੂੰ ਵੀ ਕੁਛ ਮਿਲੂ..? ਕਿ ਅਸੀਂ ਫੋਕੇ ਪੈਰ ਵਢਵਾਉਣ ਨੂੰ ਰੱਖੇ ਵੇ ਆਂ..?"

-"ਇਹਨੂੰ ਹੱਥ ਨਾ ਲਾਈਂ, ਫੇਰ ਨਾ ਕਹੀਂ ਬਈ ਦੱਸਿਆ ਨੀ..! ਇਹ ਵੱਡਿਆਂ ਦੀ ਅਮਾਨਤ ਐ..! ਉਹਨਾਂ ਨੇ ਤੈਨੂੰ ਗੋਲ਼ੀ ਮਾਰਨ ਲੱਗੇ ਮਿੰਟ ਨੀ ਲਾਉਣਾ...।"

ਉਹਨਾਂ ਨੇ ਬਾਰ ਤੋਂ ਤਿੰਨ ਡਰਿੰਕਸ ਲੈ ਲਏ।

-"ਲੈ ਪਾਇਲ, ਤੇਰੇ ਵਾਸਤੇ ਅਮਰੂਦ ਦਾ ਜੂਸ ਲੈ ਕੇ ਆਈ ਆਂ...!" ਸਿਲਕੀ ਨੇ ਕਿਹਾ।

-"ਅਮਰੂਦ ਦੇ ਜੂਸ ਦਾ ਕੀ ਪੀਣ ਐਂ, ਕੋਈ ਵਿਸਕੀ ਬਗੈਰਾ ਲਓ..!" ਜੋਸ਼ਨ ਬੋਲਿਆ। ਉਸ ਦੀ ਰੰਦੇ ਵਰਗੀ ਨਜ਼ਰ ਵਾਰ-ਵਾਰ ਪਾਇਲ ਦੇ ਸਰੀਰ ਦੀ 'ਤਲਾਸ਼ੀ' ਲੈਂਦੀ। ਪਰ ਪਾਇਲ ਦੀ ਤੁਰਦੀ ਤੁਰਦੀ ਨਜ਼ਰ 'ਡਾਂਸ ਫਲੋਰ' 'ਤੇ ਜਾ ਖੜ੍ਹਦੀ। ਉਹ ਜੋਸ਼ਨ ਨਾਲ਼ ਅੱਖ ਨਹੀਂ ਮਿਲਾਉਣਾ ਚਾਹੁੰਦੀ ਸੀ। ਪਤਾ ਨਹੀਂ ਕਿਉਂ, ਉਸ ਨੂੰ ਜੋਸ਼ਨ ਚੰਗਾ ਨਹੀਂ ਲੱਗ ਰਿਹਾ ਸੀ। ਪਤਾ ਨਹੀਂ ਕਿਉਂ ਉਸ ਨੂੰ ਉਸ ਦੀਆਂ ਭੈੜ੍ਹੀਆਂ ਜਿਹੀਆਂ ਅੱਖਾਂ ਤੋਂ ਡਰ ਜਿਹਾ ਆ ਰਿਹਾ ਸੀ।

-"ਲਓ ਚੱਕੋ ਫੇਰ...!" ਜੋਸ਼ਨ ਨੇ ਗਿਲਾਸ ਉਲਾਰਦਿਆਂ ਕਿਹਾ।

ਤਿੰਨਾਂ ਨੇ ਗਿਲਾਸ ਖਾਲੀ ਕਰ ਦਿੱਤੇ।

ਕੁਝ ਪਲਾਂ ਵਿੱਚ ਪਾਇਲ ਨੂੰ ਬਾਰ ਵਿੱਚ ਜਗਦੀਆਂ ਲਾਈਟਾਂ 'ਸੋਹਣੀਆਂ-ਸੋਹਣੀਆਂ' ਦਿਸਣ ਲੱਗ ਪਈਆਂ। ਬਾਰੀ ਵਿੱਚ ਦੀ ਆਇਆ ਹਵਾ ਦਾ ਬੁੱਲਾ ਲੋਰੀਆਂ ਦਿੰਦਾ ਜਾਪਿਆ ਅਤੇ ਉਸ ਨੂੰ ਕੋਈ ਚਾਅ ਜਿਹਾ ਚੜ੍ਹਨ ਲੱਗ ਪਿਆ। ਸਿਲਕੀ ਦੇਖ ਰਹੀ ਸੀ ਕਿ ਪਾਇਲ ਨੂੰ ਨਸ਼ਾ ਹੋਣ ਲੱਗ ਪਿਆ ਸੀ। ਉਸ ਨੇ ਪੈਂਦੀ ਸੱਟੇ ਇੱਕ ਗਿਲਾਸ ਹੋਰ ਭਰਵਾ ਕੇ ਲਿਆਉਣ ਦਾ ਇਸ਼ਾਰਾ ਜੋਸ਼ਨ ਨੂੰ ਕੀਤਾ।

ਜੋਸ਼ਨ ਫੁਰਤੀ ਨਾਲ਼ ਤਿੰਨ ਗਿਲਾਸ ਹੋਰ ਭਰਵਾ ਲਿਆਇਆ। ਪਾਇਲ ਨੂੰ ਕੋਈ ਪਤਾ ਨਹੀਂ ਸੀ ਕਿ ਉਸ ਅੰਦਰ ਵੀ ਕੋਈ "ਨਸ਼ੀਲਾ ਪਦਾਰਥ" ਜਾ ਚੁੱਕਾ ਸੀ। ਉਸ ਅੰਦਰ ਮਸਤੀ ਖਿੜ ਗਈ ਅਤੇ ਉਸ ਨੇ ਸਿਲਕੀ ਨੂੰ ਡਾਂਸ ਫਲੋਰ 'ਤੇ ਖਿੱਚ ਲਿਆ ਅਤੇ ਨਾਚ ਕਰਨ ਲੱਗੀ। ਉਹਨਾਂ ਦੇ ਨਾਲ਼ ਹੀ ਜੋਸ਼ਨ ਨੱਚਣ ਲੱਗ ਪਿਆ। ਜਦ ਮਿਊਜ਼ਿਕ ਬੰਦ ਹੋਇਆ ਤਾਂ ਜੋਸ਼ਨ ਨੇ ਦੂਜਾ ਗਿਲਾਸ ਪਾਇਲ ਦੇ ਅੱਗੇ ਕਰ ਦਿੱਤਾ। ਪਾਇਲ ਸ਼ਰਬਤ ਦੇ ਪਾਣੀ ਵਾਂਗ ਸੁਤ ਗਈ। ਸਿਲਕੀ ਬਾਜ ਅੱਖ ਨਾਲ਼ ਤਾੜ ਰਹੀ ਸੀ ਕਿ ਪਾਇਲ ਦਾ ਸਰੀਰ ਨਸ਼ੇ ਦੀ ਜਕੜ ਵਿੱਚ ਆ ਚੁੱਕਾ ਸੀ। ਉਸ ਦਾ ਸਰੀਰ ਥਾਲ਼ੀ ਦੇ ਪਾਣੀ ਵਾਂਗ ਡੋਲ ਰਿਹਾ ਸੀ। ਉਹ ਡਾਂਸ ਫਲੋਰ ਉਪਰ ਧਾਗੇ ਵਾਂਗ ਹਿੱਲਦੀ ਫਿਰਦੀ ਸੀ।

-"ਪਾਇਲ, ਚੱਲ ਉਪਰ ਚੱਲੀਏ..। ਕਮਰੇ ਵਿੱਚ ਫ਼ਿਲਮੀਂ ਸਿਤਾਰੇ ਤੇਰੀ ਉਡੀਕ ਕਰ ਰਹੇ ਨੇ..!" ਸਿਲਕੀ ਨੇ ਕਿਹਾ।

-"ਫ਼ਿਲਮੀਂ ਸਿਤਾਰੇ...? ਅਰ੍ਹੇ ਦਫ਼ਾ ਹੋਣ ਫ਼ਿਲਮੀਂ ਸਿਤਾਰੇ, ਮੈਂ ਕਿਸੇ ਫ਼ਿਲਮੀਂ ਸਿਤਾਰੇ ਤੋਂ ਘੱਟ ਆਂ..? ਫ਼ਿਲਮੀਂ ਸਿਤਾਰਿਆਂ ਦੀ ਐਸੀ ਕੀ ਤੈਸੀ...। ਦੇਖ ਮੇਰਾ ਗੁੰਦਵਾਂ ਸਰੀਰ...। ਅਸੀਂ ਕਿਸੇ ਦੀ ਨੂੰਹ ਧੀ ਨਾਲ਼ੋਂ ਘੱਟ ਐਂ...?" ਪਾਇਲ ਨਸ਼ੇ ਦੀ ਲੋਰ ਵਿੱਚ ਬਾਂਹਾਂ ਖਿਲਾਰੀ, ਡਾਂਸ ਫਲੋਰ ਉਪਰ ਤਣੀਂ ਖੜ੍ਹੀ ਸੀ।

-"ਚੱਲ ਪਾਇਲ ਚੱਲੀਏ...!" ਜੋਸ਼ਨ ਨੇ ਪਾਇਲ ਦੀ ਬਾਂਹ ਫੜ ਲਈ।

ਪਾਇਲ ਨੇ ਇੱਕੋ ਝਟਕੇ ਨਾਲ਼ ਜੋਸ਼ਨ ਤੋਂ ਬਾਂਹ ਛੁਡਾ ਲਈ।

-"ਤੂੰ ਕੌਣ ਹੁੰਨੈ ਮੇਰੀ ਬਾਂਹ ਫੜਨ ਆਲ਼ਾ ਓਏ...? ਤੂੰ ਆਪਦੇ ਆਪ ਨੂੰ ਸਮਝਦਾ ਕੀ ਐਂ, ਕੁੱਤਿਆ...? ਤੂੰ ਮੇਰੀ ਬਾਂਹ ਫੜੀ ਐ...? ਤੈਨੂੰ ਸੁਰਤ ਨੀ ਤੂੰ ਕੀਹਦੀ ਬਾਂਹ ਫੜੀ ਐ...?" ਉਹ ਪਹਿਲਵਾਨ ਵਾਂਗ ਬਾਂਹਾਂ ਚੜ੍ਹਾਉਣ ਲੱਗ ਪਈ।

-"ਜੋਸ਼ਨ ਤੂੰ ਚੱਲ ਪਰ੍ਹੇ...! ਪਾਇਲ ਨੂੰ ਹੱਥ ਨਾ ਲਾ..!" ਸਿਲਕੀ ਨੇ ਜਾਣ ਬੁੱਝ ਕੇ ਜੋਸ਼ਨ ਨੂੰ ਧੱਕਾ ਦੇ ਕੇ ਪਰ੍ਹੇ ਕਰ ਦਿੱਤਾ। ਸੰਗੀਤ ਦਾ ਆਨੰਦ ਮਾਨਣ ਵਾਲ਼ੇ ਲੋਕ ਇੱਧਰ ਝਾਕਣ ਲੱਗ ਪਏ। ਪਰ ਜਲਦੀ ਹੀ ਖਾਣ ਪੀਣ ਵਿੱਚ ਰੁੱਝ ਗਏ। ਉਹਨਾਂ ਅਨੁਸਾਰ ਅਕਸਰ ਲੋਕ ਖਾ ਪੀ ਕੇ ਕੰਧੋਲ਼ੀਆਂ ਢਾਹੁੰਣ ਲੱਗ ਪੈਂਦੇ ਨੇ।

ਰਾਤ ਦੇ ਦਸ ਵੱਜ ਚੁੱਕੇ ਸਨ।

ਦੁਨੀਆਂ ਨੀਂਦ ਦੀ ਬੁੱਕਲ਼ ਵਿੱਚ ਡੁੱਬਦੀ ਜਾ ਰਹੀ ਸੀ।

ਸੜਕ 'ਤੇ ਲੱਗੀਆਂ ਬੱਤੀਆਂ ਠੰਢ ਵਿੱਚ ਠਰੀਆਂ ਖੜ੍ਹੀਆਂ ਸਨ।

ਸੁੰਨੀ ਸੜਕ ਉਪਰ ਕੋਈ ਲੰਡਰ ਕੁੱਤਾ ਭੌਂਕ ਰਿਹਾ ਸੀ।

ਕੋਈ-ਕੋਈ ਰਿਕਸ਼ੇ ਵਾਲ਼ਾ ਆਪਣੇ ਘਰ ਜਾ ਰਿਹਾ ਸੀ।

ਸਿਲਕੀ ਪਾਇਲ ਨੂੰ ਕਿਸੇ ਬੱਚੇ ਵਾਂਗ ਮੋਢੇ ਲਾਈ ਜਾ ਰਹੀ ਸੀ। ਪਾਇਲ ਨਸ਼ੇ ਵਿੱਚ ਮਦਹੋਸ਼ ਸੀ। ਜੋਸ਼ਨ ਸ਼ਿਕਾਰੀ ਕੁੱਤੇ ਵਾਂਗ ਦੱਬਵੇਂ ਪੈਰੀਂ ਪਿੱਛੇ ਆ ਰਿਹਾ ਸੀ। ਪਾਇਲ ਨੂੰ ਬਹੁਤੀ ਕੋਈ ਸੁਰਤ ਨਹੀਂ ਸੀ। ਉਹ ਨਸ਼ੇ ਵਿੱਚ ਕੁਛ ਕਹਿਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਸ ਦੀ ਗੱਲ ਦੀ ਕਿਸੇ ਨੂੰ ਕੁਛ ਸਮਝ ਨਹੀਂ ਆ ਰਹੀ ਸੀ। ਅੱਗੇ ਹੋ ਕੇ ਚਾਬੀ ਨਾਲ਼ ਜੋਸ਼ਨ ਨੇ ਹੋਟਲ ਦੇ ਕਮਰੇ ਦਾ ਦਰਵਾਜਾ ਖੋਲ੍ਹਿਆ ਅਤੇ ਪਾਇਲ ਨੂੰ ਬੋਚ ਕੇ ਬੈੱਡ ਉਪਰ ਪਾ ਦਿੱਤਾ। ਉਸ ਨੇ ਦੋ ਕੁ ਉੱਸਲਵੱਟੇ ਜਿਹੇ ਲਏ ਅਤੇ ਫਿਰ ਘੁਰਾੜ੍ਹੇ ਮਾਰਨ ਲੱਗ ਪਈ। ਸਿਲਕੀ ਨੇ ਉਸ ਉਪਰ ਰਜਾਈ ਦੇ ਦਿੱਤੀ ਅਤੇ ਜੋਸ਼ਨ ਨੂੰ ਨਾਲ਼ ਦੇ ਕਮਰੇ ਵਿੱਚ ਜਾਣ ਲਈ ਇਸ਼ਾਰਾ ਕੀਤਾ। ਉਹਨਾਂ ਨੇ ਨਾਲ਼ੋ-ਨਾਲ਼ ਦੋ "ਅਟੈਚਡ" ਕਮਰੇ 'ਬੁੱਕ' ਕੀਤੇ ਹੋਏ ਸਨ।

ਚਲਦਾ...

# ਗੁਰ ਅੰਗਦੁ ਗੁਰੂ ਅੰਗੁ ਤੇ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-10**

ਭਾਗ ਜਿਸੇ ਸੋ ਪਾਏ (ਜਿਸ ਤੇ ਕਰਤਾਰ ਕਿਰਪਾ ਕਰਦਾ ਹੈ ਉਹੀ ਪਾਉਂਦਾ ਹੈ)।
ਬਿਨ ਭਾਗਾਂ ਨਹਿਂ ਮਿਲਤ ਹੈ (ਬਿਨਾਂ ਕਿਰਪਾ ਨਹੀਂ ਮਿਲਦੀ)
ਕੋਟਿਕ ਜਤਨ ਕਮਾਇ'(ਭਾਵੇਂ ਕੋਈ ਕਰੋੜਾਂ ਯਤਨ ਕਰੇ) ।੩੬॥ ੫੨॥ ਨਾਨਕ ਪ੍ਰਕਾਸ਼ ਉਤਰਾਰਧ

ਇਸੇ ਪ੍ਰਕਾਰ ਦੀ ਹੀ ਇਕ ਹੋਰ ਵਾਰਤਾ ਹੈ ਕਿ ਸਰਦੀ ਦੀ ਰਾਤ ਸੀ, ਜ਼ੋਰਦਾਰ ਮੀਂਹ ਪੈਣ ਲੱਗ ਪਿਆ। ਸਤਿਗੁਰਾਂ ਬਾਹਰ ਵੇਖਿਆ ਤਾਂ ਧਰਮਸਾਲ ਦੀ ਬਾਹਰੀ ਕੰਧ ਢਹਿ ਗਈ ਸੀ। ਹਜ਼ੂਰ ਨੇ ਉਸੇ ਵੇਲੇ ਪੁੱਤਰਾਂ ਨੂੰ ਉਠਾ ਕੇ ਕੰਧ ਬਨਾਉਣ ਲਈ ਕਿਹਾ ਤਾਂ ਉਨ੍ਹਾਂ ਜੁਆਬ ਦਿਤਾ, 'ਮੀਂਹ ਪੈਂਦੇ ਠੰਡੀ ਰਾਤ ਦੇ ਹਨ੍ਹੇਰੇ ਵਿਚ ਬਨਾਉਣੀ ਸਾਡੇ ਵੱਸ ਦੀ ਗੱਲ ਨਹੀਂ, ਸਵੇਰੇ ਬਣਵਾ ਲਵਾਂਗੇ'। ਸਤਿਗੁਰਾਂ ਕਿਹਾ,

'ਸਵੇਰ ਤੱਕ ਤਾਂ ਸਾਰੀ ਡਿੱਗ ਪਵੇਗੀ'। ਹੁਣ ਦੋਹਾਂ ਨੇ ਕੋਈ ਉੱਤਰ ਨਾ ਦਿੱਤਾ। ਹਜ਼ੂਰ ਨੇ ਫਿਰ ਸ੍ਰੀ ਲਹਿਣਾ ਜੀ ਨੂੰ ਆਖਿਆ,

'ਪੁਰਖਾ! ਬਾਹਰਲੀ ਕੰਧ ਡਿੱਗ ਰਹੀ ਹੈ ਜੇ ਹੁਣੇ ਨ ਸੰਭਾਲੀ ਤਾਂ ਸਵੇਰ ਤੱਕ ਸਾਰੀ ਡਿੱਗ ਪਵੇਗੀ'। ਆਗਿਆ ਹੁੰਦਿਆਂ ਸ੍ਰੀ ਜੀ ਉੱਠੇ ਅਰ ਕੰਧ ਬਨਾਉਣ ਵਿਚ ਜੁੱਟ ਪਏ।ਇਨ੍ਹਾਂ ਸਾਹਮਣੇ ਨਾ ਰਾਤ ਦਾ ਹਨ੍ਹੇਰਾ, ਨਾ ਮੀਂਹ ਅਰ ਨਾ ਹੀ ਠੰਡੀ ਹਵਾ ਸੀ, ਜੋ ਸਾਹਮਣੇ ਸੀ -ਉਹ ਸੀ ਆਗਿਆ ਦੀ ਪਾਲਣਾ। ਕੋਈ ਸੁਆਲ ਜੁਆਬ ਨਹੀਂ। ਸਤਿਬੀਰ ਸਿੰਘ ਜੀ (ਪ੍ਰਿੰਸੀਪਲ) ਅਨੁਸਾਰ:

ਗੁਰੂ ਜੀ ਨੇ ਜਿਥੇ ਕਿਰਤ ਦੀ ਮਹਿਮਾ ਦਰਸਾਈ ਉੱਥੇ ਇਹ ਵੀ ਪ੍ਰਗਟਾ ਦਿੱਤਾ ਕਿ ਧਰਮਸਾਲ ਗੁਰਦੁਆਰਾ ਦੀ ਸੰਭਾਲ ਤੇ ਸੇਵਾ ਸਭ ਤੋਂ ਮੁੱਖ ਰੱਖਣੀ ਹੈ ਅਤੇ ਢਿੱਲ ਨਹੀਂ ਕਰਨੀ।ਕੁਦਰਤੀ ਨੂਰ, ਪੰਨਾ ੪੨

**ਡਾ. ਰੂਪ ਸਿੰਘ ਜੀ ਅਨੁਸਾਰ:**

ਅਸਲ ਵਿਚ ਧਰਮਸ਼ਾਲਾ ਦੀਆਂ ਕੰਧਾਂ ਕਿਰਤ, ਸੇਵਾ, ਸਿਮਰਨ ਤੇ ਹੁਕਮ 'ਤੇ ਅਧਾਰਤ ਹਨ। ਜੇ ਧਰਮਸ਼ਾਲ ਹੀ ਕਮਜ਼ੋਰ ਪੈ ਗਈ ਤਾਂ ਧਰਮ ਕਿਵੇਂ ਚੱਲ ਸਕੇਗਾ? ਸਿਆਲ ਦੀ ਰੁੱਤੇ ਰਾਤ ਨੂੰ ਬਾਰਸ਼ ਸਮੇਂ ਧਰਮਸ਼ਾਲ ਦੀ ਢੱਠੀ ਕੰਧ ਰਾਤ ਉਸੇ ਸਮੇਂ ਹੀ ਉਸਾਰਨੀ ਇਕ ਪ੍ਰਤੀਕ ਹੈ। ਕੰਧ ਤਾਂ ਅੱਗੋਂ ਪਿਛੋਂ ਵੀ ਉਸਾਰੀ ਜਾ ਸਕਦੀ ਹੈ, ਇਹ ਤਾਂ ਹੁਕਮ ਪਛਾਨਣ ਦੀ ਪਰਖ ਸੀ। ਸਚਿੱਤਰ ਜੀਵਨੀ, ਪੰਨਾ ੩੫

ਦੂਜੇ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥**
੨॥...

**ਆਪੁ ਗਵਾਇ ਸੇਵਾ ਕਰੇ**
**ਤਾ ਕਿਛੁ ਪਾਏ ਮਾਨੁ॥**
**ਨਾਨਕ ਜਿਸ ਨੋ ਲਗਾ**
**ਤਿਸੁ ਮਿਲੈ ਲਗਾ ਸੋ ਪਰਵਾਨੁ॥੧॥**
ਗੁ.ਗ੍ਰ.ਸਾ. ਪੰਨਾ ੪੭੪

## ਅੱਚਲ ਜਾਣਾ




ਕੁਝ ਵਿਦਵਾਨਾਂ ਅਨੁਸਾਰ ੧੫੯੬ ਬਿਕਰਮੀ/ ੧੫੩੯ ਦੇ ਸ਼ੁਰੂ ਵਿਚ ਫਗੁਣ ਵਦੀ ੧੪ ਨੂੰ ਆਉਣ ਵਾਲੀ ਸ਼ਿਵਰਾਤਰੀ ਦੇ ਮੇਲੇ ਸਮੇਂ ਹੋਣ ਵਾਲੇ ਇਕੱਠ ਨੂੰ ਗੁਰਮਤ ਮਾਰਗ ਤੇ ਤੋਰਨ ਲਈ ਸਤਿਗੁਰੂ ਅੱਚਲ ਸਾਹਿਬ ਗਏ। ਆਪ ਜੀ ਨਾਲ ਭਾਈ ਲਹਿਣਾ, ਭਾਈ ਬੁੱਢਾ, ਭਾਈ ਭਗੀਰਥ, ਭਾਈ ਸਾਧਾਰਨ ਅਤੇ ਭਾਈ ਅਜਿੱਤਾ ਵੀ ਸਨ:

**ਅਚਲ ਤੀਰਥ ਚਲੇ ਦਿਆਲ।**
**ਲਹਨਾ ਜੀ ਕੋ ਲੀਨਾ ਨਾਲਿ।**
**ਭਗੀਰਥ ਸੰਗ ਸਧਾਰਨ ਮਿਲੇ।**
**ਬੁਢਾ ਬਾਬਾ ਸੇਵਕ ਭਲੇ।੨॥੫੪॥**
ਮਹਿਮਾ ਪ੍ਰਕਾਸ਼

ਇਥੇ ਉਸ ਸਮੇਂ ਵੀ ਅਜੋਕਾ ਸ਼ਿਵ ਮੰਦਰ ਸੀ ਜਿਸ ਦੇ ਕੋਲ ਤਲਾਬ ਸੀ। ਦੱਸਿਆ ਜਾਂਦਾ ਹੈ ਕਿ ਸ਼ਿਵ ਜੀ ਨੇ ਆਪਣੇ ਪੁੱਤਰ ਕਾਰਤਿਕ ਨੂੰ ਇਥੇ ਆ ਕੇ ਵਰ ਦੇ ਕੇ ਨਿਵਾਜਿਆ ਸੀ ਜਿਸ ਨੇ ਇਥੇ ਟਿਕਾਣਾ ਕੀਤਾ ਹੋਇਆ ਸੀ।ਆਲੇ ਦੁਆਲੇ ਸਨਾਤਨੀਆਂ ਅੰਦਰ ਇਸ ਸਥਾਨ ਦੀ ਭਾਰੀ ਮਾਨਤਾ ਸੀ। ਇਸੇ ਕਾਰਨ ਇਥੇ ਜੁੜਨ ਵਾਲੇ ਲੋਕਾਂ ਵਿਚ ਆਪਣਾ ਪ੍ਰਭਾਵ ਪਾਉਣ ਵਾਸਤੇ ਜੋਗੀ ਵੀ ਆਣ ਆਸਣ ਲਾਉਂਦੇ। (ਹਜ਼ੂਰ ਪਾਤਸ਼ਾਹ ਜੀ ਨੇ ਇਥੇ ਪਹੁੰਚ ਕੇ ਕਿਸ ਤਰਹ ਜੋਗੀਆਂ ਸਿੱਧਾਂ ਦਾ ਲੋਕ-ਹਿਰਦੇ ਵਿਚ ਬਣਿਆ ਦਬਦਬਾ ਖਤਮ ਕਰ ਦਿੱਤਾ, ਇਸ ਦਾ ਵੇਰਵਾ ਅਸੀਂ 'ਗੁਰੂ ਨਾਨਕ ਉਦਾਸੀ ਦਰਪਣ' ਪੁਸਤਕ ਵਿਚ ਦੇ ਚੁੱਕੇ ਹਾਂ।) ਮੇਲੇ ਤੋਂ ਮੁਲਤਾਨ ਦੀ ਸੰਖੇਪ ਯਾਤਰਾ ਨੂੰ ਰਵਾਨਾ ਹੋਣ ਲੱਗਿਆਂ ਭਾਈ ਬੁੱਢਾ, ਭਾਈ ਅਜਿੱਤਾ ਨੂੰ ਧਰਮਸਾਲ ਦੀ ਸੰਭਾਲ ਲਈ ਕਰਤਾਰਪੁਰ ਸਾਹਿਬ ਭੇਜ ਦਿੱਤਾ ਅਰ ਭਾਈ ਲਹਿਣਾ ਜੀ ਨੂੰ ਉਨ੍ਹਾਂ ਦੇ ਘਰ ਸੰਘਰ ਭੇਜ ਦਿੱਤਾ। ਸਤਿਗੁਰਾਂ ਨੇ ਫ਼ੁਰਮਾਇਆ,

'ਤੁਹਾਨੂੰ ਘਰੋਂ ਆਇਆਂ ੮ ਮਹੀਨੇ ਹੋ ਗਏ ਹਨ, ਜਾ ਕੇ ਪਰਵਾਰ ਦੀ ਖ਼ਬਰ ਲਵੋ ਅਰ ਅਮਰੋ ਦਾ ਵੀ ਵਿਆਹ ਕਰ ਆਵੋ'। ਸਤਿਬਚਨ ਕਹਿ ਕੇ ਸ੍ਰੀ ਲਹਿਣਾ ਜੀ ਨੇ ਸੰਘਰ ਨੂੰ ਚਾਲੇ ਪਾਏ ਅਤੇ ਗੁਰੂ ਬਾਬਾ ਜੀ ਆਪਣੇ ਨਾਲ ਭਾਈ ਭਗੀਰਥ ਅਤੇ ਸਾਧਾਰਨ ਨੂੰ ਲੈ ਕੇ ਮੁਲਤਾਨ ਨੂੰ ਰਵਾਨਾ ਹੋ ਗਏ।ਭਾਈ ਗੁਰਦਾਸ ਜੀ ਅਨੁਸਾਰ:

ਮੇਲਿਓਂ ਬਾਬਾ ਉਠਿਆ ਮੁਲਤਾਨੈ ਦੀ ਜਾਰਤਿ ਜਾਈ॥ ੪੪॥੧॥

## ਬੀਬੀ ਅਮਰੋ ਦਾ ਵਿਆਹ

ਇਥੋਂ ੩੫ ਕੁ ਮੀਲ ਦੀ ਇਹ ਵਾਟ ਤਹਿ ਕਰ ਕੇ ਸ੍ਰੀ ਲਹਿਣਾ ਜੀ ਪਰਵਾਰ ਵਿਚ ਸੰਘਰ ਜਾ ਪਹੁੰਚੇ। ਸ੍ਰੀ (ਮਾਤ) ਖੀਵੀ ਜੀ ਅਰ ਬੱਚਿਆਂ ਦਾਸ, ਅਮਰੋ, ਅਨੋਖੀ ਨੂੰ ਮਿਲ ਕੇ ਬਹੁਤ ਪ੍ਰਸੰਨਤਾ ਹੋਈ। ਦਾਤਾ ਵੀ ਹੁਣ ਤੁਰਨ-ਭੱਜਣ ਲਗ ਪਿਆ ਸੀ। ਕਾਰੋਬਾਰ ਠੀਕ ਚੱਲ ਰਿਹਾ ਸੀ। ਸੋ, ਦੂਜੇ ਹੀ ਦਿਨ ਭਾਈ ਸਾਹਿਬ ਜੀ ਨੇ ਪਰਵਾਰ ਨਾਲ ਅਮਰੋ ਦੇ ਵਿਆਹ ਬਾਰੇ ਰਾਇ ਕਰ ਕੇ ਬਾਸਰ ਕੇ ਸੁਨੇਹਾ ਭੇਜ ਦਿੱਤਾ ਜਿਸ ਤੇ ਵੈਸਾਖ ਮਹੀਨੇ ਦਾ ਵਿਆਹ ਤਹਿ ਹੋ ਗਿਆ। ਸਮੇਂ ਅਨੁਸਾਰ ਬਰਾਤ ਆਈ ਅਰ ਬੀਬੀ ਅਮਰੋ ਦਾ ਵਿਆਹ ਭਾਈ ਜੱਸੂ ਜੀ ਨਾਲ ਹੋ ਗਿਆ:

**ਗੁਰੂ ਨਾਨਕ ਜੀ ਬਚਨ ਕੀਤਾ ਤਬ ਏਹੁ।**
**ਅੰਗਦਾ ਘਰ ਜਾਇ ਕੈ ਕੰਨਿਆ ਬਿਵਾਹਿ ਦੇਹੁ।**
**ਤਾਂ ਗੁਰੂ ਅੰਗਦ ਜੀ ਘਰਿ ਆਏ।**
**ਸੰਮਤੁ ਪੰਦ੍ਰਾਂ ਸੈ ਛਿਨਵੇਂ ਕਾਜ ਰਚਾਏ॥੩੧॥**

ਵੈਸਾਖ ਮਹੀਨੇ ਜਦੋਂ ਇਸ ਪਾਸਿਓਂ ਫ਼ਾਰਗ ਹੋਏ ਤਾਂ ਆਪ ਜੀ ਖਡੂਰ ਨਿਵਾਸੀ ਭਾਈ ਜੋਧਾ ਜੀ ਨੂੰ ਵੀ ਮਿਲੇ ਅਰ ਹੋਰ ਨੇੜੇ-ਤੇੜੇ ਦੇ ਲੋਕਾਂ ਨੂੰ ਗੁਰਮਤ ਵਾਲੇ ਪਾਸੇ ਪ੍ਰੇਰਨ ਲਗੇ। ਪਰਵਾਰ ਨੂੰ ਵੀ ਗੁਰਬਾਣੀ ਨਾਲ ਜੋੜਿਆ। ਉਸ ਸਮੇਂ ਦੇ ਰਿਵਾਜ ਅਨੁਸਾਰ ਬੀਬੀ ਅਮਰੋ ਵੀ ਸਾਹੁਰੇ ਫੇਰਾ ਪਾ ਕੇ ਵਾਪਸ ਸੰਘਰ ਆ ਗਏ ਸਨ ਜੋ ਬੜੀ ਤੀਖਣ ਬੁੱਧੀ ਅਰ ਮਾਤਾ-ਪਿਤਾ ਵਾਂਗ ਬੜੀ ਸ਼ਰਧਾ-ਭਾਵਨਾ ਵਾਲੇ ਸਨ। ਇਨ੍ਹਾਂ ਨੇ ਪਿਤਾ ਜੀ ਕੋਲੋਂ ॥ਜਪੁ॥ ਬਾਣੀ ਸਹਿਤ ਗੁਰੂ ਨਾਨਕ ਸਾਹਿਬ ਜੀ ਦੇ ਉਚਾਰਨ ਕੀਤੇ, ਕੁਝ ਸ਼ਬਦ ਵੀ ਲਿਖੇ ਹੋਏ, ਸੰਭਾਲ ਲਏ ਸਨ। ਇਹ ਸਭ ਕੁਝ ਕਰਦਿਆਂ ਵੀ ਸ੍ਰੀ ਲਹਿਣਾ ਜੀ ਦਾ ਮਨ ਉਚਾਟ ਰਹਿਣ ਲੱਗਾ। ਉਹ ਗਿਣਤੀਆਂ ਗਿਨਣ ਲੱਗੇ ਕਿ ਗੁਰੂ ਸਾਹਿਬ ਹੁਣ ਤੱਕ ਮੁਲਤਾਨ ਫੇਰੀ ਤੋਂ ਵਾਪਸ ਆਉਣ ਵਾਲੇ ਹੋਣਗੇ ਜਿਵੇਂ ਕਿ ਅੱਚਲ ਸਾਹਿਬ ਤੋਂ ਰਵਾਨਾ ਹੋਣ ਲਗਿਆਂ ਉਨ੍ਹਾਂ ਇਸ਼ਾਰਾ ਕੀਤਾ ਸੀ, ਸਾਨੂੰ ਵੀ ਪਹੁੰਚਣਾ ਚਾਹੀਦਾ ਹੈ, ਹੁਣ ਦਰਸ਼ਨ ਕੀਤਿਆਂ ਬਹੁਤ ਸਮਾਂ ਬੀਤ ਗਿਆ ਹੈ। ਸੋ, ਆਪ ਜੀ ਨੇ ਸ੍ਰੀ (ਮਾਤ) ਖੀਵੀ ਜੀ ਨਾਲ ਸਲਾਹ ਕੀਤੀ ਅਰ ਤਿਆਰ ਹੋ ਪਏ। ਭਾਣੇ ਦੀ ਮੂਰਤਿ ਸ੍ਰੀ ਖੀਵੀ ਜੀ ਨੇ ਸਤਿਕਾਰ ਸਹਿਤ ਪਤੀ ਨੂੰ ਗੁਰੂ-ਘਰ ਦੀ ਸੇਵਾ ਲਈ ਵਿਦਾ ਕਰ ਦਿੱਤਾ।

**ਕਾਰਜ ਕਰਿ ਕੇ ਫਿਰ ਉਠਿ ਆਏ।**
**ਗੁਰੂ ਨਾਨਕ ਜੀ ਕੀ ਟਹਲਿ ਕਮਾਏ।**...੩੪॥

## ਚਰਣ ਦੂਜਾ

## ਬਾਬਾਣੇ ਘਰਿ ਚਾਨਣ ਲਹਿਣਾ

ਅੰਦਾਜ਼ਨ ਗੁਰੂ ਨਾਨਕ ਦੇਵ ਸਾਹਿਬ ਜੀ ਮਈ ਮਹੀਨੇ ਵਿਚ ਕਰਤਾਰਪੁਰ ਵਾਪਸ ਆ ਗਏ ਸਨ ਇਸੇ ਪ੍ਰਕਾਰ ਬੀਬੀ ਅਮਰੋ ਦੇ ਵਿਆਹ ਕਾਰਜ ਉਪਰੰਤ ਸ੍ਰੀ ਲਹਿਣਾ ਜੀ ਵੀ ਇਨ੍ਹਾਂ ਦਿਨਾਂ ਵਿਚ ਇਥੇ ਪਹੁੰਚ ਗਏ।

ਹਜ਼ੂਰ ਨੇ ਇਸ ਯਾਤਰਾ ਉਪਰੰਤ ਹੁਣ ਤੱਕ ਸਿੱਧਾਂ ਜੋਗੀਆਂ ਨਾਲ ਹੋਈਆਂ ਵਾਰਤਾਵਾਂ ਨੂੰ ਸਾਰ-ਰੂਪ ਵਿਚ ਕਲਮ ਬੰਦ ਕੀਤਾ ਜਿਸ ਨੂੰ 'ਸਿਧ ਗੋਸਟਿ' ਸਿਰਲੇਖ ਦਿੱਤਾ ਗਿਆ। ਇਸੇ ਸਮੇਂ ਹੀ ਤੁਖਾਰੀ ਰਾਗ ਵਿਚ ਬਾਰਹਮਾਹਾ ਵੀ ਲਿਖਿਆ ਗਿਆ ਜਿਸ ਬਾਬਤ ਵਿਦਵਾਨਾਂ ਦਾ ਕਥਨ ਹੈ ਕਿ ਹਜ਼ੂਰ ਦੀ ਇਹ ਆਖ਼ਰੀ ਰਚਨਾ ਹੈ।

ਗੁਰੂ ਦਰਬਾਰ ਵਿਚ ਸਭ ਵਰਨਾਂ, ਭੇਖਾਂ, ਮੱਤਾਂ ਦੇ ਮੁਖੀ ਹਜ਼ੂਰ ਦੇ ਦੀਦਾਰ ਕਰਦੇ ਅਰ ਵਿਚਾਰਾਂ ਦੀ ਸਾਂਝ ਪਾਉਂਦੇ। ਕਰਤਾਰਪੁਰ ਉਹ ਸਥਾਨ ਬਣ ਗਿਆ ਸੀ ਜਿਥੇ ਹਰ ਕੋਈ ਭੋਜਨ ਅਤੇ ਸ਼ਬਦ ਦਾ ਲੰਗਰ ਬਿਨਾਂ ਕਿਸੇ ਵਿਤਕਰੇ ਤੋਂ ਪ੍ਰਾਪਤ ਕਰ ਸਕਦਾ ਸੀ। ਆਮ ਤੌਰ 'ਤੇ ਲੋਕ ਤਾਂ ਬ੍ਰਾਹਮਣ ਤੋਂ ਗਲ ਵਿਚ ਜਨੇਊ ਪੁਆ ਕੇ ਅਤੇ ਕੰਨੀਂ ਮੰਤ੍ਰ ਲੈ ਕੇ ਉਸ ਨੂੰ ਗੁਰੂ ਮੰਨ ਲੈਂਦੇ ਸਨ, ਕੁਝ ਸੁੰਨਤ ਕਰਵਾ ਅਤੇ ਕਲਮਾ ਪੜ੍ਹ ਮੁਰੀਦ ਕਹਾ ਕੇ ਸੰਤੁਸ਼ਟ ਹੋ ਜਾਂਦੇ ਸਨ ਅਰ ਆਪਣੇ ਆਪ ਨੂੰ ਧਰਮੀ ਹੋਇਆ ਜਾਣ ਕੇ ਸਾਰਾ ਜੀਵਨ ਬਿਤਾ ਦੇਂਦੇ ਸਨ ਪਰ, ਇਥੇ ਤਾਂ ਚਾਲ ਹੀ ਨਿਰਾਲੀ ਸੀ। ਗੁਰੂ ਸਾਹਿਬ ਸਿਖਾ ਰਹੇ ਸਨ ਕਿ ਜੀਵਨ ਜਿਉਣਾ ਕਿਵੇਂ ਹੈ? ਹਿੰਦੂ ਮੁਸਲਮ ਦਾ ਇਥੇ ਕੋਈ ਵਖਰੇਵਾਂ ਨਹੀਂ ਸੀ, ਕੋਈ ਕੱਟੜਤਾ ਜਾਂ ਕਰਮ-ਕਾਂਡ ਨਹੀਂ ਸੀ। ਸਾਰੇ ਰਲ ਬੈਠ ਕੇ ਸ਼ਬਦ ਕੀਰਤਨ ਸੁਣਦੇ ਸਨ, ਰਲ ਕੇ ਖੇਤੀਬਾੜੀ ਕਰਦੇ ਸਨ ਅਰ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਸਨ। ਭਾਈ ਗੁਰਦਾਸ ਜੀ ਅਨੁਸਾਰ:

**ਨਿਹਚਲ ਨੀਉ ਧਰਾਈਓਨੁ**
**ਸਾਧ ਸੰਗਤਿ ਸਚਖੰਡ ਸਮੇਉ।**
**ਗੁਰਮੁਖਿ ਪੰਥ ਚਲਾਇਓਨੁ**
**ਸੁਖਸਾਗਰ ਬੇਅੰਤ ਅਮੇਉ।**
**ਸਚਿ ਸਬਦਿ ਆਰਾਧੀਐ**
**ਅਗਮ ਅਗੋਚਰ ਅਲਖ ਅਭੇਉ।**
**ਚਹੁ ਵਰਨਾ ਉਪਦੇਸਦਾ**
**ਛਿਅ ਦਰਸਨ ਸਭਿ ਸੇਵਕ ਸੇਉ।**
**ਮਿਠਾ ਬੋਲਣੁ ਨਿਵ ਚਲਣੁ**
**ਗੁਰਮੁਖ ਭਾਉ ਭਗਤਿ ਅਰਥੇਉ।**
**ਆਦਿ ਪੁਰਖੁ ਆਦੇਸੁ ਹੈ**
**ਅਬਿਨਾਸੀ ਅਤਿ ਅਛਲ ਅਛੇਉ।**
**ਜਗਤੁ ਗੁਰੂ ਗੁਰ ਨਾਨਕ ਦੇਉ।੨॥੨੪॥**

*ਚਲਦਾ.....*

## ਲੇਖਕਾਂ ਲਈ ਜ਼ਰੂਰੀ ਸੂਚਨਾ

**ਅਦਾਰਾ ਪੰਜਾਬ ਟਾਈਮਜ਼ ਵੱਲੋਂ ਆਪਣੇ ਸਾਰੇ ਲੇਖਕਾਂ, ਕਵੀਆਂ ਅਤੇ ਕਾਲਮ ਨਵੀਸਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ ਦੀ ਵਰਤੋਂ ਘਟ ਤੋਂ ਘੱਟ ਕਰਿਆ ਕਰਨ। ਆਪਣੀ ਲਿਖਤ ਵਿੱਚ ਜੇ ਲੋੜ ਹੈ ਤਾਂ ਸਹੀ ਗੁਰਬਾਣੀ ਦੀ ਵਰਤੋਂ ਕਰਿਆ ਕਰਨ। ਜੇ ਗੁਰਬਾਣੀ ਦੀ ਸਤਰ ਵਰਤਦੇ ਹਨ ਤਾਂ ਉਸ ਨਾਲ ਰੈਫਰੈਂਸ ਵਜੋਂ ਪੰਨਾ ਨੰਬਰ ਜ਼ਰੂਰ ਲਿਖਣ। ਕਈ ਵਾਰ ਗੁਰਬਾਣੀ ਦੀਆਂ ਤੁਕਾਂ ਵਿੱਚ ਕਾਫ਼ੀ ਗਲਤੀਆਂ ਹੁੰਦੀਆਂ ਹਨ । ਪੰਨਾ ਨੰਬਰ ਨਾ ਲਿਖਣ ਕਾਰਨ ਉਨ੍ਹਾਂ ਦੀ ਲਿਖਤ ਪੇਪਰ ਵਿੱਚ ਨਹੀਂ ਛਾਪੀ ਜਾਵੇਗੀ- ਸੰਪਾਦਕ / ਡਾਇਰੈਕਟਰ**

**PUNJABTIMES.UK**

ਬਰਸੀ ‘ਤੇ ਵਿਸ਼ੇਸ਼

– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



# ਧੜੱਲੇਦਾਰ ਸਿੱਖ ਆਗੂ ਸਨ – ਮਾਸਟਰ ਤਾਰਾ ਸਿੰਘ



20ਵੀਂ ਸਦੀ ਦੇ ਉੱਘੇ ਸਿੱਖ ਆਗੂ ਮਾਸਟਰ ਤਾਰਾ ਸਿੰਘ ਅਜਿਹੇ ਧੜੱਲੇਦਾਰ ਸਿੱਖ ਆਗੂ ਸਨ, ਜਿਨ੍ਹਾਂ ਸਮੁੱਚਾ ਜੀਵਨ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਹਿੱਤਾਂ ਲਈ ਸੰਘਰਸ਼ ਕਰਦਿਆਂ ਬਤੀਤ ਕੀਤਾ। ਮਾਸਟਰ ਜੀ ਦਾ ਜਨਮ ਪੱਛਮੀ ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਰਾਵਲਪਿੰਡੀ ਦੇ ਹਰਿਆਲ ਨਾਂਅ ਦੇ ਪਿੰਡ ਵਿੱਚ ਮਾਤਾ ਮੂਲਾਂ ਦੇਵੀ ਦੀ ਕੁੱਖ ਤੋਂ ਪਿਤਾ ਬਖ਼ਸ਼ੀ ਗੋਪੀ ਚੰਦ ਮਲਹੋਤਰਾ (ਜੋ ਕਿੱਤੇ ਵਜੋਂ ਪਟਵਾਰੀ ਸਨ) ਦੇ ਘਰ 24 ਜੂਨ, 1885 ਈ: ਨੂੰ ਹੋਇਆ। ਮਾਸਟਰ ਜੀ ਦਾ ਪਹਿਲਾਂ ਨਾਂਅ ਨਾਨਕ ਚੰਦ ਸੀ, ਪਰ ਸਿੰਘ ਸਭਾ ਲਹਿਰ ਅਤੇ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੇ ਪ੍ਰਭਾਵ ਵਿੱਚ 1902 ਈ: ਵਿੱਚ ਆਪ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਅਤੇ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਏ। ਮੁੱਢਲੀ ਸਿੱਖਿਆ ਉਨ੍ਹਾਂ ਪਿੰਡ ਦੇ ਮਦਰਸੇ ਤੋਂ ਪ੍ਰਾਪਤ ਕੀਤੀ। ਉੱਚ ਸਿੱਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਇਥੋਂ ਗਰੈਜੂਏਸ਼ਨ ਕਰਨ ਤੋਂ ਪਿੱਛੋਂ ਲਾਹੌਰ ਤੋਂ ਬੀ.ਟੀ. ਪਾਸ ਕੀਤੀ। ਇਸ ਟੀਚਰ ਟ੍ਰੇਨਿੰਗ ਦੀ ਬੈਚੂਲਰ ਦੀ ਡਿਗਰੀ ਤੋਂ ਪਿੱਛੋਂ ਮਾਸਟਰ ਤਾਰਾ ਸਿੰਘ ਖ਼ਾਲਸਾ ਹਾਈ ਸਕੂਲ ਦੇ ਹੈੱਡਮਾਸਟਰ ਵਜੋਂ ਨਿਯੁਕਤ ਹੋਏ।

ਗੁਰਦੁਆਰਾ ਸੁਧਾਰ ਲਹਿਰ ਲਈ ਚੱਲੇ ਸੰਘਰਸ਼ ਵਿੱਚ ਅੰਗ੍ਰੇਜ਼ ਸਰਕਾਰ ਨੇ ਬਾਕੀ ਅਕਾਲੀ ਲੀਡਰਾਂ ਸਮੇਤ ਮਾਸਟਰ ਜੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਦੋਂ ਰਿਹਾਈ ਹੋਈ, ਉਸ ਸਮੇਂ ਅੰਗ੍ਰੇਜ਼ ਹਕੂਮਤ ਵੱਲੋਂ ਗੁਰਦੁਆਰਾ ਐਕਟ 1925 ਈ: ਵਿੱਚ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਲਾਗੂ ਕੀਤਾ। ਅਕਾਲੀ ਦਲ ਇਸ ਐਕਟ ਦੇ ਪਾਸ ਹੋਣ ਤੋਂ ਬਾਅਦ ਦੋ ਧੜਿਆਂ ਵਿੱਚ ਵੰਡਿਆ ਗਿਆ। ਮਾਸਟਰ ਜੀ ਦੂਜੇ ਧੜੇ ਨਾਲ ਜੁੜ ਗਏ। ਜਦੋਂ 1926 ਵਿੱਚ ਜੇਲ੍ਹੋਂ ਬਾਹਰ ਆਏ ਤਾਂ ਆਪ ਨੂੰ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਬਣਾਇਆ ਗਿਆ। ਇਸ ਤੋਂ ਪਿੱਛੋਂ ਸਮੇਂ-ਸਮੇਂ ਮਾਸਟਰ ਜੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਆਪਣੇ ਫਰਜ਼ ਨਿਭਾਉਂਦੇ ਰਹੇ।

ਦੇਸ਼ ਦੀ ਵੰਡ ਤੋਂ ਬਾਅਦ ਫ਼ਰਵਰੀ 1949 ਈ: ਵਿੱਚ ਜਦੋਂ ਦਿੱਲੀ ਵਿੱਚ ਹੋ ਰਹੀ ਅਕਾਲੀ ਕਾਨਫਰੰਸ ਵਿੱਚ ਆਪ ਹਿੱਸਾ ਲੈਣ ਜਾ ਰਹੇ ਸਨ ਤਾਂ ਅਜ਼ਾਦ ਦੇਸ਼ ਵਿੱਚ ਦਿੱਲੀ ਵਿੱਚ ਦਾਖ਼ਲੇ ਤੋਂ ਪਹਿਲਾਂ ਨਰੇਲਾ ਸਟੇਸ਼ਨ ‘ਤੇ ਗ੍ਰਿਫਤਾਰ ਕਰ ਲਿਆ ਗਿਆ। ਰਿਹਾਈ ਤੋਂ ਪਿੱਛੋਂ ਆਪ ਨੇ ਭਾਸ਼ਾ ‘ਤੇ ਆਧਾਰਿਤ ਪੰਜਾਬੀ ਸੂਬੇ ਲਈ ਸੰਘਰਸ਼ ਦਾ ਐਲਾਨ ਕਰ ਦਿੱਤਾ। 1960 ਈ: ਵਿੱਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਮਾਸਟਰ ਜੀ ਨੇ 140 ਸੀਟਾਂ ਵਿੱਚੋਂ 136 ਸੀਟਾਂ ਅਕਾਲੀ ਦਲ ਲਈ ਜਿੱਤੀਆਂ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ। ਛੇਤੀ ਹੀ ਪ੍ਰਧਾਨਗੀ ਛੱਡ ਕੇ ਸੂਬੇ ਦੇ ਅੰਦੋਲਨ ਵਿੱਚ ਕੁੱਦ ਪਏ।

ਅੰਮ੍ਰਿਤਸਰ ਵਿੱਚ ਪੰਜਾਬੀ ਸੂਬਾ ਕਨਵੈਨਸ਼ਨ ਵਿੱਚ ਪੰਜਾਬੀ ਸੂਬਾ ਬਨਾਉਣ ਲਈ ਮਤਾ ਪਾਸ ਕਰਵਾਇਆ। ਦਿੱਲੀ ਵਿੱਚ ਪ੍ਰਭਾਵਸ਼ਾਲੀ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਜਲੂਸ ਤੋਂ ਪਹਿਲਾਂ ਮਾਸਟਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰ ਗ੍ਰਿਫਤਾਰੀ ਤੋਂ ਪਿੱਛੋਂ ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਲਈ ਸ਼ਾਨਦਾਰ ਰੋਸ ਮਾਰਚ ਕੀਤਾ। 4 ਜੁਲਾਈ, 1961 ਨੂੰ ਰਿਹਾਅ ਹੋ ਕੇ ਸੰਤ ਫਤਹਿ ਸਿੰਘ ਵੱਲੋਂ ਸ਼ੁਰੂ ਕੀਤਾ ਮਰਨ ਵਰਤ ਖੁੱਲ੍ਹਵਾਇਆ। ਆਪ ਜੀ ਵੱਲੋਂ ਸੱਚਾ ਢੰਡੋਰਾ ਅਤੇ ਪ੍ਰਦੇਸੀ ਖ਼ਾਲਸਾ ਸਪਤਾਹਿਕ ਮੈਗਜ਼ੀਨ ਸ਼ੁਰੂ ਕੀਤੇ, ਜੋ ਪਿੱਛੋਂ ਅਕਾਲੀ ਅਖ਼ਬਾਰ ਦੇ ਰੂਪ ਵਿੱਚ ਬਦਲ ਗਏ। 1961 ਈ: ਵਿੱਚ ਜਥੇਦਾਰ ਅਖ਼ਬਾਰ ਛਾਪਣਾ ਸ਼ੁਰੂ ਕੀਤਾ। ਉਰਦੂ ਵਿੱਚ ਪੰਥਕ ਹਿੱਤਾਂ ਲਈ ਪ੍ਰਭਾਤ ਅਖ਼ਬਾਰ ਵੀ ਕੱਢਿਆ। 1946 ਈ: ਵਿੱਚ ਆਪ ਜੀ ਵੱਲੋਂ ਸ਼ੁਰੂ ਕੀਤਾ ਗਿਆ ਸੰਤ ਸਿਪਾਹੀ ਮਾਸਿਕ ਹੁਣ ਤੱਕ ਛੱਪ ਰਿਹਾ ਹੈ। ਮਾਸਟਰ ਜੀ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਪੂਰਾ ਜੀਵਨ ਸਿੱਖ ਹਿੱਤਾਂ ਲਈ ਸੰਘਰਸ਼ ਕਰਦਿਆਂ ਬੀਤਿਆ। ਮਾਸਟਰ ਜੀ ਆਪਣੇ ਲੱਖਾਂ ਸਨੇਹੀਆਂ ਤੇ ਪਿਆਰਿਆਂ ਨੂੰ 22 ਨਵੰਬਰ, 1967 ਈ: ਨੂੰ ਸਦੀਵੀ ਵਿਛੋੜਾ ਦੇ ਗਏ।

# Guru Nanak Dev Ji's Gurpurab Celebrated in Cincinnati; Nagar Kirtan Organized







Cincinnati, Ohio (Sameep Singh Gumtala): The 555th Parkash Purab of Sri Guru Nanak Dev Ji, the founder of Sikhism, was celebrated with great devotion and enthusiasm by Sikh community at the Guru Nanak Society of Greater Cincinnati Gurdwara Sahib. The community organized a series of special programs over three days to mark this auspicious occasion.

Prominent Kavishari Jatha (group) of Bhai Mehal Singh, Bhai Gurlal Singh Ji, and Bhai Jugraj Singh were invited to participate in the celebrations. On the second day, after the Nishan Sahib ceremony, a Nagar Kirtan was organized, led by Panj Pyare (the five beloved ones) and accompanied by the sacred presence of Sri Guru Granth Sahib Ji. The Nagar Kirtan passed through several residential neighborhoods around the Gurdwara Sahib, attracting participants from neighboring cities like Dayton and States such as Indiana and Kentucky.

During the procession, young children and adults showcased Gatka, the traditional Sikh martial art, under the guidance of head granthi Bhai Jagbir Singh Ji's son Shahbaz Singh, a 10th-grade student, and Jagjit Singh along with a Gatka group from Indiana. Gatka classes had recently begun at the Gurdwara Sahib, and participants, despite their limited training time, displayed remarkable skills. Along the route, Sikh residents offered langar (free community meals) including hot milk, water, fruits, and sweets to the Sangat (congregation).

The event also saw local Americans stepping out of their homes to greet the Sikh community and learn more about Sikhism. This interaction fostered greater cultural understanding and harmony.

On the final day, the Akhand Path Sahib (a continuous reading of the Guru Granth Sahib) concluded with a Bhog ceremony. Bhai Jagbir Singh Ji, the head granthi and preacher, delivered an enlightening discourse on Guru Nanak Dev Ji's life and teachings. Kirtan Jatha of Bhai Gurbant Singh, Bhai Jeet Singh, and Bhai Ravinder Singh recited the melodious renditions of Gurbani. Bhai Mehal Singh Ji's kavishari group captivated the congregation with their soulful poetry.

Langar was continuously served throughout the three-day event. The management committee expressed gratitude to the volunteers, Sangat, and the West Chester Police Department for their support during the Nagar Kirtan and other activities.

# ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਨੂੰ ਯਾਦ ਕਰਦਿਆਂ

**30 ਨਵੰਬਰ ਬਰਸੀ 'ਤੇ ਵਿਸ਼ੇਸ਼**

**ਭਗਵਾਨ ਸਿੰਘ ਜੌਹਲ**

ਰੱਬੀ ਰੰਗ ਵਿਚ ਰੰਗ-ਰਤੜੀਆਂ ਆਤਮਾਵਾਂ ਦੇ ਜੀਵਨ ਦਾ ਅੰਤਿਮ ਨਿਸ਼ਾਨਾ ਮਨੁੱਖਤਾ ਦੇ ਪਰਉਪਕਾਰ ਲਈ ਜੀਵਨ ਬਤੀਤ ਕਰਨਾ ਹੁੰਦਾ ਹੈ। ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਦਾ ਜੀਵਨ ਇਸ ਗੱਲ ਦੀ ਪ੍ਰਤੱਖ ਉਦਾਹਰਣ ਹੈ। ਜਿਨ੍ਹਾਂ ਕਾਰਸੇਵਾ ਦੇ ਨਾਂਅ ਉਪਰ ਕਦਾਚਿਤ ਵੀ ਕਿਸੇ ਸ਼ਰਧਾਲੂ ਤੋਂ ਕੁਝ ਨਹੀਂ ਸੀ ਮੰਗਿਆ, ਉਨ੍ਹਾਂ ਵੱਲੋਂ ਕਾਰਸੇਵਾ ਸੇਵਾ ਦੇ ਖੇਤਰ ਵਿੱਚ ਕੀਤੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਸ਼ਰਧਾਲੂ ਸਵੈ-ਇੱਛਾ ਨਾਲ ਹੀ ਸੇਵਾ ਵਿੱਚ ਯੋਗਦਾਨ ਪਾਉਂਦੇ ਸਨ। ਅਜੋਕੇ ਸਮੇਂ ਵਿੱਚ ਅਜਿਹੇ ਵਿਰਲੇ ਇਨਸਾਨ ਉਂਗਲਾਂ 'ਤੇ ਗਿਣਨ ਯੋਗ ਹੋਣਗੇ। ਇਕ ਨਿਸ਼ਠਾਵਾਨ ਕਾਰਸੇਵਕ, ਬੇਲਾਗ, ਬੇਦਾਗ, ਰੱਬੀ ਰੂਹ ਬਾਬਾ ਗੁਰਮੁੱਖ ਸਿੰਘ ਦਾ ਜਨਮ 1849 ਈ: ਵਿੱਚ ਪਟਿਆਲਾ ਰਿਆਸਤ ਦੇ ਦਿਆਲਗੜ੍ਹ ਬੁੜੀਆ ਨਾਂਅ ਦੇ ਪਿੰਡ ਵਿੱਚ ਭਾਈ ਕਰਮ ਸਿੰਘ ਦੇ ਘਰ ਮਾਤਾ ਗੁਰਦੇਈ ਦੀ ਕੁੱਖ ਤੋਂ ਹੋਇਆ। ਉਸ ਸਮੇਂ ਗੁਰੂ ਘਰਾਂ ਦੀਆਂ ਇਮਾਰਤਾਂ ਵਧੇਰੇ ਕਰਕੇ ਕੱਚੀਆਂ ਸਨ। ਸੰਗਤ ਲਈ ਸੁੱਖ ਸਹੂਲਤਾਂ ਦੀ ਘਾਟ ਵੀ ਤਕਰੀਬਨ ਹਰ ਗੁਰੂ ਘਰ ਵਿੱਚ ਹੀ ਸੀ। ਜਨਮ ਤੋਂ ਹੀ ਇਨ੍ਹਾਂ ਦੇ ਹਿਰਦੇ ਵਿੱਚ ਆਪਣੇ ਸਾਧੂ ਸੁਭਾਅ ਪਿਤਾ ਤੋਂ ਗੁਰਬਾਣੀ ਪੜ੍ਹਨ ਅਤੇ ਵਿਚਾਰਨ ਦੇ ਸੰਸਕਾਰ ਬਣਨੇ ਸ਼ੁਰੂ ਹੋ ਗਏ। ਜਵਾਨੀ ਦੇ ਦਿਨਾਂ ਵਿੱਚ ਆਪ ਨੇ ਪਟਿਆਲਾ ਰਿਆਸਤ ਦੇ ਫ਼ੀਲ ਖਾਨੇ ਦੀ ਨੌਕਰੀ ਕੀਤੀ, ਬਾਅਦ ਵਿੱਚ ਉਸ ਸਮੇਂ ਦੀ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋ ਗਏ। ਪਰ ਇਨਸਾਨੀਅਤ ਦੀ ਸੇਵਾ ਤੇ ਪਰਉਪਕਾਰੀ ਸੁਭਾਅ ਕਾਰਨ ਫੌਜ ਵਿੱਚ ਮਨ ਨਾ ਲੱਗਾ। ਉਥੋਂ ਅਸਤੀਫਾ ਦੇ ਕੇ ਪਟਿਆਲਾ ਤੋਂ ਕੁਝ ਦੂਰੀ 'ਤੇ ਇਕ ਬੀਆਵਾਨ ਥਾਂ 'ਤੇ ਪ੍ਰਭੂ ਦੇ ਚਿੰਤਨ ਵਿੱਚ ਜੁੱਟ ਗਏ। 12 ਸਾਲ ਤੱਕ ਗੁਰਬਾਣੀ ਸ਼ਬਦ ਦੀ ਅਰਾਧਨਾ ਕਰਨ ਤੋਂ ਪਿੱਛੋਂ ਮਨ ਪੂਰੀ ਤਰ੍ਹਾਂ ਸਾਧਿਆ ਗਿਆ। ਆਪਣੇ ਨਾਲ ਪਿਆਰ ਕਰਨ ਵਾਲੀਆਂ ਸਿੱਖ ਸੰਗਤਾਂ ਨਾਲ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ। 1903 ਈ: ਵਿੱਚ ਅੰਮ੍ਰਿਤਸਰ ਜਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਮਲਵਈ ਬੁੰਗੇ ਵਿੱਚ ਜਾ ਆਸਣ ਲਾਇਆ। ਉਥੇ ਹੀ ਸ੍ਰੀ ਦਰਬਾਰ ਸਾਹਿਬ ਦੇ ਉਘੇ ਕੀਰਤਨੀਏ ਭਾਈ ਸ਼ਾਮ ਸਿੰਘ ਦੀ ਸੰਗਤ ਮਿਲੀ। ਇਨ੍ਹਾਂ ਦੇ ਨਿੱਜੀ ਜੀਵਨ ਤੋਂ ਅਜਿਹੀ ਸਿੱਖਿਆ ਮਿਲੀ, ਜਿਸ ਨਾਲ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਤੋਂ ਇਲਾਵਾ ਆਪਣੇ ਜੀਵਨ ਦਾ ਨਿਸ਼ਾਨਾ ਕੇਵਲ ਗੁਰੂ ਘਰ ਦੀ ਨਿਸ਼ਕਾਮ ਸੇਵਾ ਬਣ ਗਿਆ।

ਅੰਮ੍ਰਿਤ ਵੇਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੀਆਂ ਪੌੜੀਆਂ ਦੀ ਸਫ਼ਾਈ ਤੋਂ ਨਿੱਤ ਦਾ ਜੀਵਨ ਆਰੰਭ ਹੁੰਦਾ ਸੀ। 1914 ਈ: ਵਿੱਚ ਕਾਰਸੇਵਾ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਸਮਝ ਕੇ ਸੇਵਾ ਆਰੰਭੀ। ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜਾਂ ਸਰੋਵਰਾਂ ਵਿੱਚੋਂ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਕਾਰਸੇਵਾ ਸ਼ੁਰੂ ਕੀਤੀ। ਫਿਰ ਲਗਾਤਾਰ ਇਹ ਸਿਲਸਿਲਾ ਚੱਲਦਾ ਰਿਹਾ। 1923 ਤੋਂ 1928 ਤੱਕ ਆਪ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਸਫ਼ਾਈ, ਪੌੜੀਆਂ ਬਨਾਉਣ ਅਤੇ ਪਵਿੱਤਰ ਸਰੋਵਰ ਲਈ ਨਿਰੰਤਰ ਜਲ ਦੀ ਤਾਜ਼ਾ ਸਪਲਾਈ ਲਈ ਹੰਸਲੀ ਦੀ ਸੇਵਾ ਆਰੰਭੀ। ਇਸ ਸ਼ਲਾਘਾਯੋਗ ਕਾਰਜ ਦੀ ਹਰ ਪਾਸੇ ਖੂਬ ਪ੍ਰਸ਼ੰਸਾ ਹੋਈ। ਇਸ ਤੋਂ ਪਿੱਛੋਂ ਇਨ੍ਹਾਂ ਉਦਾਸੀ ਮਹਾਂਪੁਰਸ਼ ਸੰਤ ਪ੍ਰੀਤਮ ਦਾਸ ਅਤੇ ਸੰਤ ਸੰਤੋਖ ਦਾਸ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਅੰਮ੍ਰਿਤ ਸਰੋਵਰ ਲਈ ਜਲ ਪਹੁੰਚਾਉਣ ਵਾਲੀ ਹੰਸਲੀ ਦਾ ਨਵ-ਨਿਰਮਾਣ ਕਰਵਾਇਆ। ਅੰਮ੍ਰਿਤਸਰ ਤੋਂ ਬਾਅਦ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਗੁਰਧਾਮ ਦਾ ਨਵ-ਨਿਰਮਾਣ ਕਰਵਾਇਆ, ਫਿਰ ਸ੍ਰੀ ਖਡੂਰ ਸਾਹਿਬ ਦੇ ਗੁਰਦੁਆਰਾ ਤਪਿਆਣਾ ਸਾਹਿਬ ਦੀ ਇਮਾਰਤ ਦੀ ਨਵ-ਉਸਾਰੀ ਕਰਵਾਈ, ਨਾਲ ਹੀ ਪਵਿੱਤਰ ਸਰੋਵਰ ਵੀ ਤਿਆਰ ਕਰਵਾਇਆ। ਇਸ ਤੋਂ ਬਾਅਦ ਬਾਬਾ ਬਕਾਲਾ ਸਾਹਿਬ ਦੇ ਪਵਿੱਤਰ ਸਰੋਵਰ ਦੀਆਂ ਪੌੜੀਆਂ ਤੋਂ ਇਲਾਵਾ ਪਰਿਕਰਮਾ ਨੂੰ ਵੀ ਪੱਕੇ ਫਰਸ਼ ਵਿੱਚ ਬਦਲਿਆ। ਇਹ ਸਾਰੇ ਕਾਰਜ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਹੀ ਹੋਏ। ਉਦੋਂ ਤੱਕ ਆਵਾਜਾਈ, ਸੜਕਾਂ, ਮੋਟਰ-ਗੱਡੀਆਂ ਦੀਆਂ ਸਹੂਲਤਾਂ ਵੀ ਨਾ-ਮਾਤਰ ਹੀ ਹੁੰਦੀਆਂ ਸਨ। ਸੰਗਤ ਵਿੱਚੋਂ ਮਾਇਕ ਸਹਾਇਤਾ ਵੀ ਬਹੁਤ ਘੱਟ ਆਉਂਦੀ ਸੀ।

ਆਜ਼ਾਦੀ ਮਿਲਣ ਤੋਂ ਥੋੜ੍ਹਾ ਸਮਾਂ ਪਹਿਲਾਂ ਆਪ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਬਲ-ਲੀਲਾ ਅਤੇ ਗੁਰ-ਦੁਆਰਾ ਕਿਆਰਾ ਸਾਹਿਬ ਦੀਆਂ ਇਮਾਰਤਾਂ ਦੀ ਨਵਉਸਾਰੀ ਕਰਵਾਈ। 1947 ਈ: ਵਿੱਚ ਜਦੋਂ ਆਪ ਗੁਰੂ ਨਾਨਕ ਸਾਹਿਬ ਦੇ ਜਨਮ-ਅਸਥਾਨ ਦੀ ਨਵੀਂ ਇਮਾਰਤ ਦੀ ਤਿਆਰੀ ਦੀ ਯੋਜਨਾ ਉਲੀਕ ਰਹੇ ਸਨ ਤਾਂ ਬਦਕਿਸਮਤੀ ਨਾਲ ਪੰਜਾਬ ਦੋ ਟੋਟਿਆਂ ਵਿੱਚ ਵੰਡਿਆ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ ਦੀ ਇਮਾਰਤ ਦੀ ਸੇਵਾ ਦੇ ਨਵ-ਨਿਰਮਾਣ ਦੀ ਸੇਵਾ ਨਾ ਕਰਵਾਉਣ ਦੀ ਹਿਰਦੇ ਵੇਦਕ ਘਟਨਾ ਦਾ ਦੁੱਖ, ਦੇਸ਼ ਦੀ ਵੰਡ ਦਾ ਦੁੱਖ, ਭਰੇ-ਭਕੁੰਨੇ ਘਰਾਂ ਨੂੰ ਛੱਡ ਕੇ ਸ਼ਰਨਾਰਥੀ ਬਣ ਜਾਣ ਦੀਆਂ ਅਸਹਿ ਘਟਨਾਵਾਂ ਨੇ ਬਾਬਾ ਜੀ ਦੇ ਦਇਆ, ਨਿਮਰਤਾ ਅਤੇ



ਪਰਉਪਕਾਰੀ ਮਨ 'ਤੇ ਡੂੰਘੀ ਸੱਟ ਮਾਰੀ।

ਜਦੋਂ ਆਪ ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪੁੱਜੇ ਤਾਂ ਸ਼ਰਨਾਰਥੀਆਂ ਦਾ ਹੜ੍ਹ ਵੇਖ ਕੇ ਦਇਆ ਨਾਲ ਭਰਿਆ ਮਨ ਪਸੀਜਿਆ ਗਿਆ, ਭੁੱਖੇ ਭਾਣੇ ਸ਼ਰਨਾਰਥੀਆਂ ਲਈ ਲੰਗਰ ਦੀ ਸੇਵਾ ਆਰੰਭ ਕਰ ਦਿੱਤੀ। ਨਾਲ ਹੀ ਸੋਚ ਰਹੇ ਸਨ ਧੰਨ ਗੁਰੂ ਰਾਮ-ਦਾਸ ਜੀ ਦੇ ਇਸ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਹੋਰ ਖੁੱਲ੍ਹਾ ਕੀਤਾ ਜਾਵੇ। 30 ਨਵੰਬਰ, 1947 ਨੂੰ ਪੰਜਾਬ ਦੇ ਹੋਏ ਦੋ ਟੋਟਿਆਂ ਦੇ ਗ਼ਮ ਅਤੇ ਵਿਛੜੇ ਗੁਰਧਾਮਾਂ ਦੇ ਨਾ ਸਹਾਰੇ ਜਾ ਸਕਣ ਦੇ ਦੁੱਖ ਦੀ ਚੀਸ ਦੌਰਾਨ ਉਨ੍ਹਾਂ ਨੂੰ ਸਦੀਵੀ ਬੁਲਾਵਾ ਆ ਗਿਆ। ਉਨ੍ਹਾਂ ਦਾ ਸਸਕਾਰ ਅਪਰਬਾਰੀ ਦੁਆਬ ਨਹਿਰ ਦੇ ਕਿਨਾਰੇ ਉਥੇ ਹੀ ਕੀਤਾ ਗਿਆ, ਜਿਥੇ ਉਹ ਆਪਣੀ ਕੁਟੀਆ ਵਿੱਚ ਬਿਰਾਜਦੇ ਸਨ। ਆਪ ਸੱਚਮੁੱਚ ਹੀ ਸੇਵਾ ਦੀ ਮੂਰਤੀ ਬਣ ਕੇ ਜੀਵੇ। ਅੱਜ ਤਕਰੀਬਨ ਹਰੇਕ ਕਾਰ ਸੇਵਕ ਉਨ੍ਹਾਂ ਨੂੰ ਆਪਣਾ ਪ੍ਰੇਰਨਾ-ਸਰੋਤ ਮੰਨਦਾ ਹੈ। ਅਨੇਕਾਂ ਕਾਰਸੇਵਾਂ ਕਰਨ ਵਾਲੀਆਂ ਹਸਤੀਆਂ ਅੱਜ ਉਨ੍ਹਾਂ ਦੀ ਵਿਦਾਈ ਵਾਲੇ ਦਿਨ ਉਨ੍ਹਾਂ ਦੀ ਯਾਦ ਵਿੱਚ ਜੁੜ ਰਹੀਆਂ ਹਨ।

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਬਾਬੇ ਨਾਨਕ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੀ





ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 17 ਨਵੰਬਰ ਨੂੰ ਜੈਨੇਸਸ ਸੈਂਟਰ ਵਿਖੇ ਭਰਪੂਰ ਹਾਜ਼ਰੀ ਵਿੱਚ ਹੋਈ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸ੍ਰੀ ਮਤੀ ਬਲਵਿੰਦਰ ਕੌਰ ਬਰਾੜ- ਜੋ ਕਿ ਦੋ ਮਹੀਨੇ ਬਾਅਦ ਪੰਜਾਬ ਫੇਰੀ ਤੋਂ ਪਰਤੇ ਸਨ, ਨੇ ਭੈਣਾਂ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਆਪਣੇ ਵਤਨ ਦੇ ਅਨੁਭਵ ਵੀ ਸਾਂਝੇ ਕੀਤੇ।

ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਇਸ ਮਹੀਨੇ ਵਿਚ ਆਏ ਮਹੱਤਵਪੂਰਨ ਦਿਹਾੜਿਆਂ- ਜਿਸ ਵਿਚ ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ, ਨੌਵੇਂ ਪਾਤਸ਼ਾਹ ਦੀ ਸ਼ਹਾਦਤ, ਮਾਂ ਬੋਲੀ ਦਿਵਸ ਅਤੇ ਰਿਮੈਂਬਰਸ ਡੇ ਬਾਰੇ ਜਾਣਕਾਰੀ ਸਾਂਝੀ ਕੀਤੀ। ਨਵੇਂ ਆਏ ਮੈਂਬਰਾਂ- ਕੁਲਵਿੰਦਰ ਕੌਰ, ਰਵਿੰਦਰ ਕੌਰ, ਦਲਜੀਤ ਕੌਰ ਤੇ- ਨੌਜਵਾਨ ਬੱਚੀਆਂ ਜਸਕੀਰਤ ਕੌਰ, ਕਰਮਪ੍ਰੀਤ ਕੌਰ ਅਤੇ ਛੋਟੀ ਬੱਚੀ ਪ੍ਰਭਕੀਰਤ ਕੌਰ ਨਾਲ ਜਾਣ ਪਛਾਣ ਕਰਵਾਈ ਗਈ।


ਗੁਰਦੀਸ਼ ਕੌਰ ਗਰੇਵਾਲ, ਸੁਖਬਿੰਦਰ ਕੌਰ ਬਾਠ, ਗੁਰਿੰਦਰ ਕੌਰ ਸਿੱਧੂ, ਗੁਰਜੀਤ ਕੌਰ ਬੈਦਵਾਨ, ਅਮਰਜੀਤ ਟਿਵਾਣਾ, ਹਰਜੀਤ ਜੌਹਲ, ਜੁਗਿੰਦਰ ਪੁਰਬਾ, ਸੁਰਿੰਦਰ ਕੌਰ ਸੰਧੂ, ਅਮਰਜੀਤ ਵਿਰਦੀ, ਜਤਿੰਦਰ ਪੇਲੀਆ, ਰਣਜੀਤ ਕੌਰ ਲੰਮੇ, ਰਣਜੀਤ ਕੌਰ ਕੰਗ, ਪ੍ਰੀਤਮ ਕੌਰ, ਲਖਵਿੰਦਰ ਕੌਰ ਅਤੇ ਪਰਮਜੀਤ ਕੌਰ ਕੰਗ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਵਿਤਾਵਾਂ ਗੀਤ ਅਤੇ ਸ਼ਬਦ ਸੁਣਾ ਕੇ, ਬਾਬੇ ਨਾਨਕ ਦੇ 555ਵੇਂ ਪ੍ਰਕਾਸ਼ ਪੁਰਬ ਤੇ ਮਹੌਲ ਸੁਰਮਈ ਬਣਾ ਦਿੱਤਾ। ਦਲਜੀਤ ਕੌਰ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਦਾ ਗੀਤ, ਸੁਰੀਲੀ ਆਵਾਜ਼ ਵਿੱਚ ਸੁਣਾ ਕੇ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਸਿਜਦਾ ਕੀਤਾ । ਜਸਮਿੰਦਰ ਕੌਰ ਬਰਾੜ ਨੇ ਮਾਂ ਬੋਲੀ ਪੰਜਾਬੀ ਬਾਰੇ ਭਾਵਪੂਰਤ ਕਵਿਤਾ ਸਾਂਝੀ ਕੀਤੀ। ਸਰਬਜੀਤ ਉੱਪਲ ਨੇ ਜਾਦੂ ਟੂਣੇ ਦੇ ਪਖੰਡਾਂ ਦਾ ਪਰਦਾ ਫਾਸ਼ ਕਰਦੀ ਹੋਈ ਕਵਿਤਾ ਸੁਣਾਈ। ਅਮਰਜੀਤ ਗਰੇਵਾਲ ਅਤੇ ਸੁਰਿੰਦਰ ਸੰਧੂ ਨੇ ਰਲ ਕੇ ਲੰਬੀ ਹੇਕ ਦਾ ਗੀਤ ਗਾ ਕੇ ਪੁਰਾਤਨ ਵਿਰਸੇ ਦੀ ਝਲਕ ਪੇਸ਼ ਕੀਤੀ। ਕਿਰਨ ਕਲਸੀ ਨੇ- ਬਰਾੜ ਮੈਡਮ ਦੇ ਕਾਲਮ- 'ਉਹ ਵੇਲਾ ਯਾਦ ਕਰ' ਦੀ ਸ਼ਲਾਘਾ ਕੀਤੀ ਜਦ ਕਿ ਭਗਵੰਤ ਕੌਰ ਨੇ ਪੰਜਾਬ ਪਹੁੰਚ ਕੇ ਸਕੂਨ ਮਿਲਣ ਦੀ ਗੱਲ ਕੀਤੀ। ਬਾਕੀ ਮੈਂਬਰਾਂ ਨੇ ਵਧੀਆ ਸਰੋਤੇ ਹੋਣ ਦਾ ਰੋਲ ਨਿਭਾਇਆ।

ਸਮਾਪਤੀ ਤੇ ਬਲਵਿੰਦਰ ਕੌਰ ਬਰਾੜ ਨੇ ਸਭ ਦਾ ਧੰਨਵਾਦ ਕਰਦਿਆਂ, ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ- 'ਮਨੁੱਖੀ ਅਧਿਕਾਰ ਦਿਵਸ' ਵਜੋਂ ਮਨਾਉਣ ਦੀ ਮੰਗ ਉਠਾਈ। ਨਾਲ ਹੀ ਉਨ੍ਹਾਂ, ਕਨੇਡਾ ਦੀ ਫੌਜ ਵਲੋਂ ਲੜਨ ਵਾਲੇ, 26 ਸਾਲਾ ਪਹਿਲੇ ਪੰਜਾਬੀ ਸਿੱਖ ਸ਼ਹੀਦ ਬੁੱਕਣ ਸਿੰਘ ਦੀ ਸਮਾਧ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸ਼ਿਵਾਲਿਕ ਟੀ ਵੀ ਚੈਨਲ ਦੇ ਕੈਲਗਰੀ ਰਿਪੋਰਟਰ ਪਰਮਜੀਤ ਸਿੰਘ ਭੰਗੂ ਇਸ ਮੀਟਿੰਗ ਦੀ ਕਵਰੇਜ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ, ਜਿਹਨਾਂ ਨੇ ਸੰਸਥਾ ਦੀ ਭਰਵੀਂ ਹਾਜ਼ਰੀ ਅਤੇ ਕੰਮਾਂ ਦੀ ਸ਼ਲਾਘਾ ਕੀਤੀ।

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



# ਗੰਧਲੇ ਰਿਸ਼ਤੇ

ਕਿਚਨ 'ਚ ਜਾਣ ਲੱਗੀ ਕੈਲਾਸ਼ ਅਣਜਾਣ ਆਏ ਮਹਿਮਾਨ ਲਈ ਫਾਇਰ ਪਲੈਸ ਦੀ ਅੱਗ ਹੋਰ ਤੇਜ਼ ਕਰ ਗਈ ਸ਼ਾਇਦ ਉਸ ਨੂੰ ਮੇਰੇ 'ਤੇ ਤਰਸ ਆ ਗਿਆ ਸੀ ਕਿਉਂਕਿ ਬਹੁਤ ਦੇਰ ਤੋਂ ਬਾਹਰ ਬਰਫ 'ਚ ਖੜੀ ਰਹਿਣ ਕਰ ਕੇ ਹੁਣ ਤੱਕ ਮੈਨੂੰ ਕਾਂਬਾਂ ਛਿੜ ਗਿਆ ਸੀ । ਕੈਲਾਸ਼ ਦੇ ਰਸੋਈ 'ਚ ਜਾਣ ਬਆਦ ਮੈਂ ਉਸ ਦੇ ਸਾਰੇ ਕਮਰੇ 'ਚ ਨਿਗਾਹ ਘੁੰਮਾਈ ਸਾਹਮਣੇ ਕੰਧ 'ਤੇ ਕੈਲਾਸ਼ ਦੀਆਂ ਬਹੁਤ ਹੀ ਪੁਰਾਣੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਸਾਰੀਆਂ ਤਸਵੀਰਾਂ 'ਚ ਉਹ ਗੰਭੀਰ ਹੀ ਨਜ਼ਰ ਆ ਰਹੀ ਸੀ । ਪਰ ਇਸ ਗੰਭੀਰ ਰੂਪ 'ਚ ਵੀ ਉਹ ਅੱਤ ਦੀ ਸੁੰਦਰ ਨਜ਼ਰ ਆ ਰਹੀ ਸੀ ਇੰਨੀ ਸੁੰਦਰ ਜਿਸ ਤਰ੍ਹਾਂ ਰੱਬ ਨੇ ਵਿਹਲੇ ਬਹਿ ਕੇ ਬਣਾਈ ਹੋਵੇ।

## ਕਿਸ਼ਤ-1

ਉਸ ਦੇ ਦਰਵਾਜ਼ੇ ਤੱਕ ਤਾਂ ਮੈ ਪਹੁੰਚ ਗਈ ਸੀ ਪਰ ਹਿੰਮਤ ਨਹੀਂ ਹੋ ਰਹੀ ਸੀ ਦਰਵਾਜ਼ਾ ਖੜਕਾਉਣ ਦੀ ।ਉਂਝ ਵੀ ਕੈਲਾਸ਼ ਜੀ ਮੈਨੂੰ ਪਰਸਨਲੀ ਤੌਰ 'ਤੇ ਜਾਣਦੇ ਨਹੀਂ ਸਨ । ਬਸ ਮੈਂ ਹੀ ਉਨ੍ਹਾਂ ਨੂੰ ਉਨ੍ਹਾਂ ਦੀਆਂ ਲਿਖਤਾਂ ਕਰਕੇ ਜਾਣਦੀ ਸੀ । ਬੜੀ ਹਿੰਮਤ ਕਰਕੇ ਮੈਂ ਡੋਰ ਬੈੱਲ ਕੀਤੀ, ਸ਼ਾਮ ਦੇ ਸੱਤ ਵੱਜਣ ਵਾਲੇ ਸਨ। ਸ਼ਾਇਦ ਇੰਗਲੈਂਡ 'ਚ ਕਿਸੇ ਦੇ ਘਰ ਦਾ ਦਰਵਾਜ਼ਾ ਖੜਕਾਉਣ ਲਈ ਇਹ ਸਹੀ ਸਮਾਂ ਨਹੀਂ ਸੀ। ਉੱਦਾਂ ਵੀ ਭਰ ਸਿਆਲ ਸੀ ਤੇ ਉਪਰੋਂ ਕਹਿਰ ਦੀ ਸਨੋਅ ਪੈ ਰਹੀ ਸੀ, ਸਿਆਲਾਂ ਵਿੱਚ ਤਾਂ ਇੰਗਲੈਡ ਚਾਰ ਵਜੇ ਹੀ ਹਨੇਰੀ ਗੁਫਾ ਵਰਗੀ ਹੋ ਜਾਂਦੀ ਹੈ ਹੁਣ ਤਾਂ ਸੱਤ ਵੱਜ ਚੱਲੇ ਸਨ। ਪਰ ਮੇਰਾ ਕੰਮ ਹੀ ਇਸ ਤਰ੍ਹਾਂ ਦਾ ਸੀ ਛੇ ਦਿਨ ਆਫਿਸ ਦਾ ਕੰਮ ਅੱਲਗ ਅਲੱਗ ਸ਼ਿਫਟਾਂ 'ਤੇ ਜ਼ਿਆਦਾਤਰ ਇਸੇ ਵੇਲੇ ਹੀ ਫ੍ਰੀ ਹੁੰਦੀ ਸੀ।

ਦੋ ਵਾਰ ਡੋਰ ਬੈੱਲ ਤੋਂ ਬਾਅਦ ਵੀ ਕਿਸੇ ਨੇ ਦਰਵਾਜ਼ਾ ਨਾ ਖੋਲਿਆ। ਪਿੱਛੇ ਹੱਟ ਕੇ ਦੇਖਿਆ ਤਾਂ ਉਪਰੋਂ ਘਰ ਦੀ ਛੱਤ 'ਤੇ ਚਿਮਨੀ ਵਿੱਚੋਂ ਧੂੰਆ ਨਿਕਲ ਰਿਹਾ ਸੀ। ਧੂੰਆਂ ਦੇਖ ਕੇ ਮੈਨੂੰ ਯਕੀਨ ਸੀ ਕਿ ਕੈਲਾਸ਼ ਜੀ ਅੰਦਰ ਹੀ ਹਨ। ਸੋ ਹਿੰਮਤ ਕਰ ਕੇ ਇੱਕ ਵਾਰ ਫਿਰ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਕੁਝ ਕੁ ਪਲਾਂ ਬਾਅਦ ਪਿੰਕ ਰੰਗ ਦੇ ਨਾਈਟ ਸੂਟ 'ਚ ਗੁੰਦਵੇ ਸਰੀਰ ਅਤੇ ਗੋਰੇ ਨਸ਼ੋਹ ਰੰਗ, ਤਿੱਖੇ-ਤਿੱਖੇ ਨੈਣ-ਨਕਸ਼ਾਂ ਵਾਲੀ ਕੈਲਾਸ਼ ਮੇਰੀਆਂ ਅੱਖਾਂ ਸਾਹਮਣੇ ਖੜੀ ਸੀ ।ਉਸ ਦੇ ਭੂਰੇ ਤੇ ਸੁਨਹਰੀ ਰੰਗ ਦੀਆਂ ਲਾਈਨਾਂ ਵਾਲੇ ਕਲਰ ਕੀਤੇ ਹੋਏ ਛੋਟੇ ਵਾਲ ਉਸ ਦੀ ਖੂਬਸੂਰਤੀ ਨੂੰ ਹੋਰ ਚਾਰ ਚੰਨ ਲਾ ਰਹੇ ਸਨ । ਅੱਖਾਂ 'ਤੇ ਕਾਲੇ ਰੰਗ ਦੇ ਫਰੇਮ ਵਾਲੀਆਂ ਸੁਪਰਡ੍ਰਾਈ ਦੀਆਂ ਨਿਗਾਹ ਵਾਲੀਆਂ ਐਨਕਾਂ ਉਨ੍ਹਾਂ ਦਾ ਰੂਪ ਹੋਰ ਨਿਖਾਰ ਰਹੀਆਂ ਸਨ। ਕੁਝ ਪਲ ਲਈ ਮੇਰੀਆਂ ਅੱਖਾਂ ਉਸ ਦੇ ਚਿਹਰੇ 'ਤੇ ਗੱਡੀਆਂ ਹੀ ਰਹਿ ਗਈਆਂ।

ਕੈਲਾਸ਼ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਰਦੀ ਨਾਲ ਠੱਰ-ਠੱਰ ਕਰਦੀ ਮੈਨੂੰ ਬਾਹਰ ਖੜੀ ਪਾਇਆ। ਮੈਨੂੰ ਵੇਖ ਕੇ ਉਹ ਹੈਰਾਨ ਜਿਹੀ ਹੋ ਗਈ ਜਿਵੇ ਕੋਈ ਅਣਜਾਣ ਬੇ-ਟਾਈਮੇ ਦਰਵਾਜ਼ੇ 'ਤੇ ਆਏ ਮਹਿਮਾਨ ਨੂੰ ਦੇਖ ਕੇ ਹੁੰਦਾ ਹੀ ਹੈ ।

''ਹੈਲ ਕੈਲਾਸ਼ ਜੀ''

''ਹੈਲ, ਤੁਸੀਂ ਕੌਣ? ਕਿਸ ਨੂੰ ਮਿਲਣਾ ਹੈ? ਮੈਨੂੰ ਨਹੀ ਲੱਗਦਾ ਕਿ ਮੈਂ ਤੁਹਾਨੂੰ ਜਾਣਦੀ ਹਾਂ! ਕੌਣ ਹੈ ਤੂੰ ਤੇ ਇਸ ਬਰਫਬਾਰੀ ਵਾਲੀ ਰਾਤ 'ਚ ਮੇਰੇ ਦਰਵਾਜ਼ੇ ਅੱਗੇ ਕੀ ਕਰ ਰਹੀਂ ਹੈ?'' ਕਿਸੇ ਦਾ ਪਤਾ ਲੱਭਦੀ ਹੈ?

ਆਪਣੇ ਸੁਭਾਅ ਅਨੁਸਾਰ ਕੈਲਾਸ਼ ਕੁਰੱਖਤ ਅਵਾਜ਼ ਵਿੱਚ ਮੈਨੂੰ ਸਾਹਮਣੇ ਖੜੀ ਵੇਖ ਕੇ ਸਵਾਲ ਕਰੀ ਜਾ ਰਹੀ ਸੀ। ਸਾਫ ਪਤਾ ਲੱਗ ਰਿਹਾ ਸੀ ਕੀ ਮੈਂ ਉਨ੍ਹਾਂ ਨੂੰ ਇਸ ਵਕਤ ਦਰਵਾਜ਼ਾ ਖੜਕਾ ਕੇ ਮੈਂ ਤੰਗ ਹੀ ਕੀਤਾ ਸੀ। ਜਾਂ ਇਹ ਕਹਿ ਲਓ ਕਿ ਇਸ ਵਕਤ ਦਰਵਾਜ਼ੇ 'ਤੇ ਆਏ ਬਿਨ ਬੁਲਾਏ ਅਣਜਾਣ ਮਹਿਮਾਨ ਦਾ ਉਨ੍ਹਾਂ ਵਲੋਂ ਕੋਈ ਸਵਾਗਤ ਨਹੀ ਸੀ ।

''ਜੇ ਤੁਹਾਡੀ ਇਜ਼ਾਜਤ ਹੋਵੇ ਤਾਂ ਮੈਂ ਅੰਦਰ ਆ ਸਕਦੀ ਹਾਂ?'' ਮੈਂ ਬਸ ਕੁਝ ਕੁ ਮਿੰਟ ਹੀ ਲਵਾਂਗੀ ਤੁਹਾਡੇ, ਮੈਂ ਤੁਹਾਡੀ ਬਹੁਤ ਵੱਡੀ ਪਾਠਕ ਹਾਂ, ਤੁਹਾਡੀਆਂ ਸਾਰੀਆਂ ਲਿੱਖਤਾਂ ਮੈਂ ਬਹੁਤ ਰੂਹ ਨਾਲ ਪੜ੍ਹਦੀ ਹਾਂ। ਕ੍ਰਿਪਾ ਕਰ ਕੇ ਮੈਨੂੰ ਸਿਰਫ ਦੱਸ ਮਿੰਟ ਦੇ ਦਿਓ ਆਪਣੇ ਕੀਮਤੀ ਸਮੇਂ ਵਿੱਚੋਂ।''

''ਸੌਰੀ ਮੇਰੇ ਕੋਲ ਤੁਹਾਡਾ ਫੋਨ ਨੰਬਰ ਨਹੀਂ ਸੀ ਨਹੀਂ ਤਾਂ ਮੈਂ ਤੁਹਾਨੂੰ ਫੋਨ ਕਰ ਕੇ ਹੀ ਆਉਣਾ ਸੀ।''

ਮੈਂ ਬੜੀ ਹਿੰਮਤ ਕਰਕੇ ਨਿਮਰਤਾ ਅਤੇ ਤਰਲੇ ਜਿਹੇ ਨਾਲ ਉਸ ਉੱਗੇ ਬੇਨਤੀ ਕੀਤੀ। ਸ਼ਾਇਦ ਮੇਰੀ ਬੇਨਤੀ ਅਤੇ ਨਿਮ-ਰਤਾ ਦਾ ਕੈਲਾਸ਼ ਜੀ 'ਤੇ ਵੀ ਅਸਰ ਹੋ ਗਿਆ ਤੇ ਉਸ ਨੇ ਮੈਨੂੰ ਅੰਦਰ ਆਉਣ ਲਈ ਆਖ ਦਿੱਤਾ। ਸ਼ਾਇਦ ਮੇਰੇ 'ਤੇ ਤਰਸ ਆ ਗਿਆ ਹੋਵੇ।

''ਹਾਂ ਆ ਜਾ ਲੰਘ ਆ ਅੰਦਰ, ਉਂਝ ਵੀ ਜੇ ਮੈਂ ਕਿਹਾ ਕਿ ਤੂੰ ਅੰਦਰ ਨਹੀਂ ਆ ਸਕਦੀ ਤਾਂ ਵੀ ਕਿਹੜਾ ਤੂੰ ਮੰਨਣਾ ਹੀ ਹੈ। ਤੂੰ ਦੇਖਣ ਨੂੰ ਭੋਲੀ ਲੱਗਦੀ ਹੈ ਪਰ ਤੈਨੂੰ ਹਨੇਰੇ 'ਚ ਦੇਖ ਕੇ ਵੀ ਮੈਂ ਦੱਸ ਸਕਦੀ ਹਾਂ ਕਿ ਤੂੰ ਜ਼ਿੱਦੀ ਸੁਭਾਅ ਦੀ ਹੋਵੇਂਗੀ ਤਾਂ ਹੀ ਇਸ ਬਰਫ ਭਰੀ ਰਾਤ ਵਿੱਚ ਵੀ ਬਾਹਰ ਆ ਖੜ੍ਹੀ ਹੋਈ ਜਾਂ ਫਿਰ ਤੇਰੀ ਕੋਈ ਬਹੁਤ ਵੱਡੀ ਮਜ਼ਬੂਰੀ ਤੈਨੂੰ ਇਸ ਵਕਤ ਇੱਥੇ ਖਿੱਚ ਲਿਆਈ।''

ਇ੍ਹਨਾਂ ਆਖ ਉਹ ਮੁਸਕੁਰਾ ਕੇ ਅਗਾਂਹ ਵੱਲ ਨੂੰ ਤੁਰ ਪਈ ਤੇ ਮੈਂ ਕੈਲਾਸ਼ ਦੇ ਪਿੱਛੇ-ਪਿੱਛੇ ਬੱਚਿਆਂ ਵਾਂਗ ਤੁਰ ਪਈ।

''ਆਹ ਆਪਣਾ ਕੋਟ ਲਾਹ ਕੇ ਇੱਥੇ ਕਿੱਲੀ 'ਤੇ ਟੰਗ ਦੇ ਸਾਰਾ ਬਰਫ ਨਾਲ ਭਰਿਆ ਪਿਆ ਹੈ, ਇੱਦਾਂ ਲੱਗਦਾ ਕਾਫੀ ਦੇਰ ਦੀ ਦਰਵਾਜ਼ੇ 'ਤੇ ਖੜੀ ਸੀ ਤਾਂ ਹੀ ਸਾਰੀ ਬਰਫ ਨਾਲ ਭਰੀ ਪਈ ਏ।''

''ਕਾਰ ਡਰਾਈਵ ਕਰ ਕੇ ਆਈ ਹੈ ਜਾਂ ਬਸ ਰਾਹੀ?''

''ਜੀ, ਕਾਰ ਰਾਹੀ ਹੀ ਆਈ ਹਾਂ, ਹਨੇਰਾ ਕਰ ਕੇ ਘਰ ਦੇ ਨੰਬਰ ਦਿਖਾਈ ਨਹੀ ਦੇ ਰਹੇ ਸਨ ਸੋ ਕਾਰ ਥੋੜ੍ਹਾ ਪਿੱਛੇ ਖੜ੍ਹੀ ਕਰਕੇ ਤੁਰ ਕੇ ਤੁਹਾਡਾ ਘਰ ਲੱਭ ਰਹੀ ਸੀ।'' ਫਿਰ ਮਸਾਂ ਘਰ ਲੱਭਾ ਤੇ ਮੈਂ ਦੋ- ਤਿੰਨ ਵਾਰ ਬੈੱਲ ਵਜਾਈ ਸੀ ਪਰ ਸ਼ਾਇਦ ਤੁਹਾਨੂੰ ਡੋਰ ਬੈੱਲ ਸੁਣੀ ਨਹੀਂ ਜਾਂ ਤੁਸੀਂ ਸ਼ਾਇਦ ਅੰਦਰ ਕਿਤੇ ਬਿਜ਼ੀ ਹੋਵੋਂਗੇ, ਤੇ ਫਿਰ ਮੈਂ ਬਾਹਰ ਹੀ ਉਡੀਕਦੀ ਰਹੀ ਕਿ ਥੋੜ੍ਹਾ ਹੋਰ ਵੇਟ ਕਰਦੀ ਹਾਂ ਸ਼ਾਇਦ ਤੁਸੀਂ ਡੋਰ ਖੋਲ੍ਹ ਹੀ ਦਿਓ। ਓਨੀ ਦੇਰ ਵਿੱਚ ਬਸ ਆਹ ਸਨੋਅ ਨਾਲ ਭਰ ਗਈ।''

ਬਾਹਰਲਾ ਦਰਵਾਜ਼ਾ ਹਾਲੇ ਖੁੱਲਾ ਹੀ ਸੀ, ਮੈਂ ਫੁਰਤੀ ਨਾਲ ਆਪਣਾ ਬਰਫ ਨਾਲ ਭਰਿਆ ਕੋਟ ਲਾਹ ਕੇ ਬਾਹਰ ਹੀ ਝਾੜ ਦਿੱਤਾ, ਤਾਂ ਕਿ ਉਨ੍ਹਾਂ ਦੇ ਘਰ ਅੰਦਰ ਮੈਂ ਸਨੋਅ ਦਾ ਖਲਾਰਾਂ ਨਾ ਪਾ ਦਿਆਂ।

''ਹਾਂ ਮੈਂ ਮਿਊਜ਼ਿਕ ਸੁਣ ਰਹੀ ਸੀ ਸ਼ਾਇਦ ਆਵਾਜ਼ ਉੱਚੀ ਹੋਵੇਗੀ ਜਾਂ ਮੇਰਾ ਧਿਆਨ ਹੋਰ ਕਿਤੇ ਹੋਵੇਗਾ ਜੋ ਮੈਨੂੰ ਡੋਰ ਬੈੱਲ ਨਹੀ ਸੁਣੀ। ਆਹ ਤਾਂ ਮੈਂ ਉਦਾਂ ਹੀ ਇੱਧਰ ਬਲਾਇਡਸ ਬੰਦ ਕਰਨ ਫਰੰਟ ਰੂਮ 'ਚ ਆਈ ਤੇ ਮੈਨੂੰ ਤੂੰ ਬਾਹਰ ਖੜ੍ਹੀ ਦਿਸ ਪਈ ਨਹੀਂ ਤਾਂ ਮੈਨੂੰ ਤੇਰਾ ਆਈ ਦਾ ਪਤਾ ਹੀ ਨਹੀਂ ਚੱਲਣਾ ਸੀ। ਸੌਰੀ ਮੇਰੀ ਵਜ੍ਹਾ ਕਰਕੇ ਤੈਨੂੰ ਬਾਹਰ ਠੰਡ 'ਚ ਖੜਨਾ ਪਿਆ। ਖ਼ੈਰ ਤੂੰ ਬੈਠ ਮੈਂ ਤੇਰੇ ਲਈ ਗਰਮਾ-ਗਰਮ ਕੌਫੀ ਬਣਾ ਕਿ ਲਿਆਂਦੀ ਹਾਂ ਕਿਤੇ ਬੀਮਾਰ ਹੀ ਨਾ ਪੈ ਜਾਵੀਂ। ਅਰਾਮ ਨਾਲ ਠੀਕ ਹੋ ਕੇ ਬੈਠ ਜਾ।''

ਕਿਚਨ 'ਚ ਜਾਣ ਲੱਗੀ ਕੈਲਾਸ਼ ਅਣਜਾਣ ਆਏ ਮਹਿਮਾਨ ਲਈ ਫਾਇਰ ਪਲੈਸ ਦੀ ਅੱਗ ਹੋਰ ਤੇਜ਼ ਕਰ ਗਈ ਸ਼ਾਇਦ ਉਸ ਨੂੰ ਮੇਰੇ 'ਤੇ ਤਰਸ ਆ ਗਿਆ ਸੀ ਕਿਉਂਕਿ ਬਹੁਤ ਦੇਰ ਤੋਂ ਬਾਹਰ ਬਰਫ 'ਚ ਖੜੀ ਰਹਿਣ ਕਰ ਕੇ ਹੁਣ ਤੱਕ ਮੈਨੂੰ ਕਾਂਬਾਂ ਛਿੜ ਗਿਆ ਸੀ । ਕੈਲਾਸ਼ ਦੇ ਰਸੋਈ 'ਚ ਜਾਣ ਬਆਦ ਮੈਂ ਉਸ ਦੇ ਸਾਰੇ ਕਮਰੇ 'ਚ ਨਿਗਾਹ ਘੁੰਮਾਈ ਸਾਹਮਣੇ ਕੰਧ 'ਤੇ ਕੈਲਾਸ਼ ਦੀਆਂ ਬਹੁਤ ਹੀ ਪੁਰਾਣੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਸਾਰੀਆਂ ਤਸਵੀਰਾਂ 'ਚ ਉਹ ਗੰਭੀਰ ਹੀ ਨਜ਼ਰ ਆ ਰਹੀ ਸੀ । ਪਰ ਇਸ ਗੰਭੀਰ ਰੂਪ 'ਚ ਵੀ ਉਹ ਅੱਤ ਦੀ ਸੁੰਦਰ ਨਜ਼ਰ ਆ ਰਹੀ ਸੀ ਇੰਨੀ ਸੁੰਦਰ ਜਿਸ ਤਰ੍ਹਾਂ ਰੱਬ ਨੇ ਵਿਹਲੇ ਬਹਿ ਕੇ ਬਣਾਈ ਹੋਵੇ। ਮੈਂ ਸੋਫੇ ਤੋਂ ਉੱਠ ਕੇ ਕੋਲ ਜਾ ਕੇ ਉਸ ਦੀਆਂ ਫੋਟੋਆਂ ਨਿਹਾਰਨ ਲੱਗ ਪਈ। ਇੱਕ ਪਿਕਚਰ 'ਚ ਉਸ ਨੇ ਹੂ-ਬ-ਹੂ ਮੋਨਾ ਲੀਸਾ ਵਾਲਾ ਪੋਜ਼ ਬਣਾਇਆ ਹੋਇਆ ਸੀ। ਉਸੇ ਤਰ੍ਹਾਂ ਦੇ ਕੱਪੜੇ ਪਹਿਨੇ ਹੋਏ ਸਨ ਇੱਦਾਂ ਲੱਗਦਾ ਸੀ ਜਿਵੇਂ ਕਿਸੇ ਨੇ ਆਪ ਉਸ ਨੂੰ ਇਸ ਮੋਨਾ ਲੀਸਾ ਵਾਲੇ ਪੋਜ਼ ਲਈ ਪਹਿਲਾਂ ਰੱਜ ਕੇ ਸੰਵਾਰਿਆ ਅਤੇ ਤਿਆਰ ਕੀਤਾ ਹੋਵੇ ਤੇ ਬਾਅਦ ਵਿੱਚ ਉਸ ਨੇ ਆਪ ਹੀ ਉਸ ਦੀ ਇਹ ਫੋਟੋ ਕੋਲ ਬਹਿ ਕੇ ਰੰਗਾ ਨਾਲ ਬਣਾਈ ਹੋਵੇ। ਸ਼ਾਇਦ ਹੁਣ ਕੈਲਾਸ਼ ਚੁਤਾਲੀ ਵਰ੍ਹਿਆ ਨੂੰ ਟੱਪ ਚੁੱਕੀ ਸੀ ਪਰ ਅੱਜ ਵੀ ਉਹ ਇਸ ਫੋਟੋ ਵਾਂਘ ਹੀ ਖ਼ੂਬਸੂਰਤ ਲੱਗ ਰਹੀ ਸੀ ਜਿਵੇ ਤੀਹਾਂ ਸਾਲਾਂ ਤੋਂ ਵੀ ਥੱਲੇ ਹੋਵੇ, ਉਸ ਦੇ ਮੂੰਹ 'ਤੇ ਕੋਈ ਮਿਡਲ ਏਜ ਦੇ ਲੱਛਣ ਨਹੀਂ ਸਨ। ਜਦ ਮੈਂ ਉਸ ਨੂੰ ਪਿਛਲੀ ਵਾਰ ਮਿਲੀ ਤਾਂ ਮੈਂ ਉਸ ਨੂੰ ਨਾਂ ਨਾਲ ਹੀ ਜਾਣਦੀ ਸੀ । ਬੱਸ ਬਾਕੀਆਂ ਵਾਂਗ ਹੀ ਜਾਣਦੀ ਸਾਂ ਕਿ ਉਹ ਇਹ ਬਹੁਤ ਹੀ ਪ੍ਰਸਿੱਧ ਲੇਖਿਕਾ ਹੈ ਜਾਂ ਕਾਂਫੀ ਯੰਗ ਉਮਰ ਤੋਂ ਹੀ ਲਿੱਖ ਰਹੀ ਸੀ, ਜਿਸ ਦੇ ਨਾਵਲ ਕਹਾਣੀਆਂ ਦੀਆਂ ਪੁਸਤਕਾਂ ਬਹੁਤ ਸਾਰੀਆਂ ਭਾਸ਼ਾਵਾਂ 'ਚ ਛੱਪ ਚੁੱਕੀਆਂ ਸਨ ਤੇ ਉਸ ਦੇ ਸੁਭਾਅ ਤੋਂ ਸਭ ਜਾਣੂ ਸਨ ਕਿ ਉਹ ਕਿਸੇ ਨਾਲ ਵਾਧੂ ਬੋਲਦੀ ਨਹੀਂ ਸੀ ਨਾ ਕਿਸੇ ਇਨਾਮ ਸਮਰੋਹ 'ਤੇ ਜ਼ਿਆਦਾ ਜਾਂਦੀ ਸੀ । ਬੱਸ ਉਸ ਦੀ ਆਪਣੀ ਦੁਨੀਆਂ ਸੀ ਜਿਸ ਵਿੱਚ ਉਹ ਮਗਨ ਰਹਿੰਦੀ ਪਾਰਟ ਟਾਇਮ ਕਿਸੇ ਨਰਸਿੰਗ ਹੋਮ 'ਚ ਕੰਮ ਕਰਦੀ ਕੁਝ ਕੁ ਦਿਨ ਤੇ ਬਾਕੀ ਸਮ੍ਹਾਂ ਆਪਣੀਆਂ ਕਿਤਾਬਾਂ ਨੂੰ ਹੀ ਦਿੰਦੀ, ਸਾਲ 'ਚ ਇੱਕ-ਦੋ ਪੁਸਤਕਾਂ ਪਾਠਕਾਂ ਦੀ ਝੋਲੀ 'ਚ ਪਾ ਜਾਂਦੀ। ਪਾਠਕ ਵੀ ਬੇਸਬਰੀ ਨਾਲ ਉਸ ਦੀਆਂ ਲਿਖਤਾਂ ਦੀ ਉਡੀਕ ਕਰਦੇ ਸਨ । ਸੁਣਿਆ ਸੀ ਕਿ ਪੰਦਰਾਂ ਕੁ ਸਾਲਾਂ ਦੀ ਉਮਰ ਤੋਂ ਹੀ ਇਸ ਨੇ ਰਸਾਲੇ ਅਤੇ ਅਖਬਾਰਾਂ 'ਚ ਲਿੱਖਣਾ ਸ਼ੁਰੂ ਕਰ ਦਿੱਤਾ ਸੀ ।ਇੰਡੀਆਂ ਵਿੱਚ ਵੀ ਬਹੁਤ ਸਾਰੇ ਅਖਬਾਰਾਂ ਵਿੱਚ ਲੜੀਵਾਰ ਇਸ ਦੀਆਂ ਲਿੱਖੀਆਂ, ਕਹਾਣੀਆਂ, ਨਾਵਲ ਛੱਪਦੇ ਸਨ । ਯੂਕੇ ਤੋਂ ਬਿਨਾਂ ਹੋਰ ਅੱਲਗ-ਅੱਲਗ ਦੇਸ਼ਾਂ ਵਿੱਚ ਵੀ ਇਸ ਦੀਆਂ ਲਿਖਤਾਂ ਬੜੀ ਰੂਹ ਨਾਲ ਲੋਕ ਪੜ੍ਹਦੇ ਸਨ।




ਮੈਂ ਕਮਰੇ ਵਿੱਚ ਨਿਗ੍ਹਾ ਘੁੰਮਾਈ ਦੋ ਕਰੀਮ ਰੰਗ ਦੇ ਸੋਫੇ ਪਏ ਸਨ ਤੇ ਸਾਹਮਣੇ ਇੱਕ ਕੱਚ ਦਾ ਟੇਬਲ ਜਿਸ ਤੇ ਬਹੁਤ ਸਾਰੇ ਪੇਪਰ ਖਿਲਰੇ ਪਏ ਸਨ ਤੇ ਬਹੁਤ ਸਾਰੇ ਨਵੇਂ-ਪੁਰ-ਾਣੇ ਪੈੱਨ ਪਏ ਸਨ।

ਚਲਦਾ....

**ਜਸਵਿੰਦਰ ਸਿੰਘ "ਰੁਪਾਲ"**
+91 9814715796

# 28 ਨਵੰਬਰ ਨੂੰ ਜੋਤੀ ਜੋਤ ਸਮਾਉਣ ਦਿਵਸ ਤੇ ਵਿਸ਼ੇਸ਼ ---

# ਗੁਰੂ ਨਾਨਕ ਦੇ ਸ਼ਬਦਾਂ ਨੂੰ ਸੰਗੀਤ ਦੇਣ ਵਾਲੇ ਰਬਾਬੀ ਭਾਈ ਮਰਦਾਨਾ ਜੀ



ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ਬਦ ਰਾਹੀਂ ਜਗਤ ਨੂੰ ਤਾਰਿਆ ਸੀ, ਸ਼ਬਦ ਰਾਹੀਂ ਆਪਣਾ ਵਿਲੱਖਣ ਫਲਸਫਾ ਦਿੱਤਾ ਸੀ ਅਤੇ ਸ਼ਬਦ ਰਾਹੀਂ ਹੀ ਨਿਰਗੁਣਿਆਰਿਆ ਨੂੰ ਗੁਣਵਾਨ ਬਣਾਇਆ ਸੀ। ਇਹ ਬਾਬੇ ਦੇ ਸ਼ਬਦ ਦੀ ਚੋਟ ਹੀ ਸੀ ਜਿਸ ਨੇ ਕੌਡੇ ਰਾਖਸ਼, ਵਲੀ ਕੰਧਾਰੀ, ਸੱਜਣ ਠੱਗ ਅਤੇ ਹੋਰ ਲੱਖਾਂ ਦੇ ਜੀਵਨ ਵਿੱਚ ਵੱਡਾ ਇਨਕਲਾਬ ਲੈ ਆਂਦਾ ਸੀ। ਸੰਗੀਤ ਵਿੱਚ ਡੁੱਬਾ ਹੋਇਆ ਸ਼ਬਦ ਜਿਸ ਵੀ ਹਿਰਦੇ ਤੇ ਪੈਂਦਾ ਸੀ, ਉਹ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਜਾਂਦਾ ਸੀ। ਇਸ ਸ਼ਬਦ ਨੂੰ ਸੰਗੀਤਬੱਧ ਕਰਨ ਵਾਲੇ ਰਬਾਬੀ ਭਾਈ ਮਰਦਾਨਾ ਜੀ ਦਾ ਵੀ ਇਹ ਇਨਕਲਾਬ ਲਿਆਉਣ ਵਿੱਚ ਬਰਾਬਰ ਦਾ ਯੋਗਦਾਨ ਹੈ। ਕਿਹਾ ਜਾਂਦਾ ਏ ਕਿ ਬਾਬਾ ਨਾਨਕ ਆਖਦਾ ਸੀ, ਮਰਦਾਨਿਆ ਰਬਾਬ ਵਜਾ, ਬਾਣੀ ਆਈ ਏ। ਇਹ ਸਰਗਮ ਅਤੇ ਕਾਵਿ ਦਾ ਅਨੂਠਾ ਮੇਲ ਸੀ, ਜਿਸ ਨੇ ਕਰਾਮਾਤ ਕਹੀਆਂ ਜਾ ਸਕਣ ਵਾਲੀਆਂ ਘਟਨਾਵਾਂ ਨੂੰ ਜਨਮ ਦਿੱਤਾ।

ਭਾਈ ਮਰਦਾਨੇ ਦਾ ਬਾਬੇ ਨਾਨਕ ਦਾ ਪੱਕਾ ਸਾਥੀ ਬਣ ਜਾਣਾ ਆਪਣੇ ਆਪ ਵਿੱਚ ਇੱਕ ਵੱਡੀ ਕਰਾਮਾਤ ਸੀ। ਉਸ ਸਮੇ ਜਦੋ ਜਾਤ-ਪਾਤ ਅਤੇ ਛੂਤ-ਛਾਤ ਪੂਰੇ ਜੋਬਨ ਵਿੱਚ ਸੀ, ਉਦੋਂ ਨੀਵੀਂ ਜਾਤ ਵਜੋਂ ਜਾਣੀ ਜਾਂਦੀ ਮਰਾਸੀ ਜਾਤ ਨਾਲ ਸੰਬੰਧ ਰੱਖਣ ਵਾਲੇ ਮਰਦਾਨੇ ਨੂੰ ਸਦਾ ਆਪਣੇ ਨਾਲ ਰੱਖਣਾ, ਗੁਰੂ ਨਾਨਕ ਦੀ ਬਾਣੀ ਵਿੱਚ ਦੱਸਿਆ ਸਿਧਾਂਤ ਅਮਲੀ ਤੌਰ ਤੇ ਜੀਊ ਕੇ ਦਿਖਾਉਣ ਦਾ ਸਬੱਬ ਸੀ। ਨਾਨਕ ਬਾਣੀ ਵਿੱਚ ਸਾਫ ਲਿਖਿਆ ਏ---

**"ਨੀਚਾ ਅੰਦਰਿ ਨੀਚ ਜਾਤਿ**
**ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ**
**ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ**
**ਤਿਥੈ ਨਦਰਿ ਤੇਰੀ ਬਖਸੀਸ ॥"....**
(ਪੰਨਾ ੧੫, ਸਿਰੀ ਰਾਗੁ ਮਹਲਾ ੧)

ਅਤੇ ਸੱਚਮੁੱਚ ਨਦਰਿ ਹੋਈ ਵੀ !! ਭਾਈ ਮਰਦਾਨਾ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਖੇ ਹੀ ਪਿਤਾ ਮੀਰ ਬਾਦਰੇ ਦੇ ਘਰ ਮਾਤਾ ਲੱਖੋ ਦੀ ਕੁੱਖੋਂ 1459 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਡੂਮਾਂ ਵਾਲਾ ਖਾਨਦਾਨੀ ਕਿੱਤਾ ਕਰਦੇ ਸਨ, ਜਿਸ ਵਿੱਚ ਜਿੱਥੇ ਲੋਕਾਂ ਦੇ ਘਰ ਸੁਨੇਹੇ ਆਦਿ ਦੇਣ ਦਾ ਕੰਮ ਵੀ ਹੁੰਦਾ ਸੀ ਉੱਥੇ ਲੋਕਾਂ ਦੇ ਮਨੋਰੰਜਨ ਲਈ ਗਾਉਣਾ ਵੀ ਸ਼ਾਮਲ ਸੀ। ਕਿਹਾ ਜਾਂਦਾ ਏ ਕਿ ਮਾਤਾ ਲੱਖੋ ਦੇ ਛੇ ਬੱਚੇ ਹੋ ਕੇ ਮਰ ਗਏ ਸਨ ਅਤੇ ਇਹ ਸੱਤਵਾਂ ਬੱਚਾ ਸੀ, ਜਿਸ ਦਾ ਨਾਮ ਮਾਤਾ ਨੇ "ਮਰ ਜਾਣਾ" ਰੱਖਿਆ ਹੋਇਆ ਸੀ। ਉਸ ਨੂੰ ਇਸ ਦੇ ਵੀ ਛੇਤੀ ਮਰ ਜਾਣ ਦਾ ਡਰ ਸੀ। ਮਰਦਾਨੇ ਨੂੰ ਨਿੱਕੇ ਹੁੰਦੇ ਤੋਂ ਹੀ ਗਾਉਣ ਵਜਾਉਣ ਦਾ ਸ਼ੌਕ ਸੀ ਅਤੇ ਜਦੋਂ 1480 ਈਸਵੀ ਚ ਉਸ ਦੀ ਰਬਾਬ ਦੀ ਟੁਣਕਾਰ ਬਾਬੇ ਨਾਨਕ ਦੇ ਕੰਨਾਂ ਵਿੱਚ ਪਈ, ਬਾਬਾ ਮੋਹਿਆ ਗਿਆ ਅਤੇ ਮਰਦਾਨੇ ਨੂੰ ਸਦਾ ਲਈ ਆਪਣਾ ਸਾਥੀ ਬਣਾ ਲਿਆ। ਬਾਬਾ ਜੀ ਨੇ " ਮਰ ਜਾਣਾ" ਦੀ ਥਾਂ "ਮਰਦਾ ਨਾ" ਆਖਿਆ ਅਤੇ ਉਸ ਦਾ ਨਾਂ ਮਰਦਾਨਾ ਪ੍ਰਸਿੱਧ ਹੋਇਆ । ਦੋਵਾਂ ਦੀ ਪ੍ਰੀਤ ਗੂੜ੍ਹੀ ਹੁੰਦੀ ਗਈ। ਕੁਝ ਸਮਾਂ ਦੋਵੇਂ ਤਲਵੰਡੀ ਵਿਖੇ ਹੀ ਸਤਿ ਕਰਤਾਰ ਦੀ ਉਸਤਤ ਵਿੱਚ ਗੀਤ ਗਾਉਂਦੇ ਰਹੇ।



1487 ਈ ਚ ਬਾਬੇ ਨਾਨਕ ਦਾ ਵਿਆਹ ਹੋ ਗਿਆ ਅਤੇ ਉਪਰੰਤ ਪਿਤਾ ਕਾਲੂ ਨੇ ਕੰਮ ਵਿਚ ਪਾਉਣ ਲਈ ਗੁਰੂ ਨਾਨਕ ਨੂੰ ਭੈਣ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ। ਇੱਕ ਵਾਰੀ ਤਾਂ ਦੋ ਦੋਸਤਾਂ ਵਿੱਚ ਵਿਛੋੜਾ ਪੈ ਗਿਆ, ਪਰ ਜਲਦੀ ਹੀ ਮਰਦਾਨੇ ਨੂੰ ਨਾਨਕ ਦੀ ਖਬਰਸਾਰ ਲੈ ਆਉਣ ਲਈ ਮਹਿਤਾ ਕਾਲੂ ਨੇ ਤਲਵੰਡੀ ਘੱਲ ਦਿੱਤਾ। ਫੇਰ ਤਾਂ ਮਰਦਾਨਾ ਪੱਕਾ ਹੀ ਨਾਨਕ ਦਾ ਸਾਥੀ ਬਣ ਗਿਆ ਅਤੇ ਉਸਦੀ ਰਬਾਬ ਦਾ ਸੰਗੀਤ ਨਾਨਕ ਦੇ ਸ਼ਬਦਾਂ ਦਾ ਆਧਾਰ ਬਣਿਆ । ਬਾਬੇ ਨਾਨਕ ਨੇ ਵੱਖ ਵੱਖ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕੀਤੀਆਂ ਅਤੇ ਜੰਗਲ ਬੇਲਿਆਂ ਵਿੱਚ, ਰੇਗਿਸਤਾਨਾਂ ਵਿੱਚ, ਪਿੰਡਾਂ ਸ਼ਹਿਰਾਂ ਵਿੱਚ, ਸੰਤਾਂ ਅਤੇ ਠੱਗਾਂ ਨਾਲ ਮੁਲਾਕਾਤਾਂ ਸਮੇ ਭਾਈ ਮਰਦ-ਾਨਾ ਜੀ ਹਮੇਸ਼ਾ ਬਾਬੇ ਨਾਨਕ ਦੇ ਨਾਲ ਸਨ ਅਤੇ ਬਾਬੇ ਦੇ ਸ਼ਬਦ ਨੇ ਰਬਾਬ ਦੇ ਸੰਗੀਤ ਵਿਚੋਂ ਹੋ ਕੇ ਹੀ ਤਪਦੇ ਹਿਰਦਿਆਂ ਨੂੰ ਠਾਰਿਆ ।

ਜਨਮ ਸਾਖੀਆਂ ਦੇ ਲੇਖਕਾਂ ਨੇ ਭਾਈ ਮਰਦਾਨੇ ਨੂੰ ਭੁੱਖ ਦਾ ਸਤਾਇਆ ਹੋਇਆ ਲਿਖਿਆ ਹੈ, ਭਾਵੇ ਇਹ ਉਹਨਾਂ ਨੇ ਨਾਨਕ ਦੇ ਨਾਲ ਵਾਪਰੀਆਂ ਘਟਨਾਵਾਂ ਦਾ ਆਧਾਰ ਬਣਾਉਣ ਲਈ ਇਸ ਦੀ ਨਾਟਕੀ ਕਲਪਨਾ ਹੀ ਕੀਤੀ ਹੋਵੇ।ਕਿਉਂਕਿ ਇਹ ਗੱਲ ਹੈਰਾਨੀ ਵਾਲੀ ਹੈ ਕਿ ਲੱਗਭੱਗ 50 ਸਾਲ ਤੋਂ ਵੀ ਵੱਧ ਸਮਾਂ ਜਿਸ ਨੇ ਨਾਨਕ ਅਤੇ ਨਾਨਕ ਬਾਣੀ ਦਾ ਸਾਥ ਧੁਰ ਹਿਰਦੇ ਤੋਂ, ਰੂਹ ਤੋਂ ਮਾਣਿਆ ਹੋਵੇ ਉਸ ਨੂੰ ਦੁਨਿਆਵੀ ਭੁੱਖ ਤੰਗ ਕਰੇ, ਯਕੀਨ ਕਰਨਾ ਮੁਸ਼ਕਿਲ ਹੈ।

ਭਾਵੇ ਮਰਦਾਨਾ ਜੀ ਉਮਰ ਵਿੱਚ ਬਾਬੇ ਤੋਂ 10 ਸਾਲ ਵੱਡੇ ਸਨ, ਪਰ ਉਹਨਾਂ ਦੀ ਨਿਮਰਤਾ ਨੇ ਉਹਨਾਂ ਨੂੰ ਸਦਾ ਹੀ ਗੁਰ-ਚਰਨਾਂ ਦਾ ਭੌਰਾ ਬਣਾਈ ਰੱਖਿਆ। ਮਰਦਾਨਾ ਜੀ ਦਾ ਵਿਆਹ ਕਦੋ ਹੋਇਆ, ਇਤਿਹਾਸ ਵਿਚ ਕੋਈ ਸਰੋਤ ਨਹੀਂ ਮਿਲਦਾ, ਪਰ ਉਹਨਾਂ ਦੇ ਦੋ ਪੁੱਤਰਾਂ ਰਜਾਦਾ ਅਤੇ ਸਜਾਦਾ ਦਾ ਜਿਕਰ ਜਰੂਰ ਆਉਂਦਾ ਏ, ਜਿਹਨਾਂ ਵਿਚੋਂ ਸਜਾਦਾ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ।

ਭਾਈ ਮਰਦਾਨੇ ਦਾ ਗੁਰੂ ਨਾਨਕ ਨਾਲ ਕਿੰਨਾ ਜਿਆਦਾ ਪ੍ਰੇਮ ਸੀ ਇੱਕ ਛੋਟੀ ਜਿਹੀ ਘਟਨਾ ਤੋਂ ਅੰਦਾਜਾ ਲੱਗ ਸਕਦਾ ਹੈ। ਕਹਿੰਦੇ ਮਰਦਾਨਾ ਜੀ ਨੇ ਬਾਬੇ ਨੂੰ ਪੂਰੀ ਅਪਣੱਤ ਨਾਲ ਆਖਿਆ ਸੀ-- ਬਹੁਤਾ ਮਾਣ ਨਾ ਕਰੀਂ ਬਾਬਾ, ਤੇਰੇ ਤੇ ਮੇਰੇ ਵਿੱਚ ਬਹੁਤਾ ਫਰਕ ਨਹੀਂ। ਤੂ ਰੱਬ ਦਾ ਡੂਮ ਤੇ ਮੈਂ ਤੇਰਾ ਡੂਮ । । ਤੇ ਬਾਬੇ ਨੇ ਕਦੀ ਮਾਣ ਕੀਤਾ ਵੀ ਨਹੀਂ ਸੀ। ਮਰਦਾਨੇ ਨੂੰ ਅੰਤਮ ਸਮਾਂ ਆਉਣ ਤੋਂ ਪਹਿਲਾਂ ਬਾਬੇ ਨੇ ਪਰਖਣ ਦੇ ਲਹਿਜੇ ਵਿੱਚ ਪੁੱਛਿਆ ਕਿ ਜੇ ਤੂੰ ਆਖੇਂ ਤੇਰੇ ਮਰਨ ਪਿੱਛੋਂ ਤੇਰੀ ਸਮਾਧ ਬਣਵਾ ਦੇਈਏ। ਮਰਦਾਨੇ ਹੱਥ ਜੋੜ ਕੇ ਕਿਹਾ, ਬਾਬਾ ਤੇਰੇ ਨਾਲ ਰਹਿ ਕੇ ਇਹੀ ਤਾਂ ਸਿੱਖਿਆ ਹੈ। ਇੱਕ ਕਬਰ ਚੋਂ ਕੱਢ ਕੇ ਦੂਜੀ ਵਿੱਚ ਕਿਉ ਪਾਉਣਾ ਏ ??? ਬਾਬੇ ਨਾਨਕ ਨੇ ਖੁਸ਼ ਹੋ ਕੇ ਉਸਨੂੰ ਬ੍ਰਹਮ-ਗਿਆਨੀ ਹੋਣ ਦੀ ਉਪਾਧੀ ਦਿੱਤੀ।

ਭਾਈ ਸਾਹਿਬ ਦੇ ਦਿਹਾਂਤ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਕੁਝ 1534 ਈਸਵੀ ਨੂੰ ਦੱਸਦੇ ਹਨ, ਤੇ ਕੁਝ 1538 ਈ ਵਿੱਚ ਇਸੇ ਤਰਾਂ ਇੱਕ ਵਿਚਾਰ ਵਿੱਚ ਭਾਈ ਸਾਹਿਬ ਨੇ ਆਪਣਾ ਸਰੀਰ ਅਫਗਾਨਿਸਤਾਨ ਵਿੱਚ ਕੁਰਮ ਨਦੀ ਦੇ ਕੰਢੇ ਕੁਰਮ ਨਗਰ ਵਿੱਚ ਛੱਡਿਆ, ਜਦ ਕਿ ਦੂਜੇ ਵਿਚਾਰ ਵਿੱਚ ਉਹਨਾਂ ਨੇ ਕਰਤਾਰਪੁਰ ਸਾਹਿਬ ਦੇਹ ਤਿਆਗੀ। ਇਹ ਸਾਰੇ ਵਿਦਵਾਨ ਮੰਨਦੇ ਹਨ ਕਿ ਉਹਨਾਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਨਾਲ ਉਹਨਾਂ ਦੇ ਕਰਤਾਰ-ਪੁਰ ਸਾਹਿਬ ਸਵਰਗਵਾਸ ਹੋਣ ਦਾ ਵਿਚਾਰ ਵਧੇਰੇ ਠੀਕ ਜਾਪਦਾ ਹੈ ਕਿਉਂਕਿ ਸਿਰਫ ਸੰਸਕਾਰ ਕਰਨ ਲਈ ਨਾਨਕ ਜੀ ਦਾ ਅਫਗਾਨਿਸਤਾਨ ਜਾਣ ਦਾ ਕਿਤੇ ਜਿਕਰ ਨਹੀਂ ਮਿਲਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਰਦ-ਾਨਾ ਜੀ ਦੇ ਨਾਮ ਹੇਠ ਦੋ ਸਲੋਕ ਦਰਜ ਹਨ। ਵਿਦਵਾਨਾਂ ਦੇ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦੇ ਵਿਚਾਰਾਂ ਨੂੰ ਕਾਵਿ-ਰੂਪ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪ ਪ੍ਰਗਟਾਇਆ ਹੈ ਅਤੇ ਅੰਤ ਤੇ ਨਾਨਕ ਨਾਂ ਦੀ ਮੋਹਰ ਛਾਪ ਵੀ ਹੈ। ਬਾਣੀ ਰਾਹੀਂ ਮਰਦਾਨੇ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ।

ਇਹ ਸਲੋਕ ਹਨ---

1. ਕਲਿ ਕਲਵਾਲੀ ਕਾਮੁ ਮਦ ਮਨੂਆ ਪੀਵਣਹਾਰੁ ।
ਕ੍ਰੋਧੁ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ।
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।
ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ ।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ ।.
(ਪੰਨਾ ੫੫੩,ਸਲੋਕ ਮਰਦਾਨਾ ੧)

2. ਕਾਇਆ ਲਾਹਣਿ ਆਪੁ ਮਦ ਮਜਲਸ ਤ੍ਰਿਸਨਾ ਧਾਤੁ।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕ-ਾਲੁ ।
ਇਤੁ ਮਦੁ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।
ਗਿਆਨੁ ਮਾਸੁ ਸਾਲਾਹ ਮੰਡੇ ਭਉ ਮਾਸੁ ਆਹਾਰੁ ।
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ।.....(ਪੰਨਾ ੫੫੩, ਮਰਦਾਨਾ ੧)

ਅਤੇ ਇੱਕ ਪਉੜੀ ਵੀ ਹੈ--
**ਆਪੇ ਸੁਰਿ ਨਰ ਗਣ ਗੰਧਰਵਾ**
**ਆਪੇ ਖਟ ਦਰਸਨ ਕੀ ਬਾਣੀ।**

ਦੋਹਾਂ ਸ਼ਬਦਾਂ ਦਾ ਅਰਥ ਭਾਵ ਲੱਗਭੱਗ ਇੱਕੋ ਜਿਹਾ ਹੈ। ਜਿਨਾਂ ਵਿੱਚ ਵਿਕਾਰਾਂ ਦੇ ਨਸ਼ਿਆਂ ਤੌਂ ਵਰਜਦੇ ਹੋਏ ਇੱਕੋ ਇੱਕ ਸਦੀਵੀ ਨਸ਼ਾ ਨਾਮ ਦਾ ਕੀਤੇ ਜਾਣ ਦੀ ਹਦਾਇਤ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਜਿਕਰ ਕਰਨ ਸਮੇ ਭਾਈ ਮਰਦਾਨਾ ਜੀ ਦਾ ਜਿਕਰ ਵੀ ਪੂਰੇ ਸਤਿਕਾਰ ਸਹਿਤ ਕੀਤਾ ਹੈ---
ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ । ........ (ਭਾਈ ਗੁਰਦਾਸ ਜੀ, ਵਾਰ ੧ ਪਉੜੀ ੩੫)

ਦੁਆ ਕਰਦੇ ਹਾਂ ਕਿ ਸਾਨੂੰ ਸ਼ਬਦ ਦੇ ਨਾਲ ਨਾਲ ਰਬਾਬ ਦੀ ਧੁਨ ਵੀ ਹਮੇਸ਼ਾ ਸੁਣਦੀ ਰਹੇ। ਜਿੰਨੀ ਦੇਰ ਬਾਬੇ ਨਾਨਕ ਦਾ ਅਤੇ ਉਸਦੀ ਬਾਣੀ ਦਾ ਜਿਕਰ ਹੁੰਦਾ ਰਹੇਗਾ, ਭਾਈ ਮਰਦਾਨਾ ਜੀ ਦਾ ਨਾਂ ਵੀ ਉਤਨੇ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

* * * * * *


# ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਸੰਬੰਧੀ ਨੀਅਤ ਤੇ ਨੀਤੀ ਬਦਲਣੀ ਪਵੇਗੀ

ਉਜਾਗਰ ਸਿੰਘ



ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਆਪਣੀ ਵੱਖਰੀ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਕਰਨ ਲਈ ਚੰਡੀਗੜ੍ਹ ਵਿੱਚ 10 ਏਕੜ ਜ਼ਮੀਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਪੰਜਾਬੀਆਂ ਨੂੰ ਮਨਜ਼ੂਰ ਨਹੀਂ। ਪੰਜਾਬ ਤੇ ਪੰਜਾਬੀਆਂ ਨਾਲ ਸਰਾਸਰ ਧੱਕਾ ਹੈ। ਪੰਜਾਬ ਪੁਨਰਵਾਸ ਐਕਟ ਅਨੁਸਾਰ ਸੰਸਦ ਦੀ ਪ੍ਰਵਾਨਗੀ ਤੋਂ ਬਿਨਾ ਕੇਂਦਰ ਇਹ ਫ਼ੈਸਲਾ ਕਰ ਹੀ ਨਹੀਂ ਸਕਦਾ। ਜਦੋਂ ਕੋਈ ਨਵਾਂ ਰਾਜ ਬਣਦਾ ਹੈ ਤਾਂ ਉਸਦੀ ਰਾਜਧਾਨੀ ਵੀ ਨਵੀਂ ਬਣਦੀ ਹੈ। ਚੰਡੀਗੜ੍ਹ ਤਾਂ ਸਾਂਝੇ ਪੰਜਾਬ ਦੇ 22 ਪਿੰਡ ਉਜਾੜਕੇ ਬਣਾਇਆ ਗਿਆ ਸੀ। ਇਸ ਲਈ ਚੰਡੀਗੜ੍ਹ ਪੰਜਾਬ ਦਾ ਹੈ। 1984 ਤੱਕ ਚੰਡੀਗੜ੍ਹ ਦਾ ਪ੍ਰਸ਼ਾਸ਼ਨਿਕ ਅਧਿਕਾਰੀ ਪੰਜਾਬ ਕੇਡਰ ਦਾ ਆਈ.ਏ.ਐਸ.ਅਧਿਕਾਰੀ ਚੀਫ਼ ਕਮਿਸ਼ਨਰ ਹੁੰਦਾ ਸੀ। 1984 ਵਿੱਚ ਜਦੋਂ ਪੰਜਾਬ ਵਿੱਚ 'ਦਾ ਪੰਜਾਬ ਡਿਸਟਰਬਡ ਏਰੀਆ ਐਕਟ' ਲਾਗੂ ਹੋਇਆ ਤਾਂ ਚੀਫ਼ ਕਮਿਸ਼ਨਰ ਦੀ ਥਾਂ ਚੰਡੀਗੜ੍ਹ ਦੀਆਂ ਪ੍ਰਸ਼ਾਸ਼ਨਿਕ ਸ਼ਕਤੀਆਂ ਰਾਜਪਾਲ ਪੰਜਾਬ ਨੂੰ ਦੇ ਦਿੱਤੀਆਂ ਤੇ ਉਸਨੂੰ ਚੰਡੀਗੜ੍ਹ ਦਾ ਐਡਮਨਿਸਿਟਰੇਟਰ ਵੀ ਬਣਾ ਦਿੱਤਾ ਤਾਂ ਜੋ ਚੰਡੀਗੜ੍ਹ ਨਾਲ ਤਾਲਮੇਲ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਹ ਸ਼ਕਤੀਆਂ ਰਾਜਪਾਲ ਨੂੰ ਪੰਜਾਬ ਦਾ ਰਾਜਪਾਲ ਹੋਣ ਕਰਕੇ ਦਿੱਤੀਆਂ ਗਈਆਂ ਸਨ। 'ਦਾ ਪੰਜਾਬ ਡਿਸਟਰਬਰਡ ਏਰੀਆ ਐਕਟ' ਪੰਜਾਬ ਵਿੱਚੋਂ 2008 ਅਤੇ ਚੰਡੀਗੜ੍ਹ ਵਿੱਚੋਂ 2012 ਵਿੱਚੋਂ ਹਟਾ ਦਿੱਤਾ ਗਿਆ। ਜਦੋਂ ਇਹ ਐਕਟ ਹੋਂਦ ਵਿੱਚ ਹੀ ਨਹੀਂ ਰਿਹਾ ਤਾਂ ਫਿਰ ਚੰਡੀਗੜ੍ਹ ਦੀਆਂ ਪ੍ਰਸ਼ਾਸ਼ਨਿਕ ਸ਼ਕਤੀਆਂ ਪੰਜਾਬ ਕੇਡਰ ਦੇ ਆਈ. ਏ. ਐਸ. ਅਧਿਕਾਰੀ ਨੂੰ ਚੀਫ਼ ਕਮਿਸ਼ਨਰ ਲਗਾ ਕੇ ਕੇਂਦਰ ਸਰਕਾਰ ਕਿਉਂ ਨਹੀਂ ਦੇ ਰਹੀ? ਪੰਜਾਬ ਨਾਲ ਸਰਾਸਰ ਧੱਕਾ ਹੈ। ਚੜ੍ਹਦੇ ਪੰਜਾਬ ਦੀ ਵੰਡ ਸਮੇਂ ਜਦੋਂ 1966 ਵਿੱਚ ਪੰਜਾਬੀ ਸੂਬਾ ਬਣਾਇਆ ਗਿਆ ਸੀ ਤਾਂ ਪੰਜਾਬ ਵਿੱਚੋਂ ਨਿਕਲਣ ਵਾਲੇ ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਸੀ ਤੇ ਨਾਲ ਹੀ ਚੰਡੀਗੜ੍ਹ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ। ਇਹ ਅਸਥਾਈ ਪ੍ਰਬੰਧ ਸੀ ਤੇ ਇਹ ਵੀ ਕਿਹਾ ਗਿਆ ਸੀ ਕਿ ਪੰਜਾਬ ਨੂੰ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀਆਂ ਦਾ ਮਸਲਾ ਹਲ ਕਰ ਲਿਆ ਜਾਵੇਗਾ। ਬਾਅਦ ਵਿੱਚ ਹਰਿਆਣਾ ਆਪਣੀ ਰਾਜਧਾਨੀ ਆਪਣੇ ਸੂਬੇ ਵਿੱਚ ਪੰਚਕੂਲਾ ਵਿਖੇ ਬਣਾ ਲਵੇਗਾ।

1966 ਵਿੱਚ 'ਪੰਜਾਬ ਪੁਨਰਵਾਸ ਐਕਟ' ਲਾਗੂ ਹੋਇਆ। 1970 ਵਿੱਚ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਅਤੇ ਹਰਿਆਣਾ ਨੂੰ ਫਾਜਿਲਕਾ ਦਾ ਹਿੰਦੀ ਬੋਲਦਾ ਇਲਾਕਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਦੇ ਨਾਲ ਹੀ ਪੰਜਾਬ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਲਈ 20 ਕਰੋੜ ਰੁਪਏ ਦੇਵੇਗਾ। ਜਦੋਂ 12 ਸਾਲ ਇਹ ਫ਼ੈਸਲਾ ਲਾਗੂ ਨਾ ਹੋਇਆ ਤਾਂ ਅਕਾਲੀ ਦਲ ਨੇ 1982 ਵਿੱਚ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕੇ ਲੈਣ ਲਈ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ। ਇਹ ਧਰਮ ਯੁੱਧ ਮੋਰਚਾ ਅਕਾਲੀ ਦਲ ਦੇ ਹੱਥੋਂ ਨਿਕਲਕੇ ਕਰੂਪ ਰੂਪ ਧਾਰ ਗਿਆ, ਜਿਸਦਾ ਇਵਜਾਨਾ ਪੰਜਾਬ/ਪੰਜਾਬੀਆਂ/ਸਿੱਖਾਂ ਨੂੰ ਭੁਗਤਣਾ ਪਿਆ। 1985 ਵਿੱਚ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ, ਸਮਝੌਤੇ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਵਾਅਦਾ ਵੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਵਰਗ ਸਿਧਾਰ ਜਾਣ ਕਰਕੇ ਇਹ ਫ਼ੈਸਲਾ ਲਾਗੂ ਨਹੀਂ ਹੋ ਸਕਿਆ। 1997 ਵਿੱਚ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਰਾਜਪਾਲ ਨੇ ਆਪਣੇ ਭਾਸ਼ਣ ਵਿੱਚ ਚੰਡੀਗੜ੍ਹ ਜਲਦੀ ਪੰਜਾਬ ਨੂੰ ਦੇਣ ਲਈ ਕਿਹਾ। ਇਸ ਤੋਂ ਬਾਅਦ ਹਰਿਆਣਾ ਨੇ ਆਪਣੀ ਵਿਧਾਨ ਸਭਾ ਵਿੱਚ ਚੰਡੀਗੜ੍ਹ 'ਤੇ ਹਰਿਆਣਾ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ। ਇਸ ਰੇੜਕੇ ਦੌਰਾਨ 2021 ਵਿੱਚ ਹਰਿਆਣਾ ਦੇ ਤਤਕਾਲ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਲਈ ਵੱਖਰੀ ਵਿਧਾਨ ਸਭਾ ਚੰਡੀਗੜ੍ਹ ਵਿੱਚ ਬਣਾਉਣ ਲਈ ਜ਼ਮੀਨ ਦੇਣ ਵਾਸਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਦਿੱਤੀ। 1 ਅਪ੍ਰੈਲ 2022 ਨੂੰ ਪੰਜਾਬ ਨੇ ਵਿਧਾਨ ਸਭਾ ਵਿੱਚ ਚੰਡੀਗੜ੍ਹ ਪੰਜਾਬ ਨੂੰ ਤੁਰੰਤ ਦੇਣ ਦਾ ਮਤਾ ਪਾਸ ਕਰ ਦਿੱਤਾ। 5 ਅਪ੍ਰੈਲ 2022 ਨੂੰ ਹਰਿਆਣਾ ਵਿਧਾਨ ਸਭਾ ਨੇ ਆਪਣੇ ਹੱਕ ਦਾ ਮਤਾ ਪਾਸ ਕਰ ਦਿੱਤਾ। ਜੁਲਾਈ 2022 ਵਿੱਚ ਜੈਪੁਰ ਵਿਖੇ ਉਤਰੀ ਜੋਨਲ ਕੌਂਸਲ ਦੀ ਮੀਟਿੰਗ ਵਿੱਚ ਮਨੋਹਰ ਲਾਲ ਖੱਟਰ ਨੇ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦੀ ਆਪਣੀ ਮੰਗ ਦੁਹਰਾ ਦਿੱਤੀ। ਅਮਿਤ ਸ਼ਾਹ ਨੇ ਤੁਰੰਤ ਜ਼ਮੀਨ ਦੇਣ ਦਾ ਐਲਾਨ ਕਰ ਦਿੱਤਾ। ਇੱਕ ਸਾਲ ਬਾਅਦ ਜੁਲਾਈ 2023 ਵਿੱਚ ਚੰਡੀਗੜ੍ਹ ਪ੍ਰਸ਼ਾਸ਼ਨ ਜ਼ਮੀਨ ਦੇਣ ਲਈ ਸਹਿਮਤ ਹੋ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਮਾਮਲੇ ਵਿੱਚ ਸੰਜੀਦਗੀ ਨਹੀਂ ਵਿਖਾਈ ਸਗੋਂ ਆਪਣੀ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹੇ। ਹਾਲਾਂ ਕਿ ਅਕਾਲੀ ਦਲ , ਬੀ.ਜੇ.ਪੀ. ਅਤੇ ਕਾਂਗਰਸ ਪਾਰਟੀ ਦੀਆਂ ਇੱਕੋ ਸਮੇਂ ਪੰਜਾਬ, ਹਰਿਆਣਾ ਅਤੇ ਕੇਂਦਰ ਵਿੱਚ ਸਰਕਾਰਾਂ ਰਹੀਆਂ ਹਨ। ਕੋਈ ਫ਼ੈਸਲਾ ਤਾਂ ਕਰਵਾ ਸਕਦੀਆਂ ਸਨ।



ਮਈ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਵਿੱਚੋਂ ਕੁਲ ਪੋਲ ਹੋਈਆਂ ਵੋਟਾਂ ਵਿੱਚੋਂ 19 ਫ਼ੀ ਸਦੀ ਵੋਟਾਂ ਭਾਰਤੀ ਜਨਤਾ ਪਾਰਟੀ ਦੀ ਝੋਲੀ ਵਿੱਚ ਪੈਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਸਰਕਾਰ ਬਣਾਉਣ ਦੇ ਸਪਨੇ ਸਿਰਜਣ ਲੱਗ ਪਈ ਹੈ। ਸਰਕਾਰ ਬਣਾਉਣ ਦੇ ਸਪਨੇ ਲੈਣਾ ਕਿਸੇ ਵੀ ਸਿਆਸੀ ਪਾਰਟੀ ਦਾ ਜਮਹੂਰੀ ਹੱਕ ਹੁੰਦਾ ਹੈ, ਪ੍ਰੰਤੂ ਅਜਿਹੇ ਸਪਨੇ ਲੈਣ ਸਮੇਂ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਲਈ ਵੀ ਬਚਨਵੱਧ ਹੋਣਾ ਚਾਹੀਦਾ ਹੈ। ਪਰ ਉਹ ਪੰਜਾਬ/ਪੰਜਾਬੀਆਂ/ ਸਿੱਖਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲਣ ਲਈ ਤਿਆਰ ਹੀ ਨਹੀਂ। ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਜ਼ਮੀਨ ਦੇਣ ਵਰਗੇ ਪੱਖਪਾਤੀ ਫ਼ੈਸਲਿਆਂ ਤੋਂ ਬਾਅਦ ਵੀ ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਦੀ ਸੋਚ ਰਹੀ ਹੈ ਤਾਂ ਮੰਗੇਰੀ ਲਾਲ ਦੇ ਸਪਨਿਆਂ ਤੋਂ ਵੱਧ ਕੁਝ ਵੀ ਨਹੀਂ ਹੈ। ਭਾਰਤੀ ਜਨਤਾ ਪਾਰਟੀ ਨਵੀਂਆਂ ਹੀ ਗੋਂਦਾਂ ਗੁੰਦ ਕੇ ਪੰਜਾਬ/ਪੰਜਾਬੀਆਂ/ਸਿੱਖਾਂ ਨੂੰ ਨੀਵਾਂ ਵਿਖਾਉਣ ਦੀ ਕੋਈ ਕਸਰ ਨਹੀਂ ਛੱਡ ਰਹੀ। ਭਾਰਤੀ ਜਨਤਾ ਪਾਰਟੀ ਦੇ ਕੁਝ ਲੀਡਰ ਪੰਜਾਬੀਆਂ/ਸਿੱਖਾਂ ਨੂੰ ਦੇਸ਼ ਵਿਰੋਧੀ ਕਹਿ ਦਿੰਦੇ ਹਨ। ਸਾਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਦੀ ਅਜੇ ਵੀ ਲੋੜ ਹੈ। ਕਿਸਾਨ ਅੰਦੋਲਨ ਦੌਰਾਨ ਗ਼ਲਤ ਇਲਜ਼ਾਮ ਕਿਸਾਨਾ 'ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਲਗਾਏ, ਕਦੇ ਉਨ੍ਹਾਂ ਨੂੰ ਅਤਵਾਦੀ, ਖਾਲਿਸਤਾਨੀ ਅਤੇ ਕਦੇ ਕੁਝ ਹੋਰ ਕਿਹਾ ਜਾਂਦਾ ਰਿਹਾ। ਐਕਟਰੈਸ ਕੰਗਣਾ ਰਣੌਤ ਅਕਸਰ ਪੰਜਾਬੀਆਂ/ਸਿੱਖਾਂ ਬਾਰੇ ਵਿਵਾਦਤ ਬਿਆਨ ਦਿੰਦੀ ਰਹਿੰਦੀ ਹੈ। ਕਦੇ ਉਸਨੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਵਾਲੀਆਂ ਇਸਤਰੀਆਂ ਬਾਰੇ ਮੰਦਾ ਬੋਲਦਿਆਂ ਕਿਹਾ ਕਿ ਇਹ ਔਰਤਾਂ 200 ਰੁਪਏ ਵਿੱਚ ਭਾੜੇ 'ਤੇ ਲਿਆਂਦੀਆਂ ਹੋਈਆਂ ਹਨ, ਕਦੇ ਪੰਜਾਬੀਆਂ/ਸਿੱਖਾਂ ਨੂੰ ਨਸ਼ਈ, ਖਾਲਿਸਤਾਨੀ ਅਤੇ ਕਦੀ ਐਮਰਜੈਂਸੀ ਫਿਲਮ ਵਿੱਚ। ਸ੍ਰੀ ਗੁਰੂ ਤੇਗ ਬਹਾਦਰ ਨੇ ਦਿੱਲੀ ਜਾ ਕੇ ਕਸ਼ਮੀਰੀ ਪੰਡਤਾਂ ਦੀ ਜਾਨ ਬਚਾਉਣ ਲਈ ਆਪਣੀ ਆਹੂਤੀ ਦਿੱਤੀ ਸੀ। ਉਦੋਂ ਕੋਈ ਹੋਰ ਹਿੰਦੂਆਂ ਦੀ ਰੱਖਿਆ ਲਈ ਕਿਉਂ ਨਹੀਂ ਆਇਆ? ਹਿੰਦੂ ਤਾਂ ਰਹਿੰਦੀ ਦੁਨੀਆਂ ਤੱਕ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਮੋੜ ਸਕਦੇ।

ਜਦੋਂ ਤੋਂ ਕੇਂਦਰ ਵਿੱਚ 2014 ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬਣੀ ਹੈ ਤਾਂ ਭਾਰਤੀ ਜਨਤਾ ਪਾਰਟੀ ਦੀ ਨੀਤੀ ਤੇ ਨੀਅਤ ਬਦਲ ਗਈ ਹੈ। ਭਾਰਤੀ ਜਨਤਾ ਪਾਰਟੀ 'ਤੇ ਇਲਜ਼ਾਮ ਲੱਗਦਾ ਹੈ, ਕਿਸੇ ਹੱਦ ਤੱਕ ਸਹੀ ਵੀ ਹੈ ਕਿ ਉਹ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਨਹੀਂ ਕਰਦੀ ਸਗੋਂ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਚਲ ਰਹੀ ਹੈ। 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਪਹਿਲੀ ਵਾਰ ਇਕੱਲਿਆਂ ਚੋਣਾਂ ਲੜੀਆਂ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ 117 ਵਿਧਾਨ ਸਭਾ ਦੀਆਂ ਸੀਟਾਂ ਵਿੱਚੋਂ 73 ਸੀਟਾਂ 'ਤੇ ਚੋਣ ਲੜੀ ਸੀ ਅਤੇ 6.60 ਫ਼ੀ ਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। 2024 ਦੀਆਂ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਨੇ 13 ਸੀਟਾਂ ਤੋਂ ਚੋਣ ਲੜੀ ਸੀ। ਆਯੋਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਕਰਕੇ ਮੋਦੀ ਲਹਿਰ ਹੋਣ ਕਰਕੇ ਭਾਰਤੀ ਜਨਤਾ ਪਾਰਟੀ 18.56 ਫ਼ੀ ਸਦੀ ਵੋਟਾਂ ਲੈ ਗਈ ਪ੍ਰੰਤੂ ਇੱਕ ਵੀ ਸੀਟ ਜਿੱਤ ਨਹੀਂ ਸਕੀ। ਪੰਜਾਬ ਵਿੱਚ ਘੱਟ ਗਿਣਤੀਆਂ ਤਾਂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੀਆਂ ਨੀਤੀਆਂ ਥੱਲੇ ਪਿਸ ਰਹੀਆਂ ਹਨ। ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਪਣੇ ਪੈਰ ਸਪਾਰਨਾ ਚਾਹੁੰਦੀ ਹੈ ਤਾਂ ਉਸਨੂੰ ਆਪਣੀ ਨੀਅਤ ਅਤੇ ਨੀਤੀ ਵਿੱਚ ਸੋਧ ਕਰਨੀ ਪਵੇਗੀ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਨੇ ਬਹੁਤ ਸਾਰੇ ਪੰਜਾਬੀਆਂ/ਸਿੱਖਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਕੇ ਲੋਕ ਸਭਾ ਦੀਆਂ ਟਿਕਟਾਂ ਵੀ ਦਿੱਤੀਆਂ ਅਤੇ ਕਈ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤ ਵੀ ਕੀਤਾ ਹੈ। ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਸੰਸਦੀ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਬਣਾਕੇ ਰੇਲਵੇ ਵਰਗਾ ਮਹੱਤਵਪੂਰਨ ਵਿਭਾਗ ਦਿੱਤਾ ਗਿਆ ਹੈ। ਪੰਜਾਬ ਦੀਆਂ ਚਾਰ ਉਪ ਚੋਣਾਂ ਵਿੱਚ ਵੀ ਚਾਰੇ ਸਿੱਖ ਉਮੀਦਵਾਰ ਬਣਾਏ ਹਨ, ਪ੍ਰੰਤੂ ਇਸ ਦੇ ਉਲਟ ਪੰਜਾਬੀਆਂ/ਸਿੱਖਾਂ ਬਾਰੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਬਿਆਨ ਦੇ ਰਹੇ ਹਨ। ਹੁਣ ਤੱਕ ਕੀਤੇ ਕੰਮਾਂ ਦਾ ਸਿਹਰਾ ਵੀ ਖ਼ਤਮ ਹੋ ਜਾਵੇਗਾ ਇਸ ਪ੍ਰਕਾਰ ਪਾਰਟੀ ਪੰਜਾਬੀਆਂ/ਸਿੱਖਾਂ ਦਾ ਵਿਸ਼ਵਾਸ਼ ਜਿੱਤ ਨਹੀਂ ਸਕਦੀ। ਭਾਰਤੀ ਜਨਤਾ ਪਾਰਟੀ ਨੂੰ ਦੋਗਲੀ ਨੀਤੀ ਤੋਂ ਖਹਿੜਾ ਛੁਡਾਉਣਾ ਪਵੇਗਾ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਚਿੱਕੜ ਵਿੱਚ ਗਰਕੇ ਪੁਰਾਣੇ ਸਮਾਜ ਦੇ ਖ਼ਿਲਾਫ਼ ਲੜਨ ਵਾਲ਼ੀ ਬਹਾਦਰ ਕੁੜੀ ਦੀ ਗਾਥਾ

## ਪੁਸਤਕ ਸਮੀਖਿਆ


### ਸ਼ਿਵਚਰਨ ਜੱਗੀ ਕੁੱਸਾ



## ਝੱਲੀ

### (ਨਾਵਲ)

**ਲੇਖਿਕਾ : ਸ਼ਗੁਫ਼ਤਾ ਗਿੰਮੀ ਲੋਧੀ**







ਅਸਲ ਲੇਖਕ ਜਾਂ ਲੇਖਿਕਾ ਮੰਨਿਆਂ ਹੀ ਉਸ ਨੂੰ ਜਾਂਦਾ ਹੈ, ਜੋ ਕਲੰਕਿਤ ਸਮਾਜ ਅਤੇ ਉਸ ਦੀਆਂ ਬੁਰਾਈਆਂ ਨਾਲ਼ ਸਿੱਧੀ ਟੱਕਰ ਲੈ ਕੇ ਲਿਖੇ। ਜੋ ਨਾ ਤਾਂ ਕਿਸੇ ਦਬਾਅ ਹੇਠ ਆਵੇ ਅਤੇ ਨਾ ਹੀ ਕਿਸੇ ਲਾਲਚ ਵੱਸ ਹੋ ਕੇ ਚੱਲੇ। ਉਹੀ ਲੇਖਕ ਲੋਕਾਂ ਨੇ ਕਬੂਲ ਕੀਤੇ ਹਨ, ਜਿੰਨ੍ਹਾਂ ਨੇ ਲੋਕਾਂ ਦੇ ਹੱਕ-ਸੱਚ ਦੀ ਨੰਗੇ ਧੜ ਗੱਲ ਕੀਤੀ ਅਤੇ ਸਮਾਜ ਦੇ ਵੈਰੀਆਂ ਨੂੰ ਲਲਕਾਰਿਆ। ਸ਼ਗੁਫ਼ਤਾ ਗਿੰਮੀ ਲੋਧੀ ਪਾਕਿਸਤਾਨ ਮੂਲ ਦੀ ਚਰਚਿਤ ਲੇਖਿਕਾ ਹੈ, ਜੋ ਆਪਣੇ ਪ੍ਰੀਵਾਰ ਸਮੇਤ ਪੱਕੇ ਤੌਰ ਉਪਰ ਲੰਡਨ ਵਸ ਰਹੀ ਹੈ। ਉਸ ਦਾ ਇਹ ਛੋਟਾ ਜਿਹਾ ਨਾਵਲ ਮੈਨੂੰ ਕਿਤੇ-ਕਿਤੇ ਰਸੂਲ ਹਮਜ਼ਾਤੋਵ ਦੀ ਅਮਰ ਕਿਰਤ "ਮੇਰਾ ਦਾਗਿਸਤਾਨ" ਦੀ ਯਾਦ ਦਿਵਾਉਂਦਾ ਹੈ। "ਝੱਲੀ" ਨਾਵਲ ਦਾ ਇੱਕ ਪਾਤਰ ਜਦ ਵਾਰਤਾਲਾਪ ਕਰਦੇ ਕਾਮਰੇਡਾਂ ਨੂੰ ਇੱਕ ਤਰ੍ਹਾਂ ਨਾਲ਼ ਵੰਗਾਰ ਕੇ ਮਾਰਗ ਦਰਸ਼ਕ ਬਣਦਾ ਆਖਦਾ ਹੈ, "ਓਏ ਝੱਲਿਓ ਇਨਕਲਾਬੀਓ...! ਮੇਰੀ ਗੱਲ ਧਿਆਨ ਨਾਲ਼ ਸੁਣੋ...! ਸਮਾਜਿਕ ਤਬਦੀਲੀਆਂ ਲਈ ਬੁਨਿਆਦੀ ਤਬਦੀਲੀਆਂ ਦੀ ਲੋੜ ਹੁੰਦੀ ਹੈ। ਸਭ ਤੋਂ ਪਹਿਲਾਂ ਸਿੱਖਿਆ ਨੂੰ ਹਰ ਤਬਕੇ ਤੱਕ ਪਹੁੰਚਾਉਣਾ ਜ਼ਰੂਰੀ ਹੈ...। ਸਿੱਖਿਆ ਨੂੰ ਸਿਰਫ਼ ਅਮੀਰ ਤਬਕੇ ਤੱਕ ਹੀ ਸੀਮਤ ਨਾ ਰੱਖਿਆ ਜਾਵੇ...। ਸਗੋਂ ਹਰ ਬੱਚੇ ਨੂੰ ਉੱਚ-ਸਿੱਖਿਆ ਤੱਕ ਪਹੁੰਚ ਹਾਸਲ ਹੋਣੀ ਚਾਹੀਦੀ ਹੈ..। ਹਕੂਮਤ ਅਤੇ ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਅਜਿਹੇ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ, ਜੋ ਪਿੰਡਾਂ ਅਤੇ ਸ਼ਹਿਰਾਂ, ਦੋਹਾਂ ਇਲਾਕਿਆਂ ਵਿੱਚ ਸਿੱਖਿਆਈ ਮੌਕੇ ਪ੍ਰਦਾਨ ਕਰ ਸਕਣ..।" ਇਹ ਸਿੱਖਿਆ ਕਿਸੇ ਜੰਗ ਦੀ ਮਿਸ਼ਾਲ ਨੂੰ ਪਲੀਤਾ ਲਾਉਣ ਵਾਲ਼ੀ ਸੀ, ਜੋ ਸੁੱਤੇ ਜਾਂ ਸੁਸਤ ਦਿਮਾਗਾਂ ਵਿੱਚ ਕਿਸੇ ਰੋਹ ਅਤੇ ਜਜ਼ਬੇ ਦਾ ਭਾਂਬੜ ਬਾਲਦੇ ਹਨ।

ਜਿੱਥੇ ਲੇਖਿਕਾ ਪਛੜੀਆਂ ਸ਼੍ਰੇਣੀਆਂ ਅਤੇ ਕਿਰਤੀ ਲਾਣੇ ਪ੍ਰਤੀ ਹਮਦਰਦੀ ਰੱਖਦੀ ਹੈ, ਓਥੇ ਉਹ ਔਰਤ ਦੇ ਹੱਕਾਂ ਪ੍ਰਤੀ ਵੀ ਸੁਚੇਤ ਹੈ, "ਔਰਤਾਂ ਦੇ ਹੱਕ ਅਤੇ ਮੌਕਿਆਂ 'ਚ ਵਾਧਾ ਇੱਕ ਅਹਿਮ ਕਦਮ ਹੈ। 'ਜੈਂਡਰ ਬਰਾਬਰੀ ਨੂੰ ਪਹਿਲ, ਔਰਤਾਂ ਨੂੰ ਸਿੱਖਿਆ ਮੁਹੱਈਆ ਕਰਵਾਉਣਾ, ਰੁਜ਼ਗਾਰ ਅਤੇ ਸਮਾਜਿਕ ਮੌਕਿਆਂ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ...।" ਇਹ ਲੇਖਿਕਾ ਦੀ ਖੁੱਲ੍ਹੀ ਅੱਖ ਵਾਲ਼ੀ ਸੋਚ ਦਾ ਪ੍ਰਮਾਣ ਹੈ। ਦੂਜਾ ਪ੍ਰਮਾਣ ਇਹ ਹੈ, ਜਦ ਉਹ, "ਧੀਆਂ ਵਾਕਿਆ ਹੀ ਰੱਬ ਦੀ ਇੱਕ ਰਹਿਮਤ ਹੁੰਦੀਆਂ ਹਨ।" ਲਿਖਦੀ ਅਤੇ ਜਾਗਰੂਕ ਕਰਦੀ ਹੈ।

ਅਸਲਮ ਵਰਗਾ ਘੱਟ ਪੜ੍ਹਿਆ ਮੁੰਡਾ ਵੀ ਅਗਾਂਹ-ਵਧੂ ਸੋਚ ਦਾ ਮਾਲਕ ਹੋਣ ਦੇ ਬਾਵਜੂਦ ਇਸ ਪੁਰਾਣੇ ਖ਼ਿਆਲਾਂ ਦੇ ਧੁੰਦੂਕਾਰੇ ਵਿੱਚ ਫ਼ਸ ਕੇ ਰਹਿ ਜਾਂਦਾ ਹੈ, ਜਿਸ ਨੂੰ ਇਹ ਨਹੀਂ ਪਤਾ ਲੱਗਦਾ ਕਿ ਮੇਰਾ ਭਵਿੱਖ ਕੀ ਹੈ? ਉਹ ਆਪਣੇ ਆਪ ਨੂੰ ਸੁਆਲ ਕਰਦਾ ਹੈ, "ਇਹ ਦੁਨੀਆਂ ਕੀ ਹੈ...? ਮੈਂ ਇਸ ਵਿੱਚ ਕਿੱਥੇ ਫਿੱਟ ਹੁੰਦਾ ਹਾਂ??" ਜਦ ਤੁਸੀਂ ਇਹ ਨਾਵਲ ਪੜ੍ਹਦੇ ਹੋ, ਤਾਂ ਬੇਹੱਦ ਹੈਰਾਨ ਹੋ ਜਾਂਦੇ ਹੋ, ਜਦ ਲੇਖਿਕਾ ਇਹ ਲਿਖਦੀ ਹੈ, "ਦੂਜੇ ਪਾਸੇ ਪਿੰਡ ਵਿੱਚ ਬਹੁਤ ਸਾਰੇ ਅਜਿਹੇ ਲੋਕ ਵੀ ਸਨ, ਜੋ ਗਿਆਨ ਅਤੇ ਸਿੱਖਿਆ ਦੇ ਵਿਰੋਧੀ ਸਨ, ਸਮਾਜਿਕ ਤਬਦੀਲੀ ਦਾ ਵਿਰੋਧ ਕਰਦੇ ਸਨ, ਅਤੇ ਅਸਲਮ ਵਰਗੇ ਨੌਜਵਾਨਾਂ ਤੋਂ ਨਫ਼ਰਤ ਕਰਦੇ ਸਨ।" ਸ਼ੁਰੂ-ਸ਼ੁਰੂ ਵਿੱਚ ਇਹ ਨਾਵਲ ਪੁਰਾਣੇ ਜ਼ਮਾਨੇ ਅਤੇ ਪੁਰਾਣੇ ਖ਼ਿਆਲਾਂ ਵਾਲੇ ਇਨਸਾਨਾਂ ਦੇ ਇਰਦ-ਗਿਰਦ ਘੁੰਮਦਾ ਹੈ, ਜਦੋਂ ਧੀ ਨੂੰ ਇੱਕ 'ਜ਼ਹਿਮਤ' ਮੰਨਿਆਂ ਜਾਂਦਾ ਸੀ। ਪਰ ਜਦ ਅਸਲਮ ਦੇ ਘਰ ਧੀ ਜੰਮਦੀ ਹੈ, ਤਾਂ ਉਹ ਆਪਣੀ ਧੀ ਫ਼ਿਰਦੌਸ ਦੇ ਭਵਿੱਖ ਬਾਰੇ ਚਿੰਤਤ ਵੀ ਅਤੇ ਸੁਹਿਰਦ ਵੀ ਹੁੰਦਾ ਹੈ। ਲੇਖਿਕਾ ਅਨੁਸਾਰ, "ਉਸ ਦੇ ਖ਼ਵਾਬਾਂ ਅਤੇ ਹਕੀਕਤ ਦੇ ਵਿਚਕਾਰ ਇੱਕ ਵੱਡੀ 'ਖਾਈ ਸੀ, ਜੋ ਉਸ ਦੇ ਦਿਲ ਨੂੰ ਹਰ ਰੋਜ਼ ਚੀਰਦੀ ਰਹਿੰਦੀ। ਪਰ ਅਸਲਮ ਇੱਕ ਮਜਬੂਤ ਇਰਾਦੇ ਵਾਲਾ ਵਿਅਕਤੀ ਸੀ, ਉਸ ਨੇ ਆਪਣੀ ਧੀ ਦੀ ਪਰਵਰਿਸ਼ ਨੂੰ ਇੱਕ ਮਕਸਦ ਸਮਝ ਕੇ ਕਬੂਲ ਕੀਤਾ। ਉਹ ਆਪਣੀ ਧੀ ਨੂੰ ਇੱਕ ਚੰਗਾ ਭਵਿੱਖ ਦੇਣਾ ਚਾਹੁੰਦਾ ਸੀ। ਉਸ ਦਾ ਖ਼ਵਾਬ ਸੀ ਕਿ ਉਸ ਦੀ ਧੀ ਫ਼ਿਰਦੌਸ ਇੱਕ ਦਿਨ ਕਾਮਯਾਬ ਅਤੇ ਖ਼ੁਦਮੁਖ਼ਤਿਆਰ ਔਰਤ ਬਣੇ, ਜੋ ਆਪਣੇ ਮਾਪਿਆਂ ਦਾ ਮਾਣ ਵਧਾ ਸਕੇ।"

ਜਿੱਥੇ ਲੇਖਿਕਾ ਖ਼ੁਦ ਕਈ ਵਾਰ ਸਮਾਜ ਦੇ ਬੰਧਨਾਂ ਦੀ ਉਲਝਣ ਵਿੱਚ ਉਲ਼ਝ ਕੇ ਰਹਿ ਜਾਂਦੀ ਹੈ, ਉਥੇ ਉਹ ਹੌਸਲਾ ਨਹੀਂ ਹਾਰਦੀ, ਸਗੋਂ ਹਿੰਮਤ ਅਤੇ ਦਲੇਰੀ ਦਾ ਪਰਚਮ ਚੁੱਕ ਕੇ ਬੜੇ ਸਾਹਸ ਨਾਲ ਅੱਗੇ ਵਧਦੀ ਹੈ। ਇਸੇ ਲਈ ਉਹ ਅਸਲਮ ਦੀ ਧੀ ਫ਼ਿਰਦੌਸ ਨੂੰ ਉਸ ਗੰਧਲ਼ੇ ਅਤੇ ਆਪਹੁਦਰੇ ਸਿਸਟਮ ਨਾਲ਼ ਟੱਕਰ ਲੈਣ ਲਈ ਅੱਗੇ ਵਧਾਉਂਦੀ ਹੈ। ਲੇਖਿਕਾ ਫ਼ਿਰਦੌਸ ਨੂੰ ਚਾਰਦੀਵਾਰੀ ਦੀ ਸ਼ੋਭਾ ਨਹੀਂ ਬਣਾਉਣਾ ਚਾਹੁੰਦੀ, ਸਗੋਂ ਇੱਕ 'ਲੜਾਕੂ ਅਤੇ ਆਪਣੇ ਹੱਕਾਂ ਦੀ ਖਾਤਰ ਲੜਨ ਵਾਲ਼ੀ 'ਜੰਗਜੂ ਅਤੇ ਇੱਕ ਮਹਾਨ ਕੁੜੀ ਬਣਾਉਣਾ ਚਾਹੁੰਦੀ ਹੈ। ਫ਼ਿਰਦੌਸ ਸਮਾਜ ਦੇ ਗੰਧਲ਼ੇ ਸਿਸਟਮ ਦੀ ਅਸਮਾਨਤਾ ਦੇ ਖ਼ਿਲਾਫ਼ ਅਵਾਜ਼ ਉਠਾਉਣ ਦਾ ਨਿਸ਼ਚਾ ਕਰਦੀ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਸਦੀਆਂ ਤੋਂ ਚੱਲੇ ਆ ਰਹੇ ਚਿੱਕੜ ਵਿੱਚ ਗਰਕੇ ਇਸ ਸਿਸਟਮ ਵਿਰੁੱਧ ਖੜ੍ਹਨਾ ਕਿਸੇ ਖ਼ਤਰੇ ਤੋਂ ਖਾਲੀ ਨਹੀਂ। ਪਰ ਸੀਨੇ ਸੱਟ ਜਿੰਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ.. ਅਨੁਸਾਰ ਉਹ ਇਸ ਨਿੱਘਰ ਚੁੱਕੇ ਸਿਸਟਮ ਦੇ ਖ਼ਿਲਾਫ਼ ਬਗਾਵਤ ਕਰਨ ਦਾ ਪ੍ਰਣ ਕਰ ਲੈਂਦੀ ਹੈ ਅਤੇ ਮੈਦਾਨ ਵਿੱਚ ਨਿੱਤਰਦੀ ਹੈ।

ਪਰ ਸਾਡੇ ਸਮਾਜ ਦਾ ਇੱਕ ਕਮੀਨਾਂ ਅਤੇ ਬੇਈਮਾਨ ਪੱਖ ਇਹ ਵੀ ਹੈ, ਕਿ ਜਦ ਕੋਈ ਫਿਰਦੌਸ ਵਰਗੀ ਸਾਹਸੀ ਅਤੇ ਦਲੇਰ ਕੁੜੀ ਜ਼ਿੰਦਗੀ ਦੀ ਦੌੜ ਵਿੱਚ ਅੱਗੇ ਲੰਘਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਸ ਨੂੰ ਵੱਖ-ਵੱਖ ਹੱਥਕੰਡੇ ਵਰਤ ਕੇ ਦਬਾਇਆ ਜਾਂਦਾ ਹੈ। ਉਸ ਦੀ ਹਿੰਮਤ ਕੁਚਲਣ ਲਈ ਉਸ ਉਪਰ ਮਨੋਵਿਗਿਆਨਕ ਦਬਾਅ ਪਾਇਆ ਜਾਂਦਾ ਹੈ। ਉਸ ਦੀ ਮਾਨਸਕਿਤਾ ਕਮਜ਼ੋਰ ਕਰਨ ਲਈ ਉਸ ਨੂੰ ਉਸ, ਅਤੇ ਉਸ ਦੇ ਭਰਾ ਦਾ 'ਫ਼ਰਕ ਦੱਸ ਕੇ ਉਸ ਦਾ ਹੌਸਲਾ ਪਸਤ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਬੱਚੀਆਂ ਨੂੰ ਸਕੂਲਾਂ ਵਿੱਚ ਵੀ ਇਸ ਫ਼ਰਕ ਦਾ 'ਅਹਿਸਾਸ ਕਰਵਾਇਆ ਜਾਂਦਾ ਹੈ, ਕਿ ਉਹ ਮੁੰਡੇ ਦੀ ਜਗਾਹ ਕਦੇ ਵੀ ਨਹੀਂ ਲੈ ਸਕਣਗੀਆਂ। ਲੜਕੀ ਨੂੰ ਇਹ ਅਹਿਸਾਸ ਕਰਵਾ ਕੇ, ਕਿ ਮਾਂ-ਬਾਪ, ਭਰਾ ਅਤੇ ਸਾਰੇ ਖ਼ਾਨਦਾਨ ਦੀ ਇੱਜ਼ਤ ਉਸ ਦੇ ਹੱਥ ਹੀ ਹੈ ਦਰਸਾ ਕੇ ਉਸ ਦੇ ਪੈਰਾਂ ਵਿੱਚ ਬੇੜੀਆਂ ਦੀ ਜਕੜ ਮਜਬੂਤ ਕੀਤੀ ਜਾਂਦੀ ਹੈ ਅਤੇ ਦਿਲ ਪਤਲਾ ਪਾਇਆ ਜਾਂਦਾ ਹੈ।

ਫ਼ਿਰਦੌਸ ਦੇ ਬਾਪ ਅਸਲਮ ਨੇ ਬਚਪਨ ਵਿੱਚ ਕਈ ਵਾਰ ਆਪਣੀ ਮਾਂ ਨੂੰ ਬੇਇੱਜ਼ਤ ਹੁੰਦੀ ਦੇਖਿਆ, ਅਤੇ ਹੁਣ ਉਹ ਇਹ ਨਹੀਂ ਚਾਹੁੰਦਾ ਕਿ ਹੂ-ਬ-ਹੂ ਉਹਨਾਂ ਹਾਲਾਤਾਂ ਦਾ ਸਾਹਮਣਾ ਉਸ ਦੀ ਬੇਟੀ ਫ਼ਿਰਦੌਸ ਕਰੇ। ਕਿਉਂਕਿ ਅਸਲਮ ਦਾ ਬਾਪ ਇੱਕ ਗੁੱਸੇਖੋਰਾ ਬੰਦਾ ਸੀ, ਅਤੇ ਉਸ ਦੇ ਗੁੱਸੇ ਦਾ ਸ਼ਿਕਾਰ ਖ਼ੁਦ ਉਸ ਦੀ ਮਾਂ ਬਣਦੀ ਸੀ। ਮਾਂ ਦੇ ਚਿਹਰੇ ਉਪਰ ਛਾਈ ਬੇਵੱਸੀ ਨੂੰ ਅਸਲਮ ਅੱਜ ਤੱਕ ਭੁਲਾ ਨਹੀਂ ਸਕਿਆ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਉਸ ਦੀ ਬੇਟੀ ਬੇਵੱਸ ਨਹੀਂ, ਇੱਕ ਸ਼ੀਹਣੀ ਹੋਵੇ, ਜੋ ਸਮਾਜ ਵਿੱਚ ਅਣਖ਼ ਅਤੇ ਸਵੈਮਾਣ ਨਾਲ਼ ਜੀਅ ਅਤੇ ਵਿਚਰ ਸਕੇ।


ਬੇਬ ਰੁਥ ਦਾ ਕਥਨ ਮੈਨੂੰ ਵਾਰ-ਵਾਰ ਯਾਦ ਆਉਂਦਾ ਹੈ, "ਉਸ ਵਿਅਕਤੀ ਨੂੰ ਹਰਾਉਣਾ ਔਖਾ ਹੈ, ਜੋ ਕਦੇ ਹਾਰ ਨਹੀਂ ਮੰਨਦਾ।" ਕੁਝ ਇਸੇ ਤਰ੍ਹਾਂ ਹੀ ਮਾਇਆ ਐਂਜਲੋ ਨੇ ਵੀ ਕਿਹਾ ਸੀ, "ਤੁਹਾਨੂੰ ਬਹੁਤ ਸਾਰੀਆਂ ਹਾਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਤੁਹਾਨੂੰ ਹਾਰ ਨਹੀਂ ਮੰਨਣੀ ਚਾਹੀਦੀ...।" ਉਸੀ ਤਰ੍ਹਾਂ ਜਿੱਥੇ ਬੋਹੜ ਦਾ ਰੁੱਖ ਫ਼ਿਰਦੌਸ ਵਾਸਤੇ ਕਿਵੇਂ ਪ੍ਰੇਰਣਾ ਸਰੋਤ ਬਣਦਾ ਹੈ, ਉਥੇ ਉਸ ਦੇ ਆਪਣੇ 'ਕਜ਼ਨ ਵੱਲੋਂ ਕੀਤਾ ਸਰੀਰਕ ਸ਼ੋਸ਼ਣ ਵੀ ਉਸ ਨੂੰ ਅੰਦਰੋਂ ਤੋੜ ਧਰਦਾ ਹੈ। ਪਰ ਉਹ ਬਹਾਦਰ ਕੁੜੀ ਮੁੜ ਹੰਭਲਾ ਮਾਰ ਕੇ ਉਠਦੀ ਹੈ ਅਤੇ ਕਿਸੇ ਮੁਕਾਮ 'ਤੇ ਪਹੁੰਚਣ ਲਈ ਆਪਣਾ ਮਾਨਸਿਕ ਬਲ ਇਕੱਠਾ ਕਰਦੀ, ਮੰਜ਼ਿਲ ਵੱਲ ਤੁਰਦੀ ਹੈ। ਜਦੋਂ ਤੁਸੀਂ "ਝੱਲੀ" ਨਾਵਲ ਪੜ੍ਹਦੇ ਹੋ, ਤਾਂ ਪਾਉਲੋ ਕੋਲਹੋ ਦੁਆਰਾ ਰਚਿਆ ਨਾਵਲ "ਦਾ ਅਲਕਾਮਿਸਟ" ਦੀ ਪ੍ਰੇਰਣਾ ਵੀ ਤੁਹਾਡੇ ਸਾਹਮਣੇ ਆਉਂਦੀ ਹੈ ਅਤੇ ਤੁਹਾਨੂੰ ਡੋਲਣ ਜਾਂ ਡਿੱਗਣ ਨਹੀਂ ਦਿੰਦੀ, ਸਗੋਂ ਕਿਸੇ ਅਣਥੱਕ ਰਾਹੀ ਵਾਂਗ ਤੁਰਦੇ ਰਹਿਣ ਦਾ ਉਪਦੇਸ਼ ਵੀ ਦਿੰਦੀ ਹੈ ਅਤੇ ਹਿੱਕ ਡਾਹ ਕੇ ਲੜਨ ਦਾ ਬਲ ਵੀ ਪ੍ਰਦਾਨ ਕਰਦੀ ਹੈ। ਸ਼ਗੁਫ਼ਤਾ ਗਿੰਮੀ ਲੋਧੀ ਨੇ ਇਹ ਸੰਖਿਪਤ ਨਾਵਲ ਲਿਖ ਕੇ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ, ਜਿਸ ਨੂੰ ਪੜ੍ਹ ਕੇ ਤੁਹਾਨੂੰ ਆਨੰਦ ਤਾਂ ਆਵੇਗਾ ਹੀ, ਅਸਲਮ ਦੀ ਧੀ ਫ਼ਿਰਦੌਸ ਦੀ ਜੱਦੋਜਹਿਦ ਦੀ ਕਹਾਣੀ ਤੁਹਾਨੂੰ ਬੇਹੱਦ ਰੌਚਿਕ ਲੱਗੇਗੀ। ਕਈ ਥਾਂ ਉਰਦੂ ਤੋਂ ਪੰਜਾਬੀ ਦਾ ਅੱਘੜ-ਦੁੱਘੜਾ ਅਨੁਵਾਦ ਅਤੇ ਛਪਾਈ ਵਿੱਚ ਹੋਈਆਂ ਗਲਤੀਆਂ ਪਾਠਕ ਨੂੰ ਬੇਹੱਦ ਰੜਕਦੀਆਂ ਹਨ।

ਪਰ ਅਖ਼ੀਰ ਵਿੱਚ ਮੈਂ ਇਸ ਨਾਵਲ ਦੀ ਲੇਖਿਕਾ ਸ਼ਗੁਫ਼ਤਾ ਗਿੰਮੀ ਲੋਧੀ ਨੂੰ ਇੱਕ ਸਫ਼ਲ ਨਾਵਲ ਰਚਣ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ। ਮੈਨੂੰ ਅੱਗੇ ਤੋਂ ਵੀ ਉਸ ਵੱਲੋਂ ਅਜਿਹੇ ਸਾਰਥਿਕ ਅਤੇ ਉਸਾਰੂ ਸਾਹਿਤ ਦੀ ਆਸ ਰਹੇਗੀ। ਪਾਠਕਾਂ ਨੂੰ ਮੈਂ ਨਾਵਲ "ਝੱਲੀ" ਪੜ੍ਹਨ ਲਈ ਪੁਰਜ਼ੋਰ ਅਪੀਲ ਕਰਾਂਗਾ, ਜੋ ਪਛੜੇ ਅਤੇ ਲਿਤਾੜੇ ਲੋਕਾਂ ਲਈ ਆਸ ਦੀ ਸੁਨਿਹਰੀ ਕਿਰਨ ਮੁਹੱਈਆ ਕਰਵਾਉਂਦਾ ਹੈ, ਅਤੇ ਹਨ੍ਹੇਰੇ ਵਿੱਚੋਂ ਖਿੱਚ ਕੇ ਨੂਰੋ-ਨੂਰ ਅੰਬਰ ਵੱਲ ਉਡਾਨ ਭਰਨ ਲਈ ਉਤਸ਼ਾਹਿਤ ਕਰਦਾ ਹੈ। ਚਾਹੇ ਫ਼ਿਰਦੌਸ ਨੂੰ ਆਪਣੇ ਆਸ਼ਕ ਫ਼ਰੀਦ, ਭਰਾ ਜ਼ਮੀਲ, ਸਹੁਰੇ ਖ਼ਾਲਿਦ, ਸੱਸ ਆਇਸ਼ਾ, ਮਨਸੂਰ ਪਤੀ ਵੱਲੋਂ ਧੱਕੇ-ਧੋੜੇ ਹੀ ਨਸੀਬ ਹੋਏ, ਪਰ ਉਹ ਇੱਕ ਚੱਟਾਨ ਵਾਂਗ ਡਟ ਕੇ ਖੜ੍ਹੀ ਰਹੀ। ਚਾਹੇ ਉਸ ਨੂੰ ਲੱਖ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਤਿੜਕਣ ਦੇ ਬਾਵਜੂਦ ਵੀ ਆਪਣੀ ਧੀ ਦੇ ਭਵਿੱਖ ਲਈ ਸਾਬਤ ਹੀ ਰਹੀ। ਇਸ ਦਿਲਚਸਪ ਨਾਵਲ ਲਈ ਸ਼ਗੁਫ਼ਤਾ ਗਿੰਮੀ ਲੋਧੀ ਨੂੰ ਇੱਕ ਵਾਰ ਫ਼ਿਰ ਮੁਬਾਰਕਬਾਦ! ਆਮੀਨ!!

ooo


# ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਨਹੀਂ, ਸਗਲ ਸ੍ਰਿਸ਼ਟ ਦੀ ਚਾਦਰ ਹਨ
# ਗੁਰੂ ਤੇਗ ਬਹਾਦਰ ਸਾਹਿਬ ਨੇ ਬਲੀਦਾਨ ਨਹੀਂ, ਸ਼ਹਾਦਤ ਦਿੱਤੀ ਸੀ

## ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੀਸਰੇ ਰਾਹ ਦਾ ਸਪੱਸ਼ਟ ਐਲਾਨਨਾਮਾ ਸੀ



ਸਿੱਖਾਂ ਦੇ ਵੱਡੇ ਹਿੱਸੇ ਦੀ ਮਾਨਸਿਕ ਨਸਲਕੁਸ਼ੀ ਕੀਤੀ ਜਾ ਚੁੱਕੀ ਹੈ, ਉਹ ਆਪਣੇ ਇਤਿਹਾਸ, ਆਪਣਾ ਨਿਆਰਾਪਣ, ਆਪਣੀ ਅੱਡਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਬਚਾਉਣ ਲਈ ਆਪਣੇ ਭਵਿੱਖ ਬਾਰੇ ਬਿਲਕੁੱਲ ਚਿੰਤਤ ਨਹੀਂ ਹਨ। ਮਿਲਾਨ ਕੁੰਦਰਾ ਲਿਖਦੇ ਹਨ ਇਕ ਕੌਮ ਨੂੰ ਨਸ਼ਟ ਕਰਨ ਵਿੱਚ ਪਹਿਲਾ ਕਦਮ ਉਸ ਦੀ ਯਾਦਾਸ਼ਤ ਨੂੰ ਮੇਟ ਦੇਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਉਸ ਦੇ ਸੱਭਿਆਚਾਰ ਅਤੇ


**ਲੇਖਕ – ਜਥੇਦਾਰ**
**ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**

ਉਸ ਦੇ ਇਤਿਹਾਸ ਨੂੰ ਤਬਾਹ ਕਰ ਦੇਵੋ। ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਵੋ, ਨਵਾਂ ਸੱਭਿਆਚਾਰ ਘੜ ਲਵੋ, ਇਕ ਨਵਾਂ ਇਤਿਹਾਸ ਰੱਚ ਲਵੋ। ਕੁਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ... ਮਨੁੱਖ ਦੀ ਸੱਤਾ ਦੇ ਖ਼ਿਲਾਫ਼ ਜੱਦੋ–ਜਹਿਦ ਭੁੱਲ–ਭੁਲਾ ਜਾਣ ਦੇ ਖ਼ਿਲਾਫ਼ ਯਾਦ ਰੱਖਣ ਦੀ ਜੱਦੋ–ਜਹਿਦ ਹੈ। ਹਰ ਸਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਵਿਖੇ ਕਸ਼ਮੀਰੀ ਬ੍ਰਾਹਮਣ ਫਰਿਆਦ ਲੈ ਕੇ ਆਏ ਕਿ ਤਤਕਾਲੀ ਮੁਲਕ ਦਾ ਬਾਦਸ਼ਾਹ ਔਰੰਗਜ਼ੇਬ ਉਨ੍ਹਾਂ ਦਾ ਜਬਰਦਸਤੀ ਧਰਮ ਬਦਲਣਾ ਚਾਹੁੰਦਾ ਹੈ, ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇ ਕੇ ਹਿੰਦੂਆਂ ਦਾ ਧਰਮ ਬਚਾਇਆ, ਇਸ ਕਰਕੇ ਉਹ ਹਿੰਦ ਦੀ ਚਾਦਰ ਹਨ।

ਹੱਥਲੇ ਲੇਖ ਵਿੱਚ ਅਸੀਂ ਵੱਖ–ਵੱਖ ਸਰੋਤਾਂ ਦੇ ਆਧਾਰ 'ਤੇ ਇਹ ਸਪੱਸ਼ਟ ਕਰਾਂਗੇ ਕਿ (1) ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਨਹੀਂ ਸਗਲ ਸ੍ਰਿਸ਼ਟ ਦੀ ਚਾਦਰ ਹਨ (2) ਗੁਰੂ ਤੇਗ ਬਹਾਦਰ ਸਾਹਿਬ ਨੇ ਬਲੀਦਾਨ ਨਹੀਂ, ਸ਼ਹਾਦਤ ਦਿੱਤੀ ਸੀ (3) ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੀਸਰੇ ਰਾਹ ਦਾ ਸਪੱਸ਼ਟ ਐਲਾਨ ਸੀ (4) ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ, ਖ਼ਾਲਸਾ (5) ਸਿੱਖ ਇਤਿਹਾਸਕਾਰਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਵਿਆਖਿਆ ਕਿਵੇਂ ਕੀਤੀ ਹੈ। ਸ੍ਰੀ ਗੁਰ ਸੋਭਾ ਦਾ ਲਿਖਾਰੀ ਕਵੀ ਸੈਨਾਪਤਿ ਜੋ ਅੰਮ੍ਰਿਤ ਛੱਕ ਕੇ ਸੈਣਾ ਸਿੰਘ ਸਜਿਆ, ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਕਵੀ ਹੈ। ਕਵੀ ਸੈਨਾਪਤਿ ਨੇ ਸ੍ਰੀ ਗੁਰ ਸੋਭਾ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਤਿੰਨ ਸਾਲ ਮਗਰੋਂ ਹੀ 1711 ਈ: ਵਿੱਚ ਕੀਤੀ। ਕਵੀ ਸੈਨਾਪਤਿ ਸ੍ਰੀ ਗੁਰ ਸੋਭਾ ਦੇ ਪੰਨਾ 65 ਉੱਤੇ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਗਲ ਸ੍ਰਿਸ਼ਟੀ ਦੀ ਚਾਦਰ ਦੱਸਦਾ ਹੈ, ਉਥੇ ਤਿਲਕ–ਜਨੇਊ ਅਤੇ ਸਿੱਖ ਧਰਮ ਦੇ ਨਾਲ–ਨਾਲ ਸਰਬ ਧਰਮ ਬਚਾਉਣ ਦੀ ਵੀ ਗਵਾਹੀ ਦਿੰਦਾ ਹੈ, ਅਰਥਾਤ :

ਪ੍ਰਗਟ ਭਏ ਗੁਰ ਤੇਗ ਬਹਾਦਰ ।
ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ ।
ਸਗਲ ਸ੍ਰਿਸ਼ਟਿ ਜਾ ਕਾ ਜਸ ਭਯੋ ।
ਜਿਹ ਤੇ ਸਰਬ ਧਰਮ ਬੰਚਯੋ ।
ਤੀਨ ਲੋਕ ਮੈ ਜੈ ਜੈ ਭਈ ।
ਸਤਿਗੁਰ ਪੈਜ ਰਾਖਿ ਇਮ ਲਈ ।
ਤਿਲਕ ਜਨੇਊ ਅਰਿ ਧਰਮ ਸਾਲਾ (ਸਿੱਖ ਧਰਮ) ।
ਅਟਲ ਕਰੀ ਗੁਰ ਭਏ ਦਿਆਲਾ ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਵੱਖ–ਵੱਖ ਸਰੋਤਾਂ ਵਿੱਚ ਸਿੱਖ ਇਤਿਹਾਸਕਾਰਾਂ ਨੇ ਵਿਆਖਿਆ ਕਿਵੇਂ ਕੀਤੀ ਹੈ, ਦਾਸ ਉਨ੍ਹਾਂ ਵਿੱਚੋਂ ਕੁਝ ਹਵਾਲੇ ਪਾਠਕਾਂ ਨਾਲ ਸਾਂਝੇ ਕਰੇਗਾ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਿੰਸੀਪਲ ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਵੱਲੋਂ ਛਪੀ ਸਿੱਖ ਇਤਿਹਾਸ (1469–1765) ਦੀ ਪੁਸਤਕ ਦੇ ਪੰਨਾ 59–60–61 ਦਾ ਸਾਰ ਅੰਸ਼ ਹੇਠ ਲਿਖੇ ਅਨੁਸਾਰ ਹੈ। ਔਰੰਗਜ਼ੇਬ ਸਿੱਖਾਂ ਨੂੰ ਇਕ ਕੌਮ ਵਜੋਂ ਵੱਧਣ ਫੁੱਲਣ ਤੋਂ ਰੋਕਣਾ ਚਾਹੁੰਦਾ ਸੀ। ਅਜਿਹੀ ਨੀਤੀ ਉਸ ਦੇ ਬਾਬੇ ਜਹਾਂਗੀਰ ਨੇ ਸ਼ੁਰੂ ਕਰ ਦਿੱਤੀ ਹੋਈ ਸੀ। ਔਰੰਗਜ਼ੇਬ ਨੇ ਸੱਤਵੇਂ ਗੁਰੂ ਹਰਿ ਸਾਹਿਬ ਨੂੰ ਆਪਣੇ ਪਾਸ ਦਿੱਲੀ ਪੁੱਜਣ ਲਈ ਹੁਕਮ ਭੇਜਿਆ, ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੱਦਿਆ ਤੇ ਨੌਵੇਂ ਗੁਰੂ ਸਾਹਿਬ ਨੂੰ 1665 ਵਿੱਚ ਦਿੱਲੀ ਬੁਲਾਇਆ (ਨੋਟ–ਗੁਰੂ ਸਾਹਿਬ ਦੀ ਸ਼ਹਾਦਤ 1675 ਈ: ਨੂੰ ਹੋਈ, 1665 ਤੋਂ 1675 ਤੱਕ ਵਾਪਰੀਆਂ ਘਟਨਾਵਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਔਰੰਗਜ਼ੇਬ ਸਿੱਖਾਂ ਨੂੰ ਇਕ ਕੌਮ ਵਜੋਂ ਵੱਧਣ ਫੁੱਲਣ ਤੋਂ ਰੋਕਣਾ ਚਾਹੁੰਦਾ ਸੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਮੁੱਖ ਕਾਰਨ ਵੀ ਇਹੀ ਸੀ) ਜੇ ਸੱਤਵੇਂ ਤੇ ਅੱਠਵੇਂ ਗੁਰੂ ਸਾਹਿਬਾਨ ਦੇਰ ਤੱਕ ਜੀਊਂਦੇ ਰਹਿੰਦੇ ਤਾਂ ਪਤਾ ਨਹੀਂ ਔਰੰਗਜ਼ੇਬ ਹੱਥੋਂ ਉਨ੍ਹਾਂ ਨਾਲ ਕੀ ਵਾਪਰਦੀ। (ਨੋਟ–ਜਹਾਂਗੀਰ ਤੋਂ ਲੈ ਕੇ ਔਰੰਗਜ਼ੇਬ ਤੱਕ ਬਾਬੇ ਕੇ ਤੇ ਬਾਬਰਕਿਆਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਜੰਗ ਜਾਰੀ ਰਹੀ। ਔਰੰਗਜ਼ੇਬ ਨੇ ਗੁਰੂ ਹਰਿ ਰਾਏ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਤਿੰਨ ਹਮਲੇ ਕੀਤੇ, ਪਰ ਕਾਮਯਾਬ ਨਹੀਂ ਹੋਇਆ, ਪੂਰਾ ਵਿਸਥਾਰ ਜਾਨਣ ਲਈ ਪੜ੍ਹੋ ਗੁਰੂ ਹਰਿ ਰਾਏ ਸਾਹਿਬ ਦੀ ਜੀਵਨੀ ਲੇਖਕ ਪ੍ਰਿੰ: ਸਤਿਬੀਰ ਸਿੰਘ ਪੰਨਾ 112–113) ਪ੍ਰਿੰ: ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਜੀ ਲਿਖਦੇ ਹਨ : ਗੁਰੂ ਤੇਗ ਬਹਾਦਰ ਜੀ ਆਪਣੇ ਸਰੀਰ ਨੂੰ ਤਾਂ ਮਿਟਾ ਗਏ ਪਰ ਉਨ੍ਹਾਂ ਨੇ ਸਿੱਖਾਂ ਦਾ ਬਿਖੜਾ ਰਾਹ ਰੁਸ਼ਨਾ ਦਿੱਤਾ। ਅਜਿਹੀਆਂ ਸ਼ਹੀਦੀਆਂ ਦੇ ਰੂਬਰੂ ਖੜੋ ਕੇ ਹੀ ਕੌਮਾਂ ਆਪਣੀਆਂ ਹੋਣੀਆਂ ਪਲਟਾਉਣ ਲਈ ਫੈਸਲੇ ਕਰਦੀਆਂ ਹਨ। ਇਸ ਸ਼ਹੀਦੀ ਤੋਂ ਅਗਲਾ ਸਿੱਖ ਇਤਿਹਾਸ ਉਨ੍ਹਾਂ ਫੈਸਲਿਆਂ ਨੂੰ ਚੰਗੀ ਤਰ੍ਹਾਂ ਨਿਰੂਪਣ ਕਰਦਾ ਹੈ।

ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਛਪੇ ਪੰਜਾਬ ਦਾ ਇਤਿਹਾਸ, ਗੁਰੂ ਕਾਲ 1469 ਤੋਂ 1708 ਤੱਕ ਦੀ ਜਿਲਦ ਪੰਜਵੀਂ ਦੇ ਪੰਨਾ 152 ਉੱਤੇ ਡਾ: ਸੁਖਦਿਆਲ ਸਿੰਘ ਜੀ ਲਿਖਦੇ ਹਨ : ਗੁਰੂ ਤੇਗ ਬਹਾਦਰ ਜੀ ਸਿੱਖ ਰਾਸ਼ਟਰ ਦੇ ਨੌਵੇਂ ਗੁਰੂ ਸਨ। ਇਨ੍ਹਾਂ ਦਾ ਸਮਾਂ 1664 ਈ: ਤੋਂ ਲੈ ਕੇ 1675 ਈ: ਤੱਕ ਦਾ ਸੀ। ਆਪ ਜੀ ਦੇ ਸਮੇਂ ਤੱਕ ਸਿੱਖ ਧਰਮ ਆਪਣਾ ਅੱਠ ਪੀੜੀਆਂ ਦਾ ਵਿਕਾਸ ਤਹਿ ਕਰ ਚੁੱਕਿਆ ਸੀ। ਪਿੱਠ ਭੂਮੀ ਦੇ ਤੌਰ 'ਤੇ ਸਿੱਖ ਰਾਸ਼ਟਰ ਦੇ ਪਾਸ ਆਪਣਾ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਇਕ ਕੇਂਦਰੀ ਧਾਰਮਿਕ ਅਸਥਾਨ (ਸ੍ਰੀ ਦਰਬਾਰ ਸਾਹਿਬ) ਅਤੇ ਸਿੱਖ ਰਾਸ਼ਟਰ ਦੇ ਆਤਮ ਨਿਰਣੇ ਦਾ ਪ੍ਰਤੀਕ (ਸ੍ਰੀ ਅਕਾਲ ਤਖ਼ਤ ਸਾਹਿਬ) ਆਦਿ ਪ੍ਰਮੁੱਖ ਸੰਸਥਾਵਾਂ ਸਥਾਪਤ ਹੋ ਚੁੱਕੀਆਂ ਸਨ..... ਭਾਵੇਂ ਗੁਰੂ ਜੀ ਦੀ ਰਿਹਾਇਸ਼ ਦਾ ਕੇਂਦਰ ਇਕ ਹਿੰਦੂ ਰਿਆਸਤ (ਬਿਲਾਸਪੁਰ) ਵਿੱਚ ਸੀ ਪਰ ਸਾਰਾ ਪੰਜਾਬ, ਜਿਥੇ ਕਿ ਸਿੱਖ ਰਾਸ਼ਟਰ ਵਿਕਸਤ ਹੋ ਰਿਹਾ ਸੀ, ਮੁਗਲ ਸਾਮਰਾਜ ਵਿੱਚ ਸੀ ਇਸ ਕਰਕੇ ਗੁਰੂ ਜੀ ਦਾ ਮੁਗਲ ਸਾਮਰਾਜ ਨਾਲ ਸਿੱਧਾ ਟਕਰਾਅ ਸੀ (ਨੋਟ–ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਇਹ ਵੀ ਇਕ ਕਾਰਨ ਸੀ)

ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਚੌਥੇ ਸੰਸਕਰਣ (1974) ਦੇ ਪੰਨਾ 600 ਉੱਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿੱਖ ਕੌਮ ਦੇ ਨੌਵੇਂ ਬਾਦਸ਼ਾਹ ਵਜੋਂ ਸੰਬੋਧਨ ਕੀਤਾ ਹੈ। ਗੁਰੂ ਸਾਹਿਬ ਨੂੰ (ਜੂਨ 1670) ਨੂੰ ਦੁਬਾਰਾ ਗ੍ਰਿਫ–ਤਾਰ ਕਰ ਲੈਣ ਤੋਂ ਇਹ ਸਿੱਧ ਹੁੰਦਾ ਹੈ ਕਿ ਔਰੰਗਜ਼ੇਬ ਉਨ੍ਹਾਂ ਨੂੰ ਪੰਜਾਬ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਇਜਾਜ਼ਤ ਨਹੀਂ ਸੀ ਦੇਣੀ ਚਾਹੁੰਦਾ।

ਗੁਰੂ ਸਾਹਿਬ ਦੀ ਮਾਲਵਾ ਤੇ ਬਾਂਗਰ ਦੇ ਇਲਾਕੇ ਦੀ ਯਾਤਰਾ ਸਮੇਂ ਉਨ੍ਹਾਂ ਦੇ ਬਹੁਤ ਸਾਰੇ ਅਨੁਯਾਈ ਬਣ ਜਾਣ ਦੀ ਗਵਾਹੀ ਸਿੱਖ ਸਰੋਤਾਂ ਵਿੱਚੋਂ ਮਿਲਦੀ ਹੈ। ਮੁਗਲ ਸਰਕਾਰ ਨੂੰ ਬਹੁਤ ਸਾਰੇ ਪੈਰੋਕਾਰਾਂ ਦੇ ਇਕੱਠੇ ਹੋ ਰਹੇ ਜਾਣ ਕਾਰਨ ਰਾਜਨੀਤਿਕ ਗੜਬੜ ਦਾ ਖ਼ਤਰਾ ਭਾਸਦਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਚਾਰ ਦਾ ਸੰਬੰਧ ਸਾਰੀ ਗੈਰ–ਮੁਸਲਿਮ ਪਰਜਾ ਦੀ ਧਾਰਮਿਕ ਅਜ਼ਾਦੀ ਤੇ ਮਾਨਵੀ ਅਧਿਕਾਰਾਂ ਨਾਲ ਜੁੜਿਆ ਹੋਇਆ ਸੀ। ਗੁਰੂ ਸਾਹਿਬ ਦਾ ਪ੍ਰਚਾਰ ਜਮੀਰ ਦੀ ਅਜ਼ਾਦੀ ਦੇ ਅਧਿਕਾਰ ਨੂੰ ਬਰਕਰਾਰ ਰੱਖਣ ਤੇ ਰਾਜ–ਸੱਤਾ ਨੂੰ ਇਸ ਦੇ ਵਿੱਚ ਕਿਸੇ ਪ੍ਰਕਾਰ ਦੀ ਵੀ ਦਖਲ–ਅੰਦਾਜ਼ੀ ਨੂੰ ਰੋਕਣ ਦੇ ਦ੍ਰਿੜ ਸੰਕਲਪ ਨੂੰ ਪ੍ਰਤਿਪਾਦਤ ਕਰਦਾ ਸੀ (ਹਵਾਲਾ–ਸ੍ਰੀ ਗੁਰੂ ਤੇਗ ਬਹਾਦਰ, ਜੀਵਨ ਯਾਤਰਾਵਾਂ ਅਤੇ ਸ਼ਹਾਦਤ, ਸੰਪਾਦਕ ਡਾ: ਦਿਲਜੀਤ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ)

ਮੁਗਲ ਬਾਦਸ਼ਾਹ ਔਰੰਗਜ਼ੇਬ ਅਧੀਨ ਮੁਗਲ ਸਰਕਾਰ ਨੇ ਗੈਰ–ਮੁਸਲਮਾਨਾਂ ਪ੍ਰਤੀ ਧਾਰਮਿਕ ਤੌਰ 'ਤੇ ਅਸਹਿਣਸ਼ੀਲ ਤੇ ਪੱਖਪਾਤੀ ਨੀਤੀ ਅਪਣਾਈ ਹੋਈ ਸੀ। ਬਾਦਸ਼ਾਹ ਦੇ ਹੁਕਮਾਂ ਅਨੁਸਾਰ ਹਿੰਦ ਦੇ ਕਈ ਹਿੱਸਿਆਂ ਵਿੱਚ ਗੈਰ–ਮੁਸਲਿਮ ਪਰਜਾ ਦੇ ਧਰਮ–ਅਸਥਾਨ ਢਹਿ ਢੇਰੀ ਕਰ ਦਿੱਤੇ ਸਨ। ਉਨ੍ਹਾਂ ਦੀਆਂ ਪਾਠਸ਼ਾਲਾਵਾਂ ਵਿੱਚ ਧਰਮ–ਗ੍ਰੰਥ ਪੜ੍ਹਾਉਣ ਉਤੇ ਪਾਬੰਦੀਆਂ ਲਗਾ ਦਿੱਤੀਆਂ ਸਨ। ਧਾਰਮਿਕ ਤਿਉਹਾਰ ਖੁੱਲ੍ਹੇਆਮ ਭਾਵ ਜਨਤਕ ਪੱਧਰ ਉੱਤੇ ਮਨਾਉਣ ਲਈ ਰੋਕਾਂ ਲਾ ਦਿੱਤੀਆਂ ਸਨ। ਇਕ ਕਿਸਮ ਨਾਲ ਗੈਰ–ਮੁਸਲਮਾਨਾਂ ਦੀ ਧਾਰਮਿਕ ਅਜ਼ਾਦੀ ਉੱਤੇ ਪੂਰਨ ਪਾਬੰਦੀ ਲਗਾ ਦਿੱਤੀ ਸੀ। ਔਰੰਗਜ਼ੇਬ ਦਾਰਾਉਲ ਹਰਬ (ਕਾਫਰਾਂ ਦੀ ਧਰਤੀ) ਨੂੰ ਦਾਰਾ–ਉਲ ਇਸਲਾਮ (ਮੋਮਨਾ ਦੀ ਧਰਤੀ) ਬਣਾਉਣਾ ਚਾਹੁੰਦਾ ਸੀ। ਬਾਦਸ਼ਾਹ ਔਰੰਗਜ਼ੇਬ ਦੇ ਤੁਅੱਸਬੀ, ਅਸਹਿਣਸ਼ੀਲਤਾ ਤੇ ਪੱਖ–ਪਾਤੀ ਵਿਹਾਰ ਨੇ ਸਿੱਖ ਪੰਥ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਸੀ।

**ਬਾਕੀ ਹਿਸਾ ਸਫ਼ਾ 40 ਤੇ ਪੜ੍ਹੋ** →

## 39 ਸਫ਼ੇ ਦੀ ਬਾਕੀ

ਨਤੀਜੇ ਵਜੋਂ ਸਿੱਖ ਧਰਮ ਦੇ ਪ੍ਰਚਾਰਕਾਂ ਨੂੰ ਮੁਲਕ ਦੇ ਨਗਰਾਂ ਤੇ ਸ਼ਹਿਰਾਂ ਵਿੱਚੋਂ ਖਦੇੜ ਦਿੱਤਾ ਗਿਆ ਸੀ। ਇਕ ਕਿਸਮ ਨਾਲ ਔਰੰਗਜ਼ੇਬ ਨੇ ਸਿੱਖ ਧਰਮ ਦੇ ਪ੍ਰਚਾਰ ਉੱਤੇ ਵੀ ਪਾਬੰਦੀ ਲਗਾ ਦਿੱਤੀ, ਕਿਉਂਕਿ ਹਰ ਇਕ ਗੈਰ-ਇਸਲਾਮੀ ਧਰਮ ਦੇ ਲੋਕਾਂ ਨੂੰ ਕਾਫਰ ਹੀ ਸਮਝਦਾ ਸੀ। 1675 ਈ: ਨੂੰ ਵੈਸਾਖੀ ਵਾਲੇ ਦਿਨ ਸਿੱਖਾਂ ਦਾ ਬੇ-ਸ਼ੁਮਾਰ ਗਿਣਤੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਆਦੇਸ਼ ਉਪਦੇਸ਼ ਸੁਣਨ ਲਈ ਅਨੰਦਪੁਰ ਆਉਣਾ ਅਤੇ ਸਿੱਖਾਂ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੱਚਾ ਪਾਤਸ਼ਾਹ ਦੇ ਲਕਬ ਨਾਲ ਸੰਬੋਧਨ ਕਰਨ ਨੂੰ ਵੀ ਮੁਗਲ ਹਕੂਮਤ ਰਾਜਨੀਤੀ ਤੋਂ ਪ੍ਰੇਰਿਤ ਅਤੇ ਬਗਾਵਤ ਦੇ ਨਜ਼ਰੀਏ ਤੋਂ ਦੇਖਦੀ ਸੀ। (ਹਵਾਲਾ-ਗੁਰੂ ਤੇਗ਼ ਬਹਾਦਰ, ਵਿਰਸਾ ਤੇ ਵਿਰਾਸਤ, ਲੇਖਕ ਪ੍ਰੋ: (ਡਾਕਟਰ) ਬਲਵੰਤ ਸਿੰਘ ਢਿੱਲੋਂ, ਪ੍ਰਕਾਸ਼ਨ ਸਿੰਘ ਬਰਦਰਜ਼)

ਤੇ ਅੰਤ ਵਿੱਚ ਪ੍ਰੋ: ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ ਦੀ ਤੀਸਰੀ ਐਡੀਸ਼ਨ (2004) ਦੇ ਪੰਨਾ 227 ਉੱਤੇ ਲਿਖਦੇ ਹਨ : ਪੂਰਬ ਸਰ ਹੋ ਗਿਆ ਗੁਰੂ ਜੀ ਆਪਣੇ ਪਰਿ-ਵਾਰ ਨਾਲ ਅਨੰਦਪੁਰ ਵਾਪਿਸ ਆ ਗਏ, ਕੁਝ ਦੇਰ ਮਾਲਵੇ ਵਿੱਚ ਘੁੰਮੇ ਅਤੇ ਏਧਰ ਅਨੰਦਪੁਰ ਦੀਆਂ ਰੌਣਕਾਂ ਦਿਨੋ ਦਿਨ ਵੱਧਣ ਲੱਗੀਆਂ। ਇਕ ਦਿਨ ਉਥੇ ਕਸ਼ਮੀਰ ਤੋਂ ਕੁਝ ਪੰਡਤ ਆਏ, ਜਿਨ੍ਹਾਂ ਦੇ ਦਿਲ ਉਦਾਸੀ ਨਾਲ ਭਰੇ ਹੋਏ ਸਨ। ਕਿਸੇ ਆਸਰੇ ਨੂੰ ਟੋਲਦੇ ਟੋਲਦੇ ਗੁਰੂ ਤੇਗ ਬਹਾਦਰ ਦੇ ਦਰਬਾਰ ਵਿੱਚ ਪਹੁੰਚ ਗਏ। ਉਨ੍ਹਾਂ ਨੇ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਫ਼ਰਿਆਦ ਕੀਤੀ। ਹਜ਼ੂਰ ਨੇ ਫ਼ਰਿਆਦ ਸੁਣੀ ਅਤੇ ਉਹ ਕਿਸੇ ਗਹਿਰ, ਗੰਭੀਰ, ਉਦਾਸੀ ਨਾਲ ਭਰ ਗਏ। ਉਸ ਵੇਲੇ ਨੌਂ ਸਾਲ ਦੇ ਗੋਬਿੰਦ ਸਿੰਘ (ਗੋਬਿੰਦ ਰਾਏ) ਨੇ ਆਪਣੇ ਪਿਤਾ ਨੂੰ ਆ ਵਿਖਾਲੀ ਦਿੱਤੀ ਅਤੇ ਉਨ੍ਹਾਂ ਦੀ ਉਦਾਸੀ ਦਾ ਕਾਰਨ ਪੁੱਛਿਆ, ਗੁਰੂ ਤੇਗ ਬਹਾਦਰ ਨੇ ਦੱਸਿਆ ਕਿ ਇਨਸਾਨ ਦੁਖੀ ਹੈ ਅਤੇ ਕਿਸੇ ਪੂਰਨ ਮਰਦ ਦੇ ਸ਼ਹੀਦ ਹੋਣ ਦਾ ਵਕਤ ਆ ਗਿਆ ਹੈ। ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਏ) ਨੇ ਹੈਰਾਨ ਹੋ ਕੇ ਪੁੱਛਿਆ ਆਪ ਤੋਂ ਬਿਨਾਂ ਪੂਰਨ ਮਰਦ ਕੌਣ ਹੈ? ਗੁਰੂ ਤੇਗ ਬਹਾਦਰ ਨੇ ਖ਼ੁਸ਼ੀ ਵਿੱਚ ਪੁੱਤਰ ਨੂੰ ਚੁਮਿਆ ਅਤੇ ਅਸੀਸ ਦਿੱਤੀ, ਤੇ ਪੰਡਤਾਂ ਨੂੰ ਚਿਰੰਜੀਵ ਧਰਵਾਸ ਦੇ ਕੇ ਵਾਪਸ ਭੇਜ ਦਿੱਤਾ। ਉਧਰ ਦੁਸ਼ਮਣ ਲੋਕਾਂ ਨੇ ਔਰੰਗਜ਼ੇਬ ਨੂੰ ਜਾ ਸਿਖਾਇਆ ਕਿ ਜੇ ਹਿੰਦੋਸਤਾਨ ਨੂੰ ਦਾਰੁਲ-ਇਸਲਾਮ ਵਿੱਚ ਬਦਲਣਾ ਹੈ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੋ। ਸ਼ਹਿਨਸ਼ਾਹ ਨੇ ਕੁਝ ਅਹਿਦੀਏ ਗੁਰੂ ਜੀ ਵੱਲ ਭੇਜੇ ਪਰ ਉਨ੍ਹਾਂ ਦੀ ਫਕੀਰੀ ਨੇ ਅਹਿਦੀਆਂ ਉੱਤੇ ਐਸਾ ਅਸਰ ਪਾਇਆ, ਕਿ ਉਹ ਕੇਵਲ ਗੁਰੂ ਜੀ ਤੋਂ ਦਿੱਲੀ ਆਉਣ ਦਾ ਇਕਰਾਰ ਲੈ ਕੇ ਵਾਪਸ ਚਲੇ ਗਏ। ਗੁਰੂ ਜੀ ਆਪਣੀਆਂ ਪਿਆਰੀਆਂ ਸੰਗਤਾਂ ਨੂੰ ਆਖਰੀ ਦਰਸ਼ਨ ਦੇਣ ਲਈ ਮਾਲਵੇ ਗਏ ਅਤੇ ਦੋ ਮਹੀਨਿਆਂ ਪਿੱਛੋਂ ਆਗਰੇ ਪਹੁੰਚ ਗਏ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਸੰਬੰਧਿਤ ਉਪਰ ਕਥਾ ਨੂੰ ਧਿਆਨ ਵਿੱਚ ਰੱਖ ਕੇ ਅਣਜਾਣ ਇਤਿਹਾਸਕਾਰ ਅਕਸਰ ਇਹ ਆਖਦੇ ਹਨ, ਕਿ ਗੁਰੂ ਜੀ ਹਿੰਦੂ ਧਰਮ ਨੂੰ ਬਚਾਉਣ ਲਈ ਸ਼ਹੀਦ ਹੋਏ ਸਨ। ਅਸੀਂ ਇਸ ਕਥਨ ਨਾਲ ਸਹਿਮਤ ਨਹੀਂ, ਕਿਉਂਕਿ ਪਿਛਲੇ ਗੁਰੂ ਸਾਹਿਬਾਨ ਦੇ ਜੀਵਨ, ਗੁਰੂ ਗ੍ਰੰਥ ਸਾਹਿਬ ਅਤੇ ਸਮੁੱਚੇ ਰੂਪ ਵਿੱਚ ਗੁਰੂ ਨਾਨਕ-ਸੱਚ ਇਸ ਗੱਲ ਦੀ ਪੁਸ਼ਟੀ ਨਹੀਂ ਕਰਦੇ। ਸਾਡੇ ਖਿਆਲ ਵਿੱਚ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਚਾਰ ਅਸਲੀਅਤਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ:

(1) ਉਨ੍ਹਾਂ ਰਾਹਾਂ ਨੂੰ ਬਚਾਉਣਾ ਜੋ ਕਿ ਪੂਰਨ ਸਨ। (ਤੀਸਰਾ ਰਾਹ, ਤੀਸਰਾ ਪੰਥ)

(2) ਔਰੰਗਜ਼ੇਬ ਜਿਸ ਇਸਲਾਮੀ ਜਨੂੰਨ ਦਾ ਪੁਜਾਰੀ ਸੀ, ਉਸ ਨਾਲ ਆਖਰੀ ਮਰਦ ਦੇ ਸੁਪਨੇ ਨੂੰ ਜਰਬ ਪਹੁੰਚਦੀ ਸੀ: ਸੋ ਗੁਰੂ ਜੀ ਨੇ ਇਸ ਨੂੰ ਰੋਕਣਾ ਸੀ।

(3) ਤੀਸਰੇ ਰਾਹ ਦਾ ਸਪੱਸ਼ਟ ਐਲਾਨ ਕਰਨਾ।

(4) ਸਿੱਖ ਸ਼ਹੀਦੀ ਨੂੰ ਨਵੇਂ ਅਰਥਾਂ ਨਾਲ ਭਰਪੂਰ ਕਰਨਾ ਅਤੇ ਮੌਤ ਦੇ ਅਧਿਆਤਮਕ ਸਰੂਪ ਵਿੱਚ ਇਕ ਨਵੀਂ ਤਾਸੀਰ ਪੈਦਾ ਕਰਨੀ।

ਪ੍ਰੋ: ਹਰਿੰਦਰ ਸਿੰਘ ਮਹਿਬੂਬ ਤੀਸਰੀ ਐਡੀਸ਼ਨ ਦੇ ਹੀ ਪੰਨਾ 614 ਉੱਤੇ ਲਿਖਦੇ ਹਨ: ਖ਼ਾਲਸਾ ਗੁਰੂ ਨਾਨਕ ਸਾਹਿਬ ਦੇ ਖਿਆਲ ਵਿੱਚ ਮੌਜੂਦ ਸੀ ਅਤੇ ਪੰਨਾ 356 ਉੱਤੇ ਲਿਖਦੇ ਹਨ ਗੋਬਿੰਦ ਸਿੰਘ ਨਾਨਕ ਦਾ ਹੀ ਆਖਰੀ ਨਾਮ ਹੈ। ਗੁਰੂ ਤੇਗ ਬਹਾਦਰ ਨੇ ਬਲੀਦਾਨ ਨਹੀਂ ਦਿੱਤਾ ਸ਼ਹਾਦਤ ਦਿੱਤੀ ਅਤੇ ਉਨ੍ਹਾਂ ਦੀ ਸ਼ਹਾਦਤ ਵਿੱਚੋਂ ਪ੍ਰਗਟ ਹੋਇਆ ਖ਼ਾਲਸਾ। ਖ਼ਾਲਸਾ ਦੇ ਨਿਰਾਲੇ ਚੋਜ ਨਿਰ ਭਉ, ਨਿਰਵੈਰ ਆਪਾ ਵਾਰੂ ਪ੍ਰਵਿਰਤੀ ਨੇ ਸਦੀਆਂ ਦੇ ਦੱਬੇ ਕੁਚਲੇ ਲੋਕਾਂ ਦੇ ਕਪਾਟ ਖੋਲ੍ਹ ਦਿੱਤੇ। ਉਹ ਹਰ ਕਿਸਮ ਦੇ ਭੈਅ ਨੂੰ ਵਿਸਾਰ ਕੇ, ਲੋਹੜੇ ਦਾ ਆਤਮ ਵਿਸ਼ਵਾਸ਼ ਲੈ ਕੇ ਸਵਾ ਸਵਾ ਲੱਖ ਨਾਲ ਜੂਝਣ ਦੇ ਜਜ਼ਬੇ ਅਧੀਨ ਵੱਡੇ ਵੱਡੇ ਜਰਵਾਣਿਆਂ ਨਾਲ ਦੋ ਦੋ ਹੱਥ ਕਰਨ ਲੱਗ ਪਏ। ਪਲਾਂ ਪਲਾਂ ਵਿੱਚ ਹਜ਼ਾਰਾਂ ਲੋਕ ਸਾਹਿਬਾਂ ਦਾ ਅੰਮ੍ਰਿਤ ਛਕ ਕੇ ਬਾਜਾਂ ਉੱਤੇ ਭਾਰੂ ਚਿੜੀਆਂ ਬਣਨ ਲੱਗੇ। ਮਨੁੱਖੀ ਜਮੀਰ ਨੇ ਅਜਿਹੀ ਕਰਵਟ ਲਈ ਕਿ ਹੰਨੇ ਹੰਨੇ ਮੀਰ ਪੈਦਾ ਹੋ ਗਏ। ਸਭ ਜਾਲਮ ਮੈਦਾਨੋ ਨਿਖੇੜ ਦਿੱਤੇ ਗਏ ਅਤੇ ਸਹੀ ਮਾਅਨਿਆਂ ਵਿੱਚ ਏਥੇ ਪਹਿਲਾ ਲੋਕ-ਰਾਜ (ਬੰਦਾ ਸਿੰਘ ਬਹਾਦਰ ਨੇ ਨਾਨਕਸ਼ਾਹੀ ਸਿੱਕਾ ਚਲਾ ਕੇ ਖ਼ਾਲਸਾ ਰਾਜ ਸਥਾਪਤ ਕੀਤਾ) ਸਥਾਪਤ ਹੋਇਆ। ਇਹ ਕ੍ਰਿਸ਼ਮਾ ਸੀ ਜੋ ਕਿਸੇ ਦੁਨਿ-ਆਵੀ ਅੱਖ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ (ਹਵਾਲਾ-ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ, ਲੇਖਕ-ਸ: ਗੁਰਤੇਜ ਸਿੰਘ) ਆਸ ਕਰਦਾ ਹਾਂ ਪਾਠਕ ਜਨ ਇਹ ਪੜ੍ਹਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੇ ਅਸਲ ਕਾਰਨ ਜਾਣ ਲੈਣਗੇ।

## ਭੁੱਲ ਦੀ ਸੋਧ


**ਪਿਛਲੇ ਹਫ਼ਤੇ ਦੇ ਅੰਕ 3056 ਦੇ ਪੰਨਾ 40 'ਤੇ ਜਥੇਦਾਰ ਮਹਿੰਦਰ ਸਿੰਘ ਯੂ ਕੇ ਦੇ ਛਪੇ ਲੇਖ ਦੇ ਸਿਰਲੇਖ ਵਿੱਚ ਟਾਈਪਿੰਗ ਅਤੇ ਪਰੂਫ਼ ਰੀਡਿੰਗ ਦੀਆਂ ਗਲਤੀਆਂ ਰਹਿ ਗਈਆਂ ਸਨ। ਇਸ ਸਿਰਲੇਖ ਨੂੰ ਇੰਝ ਪੜ੍ਹਿਆ ਜਾਵੇ, "ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥ ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥" ਕਿਰਪਾ ਕਰਕੇ ਪਾਠਕ ਤੇ ਸਬੰਧਿਤ ਨੋਟ ਕਰਨ।- ਸੰਪਾਦਕ**

# ਪਾਠਕਾਂ ਦੇ ਪੱਤਰ

**ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।**

## ਅਗਰ ਸਰਕਾਰ ਸਾਡੇ ਵਿਦੇਸ਼ੀ ਲੀਡਰਾਂ ਨੂੰ ਜੋਗ ਥਾਂ ਦੇਵੇ ਤਦ ਜ਼ਰੂਰ ਐਨ ਆਰ ਆਈ ਵੀਰਾਂ ਦੀਆਂ ਮੁਸ਼ਕਲਾਂ ਦਾ ਹੱਲ ਛੇਤੀ ਹੋ ਸਕਦਾ ਹੈ

ਅਗਰ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਵੱਲੋਂ ਐਨ ਆਰ ਆਈ ਭਰਾਵਾਂ ਨੂੰ ਸਤਿਕਾਰ ਮਿਲੇ ਤਦ ਐਨ ਆਰ ਆਈ ਵੀਰਾਂ ਦੇ ਸਾਰੇ ਕਾਰਜ ਸਹੀ ਹੋ ਸਕਦੇ ਹਨ। ਪਹਿਲਾਂ ਤਾਂ ਕਮਲਜੀਤ ਧਾਲੀਵਾਲ ਦੀ ਕਾਰ ਚੋਰੀ ਹੋਣਾ ਬੜੀ ਦੁੱਖ ਦੀ ਖਬਰ ਹੈ। ਸਾਡੇ ਵਰਗੇ ਦਾ ਸਾਈਕਲ ਚੋਰੀ ਹੋਵੇ ਫ਼ਿਕਰ ਲਗ ਜਾਂਦਾ ਹੈ। ਜੋ ਪੰਜਾਬ ਸਰਕਾਰ ਨੇ ਧਾਲੀਵਾਲ ਨੂੰ ਪੰਜਾਬ ਦੀਆਂ ਚੋਣਾਂ ਵਿੱਚ ਕੋਆਰਡੀਨੇਟਰ ਲਾਇਆ ਬੜੀ ਅੱਛੀ ਖਬਰ ਹੈ। ਇਹ ਪਹਿਲੀ ਵਾਰ ਇਸ ਤਰ੍ਹਾਂ ਹੋਇਆ ਹੈ। ਅਗਰ ਸਰਕਾਰ ਸਾਡੇ ਵਿਦੇਸ਼ੀ ਲੀਡਰਾਂ ਨੂੰ ਜੋਗ ਥਾਂ ਦੇਵੇ ਤਦ ਜ਼ਰੂਰ ਐਨ ਆਰ ਆਈ ਵੀਰਾਂ ਦੀਆਂ ਮੁਸ਼ਕਲਾਂ ਦਾ ਹੱਲ ਛੇਤੀ ਹੋ ਸਕਦਾ ਹੈ। ਇਹ ਜ਼ਰੂਰੀ ਨਹੀਂ ਕਾਂਗਰਸ ਹੀ ਕਰੇ ਸਾਰੀਆਂ ਪਾਰਟੀਆਂ ਆਪ ਵਾਲੇ ਜਿਸ ਪਾਸ ਪੰਜਾਬ ਦੀ ਸਰਕਾਰ ਹੈ। ਬੀ ਜੇ ਪੀ ਵਾਲੇ ਜੋ ਭਾਰਤ ਦੇ ਇੰਚਾਰਜ ਹਨ। ਸਾਰੀਆਂ ਪਾਰਟੀਆਂ ਨੂੰ ਐਨ ਆਰ ਆਈ ਵੀਰਾਂ ਨੂੰ ਵੱਧ ਤੋਂ ਵੱਧ ਜ਼ਿੰਮੇਵਾਰੀ ਦੇ ਕੰਮ ਦੇ ਕੇ ਉਨ੍ਹਾਂ ਨੂੰ ਐਨ ਆਰ ਆਈ ਵੀਰਾਂ ਦੀਆਂ ਸਮੱਸਿਆਵਾਂ ਲਈ ਪ੍ਰੇਰਿਆ ਜਾ ਸਕਦਾ ਹੈ। ਅਗਰ ਜ਼ਿੰਮੇਵਾਰੀ ਦਾ ਕੰਮ ਹੋਵੇਗਾ ਜ਼ਰੂਰ ਹੀ ਸਹੀ ਹੱਲ ਲੱਭ ਸਕਦਾ ਹੈ। ਇਹ ਜ਼ਰੂਰ ਹੈ ਲੀਡਰ ਜਿਹੜਾ ਸਿਰਫ਼ ਕੁਰਸੀ ਪਿਛੇ ਪਿਆ ਹੈ ਉਸ ਨੂੰ ਬਾਹਰ ਰੱਖਣਾ ਚਾਹੀਦਾ ਹੈ। ਸਾਡੇ ਲੀਡਰ ਦੇਖੋ ਪਾਰਟੀ ਟਿਕਟ ਨਹੀਂ ਮਿਲੀ ਪਾਰਟੀ ਛੱਡ ਰਿਹਾ ਹੈ। ਇਹੋ ਜਿਹੇ ਲੀਡਰਾਂ ਨੂੰ ਕਿਸੇ ਪਾਰਟੀ ਵੱਲੋਂ ਵੀ ਮੈਂਬਰ ਨਹੀਂ ਬਣਾਉਣਾ ਚਾਹੀਦਾ ਜੋ ਸਿਰਫ਼ ਕੁਰਸੀ ਖਾਤਰ ਲੀਡਰ ਹੈ। ਉਹ ਜਨਤਾ ਦਾ ਕੁਝ ਸਵਾਰ ਨਹੀਂ ਸਕਦਾ। ਆਪਣਾ ਆਪ ਤਾਂ ਜ਼ਰੂਰ ਸਵਾਰ ਲੈਂਦੇ ਹਨ। ਪਰ ਦੂਸਰੇ ਦਾ ਅਗਰ ਉਸ ਦੇ ਦਿਲ ਵਿੱਚ ਪਾਰਟੀ ਸਹਿਤ ਸਤਿਕਾਰ ਹੋਵੇ ਤਦ ਹੀ ਦੂਸਰੇ ਲਈ ਕੰਮ ਕਰ ਸਕਦਾ ਹੈ। ਇਹ ਠੀਕ ਹੈ ਪਾਰਟੀ ਬਦਲ ਕੇ ਕਦੀ ਵੀ ਲੀਡਰ ਨੂੰ ਜ਼ਿਆਦਾ ਸਤਿਕਾਰ ਨਹੀਂ ਮਿਲਦਾ। ਇਕ ਪਾਰਟੀ ਵਿੱਚ ਰਹਿ ਕੇ ਹੋ ਮਿਲਦਾ ਹੈ। ਜਿੱਤ ਹਾਰ ਤਾਂ ਲੀਡਰ ਲਈ ਮਾਰਕਾ ਹੈ। ਕਦੀ ਜਿੱਤ ਕਦੀ ਹਾਰ ਹੁੰਦੀ ਹੈ। ਇਸ ਬਾਰੇ ਸੋਚ ਸ਼ਕਤੀ ਤਕੜੀ ਰੱਖਣੀ ਚਾਹੀਦੀ ਹੈ। ਪਾਰਟੀ ਨੂੰ ਹਰ ਲੀਡਰ ਦਾ ਖਿਆਲ ਰੱਖਣਾ ਚਾਹੀਦਾ ਹੈ ਪਰ ਸਾਡੇ ਲੀਡਰ ਵੀ ਜ਼ਿਆਦਾ ਭੂਆ ਭਤੀਜਾ ਪਾਲਣ ਹਾਰ ਹਨ। ਖੈਰ ਸਾਡੀ ਸਰਕਾਰ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਐਨ ਆਰ ਵੀਰਾਂ ਨੂੰ ਜ਼ਿੰਮੇਵਾਰੀ ਵਾਲੀ ਕੰਮ ਦੇਣ। ਇਸੇ ਤਰ੍ਹਾਂ ਐਨ ਆਰ ਆਈ ਵੀਰ ਦੇਸ਼ ਲਈ ਹੋਰ ਕੰਮ ਕਰਨਗੇ। ਗਲਤੀ ਮੁਆਫ਼। **-ਕੇ ਐਸ ਜੋਗੀ**



## ਥੋੜ੍ਹਾ ਧਿਆਨ ਦੇਣ ਦੀ ਲੋੜ

ਅਖਬਾਰਾਂ ਤੇ ਮੈਗਜ਼ੀਨਾਂ ਵਿੱਚ ਅਕਸਰ ਕਈ ਪ੍ਰਕਾਰ ਦੇ ਇਸ਼ਤਿਹਾਰ ਆਦਿ ਆਉਂਦੇ ਰਹਿੰਦੇ ਹਨ। ਬਹੁਤੇਰੀ ਵਾਰ ਇਹ ਇਸ਼ਤਿਆਰ ਕਿਸੇ ਧਾਰਮਿਕ ਮਹਾਂਪੁਰਖ, ਮਹਾਨ ਗੁਰੂ, ਪੈਗੰਬਰ, ਸੰਤ, ਭਗਤ, ਸ਼ਹੀਦ ਆਦਿ ਦੇ ਹੁੰਦੇ ਹਨ। ਉਸ ਦਿਨ ਦੀ ਅਖਬਾਰ / ਮੈਗਜ਼ੀਨ ਪੜ੍ਹ ਕੇ ਸਾਨੂੰ ਇਹਨਾਂ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ , ਪਰ ਕਈ ਵਾਰ ਅਕਸਰ ਦੇਖਣ ਵਿੱਚ ਆ ਜਾਂਦਾ ਹੈ ਕਿ ਅਸੀਂ ਅਜਿਹੇ ਇਸ਼ਤਿਹਾਰਾਂ ਨਾ਼ਲ਼ ਸੰਬੰਧਿਤ ਉਸ ਅਖਬਾਰ ਦੇ ਪੰਨਿਆਂ ਨੂੰ / ਮੈਗਜ਼ੀਨ ਨੂੰ ਸਹੀ ਥਾਂ 'ਤੇ ਰੱਖਣ ਦੀ ਥਾਂ ਇੱਧਰ - ਉੱਧਰ ਰੱਖ ਦਿੰਦੇ ਹਾਂ ਜਾਂ ਸੁੱਟ ਦਿੰਦੇ ਹਾਂ ਤੇ ਫਿਰ ਬੜੀ ਹੀ ਬੇਪਰਵਾਹੀ ਦੇ ਨਾ਼ਲ਼ ਅਣਜਾਣ ਹੋ ਬੈਠਦੇ ਹਾਂ। ਹੁੰਦਾ ਇਹ ਹੈ ਕਿ ਫਿਰ ਇਹ ਅਖਬਾਰ ਜਾਂ ਮੈਗਜ਼ੀਨ ਕਈ ਵਾਰ ਸਾਡੇ ਖ਼ੁਦ ਦੇ ਜਾਂ ਦੂਸਰੇ ਲੋਕਾਂ ਦੇ ਜਾਂ ਰਾਹਗੀਰਾਂ ਦੇ ਪੈਰਾਂ ਵਿੱਚ ਆ ਜਾਂਦੇ ਹਨ ਜਾਂ ਗੱਡੀਆਂ - ਮੋਟਰਾਂ ਦੇ ਟਾਇਰਾਂ ਹੇਠਾਂ ਆ ਜਾਂਦੇ ਹਨ ਜਾਂ ਕਈ ਵਾਰ ਗੰਦੀਆਂ ਥਾਵਾਂ ਜਾਂ ਕੂੜਾ - ਕਰਕਟ ਦੇ ਢੇਰਾਂ 'ਤੇ ਵੀ ਦਿਖਾਈ ਦਿੰਦੇ ਹਨ। ਇਹਨਾਂ ਮਹਾਂਪੁਰਖਾਂ ਦਾ ਅਨਾਦਰ ਹੋ ਜਾਣ ਕਰਕੇ ਅਸੀਂ ਪਾਪ ਦੇ ਭਾਗੀਦਾਰ ਬਣ ਜਾਂਦੇ ਹਾਂ ਤੇ ਕਈ ਲੋਕਾਂ ਦੀਆਂ ਧਾਰਮਿਕ ਤੇ ਦੇਸ਼ - ਭਗਤੀ ਦੀਆਂ ਕੋਮਲ ਭਾਵਨਾਵਾਂ ਨੂੰ ਠੇਸ ਵੀ ਅਣਜਾਣੇ ਵਿੱਚ ਹੀ ਪਹੁੰਚਾ ਦਿੰਦੇ ਹਾਂ। ਜੋ ਕਿ ਸ਼ਾਇਦ ਸਹੀ ਨਹੀਂ ਹੈ। ਸੋ ਜੇਕਰ ਅਸੀਂ ਇਸ ਤਰ੍ਹਾਂ ਦੇ ਧਾਰਮਿਕ ਇਸ਼ਤਿਹਾਰਾਂ ਦੀਆਂ ਅਖਬਾਰਾਂ ਤੇ ਮੈਗਜ਼ੀਨਾਂ ਨੂੰ ਇੱਧਰ - ਉੱਧਰ ਸੁੱਟ ਦੇਣ ਦੀ ਥਾਂ ਉਨ੍ਹਾਂ ਨੂੰ ਢੁਕਵੀਂ ਥਾਂ 'ਤੇ ਸੰਭਾਲ ਕੇ ਰੱਖ ਦੇਈਏ ਤਾਂ ਸਾਡੇ ਤੇ ਦੂਸਰਿਆਂ ਦੇ ਲਈ ਬਹੁਤ ਹੀ ਵਧੀਆ ਹੋਵੇਗਾ ਤੇ ਕਿਸੇ ਦੀਆਂ ਧਾਰਮਿਕ ਤੇ ਕੋਮਲ ਭਾਵਨਾਵਾਂ ਦਾ ਖੰਡਨ ਵੀ ਨਹੀਂ ਹੋਵੇਗਾ ਅਤੇ ਇਸਦੇ ਨਾਲ ਹੀ ਮਹਾਂਪੁਰਖਾਂ, ਦੇਸ਼ - ਭਗਤਾਂ ਤੇ ਰੱਬੀ ਰੂਹਾਂ ਦਾ ਸਤਿਕ-ਾਰ ਵੀ ਬਰਕਰਾਰ ਰਹੇਗਾ। ਆਓ ! ਇਸ ਵੱਲ ਥੋੜ੍ਹਾ ਧਿਆਨ ਦੇਈਏ।



ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
9478561356

# ਹੁਣ ਨਾ ਤਾਂ ਇਤਿਹਾਸ ਦਾ ਕੋਈ ਥਹੁ ਪਤਾ ਹੈ ਨਾ ਗੁਰੂ ਅਦੇਸ਼ ਉਪਦੇਸ਼ਾਂ ਦਾ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਇਸ ਹਫ਼ਤੇ ਪੰਜਾਬ ਮੇਲ ਵਾਲੇ ਗੁਰਦੀਪ ਸਿੰਘ ਸੰਧੂ ਹੋਰਾਂ ਦਾ ਟੈਲੀਫੂਨ ਆ ਗਿਆ, ਬੜੇ ਪ੍ਰਸੰਨ ਚਿੱਤ ਵਿਚਾਰਾਂ ਕੀਤੀਆਂ, ਪ੍ਰਕਾਸ਼ ਪੁਰਬ ਸਪਤਾਹ ਕਰਕੇ ਕੁਝ ਵਿਚਾਰ ਨਗਰ ਕੀਰਤਨਾਂ 'ਤੇ ਕੀਤੀ, ਪਿਛੋਕੜ ਫੋਲਿਆ ਤਾਂ ਜਲੂਸ ਆਖਿਆ ਜਾਂਦਾ ਹੁੰਦਾ ਸੀ, ਉਨ੍ਹਾਂ ਦੱਸਿਆ ਕਿ ਜਲੂਸ ਕਿਉਂ:- ਸ਼ੇਰੇ-ਪੰਜਾਬ ਆਪਣੇ ਲਾਮ ਲਸ਼ਕਰ ਘੋੜੇ ਯਾਨੀ ਸਭ ਵਿਖਾਵਾ ਬੜੇ ਜਲੌਅ ਨਾਲ ਕਰਦੇ ਸਨ ਤੇ ਲੋਕਾਂ ਦੇ ਕਈ ਦੁੱਖ ਸੁਣ ਫੈਸਲੇ ਭੀ ਉਥੇ ਹੀ ਨਿਬੇੜ ਦਿੰਦੇ ਸਨ, ਉਥੋਂ ਜਲੌਅ ਬੜਾ ਅਲੌਕਿਕ ਹੁੰਦਾ ਸੀ ਲੋਕੀ ਬੜੇ ਖੁਸ਼ ਹੁੰਦੇ ਸਨ, ਫੇਰ ਬੱਸ ਜਲੂਸ ਬੋਲੀਆਂ ਕਈ ਬਦਲਦੀਆਂ ਰਹਿੰਦੀਆਂ ਹਨ। ਕੁਝ ਵਰ੍ਹੇ ਹੋਏ ਮਹਾਰਥੀਆਂ ਜਲੂਸ ਨੂੰ ਇਕ ਹੋਰ ਸੰਦਰਭ ਨਾਲ ਜੋੜ ਕੇ ਨਗਰ ਕੀਰਤਨ ਦਾ ਨਉਂ ਦੇ ਲਿਆ ਕਦੇ ਤਾਂ ਲੋੜ ਸੀ ਇਸ ਦੀ ਇਥੇ ਦੂਜੇ ਵਰਗਾਂ ਨੂੰ ਆਪਣੀ ਹੋਂਦ ਦੱਸਣ ਦੀ ਹੁਣ ਤਾਂ ਥਾਂ-ਥਾਂ ਗੁਰਦੁਆਰੇ ਤੇ ਸੜਕਾਂ ਤੇ ਰਾਗੀ ਪ੍ਰਚਾਰਕ ਪਜਾਮੇ ਕੁੜਤੇ ਪਾਈ ਬਾਜੇ ਢੋਲਕੀਆਂ ਚੁੱਕੀ ਫਿਰਦੇ ਨੇ, ਕੀਹਨੂੰ ਨੀ ਪਤਾ ਪਰ ਗੁਰਦੁਆਰਿਆਂ ਦੇ ਗਵਰਨਰ ਸਿਆਸੀਆਂ ਨੂੰ ਸਨਮਾਨ ਕਰਕੇ ਮਹਾਨਤਾ ਲਈ ਇਹ ਸਾਧਨ ਹਨ, ਕੌਂਸਲਾਂ ਨੇ ਹੁਣ ਬੜੇ ਬੜੇ ਬਿੱਲ ਵਸੂਲਣੇ ਕਰਤੇ ਨੇ ਲੰਡਨ ਵਿੱਚ ਹਟਾਇਆ ਭੀ ਸੀ ਪਰ ਫੇਰ ਨਵੇਂ ਬਣੇ ਪ੍ਰਬੰਧ ਨੇ ਦੋ ਕੁ ਸਾਲ ਤੋਂ ਸਗੋਂ ਵੱਡਾ ਕੱਢਣਾ ਸ਼ੁਰੂ ਕਰ ਲਿਆ, ਸਾਡੇ ਸ਼ਹਿਰ ਤਾਂ 80 ਹਜ਼ਾਰ ਤੱਕ ਦਾ ਹੈ ਪਰ ਕਿਹੜਾ ਜੇਬ੍ਹਾਂ ਵਿੱਚੋਂ ਜਾਣਾ ਪਾਠਾਂ ਦੇ, ਵਿਆਹਾਂ ਦੇ ਬਿੱਲ ਵਧਾ ਦੇਣਗੇ ਲੋਕਾਂ ਨੇ ਹੀ ਭਰਨੇ ਨੇ, ਭਾਵੇਂ ਕਿ ਹੁਣ ਸਾਰਾ ਦਿਨ ਬੱਸਾਂ ਦਾ ਬੰਦ ਰਹਿਣਾ (ਕੁਝ ਰੂਟਾਂ) ਲੋਕੀ ਅੰਦਰੋਂ ਦੁਖੀ ਹਨ ਪਰ ਡਰਦੇ ਚੁੱਪ ਨੇ, ਦੇਰ ਨੀ ਜਦੋਂ ਚੁੱਪ ਟੁੱਟ ਜਾਂਦੀ ਹੈ ਨਾਲੇ ਹੁਣ ਇੰਨੇ ਟਾਵਰ ਫਲੈਟ ਭਾਂਤ-ਭਾਂਤ ਦੀ ਵੱਸੋਂ ਕਈ ਰੇੜਕੇ ਖੜ੍ਹੇ ਹੋਣਗੇ ਪ੍ਰਸ਼ਾਸਨ ਨੂੰ, ਪ੍ਰਬੰਧਕਾਂ ਨੂੰ ਸੜਕਾਂ 'ਤੇ ਮੇਲੇ ਲਉਣੇ ਹੱਟਣਾ ਬਣਦਾ।

ਦੂਜਾ ਮੁੱਦਾ ਸ਼ਤਾਬਦੀਆਂ ਦਾ ਛੋਹਿਆ ਗੁਰੂ ਸਾਹਿਬ ਕਿਉਂਕਿ ਖੱਤਰੀ (ਭਾਪੇ) ਕੁਨਬਿਆਂ ਵਿੱਚੋਂ ਸਨ ਤਾਂ ਇਸ ਵਰਗ ਨੇ ਹਰ ਪੁਰਬ ਸੰਮੇਲਣ ਅਰੰਭਤਾ ਲਈ ਸਲਾਹਾਂ ਦਿੱਤੀਆਂ, ਪ੍ਰਿੰਸੀਪਲ ਸਤਵੀਰ ਸਿੰਘ ਨੇ ਪਹਿਲੀ ਲੰਡਨ ਵਿੱਚ ਸ਼ੁਰੂ ਕਰਵਾ ਤੀ ਬੱਸ ਫੇਰ ਤਾਂ ਲੜੀ ਤੁਰ ਪਈ, ਉਧਰ ਗੁਰਪੁਰਬ ਭੀ ਦੋ ਹੀ ਹੁੰਦੇ ਸਨ ਹੁਣ ਤਾਂ ਗਿਣਤੀ ਹੀ ਨੀ ਪ੍ਰਚਾਕਰਾਂ ਨੇ ਕਾਰੋਬਾਰ ਬਣਾ ਲਏ, ਫੇਰ ਹੋਰ ਭਗਤਾਂ, ਭੱਟਾਂ, ਸ਼ਹੀਦਾਂ ਦੀਆਂ ਵੰਸ਼ਾਂ, ਜਾਤਾਂ ਤੇ ਅਵਸਰ ਬਹੁਤੇ ਚੌਧਰੀ ਜੋ ਚੈਨਲਾਂ 'ਤੇ ਜਾ ਕੇ ਕੂਕਰ ਬਣਗੇ ਸਾਧਾਂ ਦੇ ਡੇਰਿਆਂ ਵਿੱਚੋਂ ਆਏ ਉਹੀ ਰਲ੍ਹੇ ਮਿਲੇ ਪ੍ਰਚਾਰ, ਜੋਤਾਂ ਦੀ ਵਿਧੀ ਹੀ ਚਲਾ ਤੀ ਯਾਨੀ ਹੁਣ ਨਾ ਤਾਂ ਇਤਿਹਾਸ ਦਾ ਕੋਈ ਥਹੁ ਪਤਾ ਹੈ ਨਾ ਗੁਰੂ ਅਦੇਸ਼ ਉਪਦੇਸ਼ਾਂ ਦਾ (ਜੁਆਕ ਦਾ ਪੱਜ ਮਾਂ ਦਾ ਰੱਜ) ਪਸਰ ਗਿਆ ਹੈ, ਵੀਰ ਕਹਿੰਦਾ ਮੈਂ ਚੈਨਲੀ ਭਲਵਾਨ ਨੂੰ ਪੁੱਛਿਆ ਕਿ ਤੂੰ ਕਾਹਦੀ ਪੀ. ਐਚ. ਡੀ. ਕੀਤੀ ਹੈ, ਉਤਰ ਗੁਰਬਾਣੀ ਦੀ, ਮੈਂ ਹੱਸ ਕੇ ਆਖਿਆ ਗੁਰਦੀਪ ਸਿੰਘ ਪੁੱਛ ਲੈਣਾ ਸੀ ਪੈਸੇ ਮੰਗਣ ਦੀ ਨਾਲ ਹੀ ਕੀਤੀ ਕਿ ਅੱਡ ਕਰਨੀ ਪਈ, ਭਾਵੇਂ ਮੇਰੇ ਛੋਟੇ ਵੀਰ ਨੇ ਮੇਰੀਆਂ ਸਿਫ਼ਤਾਂ ਭੀ ਕੀਤੀਆਂ ਪਰ ਮੈਂ ਕਿਹਾ ਮੈਂ ਜੋ ਭੀ ਹਾਂ ਸਭ ਤੁਹਾਡੇ ਵਰਗੇ ਪੱਤਰਕਾਰ, ਅਖ਼ਬਾਰ, ਲੇਖਕਾਂ ਕਰਕੇ ਹਾਂ ਪੜ੍ਹ-ਪੜ੍ਹ ਕੇ ਹੀ ਆਹ ਪੌੜੀ ਚੜ੍ਹੀ ਹਾਂ ਤੁਸੀਂ ਤਾਂ ਮਾਸਟਰ ਡਿਗਰੀ ਫਸਟ ਕਲਾਸ ਪੰਜਾਬ ਦੀ ਹੋ, ਸਵ: ਅਮਰ ਸਿੰਘ ਦੁਸਾਂਝ ਹੋਰਾਂ ਦੀ ਗੋਦੀ ਦਾ ਨਿੱਘ ਮਾਣਿਆ ਮੈਂ ਤਾਂ ਮਜ਼ਬੂਨ ਨਹੀਂ ਸੀ ਪੜ੍ਹਿਆ ਪਰ ਨਿੱਕੀ ਹੁੰਦੀ ਤੋਂ ਉਤਸੁਕਤਾ ਬੜੀ ਤੇ ਮਨ ਦਾ ਕੰਪਿਊਟਰ ਸਭ ਭਰੀ ਬੈਠਾ ਹੈ ਤਾਂ ਪੁਰਾਤਨ ਰਸਮ ਰਿਵਾਜ਼ ਜੋ ਸਾਡੇ ਵੇਲੇ ਸਨ ਸਾਂਭ ਕੇ ਬੈਠੀ ਹਾਂ ਸਾਂਝਾਂ ਪਾ ਕੇ ਸੇਵਾ ਕਰਦੀ ਹਾਂ ਕੋਈ ਗੁਣੀ ਗਿਆਨੀ ਨਹੀਂ, ਬੁੱਧੀਜੀਵ ਵਿਦਵਾਨ ਨਹੀਂ ਸਗੋਂ ਬੁੱਧੂ ਜੀਵ ਤਾਂ ਹਾਂ ਜੋ ਮੱਥਾ ਮਾਰ ਰਹੀ ਹਾਂ ਇਨ੍ਹਾਂ ਮਹਾਨ ਪੁਰਸ਼ਾਂ 'ਤੇ ਅਸਰ ਕੋਈ ਨਹੀਂ, ਮੰਨਣਾ ਪਵੇਗਾ ਕਿ ਚੈਨਲਾਂ 'ਤੇ ਗ੍ਰੰਥੀ ਪਾਠ ਪੈਸੇ ਲਈ ਤੇ ਫੇਰ ਸਗੋਂ ਉੱਚੇ ਹੁੰਦੇ ਨੇ, ਮਰਿਯਾਦਾ ਦੀ ਡੌਂਡੀ ਪਿੱਟਣਗੇ।

ਪੰਜਾਬੀ ਭਾਸ਼ਾ, ਬੋਲੀ ਦਾ ਵਿਸ਼ਾ ਮੈਂ ਦੱਸਿਆ ਕਿ ਇਹ ਦਿੱਲੀ ਵਾਲੇ ਪੰਜਾਬੀ ਭਾਸ਼ਾ ਤਾਂ ਕੀ ਬੋਲੀ ਭੀ ਨਹੀਂ ਜਾਣਦੇ, ਕੱਲ ਚੈਨਲ 'ਤੇ ਬੜਾ ਹੀ ਭੁੜਕਦਾ ਹੈ ਮੋਦੀ ਦੇ ਵਿਰੁੱਧ ਭਾਰਤ ਵਿਰੁੱਧ, ਕੈਨੇਡਾ ਮੰਦਰ ਘਟਨਾ ਤੇ ਸਿੱਖਾਂ ਦੇ ਹੱਕ ਵਿੱਚ ਮਸੀਤ ਨੂੰ ਮਸੀਦ ਲਿਖੀ ਬੈਠਾ, ਅਸੀਂ ਚੀਰ-ਪਾੜ ਕੀਤੀ ਕਿ ਕੁੜੀਆਂ ਮੁੰਡੇ ਬਿਠਾ ਕੇ ਪ੍ਰੋਗਰਾਮ ਲਾਰੇ ਹੋਣਗੇ ਕਿ ਪੱਕੇ ਕਰਾਵਾਂਗੇ, ਭਾਰਤ ਸਰਕਾਰ ਦੇ ਵਿਰੁੱਧ ਬੋਲਣਾ ਇਕ ਸਰਟੀਫਿਕੇਟ ਹੈ ਭੜਕਾਊ ਬਿਆਨ ਦੇਣੇ ਇਸ ਦੇਸ਼ ਵਿੱਚ ਭੀ ਕਾਨੂੰਨ ਖਿਲਾਫ਼ੀ ਹੈ ਪਰ ਪੰਜਾਬ ਵਿੱਚ ਹੋਣ ਕਰਕੇ ਨਾ ਤਾਂ ਔਫ.ਕੌਮ. ਨਾ ਸਕਾਈ ਕੁਸਕਦਾ ਆਪਣੀ ਫੀਸ ਤੱਕ ਸੀਮਤ, ਪਰ ਦਿੱਲੀ ਦੂਰ ਨਹੀਂ, ਇਹ ਕਾਰੋਬਾਰੀ ਕਾਰਖਾਨੇ ਹਨ, ਧਰਮ ਬਰੈਂਡ ਨੇਮ ਇਕ ਤਾਂ ਅੰਬਰ ਦਾ ਦੂਜਾ ਸਿੱਖਾਂ ਤੇ ਤੀਜੇ ਪੰਜਾਬ ਦੀ ਸਿਆਸਤ ਲੜੀਵਾਰ ਧੂੜਾਂ ਪੱਟ ਰਹੇ ਹਨ, ਸਮਾਜ ਤੇ ਭਾਈਚਾਰੇ ਦੀਆਂ ਮੁਕਾਬਲੇ ਕੋਈ ਪੁਰਬਾਂ ਬਹਾਨੇ ਕੋਈ ਠੰਡੇ ਬੁਰਜ ਬਣਾ ਕੇ ਦਸੰਬਰ ਵਿੱਚ ਬਾਹਰ ਟੈਂਟ ਵਿੱਚ ਬਨਾਊ, ਗੁਰੂ ਪਿਆਰਿਉ ਸਾਹਿਬਜ਼ਾਦੇ ਯਾਦ ਕਰੋ ਕੀ ਬਾਲ ਜਵਾਨ ਬਜ਼ੁਰਗ ਬੀਮਾਰ ਹੋ ਜਾਣ ਤਾਂ ਜ਼ਿੰਮੇਵਾਰ? ਗੁਰੂ-ਘਰ ਪ੍ਰਬੰਧਕ ਭੀ ਜੀ ਆਹ ਚੈਨਲ ਦੀ ਸਪੋਰਟ ਕਰੋ ਕੋਈ ਰੋਕ-ਟੋਕ ਸੰਗਤਾਂ ਭੀ ਨਵੀਆਂ ਹਨ ਕੁਝ ਤਾਂ ਯੂਰਪੋਂ ਕੁਝ ਵਿੱਦਿਆਰਥੀ ਬਣ ਨੇਰ੍ਹੀ ਲਿਆਂਦੀ ਪਈ ਹੈ, ਸਾਡੇ ਸਮਕਾਲੀ ਤਾਂ ਹੁਣ ਧੱਕੇ ਵੇ ਨੇ ਪਿੱਛੇ ਨਵੇਂ ਪਾਂਡਵ ਨੇ (ਗੁਰੂ ਗ੍ਰੰਥ) ਹਜ਼ੂਰੀ ਵਿੱਚ ਝੂਠ, ਚਲੋ ਇਨ੍ਹਾਂ ਦੀ ਤਾਂ ਛੱਡੋ ਤਖ਼ਤਾਂ ਦੇ ਜਥੇਦਾਰ 12 ਘੰਟੇ ਪਾਠ ਗੁਰਬਾਣੀ ਵਿੱਚ ਮਘਨ ਕੀ ਕੀ ਪ੍ਰਚੰਡ ਕਰ ਰਹੇ ਹਨ ਤਾਂ ਫੇਰ ਧਰਮ 'ਤੇ ਵਿਸ਼ਵਾਸ ਕਿਵੇਂ ਬੱਝੂ ਤਵਾਰੀਖ ਕੀ ਲਿਖ ਹੋਵੇਗੀ ਭਾਵੇਂ ਦੂਜੇ ਧਰਮ ਭੀ ਘੱਟ ਨਹੀਂ ਪਰ ਅਸੀਂ ਤਾਂ ਸਾਰੀ ਦੁਨੀਆਂ ਨੂੰ ਉਪਦੇਸ਼ ਚਹੁੰ ਵਰਨਾਂ ਕੋ ਸਾਂਝਾ ਵਾਲੇ ਸੀ ਕੀ ਪੜਚੋਲ ਫੇਰ ਫਜ਼ੂਲ ਹੈ ਜਾਂ ਸੱਚੀ ਸੈਮੀਨਾਰ ਕਰੋ ਕਿਉਂ ਫਲਾਣਾ ਸਹੁੰ ਜੀ ਮੈਂ ਸੱਚ ਕਿਹਾ ਬਿਲਕੁੱਲ ਵਿਦਵਾਨੋ, ਡਾਕਦਾਰੋ, ਇਤਿਹਾਸਕਾਰੋ ਪੱਥਰ 'ਤੇ ਲੀਕ।

ਸੰਬੋਧਨ ਨਿੱਕੇ ਹੁੰਦੇ ਸੀ ਤਾਂ ਵੱਡਿਆਂ ਨੇ ਸਿਰ 'ਤੇ ਹੱਥ ਰੱਖ ਕੇ ਕਹਿਣਾ ਕੁੜੇ ਰਾਜ਼ੀ ਹੈ ਪੁੱਤ ਰਾਜ਼ੀ ਹੈ, ਛੋਟੇ ਮੁੰਡਿਆਂ, ਭਰਾਵਾਂ ਜਾਂ ਹੋਰ ਭਾਈ ਭਤੀਜਿਆਂ ਵੱਡਿਆਂ ਦੇ ਪੈਰੀਂ ਹੱਥ ਲਉਣਾ ਮੱਥਾ ਟੇਕਦਿਆਂ ਕਹਿੰਦੇ ਸੀ, ਨੂੰਹਾਂ ਵੱਡਿਆਂ ਨੂੰ ਚੁੰਨੀ ਦਾ ਲੜ ਫੜ ਪੈਰੀ ਪੈਂਦੀਆਂ ਸਨ, ਅਗਲਿਆਂ ਨੇ ਅਸੀਸਾਂ ਦੀਆਂ ਝੜੀਆਂ ਲਉਣੀਆਂ, ਕਾਮਰੇਡੀ ਆ ਵੜੀ ਨਾ ਜੀ ਪੈਰੀਂ ਨੀ ਪੈਣਾ ਮੱਥਾ ਨੀ ਬੱਸ ਸਾਸਰੀਕਾਲ ਅਸੀਂ ਤਾਂ ਚਲੋ ਗੌਰਮਿੰਟ ਦੇ ਸਕੂਲ ਕਾਲਜਾਂ ਵਿੱਚ ਪੜ੍ਹੇ ਸੀ ਕਦੇ ਆਮ ਸਾਧਾਰਨ ਵਾਹਿਗੁਰੂ ਜੀ ਕਾ ਖ਼ਾਲਸਾ ਸੁਣਿਆ ਨਹੀਂ ਸੀ, ਇਥੋਂ ਤੱਕ ਕਿ ਇਥੇ ਆ ਕੇ ਭੀ ਗੁਰਦੁਆਰੇ ਭੀ ਹੁਣ ਦੀ ਤਰ੍ਹਾਂ ਮਿੰਟ-ਮਿੰਟ 'ਤੇ ਇਹ ਰਿਵਾਜ ਨਹੀਂ ਸੀ ਹੁਣ ਤਾਂ ਦੇਖੋ ਆਹ ਚੈਨਲਾਂ ਤੇ ਗੁਰੂ ਘਰ ਪ੍ਰਬੰਧਕ ਬੁਲਾਰੇ ਦੋ ਵਾਰ ਪਹਿਲਾਂ ਤੇ ਮਗਰੋਂ। ਪਰ ਮੈਂ ਪੁੱਛਦੀ ਹਾਂ ਕਿ ਕੀ ਤੁਸੀਂ ਵਾਹਿਗੁਰੂ ਦੇ ਖ਼ਾਲਸੇ ਹੋ ਭੀ ਜਾਂ ਵਾਹਿਗੁਰੂ ਭੀ ਤੁਹਾਨੂੰ ਆਪਣਾ ਸਵੀਕਾਰਦਾ ਹੈ ਜੋ ਸਾਡੇ ਕਰਤਵ ਹਨ ਪੜ੍ਹ-ਪੜ੍ਹ ਪੋਥੀ ਲੱਦੀਏ, ਮੈਂ ਨਾ ਕਰੂੰ ਇਨ ਕੀ ਪ੍ਰਤੀਤ, ਕਿਸੇ ਤਜ਼ਰਬੇ ਦੀਆਂ ਸੱਤਰਾਂ ਹਨ ਫੇਰ ਅਸੀਂ ਕਿਵੇਂ ਪੁਰਾਤਨ ਵਾਰਾਂ ਸੁਣਾ ਕੇ ਲੁੱਟਦੇ ਹਾਂ ਜੀ ਸਿੰਘਾਂ ਨੇ ਛੱਕੇ ਛੁਡਾ 'ਤੇ। ਓ ਸੁਥਰਿਓ ਹੁਣ ਤੁਸੀਂ ਪੰਜਾਬ ਦੇ ਤਿੰਨ ਟੁੱਕੜੇ ਕਰਵਾ ਲਏ ਤੇ ਚੰਡੀਗੜ੍ਹ ਵੰਡਾ, ਪਾਣੀ, ਭਾਖੜਾ ਦੇਣ ਕੀਹਦੀ ਕਾਂਗਰਸ ਦੀ ਤੇ ਰਾਜ-ਭਾਗ ਕੀਹਨੂੰ ਸੌਂਪਦੇ ਹੋ ਕਾਂਗਰਸ ਨੂੰ ਤੇ ਸ਼ੇਖੀ ਕੀ ਮਾਰਦੇ ਹੋ, ਕਾਂਗਰਸ ਧਰਮ ਰਹਿਤ ਪਾਰਟੀ ਸੀ, ਪਰ ਸਿੱਖ ਬਹੁਗਿਣਤੀ ਭਰਤੀ, ਹੁਣ ਦੇਖੋ ਕਿਵੇਂ ਸਰੋਪੇ ਭੀ ਤੇ ਵਾਹਿਗੁਰੂ ਜੀ ਕਾ ਖ਼ਾਲਸਾ ਕਾਮਰੇਡ ਭੀ, ਕਿਸਾਨ ਆਗੂ ਭੀ ਬਾਰਡਰਾਂ 'ਤੇ ਲੰਗਰ ਜੋ ਪੰਥਕ ਧਿਰਾਂ ਤੋਂ ਲਿਆ ਭਾਵੇਂ ਕਿ ਰਾਜੇਵਾਲ ਨੇ ਠੀਕ ਕਿਹਾ ਸੀ ਨਹੀਂ ਇਹ ਸਾਡਾ ਨਾਅਰਾ ਨਹੀਂ ਪਰ ਕਿਉਂਕਿ ਉਥੇ ਸੰਗਤ ਪੇਂਡੂ ਬਠਾਈ ਤੇ ਉਹ ਲੱਗ ਪਏ ਨਾਅਰੇ ਲਉਣ, ਸੋ ਨਿਹਾਲ, ਕਤਲੋਗਾਰਤ ਅਲੋਪ ਬੱਸ ਅਕਾਲੀਆਂ ਨੂੰ ਭੰਡਣ, ਠਿੱਬੀ ਲਾਉਣ ਨੂੰ ਹੁਣ ਕਹਿੰਦੇ ਜੀ ਲੰਮੇ ਸਮੇਂ ਲਈ ਪੁਰਾਣੇ ਅਕਾਲੀ ਸਭ ਸਿਆਸਤ ਤੋਂ ਸੰਨਿਆਸ ਘਰੀਂ ਬੈਠਣ ਸਾਂਭੇ ਕੌਣ?

ਸੁਣੋ ਤੇ ਦੇਖੋ, ਮੂਰਤ ਸਮੇਤ ਲੇਖ, ਪੰਜਾਬ ਟਾਈਮਜ਼ ਵਿੱਚ ਆਈ. ਏ. ਐਸ. ਗੁਰਤੇਜ ਸਿੰਘ, ਸਰਦਾਰ ਸਾਹਿਬ ਜੀ ਤੁਹਾਡੇ ਕੋਲ ਆਹ ਨੌਜਵਾਨ ਦਰਜਨ ਤੋਂ ਵੱਧ ਨਾਲ ਪ੍ਰੋਫੈਸਰ, ਬੁੱਧੀਮਾਨ, ਬੁੱਧੀਜੀਵੀ ਕੀ ਖੱਟਾ ਉਡੀਕਦੇ ਹੋ ਤੁਸੀਂ ਆਪਣਾ ਅਕਾਲੀ ਦਲ ਅੱਗੇ ਹੋਰ ਹਨ ਨੀ ਤੇ ਨਾਲੇ ਤੁਸੀਂ ਅੰਮ੍ਰਿਤਸਰ ਅਕਾਲੀ ਦਲ ਵਿੱਚ ਆਏ, ਹੁਣ ਮਾਲਵਾਸਰ ਬਣਾ ਲਵੋ, ਤੁਸੀਂ ਪੁਰਾਣੇ ਅਕਾਲੀਆਂ ਤੋਂ ਕੀ ਲੈਣਾ ਹੈ ਉਨ੍ਹਾਂ ਦਾ ਆਪਣਾ ਦਲ ਹੈ ਸਿਮਰਨਜੀਤ ਸਿੰਘ, ਗੁਰਦੀਪ ਸਿੰਘ ਬਠਿੰਡਾ, ਮੋਹਕਮ ਸਿੰਘ ਦਾ ਕਾਂਗਰਸੀ, ਕੀ ਕੜਾਹੇ ਵਿੱਚ ਦੁੱਧ ਦੀ ਥਾਂ ਪਾਣੀ ਹੀ ਪਉਣਾ, ਚੱਕ ਲਵੋ ਗਾਗਰਾਂ ਤੁਹਾਡੀ ਬੱਲੇ ਬੱਲੇ ਐਮੇ ਝਰੀਟਾਂ ਮਾਰੋ ਕਿਤਾਬਾਂ ਛਪਵਾਉ ਹੁਣ ਤਾਂ ਝੱਟ ਮੰਗਣੀ ਪੱਟ ਵਿਆਹ ਨੇ, ਹੋਵੋ ਤਿਆਰ ਲਾਮ ਲਸ਼ਕਰ ਤਾਂ ਆਹ ਧਰਨਿਆਂ ਵਿੱਚੋਂ ਤੁਰ ਪਊ, ਕਿਸਾਨ ਆਗੂ ਰਵਨੀਤ ਬਿੱਟੂ ਦੀ ਬੋਲੀ ਤੋਂ ਔਖੇ, ਭਾਈ ਬਿੱਟੂ ਕਾਂਗਰਸ ਵਿੱਚ ਹੀ ਸੀ ਜਦੋਂ ਤੁਹਾਨੂੰ ਬਾਰਡਰਾਂ 'ਤੇ ਤੋਰਿਆ ਸੀ, ਸਭ ਰਮਜ਼ਾਂ ਉਹਦੇ ਕੋਲ ਨੇ ਸੱਚੀਆਂ ਆਖ ਰਿਹਾ ਹੈ ਨਾਲੇ ਕੀ ਕਾਂਗਰਸੀ ਪ੍ਰਧਾਨ ਰਾਜੇ ਵੜਿੰਗ ਨੇ ਪਿਤਾ ਪੁਰਖੀ ਕੱਢ ਮਾਰੇ ਤਾਂ ਬਿੱਟੂ ਜਵਾਨ ਹੈ ਦਾਖੂ ਦਾਣਾ ਦਿੰਦਾ ਹੈ, ਲਵੋ ਜਦੋਂ ਪਰਮਲ ਦਿੰਦਾ ਸੀ ਤਾਂ ਖੁਸ਼ ਸੀ ਸਭ ਬਾਰਡਰ ਬਿੱਟੂ ਦੇ ਭੀ ਪਰਿਵਾਰ ਦੀ ਕੁਰਬਾਨੀ ਹੈ ਜੇਕਰ ਸੰਤ ਕਰਤਾਰ ਸਿੰਘ ਦੇ ਪੁੱਤਰ ਮਨਜੀਤ ਸਿੰਘ ਮਾਮੇ ਕੰਨੀ ਬੀਲ ਵਲੀਆਂ ਵਾਲਾ ਹੈ ਤਾਂ ਬਿੱਟੂ ਦਾ ਦਾਦਾ ਭੀ ਤਾਂ ਕਤਲ ਕੀਤਾ ਨਾਲੇ ਨਕਸਲੀਏ ਬੁੱਚੜ ਆਖਣ ਆਪਣੇ ਗੁਨਾਹ ਲੁਕੋਣ ਲਈ ਠੀਕ ਬੋਲ ਰਿਹਾ ਹੈ। ਬੀਬੀ ਰਾਤ ਫੋਨ ਕਰਕੇ ਪੁੱਛਦੀ ਹੈ ਆਹ ਵੱਡੀ ਸਾਰੀ ਪੱਗ ਵਾਲਾ ਮੋਦੀ ਦੇ ਗੁਣ ਗਾ ਰਿਹਾ ਕੌਣ? ਮੈਂ ਕਿਹਾ ਬੀਬੀ ਰਵੀਇੰਦਰ ਸਿੰਘ ਕਾਹਲੋਂ ਪਹਿਲਾਂ ਅਕਾਲੀ ਦਲ, ਖ਼ੈਰ ਬਹੁਤ ਛੜੱਪਾ ਨਹੀਂ ਭਾਈਵਾਲੀ ਸੀ ਭਾਜਪਾ ਨਾਲ ਜਿਹੜੇ ਕਿਧਰੇ ਦੇ ਕਿਧਰੇ ਵਰ੍ਹੋਲੇ ਨਾਲ ਉੱਡ ਕੇ ਗਏ ਗੱਲ ਉਨ੍ਹਾਂ ਦੀ ਕਰੀਏ।

ਮਨੁੱਖ ਇਕ ਸੋਸ਼ਲ ਜੀਵ ਹੈ, ਆਪਾਂ ਚੁਗਿਰਦੇ ਵਿੱਚ ਘਿਰੇ ਹਾਂ, ਭਾਈਚਾਰੇ ਵਿੱਚ ਵਿਚਰਨ ਦੇ ਆਦੀ ਹਾਂ ਆਪਣੇ ਪਰਿਵਾਰ, ਨਾਤੇ ਤਾਂ ਹਰ ਇਕ ਨੂੰ ਜਥਾਸ਼ਕਤ ਪਿਆਰੇ ਅਤੇ ਮਹੱਤਵਪੂਰਨ ਹੁੰਦੇ ਹਨ, ਪਰ ਮਿੱਤਰ ਸਬੰਧੀ ਭੀ ਜੀਵਨ ਦੇ ਖੁਰਾਕ ਨਾਲ ਮਸਾਲੇ ਹੁੰਦੇ ਹੀ ਹਨ, ਪਰ ਕੁਝ ਜਾਣਕਾਰੀਆਂ ਤੋਂ ਕਈ ਵਾਰੀ ਸੰਸਾਰ ਮੂਰਤ ਅੱਡਰੀ ਦਿਸਦੀ ਹੈ ਕਈ ਤਰ੍ਹਾਂ ਦੇ ਲੋਕ ਹਨ, ਜੋ ਕਦੀ ਦੁੱਖ ਜਾਣਦੇ ਹੀ ਨਹੀਂ ਕੀ ਹੁੰਦਾ ਹੈ, ਅਮੀਰ ਕਹੀਦਾ ਹੈ ਇਹ ਤਾਂ ਚਾਂਦੀ ਦੇ ਚਮਚੇ ਮੂੰਹ ਵਿੱਚ ਲੈ ਜੰਮੇ, ਗਰੀਬ ਪਰ ਈਮਾਨਦਾਰ, ਹਿਰਦੇ ਦੇ ਸਾਫ ਦਵੈਸ਼ ਭਾਵ-ਰਹਿਤ ਕੁਝ ਗਰੀਬ ਭੀ ਬੜੇ ਨਿਰਦਈ ਅਤੇ ਇਕ ਜੋ ਪ੍ਰਮਾਤਮਾਂ ਨੇ ਅਪਾਹਜ ਹੀ ਭੇਜੇ, ਪਰ ਇਹ ਵਿਚਾਰ ਹੈ ਕਿ ਉਨ੍ਹਾਂ ਦੀ ਸੋਚਣੀ ਹੈ ਕਿ ਸਾਨੂੰ ਇਹ ਦੁੱਖ ਆਹ ਜੋ ਚੰਗੇ ਭਲੇ ਫਿਰਦੇ ਨੇ ਇਨ੍ਹਾਂ ਕਰਕੇ ਮਿਲਿਆ ਅਤੇ ਜਾਤੀ ਤਜ਼ਰਬਾ ਹੈ ਕਿ ਉਹ ਨਰਮ ਦਿਲ ਤਾਂ ਦੂਰ ਕਠੋਰ ਹੁੰਦੇ ਹਨ, ਸਭ ਤੋਂ ਵੱਧ ਧਰਤੀ 'ਤੇ ਭਾਰ ਹਨ ਜੋ ਦੁਸ਼ਵਾਰੀਆਂ ਅਤਿਵਾਦ, ਦਹਿਸ਼ਤਗਰਦੀ, ਭਾਵੇਂ ਸੱਤਵਾਦੀ ਤਾਂ ਘੱਟ ਹੋਣ ਪਰ ਵਿੱਚਕਾਰਲੇ ਰਾਹ ਦੇ ਪਾਂਧੀ ਜ਼ਰੂਰ ਹਨ। ਅੱਜ ਕੁਝ ਘਟਨਾਵਾਂ ਮਨ ਨੂੰ ਵਿਆਕੁਲ ਕਰਦੀਆਂ ਨੇ,

ਬਾਕੀ ਹਿਸਾ ਸਫਾ 42 'ਤੇ

41 ਸਫ਼ੇ ਦੀ ਬਾਕੀ

ਸਿੱਖ ਹਰ ਵੇਲੇ ਸਤਿ ਨੂੰ ਸ੍ਰੀ ਅਕਾਲ ਆਖਣ ਵਾਲੇ ਇੰਨਾ ਕੁਫਰ ਤੋਲਦੇ ਹਨ ਕਿ ਮੇਰਾ ਇਹ ਆਖਣ ਨੂੰ ਮਨ ਘਬਰਾਉਂਦਾ ਹੈ, ਯਾਨੀ ਅਸੀਂ ਇਹ ਇਕ ਬੱਸ ਰੋਟੀ ਨਾਲ ਦਾਲ ਅਚਾਰ ਬਣਾ ਲਿਆ ਵਾਹਿਗੁਰੂ ਨੂੰ ਭੀ ਚੱਲ ਬੋਲੋ ਨਾ ਮਨ 'ਤੇ ਅਸਰ ਨਾ ਵਿਹਾਰ 'ਤੇ ਅਸਰ ਨਾ ਅਚਾਰਾਂ 'ਤੇ ਅਸਰ ਸਭ ਤੋਂ ਵੱਧ ਇਹ ਪ੍ਰਚੰਡ ਪ੍ਰਚਾਰਕਾਂ, ਮੀਡੀਆ ਤੇ ਆਹ ਪ੍ਰੋਗਰਾਮ ਦੇ ਦੇ ਯੂ: ਟੀਊਬਾਂ ਦੇ ਸਾਹਮਣੇ ਮੂਰਤਾਂ ਦਿੱਸਦੀਆਂ ਹਨ ਪਰ ਘੁਮਾ ਕੇ ਦੇਖੋ ਜੀ ਪੁਲਸ ਨੇ ਮੁੰਡਾ ਕਿਵੇਂ ਕੁੱਟਿਆ ਉਹ ਤਾਂ ਤਲਵਾਰ ਕੁੱਤੇ ਨੂੰ ਵੱਢਣ ਲੈ ਕੇ ਗਿਆ ਸੀ, ਮੁੰਡਾ ਆਖੇ ਮੇਰੇ ਕੇਸਾਂ ਦੀ ਬੇਅਦਬੀ, ਪਰ ਦੱਸੇ ਨਾ ਕਿ ਮੈਂ ਫੇਰ ਮੁੱਖ ਮੰਤਰੀ ਕਿਵੇਂ? ਦੂਜਾ ਕੈਨੇਡਾ ਦੇ ਹਿੰਦੂ-ਮੰਦਰ, ਹੁਣ ਉਨ੍ਹਾਂ ਨੇ 17 ਤਰੀਕ ਦਾ ਪ੍ਰੋਗਰਾਮ ਪੁਲਸ ਅੰਦੇਸ਼ੇ 'ਤੇ ਕੈਂਸਲ ਅੱਗੋਂ ਭੀ ਮੰਦਰਾਂ ਵਿੱਚ ਕੋਈ ਭੀ ਦੂਤਾਵਾਸ ਦੀ ਸਰਜਰੀ ਨਹੀਂ ਹੋਵੇਗੀ, ਸਿਆਣਪ ਤੇ ਲੋੜੀਂਦੀ ਕਾਰਵਾਈ, ਪਰ ਅਸੀਂ ਫੇਰ ਭੀ ਚੈਨਲ 'ਤੇ ਭੰਡ ਬਣ ਰਹੇ ਹਾਂ।

ਆਪਣਾ ਆਪ ਬਰਲੋਆ ਖੱਜਲ ਹੋਆ, ਸਿੱਖ ਨੂੰ ਸਿੱਖ ਨਾ ਮਾਰੇ ਤਾਂ ਕਦੇ ਕੋਈ ਨਾ ਮਾਰੇ, ਦੁੱਖ ਦੀ ਕਹਾਣੀ ਕਿ ਚੰਗੇ ਭਲੇ ਪੰਥਕ ਹੀ ਕੁਪੰਥਕ ਬਣ ਗਏ, ਜੇਕਰ ਬਾਗੀ ਨਾ ਬਣਦੇ ਕੀਹਦੀ ਮਜਾਲ ਸੀ ਆਹ ਜੋ ਦੋ ਚਾਰ ਪ੍ਰੋਫੈਸਰ ਬੇਸੁਰੇ ਬੇਤੁਕੇ ਜਬਾੜਾ ਮਾਰਦੇ ਹੁਣ ਭੀ ਮਹਿਸੂਸ ਕਰ ਲੈਣ ਕਿ ਇਹ ਤਾਂ ਸਾਨੂੰ ਭੀ ਲਬੇੜੀ ਜਾਂਦੇ ਹਨ। ਕਨਵੀਨਰ ਵਡਾਲਾ ਜੀ ਧਾਮੀ ਪ੍ਰਧਾਨ ਨੂੰ ਦੋਸ਼ ਦੇ ਕੇ ਤੁਹਾਡੇ ਸੁਧਾਰੀ ਸਾਥੋ ਕੀ ਤਲਵੰਡੀ (ਦਮਦਮਾ) ਕੀ ਕਰਨ ਗਏ ਰਲ੍ਹਕੇ ਕਹਿੰਦੇ ਜੀ ਮੱਥਾ ਟੇਕਣ ਗਏ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ ਅੱਗੇ ਭੀ ਜਾ ਕੇ ਮਿਲਦੇ ਹੁੰਦੇ ਸੀ, ਗੁਰੂ ਘਰ ਦੀ ਫੇਰੀ 'ਤੇ ਭੀ ਝੂਠ ਕੀ ਪਹਿਲਾਂ ਇਕੱਠੇ ਜਾਂਦੇ ਸੀ ਮੱਥਾ ਟੇਕਣ, ਬਾਈ ਹੁਣ ਅਗਲਾ ਪੜਾਅ ਦਿੱਲੀ ਹੋਊ, ਚੰਦੂਮਾਜਰਾ ਨਾਲ ਸੁਝਾਅ ਕਿ ਜਾਂਦੇ ਹੋਏ ਗੰਗਾ ਵਿਚ ਤਾਰੀ ਲਾ ਜਾਇਉ ਜਿਹੜੀ ਰਹਿੰਦੀ ਛੋਤ ਹੈ ਚੰਗੀ ਤਰ੍ਹਾਂ ਲਿਖਦੀ ਜਾਵਾਂ। ਵਡਾਲਾ ਵੱਡਿਆ ਬਿਆਨ ਦੇ ਕੇ ਆਬਰੂ ਨੂੰ ਧੱਬਾ ਦੇਖ ਕਰਤਾਰਪੁਰ ਲਾਂਘੇ 'ਤੇ ਅਰਦਾਸ ਕਰਕੇ ਧੋ ਲਿਆ ਸੀ ਹੁਣ ਤੁਸੀਂ ਕੀ ਕਰੋਗੇ, ਰਹੀ ਗੱਲ ਆਹ ਅਕਾਲੀ ਤਾਪ, ਨਰਾਤੇ ਤੋਂ ਪੀੜਤ ਜੋ ਭੀ ਹਨ ਉਨ੍ਹਾਂ ਲਈ ਮੈਂ ਬੋਲ੍ਹਾ ਮੇਰਾ ਮਨ ਭੀ ਬੋਲ੍ਹਾ ਟਿਕਣਾ ਨਹੀਂ ਉਨਾ ਚਿਰ ਜੇ ਵੱਜਣ ਪੰਜ ਸੱਤ ਧੋਲ੍ਹਾ, ਹੋਵੇ ਨਾ ਹੱਥ ਹੋਲ੍ਹਾ, ਤੁਸੀਂ ਮਨ ਨੂੰ ਧੀਰਜ ਦੇਵੋ ਵਿਚਾਰ ਕਰੋ ਕਿ ਕੀ ਸਬਕ ਹੈ ਪੁਰਾਣੇ ਅਜਿਹੇ ਬਾਗੀ ਧੜਿਆਂ ਦੇ, ਐਮੇ ਹੱਤਕਾਂ ਨਾ ਕਰਾਵੋ, ਸੇਵਾ ਭਾਵਨਾ ਵੱਲ ਵਧੋ, ਸਾੜਾ ਈਰਖਾ ਕਦੇ ਭੀ ਕੁਝ ਦਿੰਦੀ ਨਹੀਂ ਖੋਹਦੀ ਹੀ ਹੈ। ਇਹ ਬਿਆਨ ਦੇਣਿਆਂ ਦਾ ਤਾਂ ਕੋਈ ਤਣ ਪੱਤਣ ਨਹੀਂ ਹੁੰਦਾ ਇਹ ਤਾਂ ਚੋਗੇ ਦੇ ਭੁੱਖੇ ਹੁੰਦੇ ਨੇ, ਦੂਜੇ ਪਾਸੇ ਪਲਟ ਜਾਂਦੇ ਨੇ ਖੇਤਰੀ ਪਾਰਟੀ ਦਾ ਸਤਿਆਨਾਸ਼ ਕਰਕੇ ਇਨ੍ਹਾਂ ਨੂੰ ਖੱਟੀ ਹੈ ਤੁਹਾਨੂੰ ਕੀ ਲੱਭੂ ਹਾਂ ਜੇਕਰ ਹੋਰ ਥਾਂ ਮੱਲਣੀ ਹੈ ਤਾਂ ਠੀਕ ਪਰ ਆਲੇ ਦੁਆਲੇ ਝਾਤੀ ਮਾਰੋ ਕਿੰਨੀ ਕੁ ਇੱਜ਼ਤ ਹੋ ਰਹੀ ਹੈ ਉਨ੍ਹਾਂ ਦੀ ਚੁੱਪ ਕਰਕੇ ਬੈਠ ਜਾਂਦੇ ਤਾਂ ਤੁਹਾਨੂੰ ਮਾਣ ਮਿਲਦਾ ਚਰਨਜੀਤ ਸਿੰਘ ਬਰਾੜ ਤਾਂ ਫੋਕਾ ਰਗੜ ਹੁੰਦਾ ਹੈ।

ਲੱਖਾਂ ਦੀ ਤੇਰੀ ਪੱਤ ਗਈ, ਆਪੇ ਲਈ ਗੁਆ, ਮੇਰਾ ਕੋਈ ਮਨਸ਼ਾ ਨਹੀਂ ਵੰਗਾਰਨ ਦਾ ਸੁਲਾਹ, ਮਸ਼ਵਰੇ, ਸੁਝਾਅ ਹੀ ਹਨ ਪਰ ਸਾਹਮਣੇ ਸਮੱਸਿਆ ਦਾ ਹੱਲ ਕੋਈ ਹੋਰ ਧਿਰ ਕਰਦੀ ਹੋਵੇ ਤਾਂ ਰੀਸ ਮਾੜੀ ਨੀ ਹੁੰਦੀ, ਸਾਡੇ ਦੇਸ਼ ਦੇ ਈਸਾਈ ਮੱਤ ਦੇ ਮੁਖੀ ਨੂੰ ਦੋਸ਼ਾਂ ਦੇ ਘੇਰੇ ਵਿੱਚ ਅਸਤੀਫੇ ਦੀ ਮੰਗ ਕਈ ਦਿਨ ਨਾ ਮੰਨਿਆ ਪਰ ਅੰਤ ਜਾਣਾ ਹੀ ਪਿਆ, ਹੁਣ ਸਾਰੇ ਜਥੇਦਾਰਾਂ ਦੀ ਦੇਖੋ ਦੁਹਾਈ ਪੈ ਰਹੀ ਹੈ ਕਿ ਇਹ ਸਿਆਸਤਾਂ ਕਰ ਰਹੇ ਹਨ, ਕਾਮਰੇਡ ਸੀ, ਅਜਮੇਰ ਸਿੰਘ ਹੁਣ ਸਿੱਖ ਚਿੰਤਕ ਆਖ ਰਹੇ ਹਨ ਕਿ ਜਥੇਦਾਰਾਂ ਕੋਲ ਕੋਈ ਅਧਿਕਾਰ ਹੀ ਨਹੀਂ ਕਿ ਸਿਆਸਤ ਵਿੱਚੋਂ ਕੱਢਣ ਦਾ ਹੁਕਮ ਦੇ ਸਕਣ, ਨਾ ਸਿਆਸੀ ਧੜਿਆਂ ਵਿੱਚ ਤਨਖਾਹ ਲਾ ਸਕਣ ਧਾਰਮਿਕ ਤਨਖਾਹ 'ਤੇ ਪੁਰਾਣੇ ਫੈਸਲੇ ਦੇਖ ਕੇ ਪਰ ਹੁਣ ਤਾਣੀ ਉਲਝੀ ਪਈ ਹੈ ਉਹ ਨਜਾਇਜ਼ ਲਾਭ ਲੈ ਰਹੇ ਹਨ, ਪਰ ਅੰਤ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਜਵਾਬ ਤਲਬੀ ਕਰਨ ਲਈ ਮਜ਼ਬੂਰ ਹੋ ਕੇ ਲੋਕਾਂ ਸਾਹਮਣੇ ਰੱਖਣ ਲਈ ਬਚਨਬੱਧ ਹੈ, ਉਹ ਵਿਰੋਧੀਆਂ ਨੂੰ ਖੁਸ਼ ਕਰਨ ਲਈ ਚੁਣੀ ਗਈ।

**ਤਾਜਾ ਸਕੀਮ:-** ਸੁਖਬੀਰ ਬਾਦਲ ਅਕਾਲ ਤਖ਼ਤ 'ਤੇ ਰੁੱਕਾ ਫੜਾਉਣ ਗਿਆ (ਜਾਣਾ ਨਹੀਂ ਸੀ ਚਾਹੀਦਾ ਪਹੁੰਚਾ ਦਿੰਦਾ) ਸੱਟ-ਕੁਰਸੀ ਅਚਾਨਕ ਵਾਪਰੀ ਨਹੀਂ ਲੱਗਦੀ, ਜਰੂਰ ਕੁਝ ਲੁਕਿਆ ਹੈ, ਵਿਰੋਧੀ ਇਨ੍ਹਾਂ ਨਾਲੋਂ ਤੇਜ਼ ਤੇ ਅੱਗੇ ਹਨ, ਸ਼੍ਰੋਮਣੀ ਅਕਾਲੀ ਦਲ ਨੇ ਮਾਰ ਭੀ ਤਾਂ ਹੀ ਖਾਧੀ, ਇਹ ਵਿਰੋਧੀਆਂ ਤੋਂ ਡਰ ਕੇ ਕਿ ਇਹ ਪੰਥਕ ਧਿਰਾਂ ਹਨ ਕਾਂਗਰਸੀ, ਕਾਮਰੇਡ ਇਕੋ ਹਨ ਧਰਮ ਨੂੰ ਵਰਤਦੇ ਨੇ ਮੰਨਦੇ ਨਹੀਂ ਰਹੀ ਗੱਲ ਜਥੇਦਾਰਾਂ ਦੀ ਜਿੰਨੀ ਦੇਰ ਇਨ੍ਹਾਂ ਦਾ ਨਵੀਨੀਕਰਨ ਨੀ ਹੁੰਦਾ, ਗੁੰਝੀ ਨੌਕਰੀ ਹੈ ਦੇਖ ਲਵੋ ਗਿ: ਰਘਬੀਰ ਸਿੰਘ ਨਗਰ ਕੀਰਤਨਾਂ 'ਤੇ ਸਵਾਰੀ ਚੁੱਕੂ ਤੇ ਦਰਸ਼ਨ ਦਿਊ, ਇਹ ਫੈਸਲੇ ਇਨਸਾਫ ਦੇ ਡਿਗਰੀ ਹੋਲਡਰ ਕਿਵੇਂ? ਗਿ: ਹਰਪ੍ਰੀਤ ਸਿੰਘ ਭੀ ਸਿਆਸੀ ਬਿਆਨਬਾਜ਼ੀ ਤੇ ਧਰਮ ਵੱਲ ਧਿਆਨ ਹੈ? ਇਸ ਵੇਲੇ ਕਸੂਰ ਸ਼੍ਰੋਮਣੀ ਕਮੇਟੀ ਦੀ ਜਾਂਚ ਹੋਣੀ ਸੀ ਸਗੋਂ ਹੋਰ ਮਹਾਨਤਾ ਦੇਣ ਲੱਗ ਪਏ ਉਹ ਹੋਰ ਸਿਰ ਚੜ੍ਹ ਗਏ।

ਕਿੰਨੇ ਲੰਬੜਦਾਰ ਮਰ ਜਾਣ ਪ੍ਰੋਫੈਸਰੋ ਤੁਹਾਡੀ ਵਾਰੀ ਨੀ ਆਉਣੀ। ਸੁਨੀਲ ਜਾਖੜ ਪਿਤਾ-ਪੁਰਖੀ ਕਾਂਗਰਸੀ ਪਰ ਰਾਜਾ ਵੜਿੰਗ ਦੇ ਹੰਕਾਰ ਨੇ ਬਾਹਰ ਕੀਤਾ, ਉਹਦਾ ਪਿਛੋਕੜ ਕੀ ਹੈ ਪਰ ਹੁਣ ਤਾਂ ਇਕ ਸੁਲਝਿਆ ਸਿਆਸਤ ਦਾਨ ਹੈ ਭਾਜਪਾ ਵਿੱਚ ਚਲਾ ਤਾਂ ਗਿਆ ਪਰ ਦਿੱਲ ਕਿਤੇ ਹੋਰ ਹੈ ਨਾਲੇ ਸਾਫ਼ ਹੈ ਕਿ ਅਗਲੇ ਸੋਚਦੇ ਨੇ ਜਿਹੜੇ ਆਪਣੇ ਨੂੰ ਵਫ਼ਾਦਾਰ ਨਹੀਂ ਸਾਡੇ ਕਿਥੋਂ, ਇਹ ਤਾਂ ਗੰਗਾ ਤਾਰੀ ਲਾ ਮੁੜਦੇ ਨੇ ਆਹ ਸਾਡੇ ਭੀ ਹੁਣ ਚੰਦੂਮਾਜਰਾ ਛਪਾਕੀ ਨਿਕਲੀ ਦੀ ਪੀੜ ਵਾਂਗੂੰ ਛੇਤੀ ਕਰੋ ਹਾਜ਼ਰੀ ਲੁਆਈਏ ਜਾਖੜ ਸਾਬ ਭਾਂਪ ਚੁੱਕੇ ਹਨ ਸੋਨੇ ਦੀ ਕੀਮਤ ਵੱਧ ਤਾਂ ਹੀ ਹੈ, ਜੇ ਚਾਂਦੀ ਪਈ ਹੈ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਹੈ, ਉਨ੍ਹਾਂ ਠੀਕ ਹੀ ਸਲਾਹ ਦਿੱਤੀ ਹੈ ਭਾਜਪਾ ਨੂੰ ਭੀ ਨਸੀਹਤ ਹੈ ਕਿ ਇਹਨੂੰ ਢਾਹੁਣ ਦੀ ਥਾਂ ਕੋਈ ਨੇਕ-ਭਲੇ ਦਾ ਕੰਮ ਕਰੋ ਪੰਜਾਬ ਲਈ ਨਸ਼ਟ ਕਰਨ ਨੂੰ ਤਾਂ ਕਾਂਗਰਸ ਆਹ ਕਿਸਾਨ ਆਗੂ ਬੜੇ ਹਨ ਭਾਵੇਂ ਕਿ ਪੇਂਡੂ ਸਾਧਾਰਨ ਕਿਸਾਨ ਸਭ ਸਮਝਦੇ ਹਨ ਕਿ ਸਾਨੂੰ ਕੋਈ ਲਾਭ ਨੀ ਹੋਣਾ ਪਰ ਡਰਦੇ ਕੀ ਕਰਨ ਇਹ ਯੂਨੀਅਨਾਂ ਵਾਲੇ ਪੈਸੇ ਵਾਲੇ ਹਨ ਧਨਾਢ ਨੇ, ਚਲੋ ਹੁਣ ਆਪਾਂ ਆਪਣੇ ਭਾਈਚਾਰੇ ਦੇ ਦੁਖੜੇ ਭੀ ਰੋ ਲਈਏ। ਡਰਬੀ ਦੇ ਟੂਰਨਾਮੈਂਟ ਲੜਾਈ ਮੰਦਭਾਗੀ ਸਜ਼ਾਵਾਂ ਖਾ ਚੁੱਕੇ ਤਾਂ ਕਰਕੇ ਫਸੇ ਪਰ ਪ੍ਰਵਾਸ ਮਾੜੀ ਕਿਸਮਤ ਨੂੰ ਨਾਲ ਹੀ ਪੰਜਾਬ ਟਾਈਮਜ਼ ਦੇ ਮਾਲਕ ਨੂੰ ਗਰਾਊਂਡ ਦੇਣ 'ਤੇ ਭੀ ਹੁਣ ਤਾਂ ਸੇਵਾ 'ਤੇ ਭੀ ਅਫਸੋਸ ਪਛਤਾਵਾ ਤੇ ਅੱਗੋਂ ਤੋਂ ਨਸੀਹਤ ਮੈਂ ਭੀ ਦੱਸਾਂ ਮੇਰੇ ਕੋਲ ਭੀ ਕੁਝ ਥਾਂ ਏਅਰਪੋਰਟ ਨੇੜੇ ਪਈ ਹੈ ਮੇਰੇ ਅਜੀਜ਼ (ਹੁਣ ਰੁੱਸੇ ਭੀ ਨੇ) ਕਿਹਾ ਲਿਆ ਉਥੇ ਮੇਲੇ ਲਾ ਲਈਏ ਪਰ ਮੇਰੀ ਬੇਟੀ ਕਹਿੰਦੀ ਮਾਂ ਰਹਿਣ ਦੇ ਸੇਵਾ ਨੂੰ ਇਹ ਦੇਸੀ ਢੰਗ ਸਾਥੋਂ ਨੀ ਨਿਪਟ ਹੋਣਾ ਠੀਕ ਹੀ ਸਿੱਧ ਹੋਇਆ, ਪਰ ਇਹ ਭੀ ਸੱਚਾਈ ਹੈ ਕਿ ਅਸੀਂ ਟੂਰਨਾਮੈਂਟ ਮੇਲੇ ਪੰਜਾਬੀ ਸਿਸਟਮ ਵਿੱਚ ਹੀ ਕਰਦੇ ਹਾਂ ਸਬਕ ਨਹੀਂ ਸਿੱਖਦੇ, ਨਾ ਅਦਾਰੇ ਇਹ ਸੋਚਦੇ ਹੀ ਨੇ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ (ਅੰਕ) ਭਰਿਆ ਪਿਆ ਹੈ ਪੁਰਾਣੀਆਂ ਹੀ ਲਿਖਤਾਂ ਨਾਲ ਕੀ ਡਾਕਟਰ ਖੋਜੀ ਹੋਣ ਜਾਂ ਚੋਜੀ, ਜੋ ਚੱਲਦਾ ਹੈ ਲਿਖੀ ਜਾਣ ਨਹੀਂ ਨਵੀਨ-ਤਾ ਜੋ ਕੋਈ ਲੱਭ ਕੇ ਲਿਆਂਦੀ ਹੋਵੇ, ਪਰ ਕਿਥੇ ਬੱਸ ਦੋ ਤੇ ਦੋ ਚਾਰ ਰੋਟੀਆਂ, ਇਕ ਹਾਸੇ ਦੀ ਵਾਰਤਾ ਭਾਈ ਰਾਹਾਂ (ਕਿਤੇ ਪ੍ਰਾਹੁਣਾ) ਚੱਲਿਆ ਰਾਹ ਵਿੱਚ ਖੂਹ 'ਤੇ ਖੇਲ੍ਹ ਵਿੱਚੋਂ ਪਾਣੀ ਖੜ ਗਿਆ, ਕਿਸਾਨ ਦੀ ਪਤਨੀ ਰੋਟੀ ਲੈ ਕੇ ਤੇ ਪਤਨੀ ਨੂੰ ਕਹਿੰਦਾ ਅੱਜ ਮੇਰੇ ਆਉਂਦੇ ਨੂੰ ਗੁਲਗੁਲੇ ਪਕਾਈ, ਰਾਹੀ ਨੇ ਸੁਣ ਲਿਆ, ਪਰ ਖਾਲ੍ਹ ਟੱਪਣ ਲੱਗਾ ਹੰਬੜੇ ਹੰਬੜੇ ਹੁਣ ਗੁਲਗੁਲੇ ਭੁੱਲ ਗਿਆ ਹੰਬੜੇ ਚੇਤੇ ਆ ਕੇ ਸੁਆਣੀ ਨੂੰ ਕਹਿੰਦਾ ਅੱਜ ਹੰਬੜੇ ਪਕਾ ਵਿਚਾਰੀ ਆਖੇ ਉਹ ਕੀ ਹੁੰਦੇ ਨੇ ਤਾਂ ਮੂਰਖ ਨੇ ਲਫੇੜਿਆਂ ਨਾਲ ਮੂੰਹ ਸੁਜਾ ਤਾਂ ਤੀਮੀ ਕਹਿੰਦੀ ਤੂੰ ਤਾਂ ਮੂੰਹ ਗੁਲਗੁਲਿਆਂ ਵਰਗਾ ਕਰਤਾ ਕਹਿੰਦਾ ਬੱਸ ਆਹ ਹੀ ਤਾਂ ਕਹਿੰਦਾ ਸੀ ਪਕਾ। ਸਾਡੀ ਅੱਜ ਇਹ ਦਸ਼ਾ ਹੈ ਛੱਡੋ ਅਸੀਂ ਸੁਧਰਣ ਵਾਲੇ ਨੀ ਸਾਰੇ ਲੇਖ ਪੜ੍ਹੋ ਤਾਂ ਸੋਚਾਂ ਕਿ (ਗੁਰੂ ਨਾਨਕ ਦੇਵ) ਵੇਲੇ ਭੀ ਪੰਜਾਬੀ ਚੱਲਦੀ ਸੀ, ਕਿੰਨੀ ਸਰਲ ਭਾਸ਼ਾ ਵਿੱਚ ਲੇਖਕ ਸੱਚਾਈ ਬਣਾਈ ਜਾਂਦੇ ਹਨ ਪਰ ਭਾਈ ਗੁਰਦਾਸ ਤੇ ਸੰਤੋਖ ਸਿੰਘ ਮਗਰੋਂ ਦੀ ਭਾਸ਼ਾ ਸਾਨੂੰ ਸਮਝ ਨੀ ਆ ਰਹੀ, ਮੈਂ ਤਾਂ ਜੋ ਭੀ ਗੁਰਬਾਣੀ ਜਾਂ ਬਾਣੀ ਵਿੱਚੋਂ ਸਮਝ ਆ ਜਾਂਦੀ ਹੈ ਸਰਲ ਰੂਪ ਵਿੱਚ ਅੰਕਿਤ ਕਰਦੀ ਹਾਂ, ਪੂਰਨ ਗੁਰਬਾਣੀ ਲਿਖਣਾ ਮੇਰਾ ਉਦੇਸ਼ ਨਹੀਂ, ਮੈਂ ਤਾਂ ਖੋਜਾਂ ਦੀ ਧਾਰਨੀ ਹਾਂ ਕਿ ਸਾਡੇ ਜੀਵਨ ਵਿੱਚ ਹੀ ਇਹ ਧਰਮ ਨਹੀਂ ਸੀ, ਜੋ ਅੱਜ ਕਿੱਤਾਕਾਰੀਆਂ ਨੇ ਬਣਾ ਧਰਿਆ, ਭਾਈ ਠੱਲ ਪਾਉ ਨੱਥ ਪਾਉ ਨਵ ਜੀਵਨ ਨੇ ਨਹੀਂ ਮੰਨਣਾ ਸਾਡੇ ਵਰਗੇ ਧੋਲੇ ਝਾਟੇ ਹੀ ਰਹਿ ਜਾਣਗੇ ਮਗਰੋਂ ਕੀ ਬਣੂ ਸਾਰਾ ਪਰਚਾ ਭਾਵੇਂ (ਗੁਰੂ ਨਾਨਕ ਦੇਵ) ਉਪਮਾਂ ਨਾਲ ਭਰਿਆ ਪਿਆ ਹੈ ਪਰ ਦੱਸੋ ਕੋਈ ਨਵਾਂ ਨੁਕਤਾ ਹੈ। ਅਫਸੋਸ ਹੈ ਕਿ ਇਹ ਲਿਖਣੋ ਸੰਕੋਚ ਕਿ ਗੁਰੂ ਕਾਲ ਵੇਲੇ ਭੀ ਸਾੜੇ ਵੈਰ ਵਿਰੋਧ ਸਨ (ਆਹ ਹੇਂਦਾਲ ਰੈਫਰੈਂਸ) ਮੈਂ ਨਹੀਂ ਲਿਖੀ ਚੁੱਕੋ ਝੰਡੇ ਕਿ ਕਿਉਂ ਲਿਖੀ, ਕਿਉਂ ਸਿੱਟੀ ਨਦੀ ਵਿੱਚ ਪਰ ਦੜ ਵੱਟ ਕੇਵਲ ਪੁਆੜੇ ਪਾਵੋ ਨਾ ਕਿ ਸਿੱਖੀ ਦਾ ਮੂਲ ਫਰੋਲੋ, ਖੋਹਲੋ।

ਪੈਸਾ ਭੀ ਮੱਤ ਮਾਰ ਧਰਦਾ ਹੈ, ਸਚ ਹੈ ਧਰਮ ਦਾ ਇਹ ਮੰਡੀ ਕਰਨ ਵਿਦੇਸ਼ਾਂ ਵਿੱਚ ਪ੍ਰਚਾਰਕਾਂ ਦੀਆਂ ਫੇਰੀਆਂ, ਗੇੜੀਆਂ ਨੇ (ਗੁਰੂ ਨਾਨਕ ਦੇਵ) ਅਵੇਸ਼ ਕਿਰਤ ਹੱਲ ਵਾਹ ਰੱਜ ਕੇ ਖਾਹ ਪਰ ਆਹ ਬਾਜੇ ਚੱਕੋ ਪੰਡਾ ਬੰਨੋ ਕੀ ਗੁਰੂ ਦਾ ਹੁਕਮ ਹੈ, ਜਬ੍ਹਲੀਆਂ ਹੀ ਮਾਰੀ ਜਾਂਦੇ ਨੇ ਗੁਰੂ ਨਾਨਕ ਦੇਵ ਕਾਲ ਨਾਲ ਪਤਾ ਨਹੀਂ ਲੜੀ ਜੋੜ ਧਰਦੇ ਨੇ ਪੜ੍ਹੇ ਲਿਖੇ ਭੀ ਯੂਨੀਵਰਸਿਟੀਆਂ ਵਿੱਚ ਡਾਕਟਰ ਬਣੇ ਰੱਬ ਹੀ ਰਾਖਾ ਹੈ, ਸਾਡਾ ਹੁਣ ਪੀ.ਯੂ. ਵਿੱਚ ਚੋਣਾਂ ਲਈ ਧਰਨਾ ਝਗੜਾ ਪੁਲਸ ਨਾਲ ਧੱਕਾ ਮੁੱਕੀ, ਵਿੱਚੇ ਚੰਡੀਗੜ੍ਹ ਦਾ ਮਸਲਾ, ਭਾਸ਼ਾ ਦਾ ਮੁੱਦਾ, ਕੇਵਲ ਬੰਦੇ ਨਾਲ ਜੋੜਨ ਲਈ ਦਿਸਦੇ ਨੇ ਉਹ ਸਾਰੇ ਦੇ ਸਾਰੇ ਵਿੱਦਿਆਰਥੀ ਨਹੀਂ ਕਰਮਚਾਰੀ, ਫੇਰ ਸਿੱਖ ਹੀ ਸਿੱਖ ਆਗੂ ਮੋਨਾ, ਸਭ ਕਸੂਰ ਨਾ ਸਰਕਾਰਾਂ ਦਾ ਹੈ ਨਾ ਪੁਲਸ ਦਾ ਇਹ ਯੂਨੀਅਨਾਂ ਹਨ ਪਰ ਚਿੱਙ ਪੰਜਾਬ ਦਾ ਫਟਣਾ ਹੈ, ਅਸੀਂ ਵਿਦੇਸ਼ੀ ਜਾਣੋ ਔਖੇ, ਵੋਟਾਂ ਵਿੱਚ ਦੱਸੋ ਐਥੋਂ ਕੀ ਕਰਨ ਗਏ ਨੇ ਕਿੰਨੇ ਕੁ ਧਰਨੇ ਸਹੀ ਹਨ, ਬੰਦੀ ਸਿੰਘਾਂ ਪਿੱਛੇ ਸਾਲ ਕਿਸਾਨੀ ਸੰਘਰਸ਼ ਕਈ ਸਾਲ ਫੇਰ ਅਸੀਂ ਹਿਤੈਸ਼ੀ ਬਣਦੇ ਹਾਂ ਸਹੀ ਹੈ। ਜੋਗੀ ਜੀ ਦੀ ਲਿਖਤ ਕਿ ਹੱਲ ਕੌਣ ਚਾਹੁੰਦਾ ਹੈ, ਸਭ ਏਕ ਹੀ ਨੇ ਕਾਂਗਰਸ ਦੁਹਾਈ ਦੇ ਰਹੀ ਹੈ ਜੀ ਚੰਡੀਗੜ੍ਹ ਦੀ ਜ਼ਮੀਨ ਨਹੀਂ ਜਾਣ ਦਿਆਂਗੇ, ਸੰਗ ਕਰੋ ਤੁਹਾਡੇ ਤਾਂ ਸਭ ਕੰਡੇ ਨੇ ਹੁਣ ਭਾਜਪਾ ਤਾਂ ਲਾਭ ਲੈ ਰਹੀ ਹੈ, ਪਰ ਸਿਆਣਪ ਤਾਂ ਹੁੰਦੀ ਜੇ ਹੱਲ ਕੱਢਦੇ ਹਰਿਆਣੇ ਦੀ ਜ਼ਮੀਨ ਉਨ੍ਹਾਂ ਨੂੰ ਦੇ ਦਿੰਦੇ ਇਕ ਹੱਲ ਤਾਂ ਕਰ ਦਿੰਦੇ। ਰਹੀ ਗੱਲ ਕੈਨੇਡਾ ਕਾਂਡ ਦੀ ਲੱਲੀ ਛੱਲੀ ਹੀ ਬਿਆਨ ਦੇਈ ਜਾਂਦੇ ਨੇ ਜੀ ਸਿੱਖ ਕਿਸੇ 'ਤੇ ਹਮਲਾ ਨੀ ਕਰਦਾ ਆਹ ਕਾਤਲ ਗੈਂਗਸਟਰ ਤੇ ਸੋਧੇ ਲਉਣੇ ਫੇਰ ਸੱਚ ਹੀ ਹੈ ਕਿ ਇਹ ਸਿੱਖ ਹਨ ਹੀ ਨਹੀਂ, ਸਿੱਖਾਂ ਵਿੱਚ ਜਾਤ-ਪਾਤ ਵੱਧ ਗਈ ਅਸੀਂ ਆਖੀ ਜਾਂਦੇ ਹਾਂ ਮਿਟਾ ਤੀ ਸੀ, ਥੀਊਰੀ ਕੇਵਲ ਪ੍ਰਚਾਰਨ ਲਈ ਹੁੰਦੀ ਹੈ, ਪ੍ਰੈਕਟਿਸ ਸਬੂਤ ਅੰਤ ਵਿੱਚ ਮੈਂ ਤਾਂ ਇਹੀ ਅਨੁਮਾਨ ਲਾ ਸਕੀ ਹਾਂ ਕਿ ਸਾਡੀਆਂ ਧਾਰਮਿਕ ਸੰਸਥਾਵਾਂ 'ਤੇ ਗਲ੍ਹਬਾ ਪੈ ਚੁੱਕਿਆ ਜਾਤ-ਬਰਾਦਰੀਆਂ ਦਾ ਘੜੀਸੋ-ਪਾੜ ਹੈ, ਅੰਮ੍ਰਿਤਪਾਲ ਦੇ ਦੁੱਬਈ ਵਾਪਸੀ ਮੁੱਢ, ਫੇਰ ਦੋ ਐਮ.ਪੀ. ਹੁਣ ਅਵੱਲੇ ਮੁੱਦੇ ਚੁੱਕ ਕੇ ਉੱਚੇ ਬਨਣ ਦੀ ਦੌੜ ਪਰ ਜੀ ਧਰਮ ਗੁਰੂ ਹੁਕਮ ਹੈ ਪਾਲਦੇ ਹਾਂ ਕੀ ਕਰਨਾ ਹੈ ਪ੍ਰਚਾਰ ਜੋ ਕੁਰਾਹੇ ਪਾ ਦੇਵੇ ਬੰਦੇ ਪੁੱਛਦੇ ਨੇ ਦੱਸੋ ਸਾਡੇ ਹਾਣੀ ਕਿੰਨੇ ਸਮਾਗਮਾਂ ਵਿੱਚ ਕੌਣ ਹਨ, ਸੰਗਤਾਂ, ਯੂਰਪੋਂ ਆਈ, ਅਫ਼ਗਾਨੀ ਵੀਜ਼ੇ ਵਾਲੇ ਖਾਲਿਸਤਾਨੀ ਬਣ ਟਿਕਣੇ ਕੀ ਪ੍ਰਤੀਤ ਹੈ ਸਾਡੀ ਸਿਰ 'ਤੇ ਹੱਥ ਹੈ ਜਾਂ ਧੱਕੇ ਸ਼ਾਹੀਆਂ ਪਛਤਾਵਾਂਗੇ।

* * * * * *

# ==ਪਾਠਕਾਂ ਦੇ ਪੱਤਰ==

## ਮੈਂ ਤਾਂ ਗੁਰਬਾਣੀ ਦੇ ਭਾਵ-ਅਰਥ ਸਮਝਕੇ ਸਰਲ ਢੰਗ ਨਾਲ ਸਾਂਝੇ ਕਰਦੀ ਹਾਂ

**ਸੰਪਾਦਕ ਜੀਓ,**

ਪੰਨਾ 36 ਉੱਪਰ ਸਿਰਲੇਖ ਅਜਿਹੀਆਂ ਲਿਖਤਾਂ ਪੰਜਾਬ ਟਾਈਮਜ਼ ਦੀ ਪੰਥਕ ਸ਼ਾਖਾ ਨੂੰ ਢਾਹ ਲਉਂਦੀਆਂ ਹਨ (ਢਾਹ ਨਹੀਂ ਢਾਅ ਹੁੰਦਾ) ਚਲੋ ਜੀ ਹੁਕਮ, ਬੇਨਤੀ ਮੰਨਣੀ ਤਾਂ ਆਪ ਜੀ ਦੀ ਮਰਜ਼ੀ ਮੈਂ ਕਦੇ ਨਹੀਂ ਲਿਖਦੀ ਕਿ ਆਹ ਨਾ ਛਾਪੋ ਪਰ ਇਹ ਮੰਗ ਕਰਦੀ ਹਾਂ ਕਿ ਹੁਣ ਪਰਚੇ ਦੀ ਨੀਤੀ ਸਪੱਸ਼ਟ ਕਰ ਦਿਉ ਕਿ ਧਾਰਮਿਕ ਲੇਖ ਹੀ ਗੁਰਬਾਣੀ ਪੂਰਨ ਰੂਪ ਵਿੱਚ ਲਿਖੀ ਜਾਵੇ ਅਤੇ ਪਰਚਾ ਧਾਰਮਿਕ ਹੀ ਹੈ, ਮੇਰੇ ਅਨੁਸਾਰ ਤਾਂ ਅਖ਼ਬਾਰ ਤਾਂ ਹਰ ਵਰਗ ਲਈ ਹੁੰਦਾ ਹੈ। ਹਾਂ ਧਾਰਮਿਕ ਰਸਾਲਾ ਜਰੂਰ ਹੁੰਦਾ ਹੈ ਜੇਕਰ ਅਜਿਹਾ ਹੈ ਤਾਂ ਮੈਂ ਤਾਂ ਫੋਰਾ ਨੀ ਲਾਊਂਗੀ ਲਿਖਣੋ ਬੰਦ ਹੋਣ ਨੂੰ, ਅਸੀਂ ਫੇਰ ਪਾਠਕ ਭੀ ਨਹੀਂ ਰਹਾਂਗੇ ਕਿਉਂ ਸਮਾਂ ਤੇ ਪੈਸੇ ਲਾਈਏ ਹੋਰ ਅਖ਼ਬਾਰ ਲੈ ਕੇ ਪੜ੍ਹਨ ਜਾਵਾਂਗੇ, ਧਰਮ ਪਾਲਕ ਰਖਵਾਲੇ ਗੁਰਮੁਖੀ ਕਿੱਡੀ ਲੰਮੀ ਸੋਚ ਰੱਖਦੇ ਨੇ ਇਹ ਲਿਖਤ ਦੱਸੀ ਹੀ ਜਾਂਦੀ ਹੈ। ਮੈਂ ਸਪੱਸ਼ਟ ਕਰ ਚੁੱਕੀ ਹਾਂ ਕਿ ਨਾ ਧਾਰਮਿਕ, ਨਾ ਗ੍ਰੰਥੀ, ਪ੍ਰਚਾਰਕ ਹਾਂ ਨਾ ਲਿਖਤਾਂ ਵੇਚਣੀਆਂ ਹਨ, ਮੈਂ ਤਾਂ ਗੁਰਬਾਣੀ ਦੇ ਭਾਵ-ਅਰਥ ਸਮਝਕੇ ਸਰਲ ਢੰਗ ਨਾਲ ਸਾਂਝੇ ਕਰਦੀ ਹਾਂ, ਗੁਰਬਾਣੀ ਉਸੇ ਭਾਸ਼ਾ ਆਧਾਰਤ ਨਹੀਂ ਲਿਖਦੀ, ਸਾਫ ਕਰਾਂ ਕਿ ਮੈਨੂੰ ਕੋਈ ਅਦਾਰਾ ਪੰਜ ਸੱਤ ਕੈਲੰਡਰ ਭੇਜਦਾ ਸੀ ਕਿ ਸੰਗੀਆਂ ਵਿੱਚ ਵੰਡ ਲਵਾਂ। ਦੋ ਕੁ ਸਾਲ ਤੋਂ ਮੈਂ ਬੇਨਤੀ ਕੀਤੀ ਭਾਈ ਨਾ ਭੇਜਿਉ ਮੇਰੀਆਂ ਸਖੀਆਂ ਕਹਿੰਦੀਆਂ ਰਹਿਣ ਦੇ ਅਸੀਂ ਜੰਤਰੀਆਂ ਲੈ ਲਈਆਂ ਕੈਲੰਡਰਾਂ ਤੇ ਮੂਰਤਾਂ ਤੇ ਗੁਰਬਾਣੀ ਕਰਕੇ ਪ੍ਰਚਾਰਦੇ ਨੇ ਬੇਅਦਬੀ ਹੋਰ ਨਾ ਸਾਨੂੰ ਭੀ ਘੜੀਸੀ ਫਿਰਨ, ਆਹ ਸੇਵਾ ਹੈ ਇਨ੍ਹਾਂ ਸਾਧਾਂ ਦੇ ਚਾਟੜਿਆਂ ਦੀ, ਢਾਅ ਹੱਟੀਆਂ ਨੂੰ ਲੱਗਦੀ ਹੈ ਨਾ ਕਿ ਅਖ਼ਬਾਰ ਨੂੰ, ਹੋਰ ਸੁਣੋ ਪ੍ਰਸਿੱਧ ਅਖ਼ਬਾਰ ਹੁੰਦਾ ਸੀ ਪਹਿਲਾਂ ਤਾਂ ਕਾਮਰੇਡਾਂ ਨੇ ਲੇਖਕ ਬਣ ਗਲ੍ਹਬਾ ਪਾਇਆ, ਫੇਰ ਖਾਲਿਸਤਾਨੀਆਂ ਨੇ ਅੰਤ ਕਾਂਗਰਸੀਆਂ ਨੇ ਫਲਸਰੂਪ ਹਾਲ ਦੇਖ ਲਵੋ, ਪਰਚੇ ਹਰ ਵਰਗ ਹਰ ਵਿਚਾਰ ਧਾਰਾ ਦੇ ਹਰਮਨ ਪਿਆਰੇ ਹੁੰਦੇ ਹਨ ਤੇ ਸਤਿਕਾਰੇ ਜਾਂਦੇ ਹਨ ਕਿ ਤਰਫਦਾਰੀਏ ਨੀ ਜੇਕਰ ਗੁਰਬਾਣੀ ਵੱਲ ਜਾਈਏ ਤਾਂ ਸਰਲਤਾ ਦੀ ਵਿਆਖਿਆ ਜੋ ਮੈਂ ਕਰਦੀ ਹਾਂ ਤੋਂ ਬਗੈਰ ਤਾਂ ਫੇਰ ਹਰ ਰੋਜ਼ ਪਾਠ ਹੋਈ ਹੀ ਜਾਂਦੇ ਹਨ ਤਾਂ ਸਮਝਣ ਸਮਝਾਉਣ ਦੀ ਲੋੜ ਨੀ ਪਾਧੇ ਬਣੋ ਆਪਣੀ ਆਪਣੀ ਦੁਕਾਨਦਾਰੀ ਚਲਾਉ, ਕਿਸੇ ਨੂੰ ਸਮਝ ਨਹੀਂ ਆਊ ਤੇ ਕੌਣ ਕਿੰਤੂ-ਪ੍ਰੰਤੂ ਕਰੂ, ਚੈਨਲਾਂ 'ਤੇ ਕਬਜ਼ੇ ਹੁਣ ਅਖ਼ਬਾਰ 'ਤੇ ਕਰੋ। ਚੁੱਕ ਦੇਵੋ ਜੀ ਇਹ ਤਾਂ ਤੁਹਾਡੇ ਪਰਚੇ ਨੂੰ ਢਾਅ ਹੈ ਪਹਿਲਾਂ ਹੀ ਪਾਠਕ ਘੱਟ ਗਏ, ਚੈਨਲਾਂ 'ਤੇ (ਗੁਰੂ ਗ੍ਰੰਥ) ਪ੍ਰਕਾਸ਼ ਸਮਾਂ ਨੀ ਕੋਈ ਜਿਵੇਂ ਮਰਜੀ ਬੈਠੇ ਲੰਮੇ ਪਏ ਹਾਂ ਇਹ ਖੋਲ੍ਹ ਬੈਠੇ ਨੇ ਉਹ ਨੀ ਢਾਅ ਦਿਸਦੀ। ਦੰਮ ਜੋ ਮਿਲਦੇ ਨੇ ਸੌਦੇ ਵਿਕਦੇ ਨੇ ਇਹ ਤਾਂ ਅੰਨੇ ਨੂੰ ਕਹਿੰਦੇ ਨੇ ਸੌਂ ਜਾਹ, ਉਹ ਕਹਿੰਦਾ ਚੁੱਪ ਹੀ ਕਰਨਾ ਗੁਰਮੁਖੋ ਹੁਣ ਸਮਾਂ ਬਦਲ ਗਿਆ। ਦੇਖ ਲਵੋ ਕਿੰਨੇ ਵੱਡੇ-ਵੱਡੇ ਸਟੋਰ ਬੰਦ ਹੋ ਗਏ, ਤੁਹਾਡੇ ਭੀ ਬਹੁਤੀ ਦੇਰ ਨੀ ਚੱਲਣੇ ਮੈਨੂੰ ਤਾਂ ਛੁਟਿਆਉਣਾ ਸੌਖਾ। ਪੰਨਾ 30 'ਤੇ ਸਰਵਜੀਤ ਸਿਘ ਸੈਕਰਾਮੈਂਟੋ ਹੋਰਾਂ ਦਾ ਲੇਖ ਪੜ੍ਹੋ ਤੁਹਾਡੇ ਭਾਈ ਗੁਰਦਾਸ ਤੇ ਕਵੀ ਸੰਤੋਖ ਸਿੰਘ ਦਾ ਕੁਰਸੀ ਨਾਮਾ ਲਿਖੋ ਕਿ ਇਹ ਤਾਂ ਗੁਰੂਆਂ ਦਾ ਸਾਖੀਆਂ ਨਾਲੋਂ ਨਾਤਾ ਤੋੜ ਕੇ ਢਾਅ ਲਾ ਰਿਹਾ ਹੈ, ਅਗਲਾ ਭੀ ਗੀਤ ਸੁਣਾ ਦਊ, ਅਗਲਾ ਭੀ ਖੋਜਾਂ ਕਰਦਾ ਹੈ (ਮੂਹਰੇ ਜੱਟ ਖਾੜਕੂ ਖੜਾ) ਹੋਰ ਲਿਖ ਦਿੰਦੀ ਹਾਂ ਤਾਂ ਤੜਪ ਲਵੋ (ਗੁਰੂ ਗ੍ਰੰਥ) ਵਿੱਚ ਸੁਖਮਨੀ ਸਾਹਿਬ ਹੋਰ ਭੀ ਕੁਝ ਪਾਠ 350 ਸਾਲਾ ਭਾਸ਼ਾ ਨਾਲ ਸੁਮੇਲ ਨਹੀਂ ਖੋਜਾਂ ਕਰਕੇ ਤੁਹਾਡੇ ਪੜਛੇ ਲਾਹ ਦੇਣਗੇ ਸੰਭਲ ਕੇ ਬੁੱਕ ਭਰੋ ਚੈਨਲਾਂ 'ਤੇ ਫਲਾਣਾ ਸੂੰਹ ਫਲਾਣੀ ਕੌਰ ਬੈਠ ਕੇ ਰੰਗ ਲਾਈ ਚੱਲੋ ਦੁਨੀਆਂ ਪਰ੍ਹੇ ਭੀ ਵੱਸਦੀ ਹੈ।

-ਬਲਵਿੰਦਰ ਕੌਰ ਚਾਹਲ

## ਹਾਸੇ ਦੀ ਪਟਾਰੀ

**ਸੋਨੂੰ,** ਜੇ ਪਤਨੀ ਕੋਈ ਕੰਮ ਕਹੇ ਤਾਂ ਉਸ ਨੂੰ ਤੁਰੰਤ ਨਾ ਕਰੋ।

ਮੋਨੂੰ, ਅਜਿਹਾ ਕਿਉਂ ?

ਸੋਨੂੰ, ਹੋ ਸਕਦਾ ਹੈ ਚਾਰ ਗਾਲ੍ਹਾਂ ਸੁਣਾਉਣ ਤੋਂ ਬਾਅਦ ਉਹ ਖੁਦ ਹੀ ਉੱਠ ਕੇ ਕਰ ਲਵੇ।

*---*---*

**ਸੁਨੀਤਾ,** ਮੋਟਾਪਾ ਵੱਧ ਰਿਹਾ ਹੈ, ਇਸ ਲਈ ਅੱਜ ਕੱਲ੍ਹ ਬਾਹਰ ਖਾਣਾ ਬਿਲਕੁੱਲ ਬੰਦ ਕਰ ਦਿੱਤਾ ਹੈ।

ਵਨੀਤਾ, ਤਾਂ ਕੀ ਫਾਸਟ ਫੂਡ ਖਾਂਦੀ ਹੀ ਨਹੀਂ ?

ਸੁਨੀਤਾ, ਪੈਕ ਕਰਵਾ ਕੇ ਘਰ ਲੈ ਆਉਂਦੀ ਹਾਂ, ਫਿਰ ਖਾਂਦੀ ਹਾਂ।

*---*---*

**ਰਮੇਸ਼,** ਭਾਰਤ ਦੇ ਲੋਕ ਗਿਫਟਸ ਲਈ ਥੈਂਕਸ ਨਹੀਂ ਕਰਦੇ।

ਸੁਰੇਸ਼, ਤਾਂ ਕੀ ਕਰਦੇ ਹਨ ?

ਰਮੇਸ਼, ਕਹਿੰਦੇ ਹਨ - ਹੀ...ਹੀ...ਹੀ...ਇਸ ਦੀ ਕੀ ਲੋੜ ਸੀ।

*---*---*

**ਪਤਨੀ,** ਕੁਝ ਸਾਲ ਪਹਿਲਾਂ ਮੇਰੀ ਫਿੱਗਰ ਪੈਪਸੀ ਦੀ ਬੋਤਲ ਵਰਗੀ ਸੀ।

ਪਤੀ, ਉਹ ਤਾਂ ਹੁਣ ਵੀ ਹੈ।

ਪਤਨੀ, ਸੱਚ ?"

ਪਤੀ, ਹਾਂ, ਪਹਿਲਾਂ ਬੋਤਲ 300 ਐਮ. ਐੱਲ. ਦੀ ਸੀ, ਹੁਣ 2 ਲਿਟਰ ਦੀ ਹੈ।


## ਸੈਂਟਰਲ ਗੁਰਦੁਆਰਾ ਗਾਲਸਗੋ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

**EXPERIENCED SIKH RELIGIOUS WORKERS REQUIRED-3 POSITIONS**

**ਸੈਂਟਰਲ ਗੁਰਦੁਆਰਾ ਸਾਹਿਬ ਸਲਾਸਗੋ ਵਿਖੇ ਤਿੰਨ ਕੀਰਤਨੀ ਸਿੰਘਾਂ (ਟੀਅਰ ਪੰਜ) ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ। ਸੇਵਾਦਾਰਾਂ ਲਈ ਕੀਰਤਨ ਕਰਨ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਹੋਰ ਸੇਵਾਵਾਂ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸੇਵਾਵਾਂ ਵਿੱਚ ਸ਼ਾਮਿਲ ਹੋਣਾ ਜ਼ਰੂਰੀ ਹੈ। ਉਹਨਾਂ ਦੇ ਕੋਲ ਸਿੱਖ ਧਰਮ ਰਹਿਤ ਮਰਯਾਦਾ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।**

**ਨੋਟ:- ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਜ਼ਰੂਰੀ ਹੈ।**

**ਬਿਨੈਕਾਰ ਆਪਣੀਆਂ ਅਰਜ਼ੀਆਂ ੨੧ ਦਸੰਬਰ ੨੦੨੪ ਤੋਂ ਪਹਿਲਾਂ ਭੇਜਣ**

- **Perform daily duties including tending to the holy scriptures**
- **Prepare Parshaad (sweet offering)**
- **Assist in Paath seva (reading scriptures) and other seva at darbar hall in a Non-pastoral role**
- **Change Maharaaj Ji bastar daily**
- **Maintain a clean and tidy Darbar Sahib (main prayer hall) and Sachkhand Sahib (residence for holy scriptures)**
- **Undertake duties both within the Gurdwara Sahib and at the instruction of the management externally**
- **Ensure that the use of utilities / facilities / equipment of SGSSH (by them or others) is not excessive and / or abusive**
- **Must have the right to work in the UK.**

Closing Date: *Please send your application before 21st December 2024.*

**PLEASE MAKE YOUR APPLICATION IN WRITING BY EMAIL TO**
**pritpal_singh_khaira@hotmail.com**

**CENTRAL GURDWARA GLASGOW**
**174 BERKELEY STREET, GLASGOW G3 7HY**


## ਅਮਰੀਕਾ ਦੇ ਨਿਊ ਓਰਲੀਨਸ ਸ਼ਹਿਰ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ ਤੇ 11 ਜ਼ਖਮੀ, ਹਮਲਾਵਰ ਮੌਕੇ ਤੋਂ ਹੋਏ ਫਰਾਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਸ਼ਹਿਰ ਨਿਊ ਓਰਲੀਨਸ ਵਿਚ ਹੋਈ ਗੋਲੀਬਾਰੀ ਵਿਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 11 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਨਿਊ ਓਰਲੀਨਸ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਪ੍ਰਸਿੱਧ ''ਸੈਕੰਡ-ਲਾਈਨ ਪਰੇਡ'' ਦੌਰਾਨ ਹੋਈ। ਪੁਲਿਸ ਸੁਪਰਡੈਂਟ ਬੀਬੀ ਐਨੇ ਕਿਰਕਪੈਟਰਿਕ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ 45 ਮਿੰਟਾਂ ਦੇ ਫਰਕ ਨਾਲ ਦੋ ਥਾਵਾਂ 'ਤੇ ਹੋਈ ਹੈ। ਉਨਾਂ ਕਿਹਾ ਕਿ ਮਾਮਲਾ ਹੱਲ ਕਰਨ ਲਈ ਪੁਲਿਸ ਬਹੁਤ ਫੁਰਤੀ ਨਾਲ ਕੰਮ ਕਰ ਰਹੀ ਹੈ। ਘਟਨਾ ਸਬੰਧੀ ਸੁਰਾਗ ਮਿਲੇ ਹਨ ਤੇ ਸ਼ੱਕੀ ਦੋਸ਼ੀਆਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਕਿਰਕਪੈਟਰਿਕ ਨੇ ਹੋਰ ਕਿਹਾ ਹੈ ਕਿ ਘਟਨਾ ਸਥਾਨ 'ਤੇ ਵਾਧੂ ਪੁਲਿਸ ਫੋਰਸ ਤਾਇਨਾਤ ਹੋਣ ਦੇ ਬਾਵਜੂਦ ਹਮਲਾਵਰ ਆਪਣੇ ਇਰਾਦੇ ਵਿਚ ਕਾਮਯਾਬ ਹੋ ਗਏ ਤੇ ਉਹ ਭੀੜ ਉਪਰ ਗੋਲੀਆਂ ਚਲਾਉਣ ਉਪਰੰਤ ਮੌਕੇ ਤੋਂ ਫਰਾਰ ਹੋ ਗਏ। ਉਨਾਂ ਕਿਹਾ ਕਿ ਬਾਅਦ ਦੁਪਹਿਰ 3.40 ਵਜੇ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਦੋ ਹਥਿਆਰ ਵਰਤੇ ਗਏ ਹਨ ਜਿਨਾਂ ਨੂੰ ਮੌਕੇ ਤੋਂ ਬਰਾਮਦ ਕਰ ਲਿਆ ਗਿਆ ਹੈ। ਕਿਰਕਪੈਟਰਿਕ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਘਟਨਾ ਸਬੰਧੀ ਜੇਕਰ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ। ਉਨਾਂ ਕਿਹਾ ਕਿ ਪਹਿਲੀ ਘਟਨਾ ਤੋਂ ਤਕਰੀਬਨ 45 ਮਿੰਟ ਬਾਅਦ ਇਕ ਪੁਲ ਉਪਰ ਗੋਲੀਬਾਰੀ ਹੋਣ ਦੀ ਦੂਸਰੀ ਘਟਨਾ ਵਾਪਰੀ ਜਿਸ ਵਿਚ 3 ਲੋਕਾਂ ਦੇ ਗੋਲੀਆਂ ਵੱਜੀਆਂ ਹਨ ਜਿਨਾਂ ਵਿਚੋਂ 2 ਜਣੇ ਦਮ ਤੋੜ ਗਏ ਹਨ ਜਦ ਕਿ ਤੀਸਰੇ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਦੋਨਾਂ ਘਟਨਾਵਾਂ ਦਾ ਆਪਸ ਵਿਚ ਕੋਈ ਸਬੰਧ ਹੈ ਜਾਂ ਨਹੀਂ। ਲੋਇਸਿਆਨਾ ਦੇ ਗਵਰਨਰ ਜੈਫ ਲਾਂਡਰੀ ਨੇ ਸੋਸ਼ਲ ਮੀਡੀਆ ਉਪਰ ਪਾਏ ਸ਼ੋਕ ਸੰਦੇਸ਼ ਵਿੱਚ ਪੀੜਤ ਪਰਿਵਾਰਾਂ ਨਾਲ ਦੁੱਖ ਪ੍ਰਗਟਾਇਆ ਹੈ ਤੇ ਕਿਹਾ ਹੈ ਕਿ ਹਿੰਸਾ ਹਰ ਹਾਲਤ ਵਿਚ ਖਤਮ ਹੋਣੀ ਚਾਹੀਦੀ ਹੈ। ਅਟਰਾਨੀ ਜਨਰਲ ਲਿਜ਼ ਮੂਰਿਲ ਨੇ ਕਿਹਾ ਹੈ ਕਿ ਇਸ ਕਿਸਮ ਦੀ ਹਿੰਸਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਆਸ ਪ੍ਰਗਟਾਈ ਹੈ ਕਿ ਦੋਸ਼ੀ ਛੇਤੀ ਕਟਹਿਰੇ ਵਿਚ ਖੜੇ ਕੀਤੇ ਜਾਣਗੇ।

## ਹਾਸ ਵਿਅੰਗ

# ਬਣ ਗਿਆ ਲੇਖਕ



ਡਾ. ਫ਼ਕੀਰ ਚੰਦ ਸ਼ੁਕਲਾ

ਤਿੰਨ ਚਾਰ ਦਿਨ ਪਹਿਲਾਂ ਇਕ ਇਨਵੀਟੇਸ਼ਨ ਕਾਰਡ ਡਾਕ ਰਾਹੀਂ ਮਿਲਿਆ ਸੀ। ਇਕ ਮਸ਼ਹੂਰ ਸਾਹਿਤਕ ਸੰਸਥਾ ਦੇ ਸਹਿਯੋਗ ਨਾਲ ਸ਼ਹਿਰ ਦੇ ਇਕ ਹੋਟਲ ਵਿਚ ਸਾਹਿਤਕ ਸਮਾਗਮ ਹੋਣਾ ਸੀ ਜਿਸ ਵਿਚ ਵਿਚ ਵਿਦੇਸ਼ 'ਚ ਰਹਿੰਦੇ ਅਤੇ ਅੱਜਕੱਲ ਭਾਰਤ ਦੌਰੇ ਤੇ ਆਏ ਇਕ ਲੇਖਕ ਦੀ ਪੁਸਤਕ ਰਲੀਜ ਕੀਤੀ ਜਾਣੀ ਸੀ।

ਲੇਖਕ ਦੇ ਨਾਂ ਤੋਂ ਮੈਂ ਚੰਗੀ ਤਰ੍ਹਾਂ ਪਰੀਚਿਤ ਸੀ। ਹਾਲਾਂਕਿ ਉਹ ਉਮਰ ਵਿਚ ਮੈਥੋਂ ਛੋਟਾ ਸੀ ਪਰ ਫੇਰ ਵੀ ਉਹ ਮੇਰੇ ਨਾਲ ਕਾਫੀ ਖੁੱਲ੍ਹਾ ਸੀ। ਫੇਰ ਉਹ ਵਿਦੇਸ਼ ਚਲਾ ਗਿਆ ਸੀ। ਐਥੇ ਰਹਿੰਦਿਆਂ ਉਹ ਕਦੇ ਕਦਾਈਂ ਕਵਿਤਾ ਜਾਂ ਕਹਾਣੀ ਲਿਖਿਆ ਕਰਦਾ ਸੀ ਅਤੇ ਮੇਰੇ ਕੋਲੋਂ ਜ਼ਰੂਰ ਚੈੱਕ ਕਰਵਾਇਆ ਕਰਦਾ ਸੀ। ਤੇ ਉਹ ਰਚਨਾ ਸ਼ਾਇਦ ਕਿਸੇ ਪਰਚੇ ਵਿਚ ਛਪ ਵੀ ਜਾਂਦੀ ਸੀ। ਪਰ ਜਾਣ ਤੋਂ ਪਹਿਲਾਂ ਉਹ ਨਾ ਤਾਂ ਮੈਨੂੰ ਮਿਲ ਕੇ ਗਿਆ ਸੀ ਅਤੇ ਨਾ ਹੀ ਉਸ ਵਿਦੇਸ਼ ਜਾ ਕੇ ਮੇਰੇ ਨਾਲ ਕੋਈ ਰਾਬਤਾ ਰੱਖਿਆ ਸੀ।

ਭਾਵੇਂ ਸਾਹਿਤਕ ਸੰਸਥਾ ਵਲੋਂ ਸੱਦਾ ਪੱਤਰ ਮਿਲ ਗਿਆ ਸੀ ਪਰ ਇਹ ਤਾਂ ਇਕ ਫਾਰਮੈਲਟੀ ਸੀ। ਇਸ ਤਰ੍ਹਾਂ ਦਾ ਸੱਦਾ ਪੱਤਰ ਤਾਂ ਉਹਨਾਂ ਸ਼ਹਿਰ ਵਿਚ ਰਹਿਣ ਵਾਲੇ ਹਰ ਲੇਖਕ ਮੈਂਬਰ ਨੂੰ ਜ਼ਰੂਰ ਭੇਜਿਆ ਹੋਣਾ। ਪਰ ਮੈਂ ਘਰ ਬੈਠ ਕੇ ਵੀ ਕੀ ਕਰਨਾ ਸੀ। ਉਂਜ ਵੀ ਹੋਟਲ ਵਿਚ 'ਸੇਵਾ' ਹੋਣੀ ਸੀ। ਏਹੋ ਜਹੇ ਮੌਕੇ ਤਾਂ ਲੇਖਕ ਕਿਵੇਂ ਖੁੰਝਣ ਦੇਂਦੇ ਹਨ-ਭਾਂਵੇਂ ਮੈਂ ਹੋਵਾਂ ਜਾਂ ਕੋਈ ਹੋਰ ਲੇਖਕ। ਇਸ ਲਈ ਮੈਂ ਫਕੰਸਨ 'ਚ ਜਾਣ ਦਾ ਮਨ ਬਣਾ ਲਿਆ ਸੀ।

ਪਰ ਮੇਰੇ ਮਨ ਵਿਚ ਇਹ ਵਿਚਾਰ ਵੀ ਆਈ ਜਾਂਦਾ ਸੀ ਕਿ ਉਸ ਨੂੰ ਮੈਨੂੰ ਖੁਦ ਬੁਲਾਣਾ ਚਾਹੀਦਾ ਸੀ। ਪਰ ਜਿਵੇਂ ਕਹਿੰਦੇ ਨੇ ਕਿ ਦਿਲ ਨੂੰ ਦਿਲ ਦੀ ਚਾਹਤ ਹੁੰਦੀ ਹੈ। ਫ਼ੰਕਸ਼ਨ ਤੋਂ ਇਕ ਦਿਨ ਪਹਿਲਾਂ ਉਸ ਦਾ ਫੋਨ ਆਇਆ ਸੀ-"ਸਰ ਜੀ, (ਪਤਾ ਨਹੀਂ ਕਿਉਂ ਸ਼ੁਰੂ ਤੋਂ ਹੀ ਉਹ ਮੈਨੂੰ 'ਸਰ ਜੀ' ਕਹਿ ਕੇ ਬੁਲਾਉਂਦਾ ਸੀ) ਇਨਵੀਟੇਸ਼ਨ ਕਾਰਡ ਤਾਂ ਮਿਲ ਗਿਆ ਹੋਣੈ। ਜ਼ਰੂਰ ਆਈਓ-ਤੁਹਾਡੇ ਬਿਨਾ ਮੇਰਾ ਸਮਾਗਮ ਅਧੂਰਾ ਰਹਿਣੈ"। ਹੁਣ ਤਾਂ ਨਾ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ।

...ਤੇ ਮੈਂ ਸਮਾਗਮ ਵਾਲੇ ਹੋਟਲ 'ਚ ਜਾ ਪੁੱਜਾ। ਉਹ ਮੈਨੂੰ ਗਲਵਕੜੀ ਪਾ ਕੇ ਮਿਲਿਆ।

"ਸਰ ਜੀ, ਤੁਹਾਡੇ ਨਾਲ ਕੁਝ ਜ਼ਰੂਰੀ ਗੱਲ ਕਰਨੀ ਏ..ਫ਼ੰਕਸ਼ਨ ਮਗਰੋਂ ਕਿਤੇ ਖਿਸਕ ਨਾ ਜਾਇਓ..." ਉਹ ਕਹਿਣ ਲੱਗਾ-"ਨਾਲੇ ਹੁਣ ਕਿਹੜਾ ਮੈਂ ਤੁਹਾਨੂੰ ਸਨਮਾਨ ਕਰਨ ਲਈ ਆਖਣੈ.."

ਕਮਾਲ ਏ। ਹਾਲੇ ਤੀਕ ਉਸ ਨੂੰ ਸਨਮਾਨ ਵਾਲੀ ਗੱਲ ਨਹੀਂ ਭੁੱਲੀ ਸੀ।

ਉਹ ਅਕਸਰ ਮੇਰੇ ਨਾਲ ਬਹਿਸਦਾ ਰਹਿੰਦਾ ਸੀ-"ਸਰ ਜੀ,ਤੁਸੀਂ ਆਪਣੀ ਸੰਸਥਾ ਵੱਲੋਂ ਮੇਰਾ ਸਨਮਾਨ ਕਿਉਂ ਨੀ ਕਰਦੇ?"

"ਯਾਰ ਤੇਰੀ ਤਾਂ ਹਾਲੇ ਇਕ ਵੀ ਕਿਤਾਬ ਨੀ ਛਪੀ" ਮੈਂ ਮਜ਼ਬੂਰੀ ਦੱਸਦਾ ਤਾਂ ਉਹ ਰਤਾ ਖਿਝ ਕੇ ਆਖਦਾ- "ਨਾ ਆਹ ਹਰ ਦੂਜੇ ਚੌਥੇ ਦਿਨ ਕਿਸੇ ਨਾ ਕਿਸੇ ਬੀਬੀ ਦਾ ਸਨਮਾਨ ਕਰੀ ਜਾਂਦੇ ਹੋ ਉਹਨਾਂ 'ਚੋਂ ਕਿਹਦੀ ਕਿਤਾਬ ਛਪੀ ਹੁੰਦੀ ਏ..?"

"ਪਰ ਅਸੀਂ ਤਾਂ ਅਜਿਹੀ ਕਿਸੇ ਬੀਬੀ ਦਾ ਸਨਮਾਨ ਨਹੀਂ ਕੀਤਾ" ਮੈਂ ਉਸ ਨੂੰ ਸਪਸ਼ਟੀਕਰਨ ਦੇਣ ਦੀ ਕੋਸ਼ਿਸ ਕਰਦਾ ਤਾਂ ਉਹ ਹੋਰ ਵੀ ਭੜਕ ਉੱਠਦਾ-"ਐਥੈ ਤਾਂ ਜੀ ਪਹਿਲਾਂ ਜਨਾਨੀ ਹੋਵੇ, ਫੇਰ ਸੋਹਣੀ ਹੋਵੇ, ਤੀਜਾ ਉਸ ਨੂੰ ਕੋਈ ਪਰਹੇਜ਼ ਨਾ ਹੋਵੇ ਤਾਂ ਤੁਹਾਡੇ ਵਰਗੇ ਲੇਖਕ ਖੁਦ ਈ ਨਾਲੇ ਤਾਂ ਉਹਨਾਂ ਨੂੰ ਕਵਿਤਾਵਾਂ ਲਿਖ ਲਿਖ ਦਈ ਜਾਣਗੇ ਤੇ ਨਾਲੇ ਏਧਰੋਂ ਔਧਰੋਂ ਸਨਮਾਨ ਵੀ ਕਰਵਾਈ ਜਾਣਗੇ.."।

"ਓ ਰਹਿਣ ਦੇ ਯਾਰ,ਐਂਵੇ ਨਾ ਜਭਲੀਆਂ ਮਾਰ..ਦੱਸ ਖ੍ਹਾਂ ਮੈਂ ਕੀਹਨੂੰ ਕਵਿਤਾਵਾਂ ਲਿਖ ਕੇ ਦਿੱਤੀਆ..ਨਾਲੇ ਮੈਂ ਤਾਂ ਕਵਿਤਾਵਾਂ ਲਿਖਦਾ ਈ ਨੀ।"

"ਤੁਸੀਂ ਨੀ ਲਿਖਦੇ ਤਾਂ ਤੁਹਾਡੇ ਭਾਈਵਾਲ ਲਿਖ ਦੇਂਦੇ ਨੇ..ਤੇ ਫੇਰ ਨੇੜੇ ਤੇੜੇ ਨੀ ਸਿੱਧੇ ਲਾਲ ਕਿਲੇ ਤੇ ਚਾੜ੍ਹ ਦੇਂਦੇ ਨੇ.."।

"ਲਾਲ ਕਿਲੇ ਤੇ..?" ਮੈਨੂੰ ਉਸ ਦੀ ਗੱਲ ਪੱਲੇ ਨੀ ਪਈ।

"ਬੋਹਤੇ ਭੋਲੇ ਨਾ ਬਣੋ" ਉਸ ਰਤਾ ਮੇਰੇ ਵੱਲ ਘੂਰ ਕੇ ਵੇਖਦਿਆਂ ਕਿਹਾ ਸੀ-"ਨਾ ਉਹ ਭਟੂਰੇ ਵਰਗੀ ਗੋਰੀ ਚਿੱਟੀ ਲੇਖਿਕਾ ਕਿਧਰੋਂ ਦੀ ਕਵਿੱਤਰੀ ਬਣਗੀ..ਏਧਰ ਕਵੀ ਦਰਬਾਰਾਂ 'ਚ ਕਦੇ ਕਦਾਈ ਈ ਵੇਖੀ ਦੀ ਆ..ਤੇ ਹੁਣ ਸਿੱਧੀ ਲਾਲ ਕਿਲੇ ਤੇ ਚੜ੍ਹਕੇ ਰਾਸ਼ਟਰੀ ਪੱਧਰ ਦੇ ਕਵੀ ਦਰਬਾਰ ਵਿਚ ਕਵਿਤਾ ਪੜ੍ਹ ਆਈ।"

"ਚੱਲ ਇਕ ਦਿਨ ਤੂੰ ਵੀ ਪਹੁੰਚ ਜਾਵੇਂਗਾ ਲਾਲ ਕਿਲੇ ਤੇ.." ਮੈਂ ਰਤਾ ਉਸ ਨੂੰ ਠੰਢਾ ਕਰਦਿਆਂ ਕਿਹਾ।

"ਮੈਂ ਕਿੱਥੇ ਪਹੁੰਚ ਸਕਦੈਂ..! ਮੇਰੇ ਕੋਲ ਉਹੋ ਜਹੇ ਗੁਣ ਕਿੱਥੇ ਨੇ ਜਿਹਦੇ ਕਰਕੇ ਸੰਪਾਦਕ ਵੀ ਆਪਣੇ ਰਸਾਲਿਆਂ ਵਿਚ ਮੇਰੀਆਂ ਕਵਿਤਾਵਾਂ ਕਹਾਣੀਆਂ ਮੇਰੀਆਂ ਫੋਟੂਆਂ ਨਾਲ ਛਾਪਣ ਲਈ ਉਡੀਕ ਰਹੇ ਹੋਣ..!''

ਉਸ ਨਾਲ ਇਸ ਤਰ੍ਹਾਂ ਦੀ ਨੋਕ ਝੋਕ ਹੁੰਦੀ ਰਹਿੰਦੀ ਸੀ।

... ਤੇ ਫੇਰ ਉਹ ਵਿਦੇਸ਼ ਚਲਾ ਗਿਆ ਸੀ। ਉਸ ਮਗਰੋਂ ਉਸ ਦੀ ਕੋਈ ਖ਼ਬਰ ਸਾਰ ਨਹੀਂ ਮਿਲੀ।

... ਤੇ ਅੱਜ ਉਸ ਦਾ ਸਮਾਗਮ ਵੇਖ ਕੇ ਖੁਸ਼ੀ ਵੀ ਹੋ ਰਹੀ ਸੀ ਤੇ ਹੈਰਾਨੀ ਵੀ। ਹੈਰਾਨੀ ਏਸ ਗੱਲ ਦੀ ਕਿ ਇੱਕੋ ਕਿਤਾਬ ਵਿਚ ਕਵਿਤਾਵਾਂ, ਲੇਖ, ਕਹਾਣੀ ਸ਼ਾਮਲ ਸਨ। ਮੈਂ ਤਾਂ ਇਸ ਤਰ੍ਹਾਂ ਦਾ ਵੱਖਰਾ ਸਟਾਈਲ ਪਹਿਲੀ ਵਾਰ ਵੇਖਿਆ ਸੀ।

ਸਮਾਗਮ ਵਿੱਚ ਮੰਨੇ ਪਰਮੰਨੇ ਲੇਖਕ ਪੁੱਜੇ ਹੋਏ ਸਨ। ਇਕ ਉੱਘੇ ਲੀਡਰ ਨੇ ਕਿਤਾਬ ਦੀ ਘੁੰਢ ਚੁਕਾਈ ਕੀਤੀ ਸੀ।

ਇਸ ਮਗਰੋਂ ਵਿਦਵਾਨਾਂ ਵੱਲੋਂ ਉਸ ਕਿਤਾਬ ਅਤੇ ਲੇਖਕ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਸਨ। ਉਹਨਾਂ ਦੇ ਵਿਚਾਰ ਸੁਣ ਕੇ ਜਾਪ ਰਿਹਾ ਸੀ ਕਿ ਨਾ ਤਾਂ ਉਸ ਤੋਂ ਪਹਿਲਾਂ ਕੋਈ ਐਨਾ ਵਧੀਆ ਲੇਖਕ ਜੰਮਿਆ ਅਤੇ ਨਾ ਹੀ ਇਹਨਾਂ ਵਿਦਵਾਨਾਂ ਨੇ ਅੱਗੇ ਨੂੰ ਜੰਮਣ ਦੇਣਾ। ਸਾਡੇ ਦੇਸ਼ ਵਿਚ ਤਾਂ ਨਸਬੰਦੀ ਕਰਾਉਣ ਮਗਰੋਂ ਵੀ ਨਿਆਣੇ ਜੰਮ ਪੈਂਦੇ ਹਨ। ਇਸ ਲਈ ਵਿਦਵਾਨਾਂ ਨੂੰ ਕੋਈ ਹੋਰ ਤਰੀਕਾ ਅਪਨਾਉਣਾ ਪਵੇਗਾ ਤਾਂ ਜੋ ਉਸ ਲੇਖਕ ਤੋਂ ਵਧੀਆ ਲੇਖਕ ਮੁੜ ਪੈਦਾ ਨਾ ਹੋ ਸਕੇ। ਵਿਦਵਾਨਾਂ ਵੱਲੋਂ ਕੀਤੀਆਂ ਤਰੀਫ਼ਾਂ ਤਾਂ ਕੁੱਝ ਐਦਾਂ ਦਾ ਹੀ ਭਰਮ ਪਾਉਂਦੀਆਂ ਸਨ।

ਲੇਖਕ ਨੇ ਆਪਣੇ ਭਾਸ਼ਣ ਵਿਚ ਆਪਣੀ ਘਾਲਣਾ ਬਾਰੇ ਦੱਸਿਆ ਕਿ ਕਿਵੇਂ ਵਿਦੇਸ਼ ਪਹੁੰਚ ਕੇ ਉਸ ਬੇਰ ਤੋੜੇ, ਖੇਤਾਂ 'ਚ ਮਜਦੂਰੀ ਕੀਤੀ, ਹੋਟਲਾਂ 'ਚ ਸਫ਼ਾਈ ਦਾ ਕੰਮ ਕੀਤਾ, ਸਟੋਰਾਂ 'ਚ ਸਕਯੋਰਟੀ 'ਚ ਲੱਗਿਆ ਰਿਹਾ।..ਤੇ ਇਕ ਦਿਨ ਉਸ ਆਪਣੀਆਂ ਤੰਗੀਆਂ-ਤੁਰਸੀਆਂ ਲਿਖ ਕੇ ਪੇਪਰ 'ਚ ਛਪਣ ਲਈ ਭੇਜ ਦਿੱਤੀਆਂ। ਬਸ ਪਾਠਕਾਂ ਦੇ ਹੁੰਗਾਰੇ ਸਦਕਾ ਏਹ ਪੁਸਤਕ ਤੁਹਾਡੇ ਸਾਹਮਣੇ ਹੈ। ਕਿਤਾਬ ਤੇ ਪਰਚੇ ਪੜ੍ਹਨ ਵਾਲੇ ਵਿਦਵਾਨਾਂ ਨੂੰ ਮਾਨ ਸਨਮਾਨ ਦੇ ਤੌਰ ਤੇ ਵਧੀਆ ਦੁਸ਼ਾਲੇ ਅਤੇ ਮੀਮੈਂਟੋ ਭੇਟ ਕੀਤੇ ਗਏ। ਬੰਦ ਲਫਾਫੇ 'ਚ ਲੱਛਮੀ ਮਾਈ ਵੀ ਦਿੱਤੀ ਗਈ। ਇਸ ਮਗਰੋਂ ਦਾਰੂ ਦੀ ਤਾਂ ਜਿਵੇਂ ਛਬੀਲ ਲੱਗ ਗਈ ਸੀ। ਨਾਨ ਵੈੱਜ ਫੂਡ ਵਰਤਾਉਣ ਵਿਚ ਵੇਟਰਾਂ ਨੇ ਕੋਈ ਕਸਰ ਨਹੀਂ ਛੱਡੀ ਸੀ। ਇਕੱਠੇ ਹੋਏ ਲੇਖਕ ਉਸ ਦੀ ਦਰਿਆ ਦਿਲੀ ਤੇ ਜਿਵੇਂ ਧੰਨ ਧੰਨ ਕਰ ਉੱਠੇ ਸਨ। ਇਸ ਦੌਰਾਨ ਉਹ ਮੈਨੂੰ ਦੋ ਤਿੰਨ ਵਾਰੀ ਤਾਗੀਦ ਕਰ ਗਿਆ ਸੀ ਕਿ ਫ਼ੰਕਸ਼ਨ ਮਗਰੋਂ ਮੈਂ ਉਸ ਨਾਲ ਉਸਦੇ ਹੋਟਲ ਜ਼ਰੂਰ ਚੱਲਣਾ ਹੈ। ਕੋਈ ਜ਼ਰੂਰੀ ਕੰਮ ਹੈ।

ਖ਼ੈਰ! ਸਮਾਗਮ ਖਤਮ ਹੋਣ ਤੇ ਮੈਂ ਉਸ ਦੇ ਨਾਲ ਪੰਜ ਸਤਾਰਾ ਹੋਟਲ ਵੱਲ ਤੁਰ ਪਿਆ ਜਿੱਥੇ ਉਹ ਠਹਿਰਿਆ ਹੋਇਆ ਸੀ।

ਜਦੋਂ ਅਸੀਂ ਹੋਟਲ ਦੀ ਲਾਬੀ ਵਿਚ ਪੁੱਜੇ ਤਾਂ ਉੱਥੇ ਇਕ ਬਹੁਤ ਹੀ ਸੁਹਣੀ ਕੁੜੀ ਉਸ ਦੀ ਪ੍ਰਤੀਕਸ਼ਾ ਕਰ ਰਹੀ ਸੀ। ਉਸ ਕੁੜੀ ਨੂੰ ਵੇਖਦਿਆਂ ਸਾਰ ਹੀ ਉਹ ਮੱਕੀ ਦੀਆਂ ਖਿੱਲਾਂ ਵਾਂਗ ਖਿੜ ਉੱਠਿਆ-"ਸੌਰੀ, ਮੈਨੂੰ ਤਾਂ ਚੇਤੇ ਈ ਨੀ ਰਿਹਾ ਕਿ ਤੁਸੀਂ ਔਣੇ... ਨਾਲੇ ਤੁਸੀਂ ਫੰਕਸ਼ਨ 'ਚ ਕਿਉਂ ਨੀ ਆਏ..."?

"ਮੈਨੂੰ ਕੋਈ ਜ਼ਰੂਰੀ ਕੰਮ ਪੈ ਗਿਆ ਸੀ.." ਉਸ ਲੋੜੋਂ ਵੱਧ ਮੁਸਕ੍ਰਾਉਂਦਿਆਂ ਕਿਹਾ।

ਅਸੀਂ ਤਿੰਨੋ ਉਸਦੇ ਰੂਮ ਵੱਲ ਤੁਰਨ ਲੱਗੇ ਸਨ। ਤੁਰਦਿਆਂ ਤੁਰਦਿਆਂ ਹੀ ਉਸ ਪਰੀਚੈ ਕਰਵਾਇਆ-"ਏਹ ਪ੍ਰੋ. ਦਿਲਖੁਸ਼ ਨੇ। ਬਹੁਤ ਮਸ਼ਹੂਰ ਲੇਖਿਕਾ ਨੇ। ਮੇਰੀਆਂ ਲਿਖਤਾਂ ਤੇ ਰਿਸਰਚ ਕਰ ਰਹੀ ਏ..."

ਭਾਵੇਂ ਮੈਂ ਸਾਹਿਤਕ ਸਮਾਗਮਾਂ ਵਿਚ ਕਦੇ ਕਦਾਈ ਈ ਜਾਂਦਾ ਹਾਂ ਪਰ ਫੇਰ ਵੀ ਸ਼ਹਿਰ ਵਿਚ ਰਹਿਣ ਵਾਲੇ ਲੇਖਕ-ਲੇਖਿਕਾਵਾਂ ਬਾਰੇ ਤਾਂ ਜਾਣਦਾ ਹੀ ਹਾਂ। ਪਰ ਏਸ ਲੇਖਿਕਾ ਬਾਰੇ ਤਾਂ ਮੈਂ ਕਦੇ ਵੀ ਨਹੀਂ ਸੁਣਿਆ ਸੀ..

"ਤੁਸੀਂ ਕੀ ਲਿਖਦੇ ਓ ਮੈਡਮ.."ਮੈਂ ਪੁੱਛਿਆ ਪਰ ਜਵਾਬ ਉਸ ਕੁੜੀ ਦੀ ਬਜਾਏ ਲੇਖਕ ਨੇ ਹੀ ਦਿੱਤਾ- "ਕਮਾਲ ਏ ਥੋਨੂੰ ਆਪਣੇ ਸ਼ਹਿਰ ਦੀਆਂ ਲੇਖਿਕਾਵਾਂ ਬਾਰੇ ਵੀ ਨਹੀਂ ਪਤਾ.." ਫੇਰ ਜਿਵੇਂ ਉਸ ਖੁਦ ਹੀ ਆਪਣੇ ਕਥਨ ਨੂੰ ਦਰੁਸਤ ਕੀਤਾ ਹੋਵੇ-"ਸਰ ਜੀ, ਥੋਨੂੰ ਪਤਾ ਵੀ ਕਿਵੇਂ ਲੱਗੇ..ਤੁਸੀਂ ਕਿਹੜਾ ਇੰਡਿਆ 'ਚ ਟਿਕਦੇ ਓਂ..." ਉਸ ਮੇਰੇ ਵੱਲ ਵੇਖ ਮੁਸਕ੍ਰਾਉਂਦਿਆਂ ਕਿਹਾ-"ਨਾਲੇ ਏਹ ਤਾਂ ਜ਼ਿਆਦਾਤਰ ਅਲੋਚਨਾਤਮਕ ਕੰਮ ਕਰਦੀ ਏ"। ..ਤੇ ਫੇਰ ਉਸ ਕੁੜੀ ਨੂੰ ਮੇਰਾ ਪਰੀਚੈ ਕਰਵਾਇਆ ਕਿ 'ਇਹ ਡਾਕਟਰ ਸਾ'ਬ ਸ਼੍ਰੋਮਣੀ ਸਾਹਿਤਕਾਰ ਨੇ ਤੇ ਨਾਲੇ ਮੇਰੇ ਤਾਂ ਗੁਰੂ ਨੇ..'.ਪਰ ਉਸੇ ਵੇਲੇ ਉਸੀ ਕੁੜੀ ਨੇ ਦੰਦ ਕੱਢਦਿਆਂ ਮੈਨੂੰ ਪੁੱਛ ਲਿਆ ਸੀ-"ਤੁਸੀਂ ਵੀ ਕੁੱਝ ਲਿਖਦੇ ਹੋ?" ਉਸ ਦੇ ਇੰਜ ਪੁੱਛਣ ਤੇ ਮੈਨੂੰ ਹੈਰਾਨੀ ਤਾਂ ਡਾਢੀ ਹੋਈ ਪਰ ਮੈਂ ਸਿਰਫ ਐਨਾ ਹੀ ਆਖਿਆ ਸੀ- "ਨਹੀਂ ਜੀ, ਮੈਂ ਤਾਂ ਕੁਝ ਨੀ ਲਿਖਦਾ, ਮੈਂ ਤਾਂ ਵਿਗਿਆਨੀ ਹਾਂ..।"

ਸ਼ਾਇਦ ਉਹ ਕੁਝ ਹੋਰ ਕਹਿੰਦੀ ਪਰ ਲੇਖਕ ਮਿੱਤਰ ਇਕਦਮ ਬੋਲ ਪਿਆ ਸੀ- "ਸਰ ਜੀ, ਮੈਂ ਵੀ ਉੱਥੇ ਇਕ ਸਾਹਿਤਕ ਸੰਸਥਾ ਬਣਾਈ ਹੋਈ ਏ... ਸੌਰੀ ਤੁਹਾਨੂੰ ਦੱਸਣਾ ਤਾਂ ਮੈਂ ਭੁੱਲ ਈ ਗਿਆ। ਏਸ ਸਾਲ ਦਾ ਅੰਤਰਰਾਸ਼ਟਰੀ ਪੁਰਸਕਾਰ ਆਹ ਮਿਸ ਦਿਲਖੁਸ਼ ਨੂੰ ਦਿੱਤਾ ਜਾ ਰਿਹੈ..ਤੇ ਅਵਾਰਡ ਲੈਣ ਲਈ ਏਹ ਛੇਤੀ ਈ ਹੁਣ ਕਨੇਡਾ ਜਾ ਰਹੀ ਏ.." ਬਿੰਦ ਕੁ ਰੁਕ ਕੇ ਉਸ ਜਿਵੇਂ ਮੈਨੂੰ ਟਿੱਚਰ ਕਰਦਿਆਂ ਆਖਿਆ ਸੀ- "ਅਸੀਂ ਤਾਂ ਸਰ ਜੀ ਬੰਦੇ ਦਾ ਕੰਮ ਵੇਖਦੇ ਆਂ ... ਥੋਡੀ ਤਰ੍ਹਾਂ ਏਹ ਨੀ ਵੇਖਦੇ ਕਿ ਕਿੰਨੀਆਂ ਕਤਾਬਾਂ ਛਪੀਆਂ ਨੇ.."।

ਹੁਣ ਤੱਕ ਅਸੀਂ ਉਸ ਦੇ ਰੂਮ ਦੇ ਲਾਗੇ ਪੁੱਜ ਚੁੱਕੇ ਸਨ। ਉਹ ਚਾਬੀ ਲਾ ਕੇ ਰੂਮ ਖੋਲ੍ਹਣ ਲੱਗਾ। ਮੈਂ ਉੱਥੋਂ ਚਲੇ ਜਾਣਾ ਈ ਉਚਿੱਤ ਸਮਝਿਆ-"ਚੰਗਾ ਯਾਰ ਮੈਂ ਚਲਦੈਂ...ਦੇਰ ਹੋ ਰਹੀ ਏ.."

"ਅੱਛਾ ਸਰ ਜੀ, ਜਿਵੇਂ ਤੁਸੀਂ ਠੀਕ ਸਮਝੋ..ਫੇਰ ਮਿਲਿਓ ਕਦੇ" ਆਖਦਿਆਂ ਉਸ ਆਪਣਾ ਹੱਥ ਅੱਗੇ ਵਧਾ ਦਿੱਤਾ ਤੇ ਮੈਂ ਵੀ ਆਪਣਾ ਹੱਥ ਉਸਦੇ ਹੱਥ ਨਾਲ ਪੋਲਾ ਜਿਹਾ ਛੂਹਾ ਦਿੱਤਾ। ਉਹ ਪ੍ਰੋ. ਦਿਲਖੁਸ਼ ਨਾਲ ਰੂਮ 'ਚ ਚਲਾ ਗਿਆ ਤੇ ਮੈਂ ਲੰਮੀਆਂ -ਲੰਮੀਆਂ ਡਿੰਗਾ ਪੁੱਟਦਿਆਂ ਹੋਟਲ ਤੋਂ ਬਾਹਰ ਜਾਣ ਲਈ ਤੁੱਰ ਪਿਆ।

*******

# ਕਾਵਿ-ਕਿਆਰੀ



ਗੀਤ

## ਜਨਮ ਗੁਰੂ ਨਾਨਕ ਦਾ

ਪਿਆਰ ਮੁਹੱਬਤ, ਮੁਹ ਮਮਤਾ ਦਾ,
ਥਾਂ ਥਾਂ ਦੀਪ ਜਗਾਈਏ।
ਜਨਮ ਦਿਨ ਬਾਬੇ ਦਾ,
ਚਾਵਾਂ ਨਾਲ ਮਨਾਈਏ।

ਸਭ ਤੋਂ ਪਹਿਲਾਂ ਆਪਣੇ ਆਪਣੇ
ਘਰ ਨੂੰ ਰੌਸ਼ਨ ਕਰੀਏ।
ਧਰਮ ਕਰਮ ਦੇ ਰਾਹ ਤੇ ਚੱਲੀਏ,
ਬੁਰੇ ਕੰਮਾਂ ਤੋਂ ਡਰੀਏ।
ਸੱਚ ਦੀ ਕਿਰਤ ਕਮਾਈਏ।
ਜਨਮ ਦਿਨ ਬਾਬੇ ਦਾ,
ਚਾਵਾਂ ਨਾਲ ਮਨਾਈਏ।

ਉੱਠ ਸਵੇਰੇ ਹੱਥ ਜੋੜਕੇ,
ਵਾਹਿਗੁਰੂ ਵਾਹਿਗੁਰੂ ਕਰੀਏ।
ਉਹਦਾ ਭਾਣਾਂ ਮੰਨ ਮੰਨ ਕੇ,
ਉਹਦੇ ਹੁਕਮ ਵਿਚ ਰਹੀਏ।
ਜੋ ਸਭਨਾਂ ਜੀਆਂ ਦਾ ਦਾਤਾ,
ਉਹਦੇ ਹੀ ਗੁਣ ਗਾਈਏ।
ਜਨਮ ਦਿਨ ਬਾਬੇ ਦਾ,
ਚਾਵਾਂ ਨਾਲ ਮਨਾਈਏ।

ਗੁਰੂ ਘਰਾਂ ਵਿੱਚ ਸੀਸ ਨਿਵਾਕੇ,
ਸੱਭ ਕਰੀਏ ਅਰਦਾਸਾਂ।
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ,
ਕਰੇ ਪੂਰੀਆਂ ਆਸਾਂ।
ਬਾਣੀ ਦੇ ਵਿੱਚ ਸਭ ਬਰਕਤਾਂ
ਮੂੰਹ ਮੰਗਿਆ ਫਲ ਪਾਈਏ।
ਜਨਮ ਦਿਨ ਬਾਬੇ ਦਾ,
ਚਾਵਾਂ ਨਾਲ ਮਨਾਈਏ।


ਸਾਡੇ ਘਰ ਵੀ ਆਇਆ ਤੋਹਫਾ,
ਕਾਰਡ ਮਿੱਠੇ ਦਾ ਡੱਬਾ।
ਚੜ੍ਹਦੀ ਕਲਾ ਵਿਚ ਰੱਖੀ ਸਭ ਨੂੰ,
ਦੀਨ ਦੁਨੀ ਦਿਆ ਰੱਬਾ।
ਜੰਡੂ ਲਿੱਤਰਾਂ ਵਾਲਿਆ ਆਜਾ,
ਨਾਨਕ ਨਾਮ ਧਿਆਈਏ।
ਜਨਮ ਦਿਨ ਬਾਬੇ ਦਾ,
ਚਾਵਾਂ ਨਾਲ ਮਨਾਈਏ।



ਗੀਤਕਾਰ ਹਰਬੰਸ ਸਿੰਘ
ਜੰਡੂ ਲਿੱਤਰਾਂ ਵਾਲਾ

## ਵਸੀਅਤ

ਕੁਲਵੰਤ ਸਿੰਘ ਢੇਸੀ



ਅੱਜ ਕਿਵੇਂ ਵਸੀਅਤ ਬਾਬੇ ਦੀ, ਅਸੀਂ ਆਪਣੇ ਨਾਵੇਂ ਕਰਦੇ ਹਾਂ।
ਗੁਰ ਨਾਨਕ ਦੇ ਸਿੱਖ ਤਾਂ ਕਹੀਏ, ਜੇ ਸਿੱਖਿਆ ਨੂੰ ਚਿੱਤ ਧਰਦੇ ਹਾਂ।

ਗੁਰਾਂ ਸ਼ਬਦ ਨੂੰ ਹੀ ਗੁਰ ਪੀਰ ਕਿਹਾ,ਬਿਨਾ ਸ਼ਬਦ ਕਿਹਾ ਜਗ ਬਉਰਾ ਹੈ,
ਅਸੀਂ ਸ਼ਬਦ ਨੂੰ ਵਿਕਰੀ 'ਤੇ ਲਾ ਕੇ, ਨਿੱਤ ਗੋਲਕ ਆਪਣੀ ਭਰਦੇ ਹਾਂ।

ਗੁਰਾਂ ਭੁੱਖਿਆਂ ਨੂੰ ਖਵਾਉਣੇ ਲਈ, ਵੀਹਾਂ ਦਾ ਲੰਗਰ ਲਾਇਆ ਸੀ,
ਅਸੀਂ ਰੱਜਿਆਂ ਨੂੰ ਰਜਾਉਣੇ ਲਈ, ਪੀਜ਼ੇ ਤੇ ਬਰਗਰ ਧਰਦੇ ਹਾਂ।

ਅੱਜ ਭਰੇ ਦੀਵਾਨਾ ਵਿਚ ਦੇਖੋ, ਹੱਥ ਪਉਂਦੇ ਹਾਂ ਦਸਤਾਰਾਂ ਨੂੰ,
ਭਾਵੇਂ ਕਹਿੰਦੇ ਹਾਂ ਗੁਰੂ ਹਾਜ਼ਰ ਹੈ, ਪਰ ਇੱਕ ਦੂਜੇ 'ਤੇ ਵਰ੍ਹਦੇ ਹਾਂ।

ਗੁਰੂ ਨਉਨਿਧ ਨਾਮ ਗਰੀਬੀ ਹੀ, ਸੱਚ ਖੰਡ ਤੋਂ ਲੈ ਕੇ ਆਏ ਸੀ,
ਨਿੱਤ ਕੁਰਸੀ ਖਾਤਰ ਖਹਿਬੜ ਕੇ, ਅਸੀਂ ਜਿੱਤੀ ਬਾਜ਼ੀ ਹਰਦੇ ਹਾਂ।

ਗੁਰਾਂ 'ਪ੍ਰੇਮ ਖੇਲਣ ਦੇ ਚਾਓ ਨੂੰ', ਸਿੱਖੀ ਸਿੱਖਿਆ ਦੀ ਰਮਜ਼ ਕਿਹਾ,
ਸਾਡਾ ਆਪਸ ਵਿਚ ਵਿਰੋਧ ਬੜਾ, ਗੈਰਾਂ ਦੀ ਚੌਂਕੀ ਭਰਦੇ ਹਾਂ।

'ਫਿਟ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ' ਪੜ੍ਹੋ।
ਅਸੀਂ ਸ਼ੂਗਰ ਬੀ ਪੀ ਦੇ ਮਾਰੇ, ਪਸ਼ੂਆਂ ਦੇ ਵਾਂਗੂੰ ਚਰਦੇ ਹਾਂ।

ਅਸੀਂ ਵਲੀ ਕੰਧਾਰੀ, ਮਲਕ ਭਾਗੋ, ਹੋਈਏ ਨਾ ਸੱਜਣ ਠੱਗ ਵਰਗੇ,
ਕਿਓਂ ਨਾ ਹੋ ਕੇ ਭਾਈ ਲਾਲੋ ਜਏ, ਸਿਰ ਗੁਰੂ ਦੇ ਚਰਨੀ ਧਰਦੇ ਹਾਂ।

ਗੁਰ ਸਤਗੁਰ ਨੇ ਬਖਸ਼ਿੰਦ ਬੜੇ, ਜੇ ਤੌਬਾ ਕਰੀਏ ਪਾਪਾਂ ਤੋਂ,
'ਢੇਸੀ' ਭੁੱਲਾਂ ਬਖਸ਼ਾ ਲਈਏ, ਜੇ ਵਫਾਦਾਰ ਗੁਰੂ ਘਰ ਦੇ ਹਾਂ।

ਕਵਿਤਾ

## ਗੁਰੂ ਨਾਨਕ ਨੂੰ

ਮਹਿੰਦਰ ਸਿੰਘ ਮਾਨ




ਗੁਰੂ ਨਾਨਕ ਜੀ, ਤੂੰ ਕੌਡੇ ਰਾਖਸ਼ ਨੂੰ ਸੱਚ ਦਾ ਮਾਰਗ ਦਰਸਾਇਆ ਸੀ।
ਸੱਜਣ ਠੱਗ ਨੂੰ ਵੀ ਕਿਰਤ ਕਰਨਾ ਤੇ ਵੰਡ ਛਕਣਾ ਸਿਖਾਇਆ ਸੀ।
ਪਰ ਤੇਰੇ ਜਾਣ ਪਿੱਛੋਂ ਗੁਰੂ ਜੀ, ਬੜਾ ਕੁੱਝ ਬਦਲ ਗਿਆ ਹੈ ਇੱਥੇ।
ਹੱਕ ਦੀ ਖਾਣ ਵਾਲਿਆਂ ਨੂੰ ਮਾਲਕ ਭਾਗੋ ਝੁਕਾ ਰਿਹਾ ਆਪਣੇ ਅੱਗੇ।
ਮੁੜ ਫਿਰ ਰਾਜਿਆਂ ਦੀਆਂ ਜਨਮ ਦਾਤੀਆਂ ਦਾ ਅਪਮਾਨ ਹੋ ਰਿਹਾ।
ਉਨ੍ਹਾਂ ਦਾ ਅਪਮਾਨ ਰੋਕਣ ਲਈ ਇੱਥੇ ਕੋਈ ਨਹੀਂ ਦਿਸ ਰਿਹਾ।
ਇਕ, ਦੂਜੇ ਨੂੰ ਦੱਸਣ ਲਈ ਨਾਮ ਤਾਂ ਬਥੇਰਾ ਜਪਿਆ ਜਾ ਰਿਹਾ।
ਪਰ ਨਿਮਰਤਾ, ਚੰਗਿਆਈ ਤੇ ਸਦਾਚਾਰ ਨੂੰ ਭੁਲਾਇਆ ਜਾ ਰਿਹਾ।
ਵੱਖ, ਵੱਖ ਧਰਮਾਂ ਵਾਲੇ ਇਕ, ਦੂਜੇ ਦੀ ਜਾਨ ਦੇ ਵੈਰੀ ਬਣ ਗਏ ਨੇ।
ਉਹ ਇਕ, ਦੂਜੇ ਦੇ ਧਰਮ ਗ੍ਰੰਥਾਂ ਨੂੰ ਟਿੱਚ ਸਮਝਣ ਲੱਗ ਪਏ ਨੇ।
ਜ਼ਾਲਮਾਂ, ਪਾਪੀਆਂ ਤੇ ਝੂਠਿਆਂ ਨੂੰ ਸਿਰ ਤੇ ਚੁੱਕਿਆ ਜਾ ਰਿਹਾ।
ਰਹਿਮ-ਦਿਲਾਂ, ਈਮਾਨਦਾਰਾਂ ਤੇ ਸੱਚਿਆਂ ਨੂੰ ਖੂੰਜੇ ਲਾਇਆ ਜਾ ਰਿਹਾ।
ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਹੋ ਗਏ ਬਹੁਤ ਪੁਰਾਣੇ।
ਗਰੀਬਾਂ ਨੂੰ ਲੁੱਟ ਕੇ ਧਨ,ਦੌਲਤ ਕੱਠੀ ਕਰਨੀ ਜ਼ੋਰਾਵਰ ਜਾਣੇ।
ਤੇਰੇ ਦਰਸਾਏ ਰਸਤੇ ਤੇ ਜੇਕਰ ਚੱਲਿਆ ਨਾ ਹੁਣ ਵੀ ਮਨੁੱਖ,
ਬਣੇਗੀ ਨਰਕ ਜ਼ਿੰਦਗੀ, ਨਾ ਕੋਈ ਉਸ ਨੂੰ ਮਿਲਣਾ ਸੁੱਖ।

* * * * * * *

## ਗੰਢੇ ਛਿੱਤਰ ਜਾਂ ਰੁਪਏ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਗੰਢੇ ਪੁੱਟਦਾ ਚੋਰ ਸੀ ਗਿਆ ਫੜਿਆ
ਮਾਲਕ ਓਸ ਨੂੰ ਸਜ਼ਾ ਸੁਣਾਉਣ ਲੱਗਾ।
ਸੌ ਗੰਢੇ ਸੌ ਛਿੱਤਰ 'ਸੌ ਦਾ ਨੋਟ੍ਹ' ਦੇ ਦਏ
ਚੋਰ 'ਸੋਚ ਕੇ' ਇਕ ਅਪਣਾਉਣ ਲੱਗਾ।
ਗੰਢੇ ਬਾਰਾਂ ਕੁ ਖਾ ਲਏ ਜਦ 'ਹੁੱਬਦੇ' ਨੇ
ਪਾਣੀ ਅੱਖਾਂ 'ਚ ਓਸਦੇ ਆਉਣ ਲੱਗਾ।
ਕਹਿੰਦਾ ਛਿੱਤਰ ਹੀ ਸਹਿ ਕੇ ਦੇਖ ਲੈਨਾ
ਗੰਢੇ ਖਾ ਕੇ ਜੀਅ ਕਚ੍ਹਿਆਉਣ ਲੱਗਾ।
ਪੈ ਗਏ ਪੱਚੀ ਕੁ ਛਿੱਤਰ ਜਦ ਪਿੱਠ ਉੱਤੇ
ਹੱਥ ਆਪਣੀ ਜੇਬ੍ਹ ਵਿਚ ਪਾਉਣ ਲੱਗਾ।
ਹੁਣ ਜੁਰਮਾਨਾ ਹੀ ਦੇਣ ਨੂੰ ਤਿਆਰ ਹਾਂ ਜੀ
ਸੌ ਦਾ ਨੋਟ੍ਹ ਇਉਂ ਆਖ ਫੜਾਉਣ ਲੱਗਾ !

* * * * * *

## ਜ਼ੁਲਮਾਂ ਦੇ ਅੰਤ

ਐਸੇ ਵੀ ਨੇ ਜ਼ਾਲਮ, ਇਸ ਦੁਨੀਆ ਵਿੱਚ ਵਸਦੇ,
ਜੋ ਰੋਕਦੇ ਨੇ ਹਰ ਰੋਜ਼, ਮਜ਼ਲੂਮਾਂ ਦੇ ਰਸਤੇ।

ਤੜਪ ਤੜਪ ਕੇ ਪਿਸਦੇ, ਗਰੀਬਾਂ ਨੂੰ ਦੇਖ,
ਮਾਰ ਮਾਰ ਠਹਾਕੇ ਨੇ ਉਹ, ਪੁਰਜ਼ੋਰ ਹੱਸਦੇ।

ਜ਼ੰਜੀਰਾਂ ਦੇ ਮਾਲਕ ਖੁਦ, ਹੱਥਕੜੀਆਂ ਦੇ ਰਾਖੇ,
ਪਹਿਨਾਂਦੇ ਨੇ ਮਜ਼ਲੂਮਾਂ ਨੂੰ, ਰੋਜ਼ ਕੱਸ ਕੱਸ ਕੇ।

ਵਜਾਉਂਦੇ ਨੇ ਸਾਜ਼ ਵਾਂਗ, ਪਲ ਪਲ ਵਿੱਚ ਤਾਲਾਂ,
ਦੀਵਾਨੇਂ ਜੋ ਚੱਲਦੇ ਨੇ, ਮੰਜ਼ਿਲਾਂ ਦੇ ਰਸਤੇ।

ਧਰਤੀ ਵੀ ਜ਼ਾਲਿਮ ਦੀ, ਤੇ ਅੰਬਰ ਵੀ ਉਸ ਦੇ,
ਆਹਾਂ ਤੇ ਦੁਆਵਾਂ ਵੀ ਨਹੀਂ, ਮਜ਼ਲੂਮਾਂ ਦੇ ਵੱਸ 'ਤੇ!


ਕਿਹੜੀਆਂ ਨੇ ਵਾੜਾਂ ਅਤੇ, ਕਿਹੜੇ ਬਾਗ਼ ਬਗੀਚੇ,
ਮਾਲੀ ਜੇ ਉਜਾੜਨ ਬੂਟੇ, ਜੜ੍ਹਾਂ ਪੱਟ ਪੱਟ ਕੇ।

ਵਸਦਾ ਏ ਰੱਬ ਜੇਕਰ, ਹਰ ਇੱਕ ਦੇ ਦਿਲ ਵਿੱਚ,
ਲੋਕ ਕਿਉਂ ਨਹੀਂ ਜ਼ਾਲਿਮਾਂ ਨੂੰ, ਹਕੀਕਤ ਇਹ ਦੱਸਦੇ?

ਕਿਉਂ ਐਸੀ ਗ਼ਲਤ ਫਹਿਮੀ, ਵਿੱਚ ਗ੍ਰਸਤ ਹੋ ਜ਼ਾਲਿਮੋਂ?
ਮੁਲਜ਼ਿਮ ਹਮੇਸ਼ਾਂ ਨਹੀਂ, ਤੁਹਾਡੇ ਜਾਲਾਂ ਵਿੱਚ ਫੱਸਦੇ।

ਪਰਤਿਆ ਜਦੋਂ ਪਾੱਸਾ ਤਾਂ, ਬਹੁਤ ਪਛਤਾਉਗੇ,
ਨਹੀਂ ਲੱਭਣੇ ਫੇਰ ਰਸਤੇ, ਕਿੱਥੇ ਜਾਓਗੇ ਨੱਸ ਕੇ?

ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ



* * * * * * * *




**ਰਣਵੀਰ ਸਿੰਘ ਰਾਣਾ**

ਇਹਨੂੰ ਸਾਰੇ ਇਸ ਫੈਕਟਰੀ ਵਿੱਚ ਫੁੱਫੜ ਕਹਿੰਦੇ ਸੀ। ਜਦੋ ਬੋਲਦਾ ਆਪਣੇ ਆਪ ਇਹਦੇ ਮੂੰਹ ਵਿੱਚੋਂ ਫੂੰ ਫਾਂ ਨਿਕਲ ਜਾਂਦਾ। ਉਦੋਂ 'ਤੋਂ ਇਹਦਾ ਨਾਂ ਫੁੱਫੜ ਪੈ ਗਿਆ। ਵੱਡਾ ਛੋਟਾ ਸਭ ਫੁੱਫੜ ਕਹਿਕੇ ਬੁਲਾਂਦੇ। ਇਹ ਘਰ ਘੱਟ ਹੀ ਜਾ ਕੇ ਖੁਸ਼ ਸੀ। ਉਵਰ-ਟਾਈਮ ਕਦੇ ਨਾ ਛੱਡਦਾ। ਜੇ ਕੋਈ ਕਹਿੰਦਾ 'ਘਰ ਵੀ ਚਲਾ ਜਾਇਆ ਕਰ ?' ਅੱਗੋ ਇੱਦਾਂ ਆਖਦਾ 'ਲੈ ਘਰ ਬਹਿਕੇ ਵੀ ਦਾਰੂ ਪੀਣੀ ਆ 'ਐਥੇ ਚਾਰ ਪੈਸੇ ਬਣਦੇ ਨੇ ? "ਚੰਗਾ ਭਾਈ ਤੇਰੀ ਮਰਜ਼ੀ, ਅਗਲਾ ਅੱਗੋ ਚੁੱਪ ਕਰ ਜਾਂਦਾ।"

ਫੁੱਫੜ ਦੇ ਦੋ ਨਿਆਣੇ ਸੀ। ਵੱਡਾ ਲੜਕਾ ਛੋਟੀ ਲੜਕੀ ਉਹ ਵੀ ਪਿਛਲੀ ਉਮਰੇ ਜਾਕੇ ਹੋਏ। ਲੜਕੀ ਤਾਂ ਜਵਾਨੀ ਵਿੱਚ ਪੈਰ ਰੱਖਦੇ ਸਾਰ ਕਿਸੇ ਕਾਲ਼ੇ ਫਰੈਡ ਨਾਲ ਚਲੀ ਗਈ। ਪਹਿਲਾਂ ਤਾਂ ਦੋ ਕੁ ਮਹੀਨੇ ਟਾਊਨ ਵਿੱਚ ਫਿਰਦੀ ਵੇਖੀ ਗਈ, ਫੇਰ ਤਾਂ ਪਤਾ ਨੀ ਲੱਗਾ, ਕਿੱਧਰ ਗਾਇਬ ਹੋ ਗਈ। ਪਹਿਲਾਂ ਪਹਿਲਾਂ ਤਾਂ ਫੁੱਫੜ ਨੇ ਪਤਾ ਕਰ ਲਿਆ ਸੀ ਕਿੱਥੇ ਕਾਲਾ ਕੇ ਕੁੜੀ ਰਹਿੰਦੇ ਨੇ। ਫੁੱਫੜ ਨੇ ਕੁਹਾੜੀ ਵੀ ਤਿੱਖੀ ਕਰ ਲਈ, ਕਾਲਾ ਵੱਢ ਸੁੱਟਣਾ। ਹਨੇਰੇ ਹੋਏ ਗਿਆ ਵੀ ਸੀ। ਜਦੋ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਆਪਣਾ ਭਾਈਬੰਦ ਨਿਕਲਿਆ।

"ਹਾਂ ਦੱਸੋ ?" ਕੀਹਨੂੰ ਮਿਲਣਾ।

ਫੁੱਫੜ ਨੇ ਕਾਲੇ ਵਾਰੇ ਪੁੱਛਿਆ। ਮੈਂ ਉਹਨੂੰ ਘਰੋਂ ਕੱਢ ਦਿੱਤਾ, ਪਿਛਲੇ ਚਾਰ ਮਹੀਨੇ 'ਤੋਂ ਕਿਰਾਇਆ ਨਹੀਂ ਸੀ ਦੇ ਰਿਹਾ ਸੀ। ਰੋਜ਼ ਪਾਰਟੀ ਚੱਲਦੀ ਸੀ। ਗੁਆਂਢੀ ਕੰਪਲੇਟ ਬਹੁਤ ਕਰਦੇ ਸੀ। ਹੁਣ ਤਾਂ ਦੋ ਕੁ ਮਹੀਨੇ ਹੋਏ ਆਪਣੀ ਕੁੜੀ ਲਈ ਫਿਰਦਾ ਸੀ।"ਤਹਾਨੂੰ ਪਤਾ ਆ, ਆਪਣੇ ਲੋਕਾ ਨੂੰ ਪੈਸੇ ਕਮਾਉਣ ਦੀ ਬੜੀ ਅੱਗ ਲੱਗੀ ਹੋਈ ਆ, ਬੱਚੇ ਦੋ ਮਰਜ਼ੀ ਕਰਦੇ ਫਿਰਨ। "'ਮਾਫ ਕਰਨਾ ਤੁਹਾਨੂੰ ਕੋਈ ਕੰਮ ਸੀ ?' ਹਾਂ ਮੈਂ ਪੈਸੇ ਲੈਣੇ ਸੀ, ਫੁੱਫੜ ਨੇ ਝੂਠੀ ਗੱਲ ਬਣਾ ਲਈ।

ਉਧਰ ਲੜਕੇ ਦੇ ਵੀ ਚਾਲੇ ਠੀਕ ਨਹੀ ਸੀ। ਘਰੋਂ ਪੜ੍ਹਨ ਜਾਂਦਾ ਰਾਹ ਵਿੱਚ ਕਿਸੇ ਦੇ ਘਰੇ ਮਹਿਫਲ ਲੱਗਦੀ, ਫੇਰ ਕਿਸੇ ਕੋਰਸ ਕਰਨ ਦਾ ਬਹਾਨਾ ਲਾਕੇ ਹੋਰ ਟਾਊਨ ਜਾਕੇ ਰਹਿਣ ਲੱਗ ਪਿਆ। ਤਿੰਨ ਕੁ ਮਹੀਨੇ ਬਾਅਦ ਘਰ ਗੇੜਾ ਮਾਰਦਾ। 'ਬੱਸ ਮੇਰਾ ਕੋਰਸ ਛੇਤੀ ਪੂਰਾ ਹੋ ਜਾਣਾ, ਮੈਂ ਤਕੜੀ ਜੌਬ ਤੇ ਲੱਗ ਜਾਣਾ, ਪੈਸਾ ਪੈਸਾ ਕਰ ਦੇਣਾ, ਤੁਹਾਨੂੰ ਵੀ ਅਰਲੀ ਰਿਟਾਇਰਮਿੰਟ ਦੁਆ ਦੇਣੀ ਆ, ਐਸ ਕਰਿਉ ਮੇਰੇ ਸਿਰ ਤੇ 'ਐਦਾ ਦੀਆਂ ਗੱਲਾਂ ਕਰਕੇ ਮਾਪਿਆ 'ਤੋ ਪੈਸੇ ਲੈ ਜਾਂਦਾ। ਇੱਦਾਂ ਕਈ ਸਾਲ ਚੱਲਦਾ ਰਹਿਆ।

ਇੱਕ ਦਿਨ ਫੁੱਫੜ ਦੇ ਕੰਮ 'ਤੋਂ ਆਉਣ 'ਤੋਂ ਪਹਿਲਾਂ ਪੁੱਤ ਹੁਣੀ ਘਰ ਬੈਠੇ ਟੈਲੀ ਵੇਖ ਰਿਹਾ ਸੀ। ਫੁੱਫੜ ਲਈ ਇਹ ਸਰਪਰਾਈਜ ਸੀ।

"ਤੇਰਾ ਕੋਰਸ ਪੂਰਾ ਹੋ ਗਿਆ...।"

'ਮੈਂ ਮੰਮੀ ਨੂੰ ਦੱਸ ਦਿੱਤਾ, ਉਹਨੂੰ ਪੁੱਛ ਲੈ।'

'ਤੁਸੀ ਪਹਿਲਾ ਹੱਥ ਮੂੰਹ ਧੋਕੇ ਚਾਹ ਪੀ ਲਵੋ ਫੇਰ ਬਹਿ ਕੇ ਗੱਲ ਕਰਦੇ ਆ।'"ਜੀ ! ਪੁੱਤ ਕਹਿੰਦਾ ਇਹਨੂੰ ਲਵ ਹੋ ਗਿਆ, ਗੋਰੀ ਕੋਲ ਇਹਦੇ ਦੋ ਨਿਆਣੇ ਨੇ, ਹੁਣ ਗੋਰੀ ਨੇ ਕੋਈ ਹੋਰ ਫਰੈਂਡ ਰੱਖ ਲਿਆ, ਇਹਨੂੰ ਫਲੈਟ ਵਿੱਚੋਂ ਕੱਢ ਦਿੱਤਾ।'

"ਕੰਜਰ ਦਿਆ ! ਤੈਨੂੰ ਇਸ ਕਰਕੇ ਜੰਮਿਆ ਸੀ ?"

ਐਨੇ ਸਾਲ ਗੋਰੀ ਨਾਲ ਖੇਹ ਖਾਂਦਾ ਰਹਿਆ, ਸਾਨੂੰ ਬੇਵਕੂਫ ਬਣਾਉਂਦਾ ਰਹਿਆ। 'ਨਿਕਲ ਜਾ ਮੇਰੇ ਘਰੋਂ, ਮੁੜਕੇ ਆਪਣਾ ਮੂੰਹ ਨਾ ਦਿਖਾਵੀ।'

"ਤੂੰ ਕੀ ਘਰੋਂ ਕੱਢੇਂਗਾ..।" ਮੈਂ ਆਪ ਨਿਕਲ ਜਾਵਾਂਗਾ, ਘਰੋਂ ਨਿਕਲਿਆ ਨੂੰ ਕੌਂਸਲ ਵਾਲੇ ਸਾਂਭਦੇ ਆ। ਤਾਰੋ ਨੇ ਮਸੀਂ ਪਿਉ ਪੁੱਤ ਨੂੰ ਲੜਨੋਂ ਹਟਾਇਆ। "ਨਿਆਣਿਆਂ 'ਤੋਂ ਗਲਤੀਆਂ ਹੋ ਜਾਂਦੀਆਂ ?"

ਇਹ ਨਿਆਣਿਆਂ ਬੱਤੀ ਸਾਲ ਦਾ ਹੋ ਚੱਲਿਆ। ਤਾਰੋ ਨੇ ਪੁੱਤ ਨੂੰ ਸਮਝਾਕੇ ਕੰਮ 'ਤੇ ਲੁਆ ਦਿੱਤਾ। ਜੈਕ ਹੁਣੀ ਦੋ ਕੁ ਵੀਕਾ ਕੰਮ 'ਤੇ ਲਾਈਆ, ਉੱਥੋਂ ਸ਼ਰਾਬ ਚੋਰੀ ਕਰਦੇ ਫੜਿਆ ਗਿਆ। ਕੰਮ 'ਤੋ ਜਵਾਬ ਹੋ ਗਿਆ। ਕਦੇ ਕਦੇ ਜੈਕ ਦੋ ਕੁ ਵੀਕਾ ਕੰਮ 'ਤੇ ਲਾ ਲੈਂਦਾਂ। ਨਾਲ ਦੇ ਫਰੈਂਡ ਜੈਕ ਨੂੰ ਚੁੱਕ ਦੇਦੇਂ। "ਤੇਰੇ ਬੁੜੇ ਕੋਲ ਬਹੁਤ ਪੈਸਾ, ਉਹ ਤੈਨੂੰ ਮਿਲਣਾ, ਬੁੜੇ ਨੇ ਨਾਲ ਥੋੜਾ ਲੈ ਜਾਣਾ, ਤੂੰ ਐਸ ਕਰਿਆ ਕਰ।" ਜੈਕ ਨੇ ਇੱਕ ਹੋਰ ਟੁੱਟੀ ਜਿਹੀ ਗੋਰੀ ਫਸਾ ਲਈ। ਉਹਦੇ ਫਲੈਟ 'ਚੋ ਰਹਿੰਦਾ, ਜਦੋਂ ਮਾਂ ਘਰ ਹੁੰਦੀ ਗੇੜਾ ਮਾਰ ਜਾਂਦਾ, ਮਾਂ ਵਥੇਰਾ ਪਿੱਟਦੀ ਪਰ ਜੈਕ 'ਤੇ ਕੋਈ ਅਸਰ ਨਾ ਹੁੰਦਾ। ਏਸ ਗੋਰੀ ਦੇ ਵੀ ਜੈਕ ਨੇ ਇੱਕ ਨਿਆਣਾ ਜਮਾ ਦਿੱਤਾ। ਇੱਕ ਦਿਨ ਗੋਰੀ ਨੇ ਔਖੀ ਹੋਕੇ ਜੈਕ ਨੂੰ ਕਿਹਾ।

ਯੂ ..! "ਮੈਨੂੰ ਜਿਹੜੇ ਸਿੰਗਲ ਮਾਂ ਦੇ ਪੈਸੇ ਮਿਲਦੇ ਨੇ, ਤੂੰ ਮੇਰੇ ਉਹ ਵੀ ਖਾਈ ਜਾਨਾ, - ਦਫਾ ਹੋ ਜਾ, ਮੁੜਕੇ ਮੇਰੇ ਫਲੈਟ ਪੈਰ ਨਾ ਪਾਵੀ।" ਜੈਕ ਮੁੜ ਘਰ ਆ ਗਿਆ। ਫੁੱਫੜ ਨੇ ਤਾਂ ਨਾ ਮੂੰਹ ਲਾਇਆ,ਪਰ ਤਾਰੋ ਆਖਣ ਲੱਗੀ 'ਹੁਣ ਇਹਨੂੰ ਠੋਕਰ ਲੱਗ ਗਈ ਆ, ਹੁਣ ਇਹਨੇ ਬੰਦਾ ਬਣ ਜਾਣਾ।'ਦੋਵਾਂ ਪਤੀ ਪਤਨੀ ਨੇ ਸਲਾਹ ਕੀਤੀ, 'ਕਿਉ ਨਾ ਇਹਦਾ ਪੰਜਾਬ ਜਾਕੇ ਵਿਆਹ ਕਰ ਦੇਈਏ, ਇੱਥੇ ਤਾਂ ਕਿਸੇ ਨੇ ਕੁੜੀ ਦੇਣੀ ਨੀ, ਇਹਨੇ ਆਪੇ 'ਤੀਵੀਂ ਮੋਹ 'ਵਿੱਚ ਸੁਧਰ ਜਾਣਾ।' ਤਾਰੋ ਨੇ ਜੈਕ ਨੂੰ ਪਿਆਰ ਨਾਲ ਸਮਝਾਇਆ, "ਵੇਖ ਪੁੱਤ ਤੇਰੇ ਸਾਰੇ ਫਰੈਂਡਾ ਨੇ ਵਿਆਹ ਕਰਾ ਲਏ, ਤੂੰ ਵੀ ਕਰਾ ਲੈ, ਅਸੀ ਵੀ ਪੋਤੇ ਦਾ ਮੂੰਹ ਵੇਖ ਲਈਏ।"

'ਮੈਂ ਨੀ ਵਿਆਹ ਕਰਾਉਣਾ, ਮੈਂ ਹਾਲੇ ਐਸ ਕਰਨੀ ਆ ?' ਐਨਾ ਕਹਿਕੇ ਜੈਕ ਬਾਹਰ ਨਿਕਲ ਗਿਆ। ਫਰੈਂਡਾ ਨਾਲ ਸਲਾਹ ਕੀਤੀ। 'ਮੇਰੇ ਮਾਂ ਪਿਉ ਮੇਰਾ ਵਿਆਹ ਕਰਨ ਨੂੰ ਕਾਹਲ਼ੇ ਨੇ ?' ਫਰੈਂਡਾ ਆਖਣ ਲੱਗੇ, 'ਤੂੰ ਤਾਂ ਮੈਡ ਆ, ਤੈਂ ਕਿਹੜਾ ਉਹਦੇ ਨਾਲ ਰਹਿਣਾ, ਨਾਲੇ ਪੰਜਾਬ ਹੌਲ਼ੀਡੇ ਕਰ ਆ, ਨਾਲੇ ਨਵੇਂ ਪਟੋਲੇ ਨਾਲ ਐਸ ਕਰੀ।'

ਜੈਕ ਦੀ ਹਾਂ ਸੁਣਕੇ, ਤਾਰੋ ਨੇ ਬਗੈਰ ਢੋਲਕੀ 'ਤੋ ਗਿੱਧਾ ਪਾਉਣਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਬਾਅਦ ਸਾਰਾ ਟੱਬਰ ਪੰਜਾਬ ਦਾ ਪਹੁੰਚਾਂ। ਇੱਥੇ ਤਾਂ 'ਕਾਣੀ ਕੋਡੀ 'ਮੁੱਲ ਨਹੀ ਸੀ। ਪਰ ਉੱਥੇ "ਵਲੈਤੀ ਪੱਠਾ" ਲੱਖਾਂ ਵਿੱਚ ਵਿਕਣਾ ਸੀ। ਆਖ਼ਰ ਕਿਸੇ ਰਿਸ਼ਤੇਦਾਰ ਨੇ ਲੜਕੀ ਦੀ ਦੱਸ ਪਾਈ ਲੜਕੀ ਪਸੰਦ ਆ ਗਈ। ਵਿਚੋਲੇ ਨੇ ਜੈਕ ਦੀਆਂ ਤਾਰੀਫ਼ਾਂ ਦੇ ਪੁਲ਼ ਬੰਨ ਦਿੱਤੇ। "ਇਹੋ ਜਿਹੇ ਹੀਰੇ ਰੋਜ਼ ਰੋਜ਼ ਨੀ ਜੰਮਦੇ, ਵਰਿਆ ਬਾਅਦ ਮਾਵਾ ਇਹੋ ਜਿਹੇ ਲਾਲ ਜੰਮਦੀਆਂ, ਤੁਹਾਡੀ ਲੜਕੀ ਸਵਰਗਾਂ ਵਿੱਚ ਵਸੇਗੀ।"

ਰਾਜੀ ਤਕੜੇ ਘਰ ਦੀ ਕੁੜੀ ਸੀ। ਬਾਪ ਦੀ ਸਰਕਾਰੇ ਦਰਬਾਰੇ ਚੱਲਦੀ ਸੀ। ਵਿਆਹ 'ਤੇ ਰੱਜਵਾ ਖ਼ਰਚ ਕੀਤਾ ਗਿਆ। ਰਾਜ਼ੀ ਤਿੰਨ ਕੁ ਮਹੀਨੇ ਬਾਅਦ ਇੰਗਲੈਂਡ ਆ ਗਈ। ਤਾਰੋ ਨੇ ਲਾਡ ਲਡਾਏ, ਜੈਕ ਪੰਜ ਸੱਤ ਦਿਨ ਬਾਅਦ ਗੇੜਾ ਮਾਰਦਾ, ਰਾਜ਼ੀ ਪੁੱਛਦੀ ਤਾਂ ਤਾਰੋ ਆਖਦੀ'ਸਾਰਾ ਕੰਮ ਫੈਕਟਰੀ ਦਾ ਜੈਕ ਦੇ ਸਿਰ 'ਤੇ ਆ 'ਮਸੀਂ ਛੁੱਟੀ ਮਿਲਦੀ ਆ। ਤਾਰੋ ਨੇ ਮਹੀਨੇ ਬਾਅਦ ਕਹਿ ਦਿੱਤਾ'ਏਥੇ ਖ਼ਰਚੇ ਬਹੁਤ ਨੇ, ਸਭ ਨੂੰ ਕੰਮ ਕਰਨਾ ਪੈਂਦਾ 'ਆਖ਼ਰ ਰਾਜ਼ੀ ਨੂੰ ਕੰਮ 'ਤੇ ਲੁਆ ਦਿੱਤਾ ਗਿਆ। ਰਾਣੋ ਉੱਥੇ ਸੁਪਰਵਾਈਜ਼ਰ ਲੱਗੀ ਹੋਈ ਸੀ ਬੜੇ ਚੰਗੇ ਸੁਭਾ ਦੀ ਸੀ। ਰਾਣੋ ਨੇ ਟੀ - ਟਾਈਮ ਵੇਲੇ ਪਿੰਡ ਪੁੱਛ ਲਿਆ ਰਾਣੋ ਆਖਣ ਲੱਗੀ 'ਮੇਰੀ ਤਾਂ ਤੁਹਾਡੇ ਪਿੰਡ ਮਾਸੀ ਆ 'ਜਦੋ ਰਾਜ਼ੀ ਨੇ ਦੱਸਿਆ 'ਸਾਡੇ ਲਾਗੇ ਤੁਹਾਡੀ ਮਾਸੀ ਦਾ ਘਰ ਆ।'

"ਤੂੰ ਵੱਡੀ ਕੋਠੀ ਵਾਲਿਆਂ ਦੀ ਕੁੜੀ ਆ ?"

"ਹਾਂ"

"ਤੂੰ ਇੱਥੇ ਕੀਹਦੀ ਨੂੰਹ ਆ ?"

"ਜੀ ਤਾਰੋ ਦੀ"

'ਰਾਣੋ ਨੇ ਮੱਥੇ 'ਤੇ ਹੱਥ ਮਾਰਿਆ 'ਕੰਮ 'ਤੋ ਹਟੀ ਰਾਜ਼ੀ ਨੂੰ ਰਾਣੋ ਆਖਣ ਲੱਗੀ 'ਆਹ ਬੈਠ ਮੇਰੀ ਗੱਡੀ ਵਿੱਚ ਮੈਂ ਤੈਨੂੰ ਘਰ ਮੂਹਰੇ ਲਾਹ ਦੇਵਾਗੀਂ, ਸਵੇਰੇ ਘਰ ਮੂਹਰੇ 'ਤੋ ਚੁੱਕ ਲਵਾਂਗੀ, ਬੱਸ ਵਿੱਚ ਧੱਕੇ ਖਾਣ ਦੀ ਕੋਈ ਲੋੜ੍ਹ ਨੀ।'ਕਾਰ ਵਿੱਚ ਬੈਠੀ ਨੂੰ ਰਾਣੋ ਨੇ ਜੈਕ ਦੀ ਸਾਰੀ ਕਹਾਣੀ ਦੱਸ ਦਿੱਤੀ। "ਭੈਣ ਜੀ ! ਇਹ ਤਾਂ ਕਹਿੰਦੇ ਸੀ ਮੁੰਡਾ ਸਾਡਾ ਹੀਰਾ ਆ "ਸਭ ਬਕਵਾਸ ਕਰਦੇ ਨੇ, ਰਾਜ਼ੀ ਨੂੰ ਲੱਗਾ ਜਿੱਦਾ ਉਹਦੇ ਸਾਰੇ ਸੁਪਨੇ ਕਤਲ ਕਰ ਦਿੱਤੇ ਹੋਣ। ਰਾਜ਼ੀ ਆਖਣ ਲੱਗੀ, "ਭੈਣ ਜੀ ! ਮੈਂ ਸਵੇਰੇ ਜਹਾਜੇ ਚੜ ਜਾਣਾ, ਮੈਨੂੰ ਮੇਰੇ ਬਾਪ ਨੇ ਆਪੇ ਸਾਂਭ ਲੈਣਾ।"

ਨਾ ਅੜੀਏ ਇਹ ਗਲਤੀ ਨਾ ਕਰੀ, ਤੀਵੀਂ ਭਾਵੇਂ ਆਦਮੀ ਕੋਲ ਰਾਤ ਰਹਿ ਕੇ ਆਈ ਹੋਵੇ, ਆਦਮੀ ਨੇ ਭਾਵੇਂ ਹੱਥ ਵੀ ਨਾ ਲਾਇਆ ਹੋਵੇ ਉਹਦੇ 'ਤੇ "ਛੁੱਟੜ ਦਾ ਠੱਪਾ "ਲੱਗ ਜਾਂਦਾ ਉੱਥੇ ਤੈਨੂੰ ਕਿਸੇ ਨੇ ਨਹੀ ਪੁੱਛਣਾ, ਸਾਰੀ ਉਮਰ ਨਰਕ ਭੋਗਣ ਨਾਲੇ ਦੋ ਸਾਲ ਦਾ ਨਰਕ ਭੋਗ ਲੈ, ਦੰਦਾਂ ਥੱਲੇ ਜੀਭ ਦੇ ਲੈ, ਫਿਰ ਪੱਕੀ ਸਟੈਂਪ 'ਤੋ ਬਾਅਦ ਜੋ ਮਰਜ਼ੀ ਕਰੀ, ਤੂੰ ਮੇਰੀ ਛੋਟੀ ਭੈਣ ਆ, ਕਿਸੇ ਕੋਲ ਗੱਲ ਨਾ ਕਰੀ।

"ਇੱਥੇ ਚਿਹਰੇ ਚਿੱਟੇ, 'ਤੇ ਜ਼ਬਾਨਾਂ ਕਾਲੀਆ"

ਰਾਜ਼ੀ ਦੀ ਜ਼ਿੰਦਗੀ ਵਿੱਚ ਨਰਕ ਸ਼ੁਰੂ ਹੋ ਚੁੱਕਾ ਸੀ। ਤਾਰੋ ਤਨਖਾਹ ਵੀ ਫੜਦੀ ਮਿਹਣੇ ਵੀ ਮਾਰਦੀ, ਕੁਤੀਏ ਬਿੱਲੀਆਂ 'ਤੋਂ ਬਗੈਰ ਗੱਲ ਨਾ ਕਰਦੀ। 'ਮੇਰਾ ਪੁੱਤ ਨੇ ਤਾ ਕਦੇ ਬਾਹਰ ਪੈਰ ਨੀ ਪਾਇਆ, ਜਦੋ ਦੀ ਤੂੰ ਆਈ ਆ ਉਦੋਂ ਦਾ ਵਿਗੜ ਗਿਆ।' ਲੋਕਾ ਦੇ ਤਾਂ ਸਾਲ ਬਾਅਦ ਜੁਆਕ ਖੇਡਣ ਲੱਗ ਪੈਂਦਾ, ਇਧਰ ਤਾਂ ਹਾਲੇ ਕੁਝ ਵੀ ਨਹੀ ਦਿਸਦਾ, ਮੇਰੇ ਵੀ ਮਨ ਦੀ ਆਸ ਆ, 'ਮੇਰੇ ਪੁੱਤ ਦੀ ਵੇਲ ਵਧੇ 'ਰਾਜ਼ੀ ਸੋਚਦੀ "ਤੇਰੇ ਪੁੱਤ ਨੇ ਬਾਹਰ ਵਥੇਰੀਆ ਵੇਲਾਂ ਵਧਾਈਆਂ ਹੋਈਆ, ਉਹਨਾਂ ਦਾ ਮੂੰਹ ਘਰ ਵੱਲ ਕਰ ਲੈ।"

ਰਾਜ਼ੀ ਦਾ ਸੀਨਾ ਛਾਨਣੀ ਹੋ ਚੁੱਕਿਆ ਸੀ, ਚੁੱਪ ਹੀ ਵੱਟ ਲਈ, ਜੈਕ ਕਦੇ ਕਦੇ ਘਰ ਆਉਂਦਾ ਰਾਜ਼ੀ ਨੂੰ ਮਧੋਲ ਕੇ ਸੁੱਟ ਜਾਂਦਾ ਰਾਜ਼ੀ ਨੂੰ ਕਚਿਆਣ ਆਉਂਦੀ, ਰਾਜ਼ੀ ਦਾ ਸਹੁਰਾ ਵੀ ਆਨੇ-ਬਹਾਨੇ ਰਾਜ਼ੀ ਮਗਰ ਫਿਰਦਾ।

"ਰਾਜ਼ੀ ਕਦੇ ਕਦੇ ਰਾਣੋ ਕੋਲ ਦਿਲ ਫਰੋਲ ਲੈਂਦੀਂ। ਰਾਣੋ ਸਦਾ ਆਖਦੀ, ਹੁਣ ਤੂੰ ਅੱਧ ਲੰਘ ਚੁੱਕੀ ਆ, ਔਖੀ ਸੌਖੀ ਹੋਕੇ ਇਹ ਵੀ ਕੱਢ ਲੈ, ਤੀਵੀਂ ਕਿੰਨੀ ਸਤੀ - ਸਵਿਤੱਰੀ ਹੋਵੇ, ਇਲਜ਼ਾਮ ਤੀਵੀਂ 'ਤੇ ਲੱਗਦਾ, ਜਿੰਨੇ ਮਰਦ ਵੈਰੀ ਨੇ,ਉਨੀਆ ਔਰਤਾਂ ਦੀਆਂ ਔਰਤਾਂ ਵੈਰੀ ਨੇ ਸਾਡਾ ਸਮਾਜ ਅਜੇ ਵੀ ਸੌ ਸਾਲ ਪਿੱਛੇ ਖੜਾ, ਜਿਹਨੂੰ ਦਿਲ ਕੀਤਾ ਸੰਗਲ ਫੜਾ ਦਿੱਤਾ।"

ਇਹ ਤੇਰੇ ਰਾਜ਼ੀ ਕਰਮਾਂ ਦੀ ਖੇਡ ਆ, ਜੇ ਤੂੰ ਉੱਥੇ ਹੁੰਦੀ, ਨੌਕਰ ਚਾਕਰ ਤੇਰੇ ਅੱਗੇ ਪਿੱਛੇ, ਸੋਹਣੇ ਜਿਹੇ ਗੱਭਰੂ ਨਾਲ ਤੈਂ ਗਿੱਠ ਉੱਚੀ ਹੋਕੇ ਤੁਰਿਆ ਕਰਨਾ ਸੀ, ਤੇਰਾ ਬਾਪ ਇੰਗਲੈਂਡ ਦੇ ਲਾਲਚ ਵਿੱਚ ਆ ਗਿਆ।

ਰਾਜ਼ੀ ਜਦੋ ਕਦੇ ਕੱਲੀ ਬੈਠੀ ਹੁੰਦੀ, ਬਚਪਨ ਵਿੱਚ ਚੱਲੀ ਜਾਂਦੀ, ਡੈਡੀ ਦਾ ਮਿੱਤਰ ਗੁਲਜ਼ਾਰ ਹੁੰਦਾ ਸੀ। ਉਹਦਾ ਮੁੰਡਾ ਜੱਸੀ ਕਿੰਨਾ ਸੋਹਣਾ ਸੀ ਕਿੰਨੀ ਸੋਹਣੀ ਸਾਰੇ ਕਾਲਜ ਵਿੱਚ ਪੱਗ ਬੰਨਕੇ ਜਾਂਦਾ ਕਦੇ ਕਦੇ ਮੈਂ ਡੈਡੀ ਨਾਲ ਇਹਦੇ ਪਿੰਡ ਚਲੀ ਜਾਂਦੀ। ਕਿੱਦਾ ਇਹਦੀ ਮਾਂ ਮੇਰਾ ਮੂੰਹ ਚੁੰਮਦੀ, ਘਰ ਤਾਂ ਭਾਵੇਂ ਛੋਟਾ ਸੀ, ਪਰ ਸਾਰੇ ਪ੍ਰੀਵਾਰ ਦਾ ਦਿਲ ਬਹੁਤ ਵੱਡਾ ਸੀ ਸਾਰੇ ਰੂਹ ਵਾਲੇ ਇਨਸਾਨ ਸਨ। ਕਦੇ ਕਦੇ ਮੈਨੂੰ ਘਰ ਵੀ ਛੱਡਣ ਆ ਜਾਂਦਾ ਭਾਬੀ ਮੇਰੀ ਇਹਨੂੰ ਸਦਾ ਆਖਦੀ "ਜੱਸੀ ਜਦੋਂ ਤੂੰ ਪੜ੍ਹ ਲਿਖਕੇ ਨੌਕਰੀ ਲੱਗ ਗਿਆ, ਤੇਰਾ ਰਿਸ਼ਤਾ ਮੈਂ ਆਪਣੇ ਪਿੰਡ ਕਰਾਉਣਾ ?"

ਆਪਣੇ ਵਾਅਦੇ ਦਾ ਪੱਕਾ ਨਿਕਲਿਆ ਨੌਕਰੀ ਲੱਗਣ 'ਤੇ ਰਿਸ਼ਤਾ ਭਾਬੀ ਨੇ ਕਰਾਇਆ ਕੁੜੀ ਟੀਚਰ ਲੱਗੀ ਹੋਈ ਸੀ।

ਬਾਕੀ ਹਿਸਾ ਸਫ਼ਾ 47 ਤੇ ਪੜ੍ਹੋ

46 ਸਫ਼ੇ ਦੀ ਬਾਕੀ

ਰਾਜ਼ੀ ਨੂੰ ਕਰਦੇ ਕਰਾਉਂਦੇ ਦੋ ਸਾਲ ਹੋ ਗਏ। ਤਾਰੋ ਨੂੰ ਪੱਕੀ ਸਟੈਂਪ ਵਾਰੇ ਪੁੱਛਿਆ। ਤਾਰੋ ਚਾਰੇ ਖੁਰ ਚੁੱਕਕੇ ਪੈ ਗਈ। 'ਨੀਂ ਅਸੀ ਭੱਜੇ ਜਾਂਦੇ ਆ, ਕਿਹੜਾ ਯਾਰ ਤੇਰਾ ਤੈਨੂੰ ਮੱਤਾ ਦਿੰਦਾ।' ਰਾਜ਼ੀ ਨੇ ਮਿੰਨਤ ਤਰਲਾ ਕਰਕੇ ਸਾਰੇ ਪੇਪਰ ਭੇਜ ਦਿੱਤੇ, ਪਾਸਪੋਰਟ 'ਤੇ ਪੱਕੀ ਸਟੈਂਪ ਲੱਗਕੇ ਘਰ ਆ ਗਿਆ। ਰਾਜ਼ੀ ਨੇ ਆਪਣੇ ਨਾਲ ਸਾਰੀ ਹੋਈ ਬੀਤੀ ਭਾਬੀ ਨੂੰ ਦੱਸ ਦਿੱਤੀ। ਭਾਬੀ ਦੇ ਅੱਖਾਂ ਵਿੱਚ ਅੰਗਾਰ ਮੱਚਣ ਲੱਗ ਪਏ। "ਨੀ ਕੁੜੀਏ ਤੈਂ ਸਾਨੂੰ ਪਹਿਲਾਂ ਕਿਉਂ ਨੀ ਦੱਸਿਆ ?" ਤੇਰੇ ਭਰਾ ਨੇ ਇਹਨਾਂ ਦੇ ਡੱਕਰੇ ਕਰ ਦੇਣੇ ਨੇ।'ਨਹੀ ਭਾਬੀ ਖੂਨ ਖਰਾਬਾ ਨੀ ਕਰਨਾ 'ਸਿਰਫ ਇਹਨੂੰ "ਦਾਖੂ ਦਾਣਾ" ਦੇਣਾ। ਤੂੰ ਫਿਕਰ ਨਾ ਕਰ ਤੇਰਾ ਭਰਾ ਸਭ ਪ੍ਰਬੰਧ ਕਰ ਦੇਵੇਗਾ।

ਰਾਜ਼ੀ ਨੇ ਮਿੰਨਤ ਤਰਲਾ ਕਰਕੇ ਆਪਣੇ ਸੱਸ ਸਹੁਰਾ ਨੂੰ ਪੰਜਾਬ ਲੈ ਗਈ। ਏਅਰਪੋਰਟ 'ਤੇ ਉਤਰਕੇ ਰਾਜ਼ੀ ਆਪਣੇ ਭਰਾ ਦੀ ਗੱਡੀ ਵਿੱਚ ਬੈਠ ਗਈ। ਸੱਸ ਸਹੁਰਾ ਠਾਣੇਦਾਰ ਦੀ ਜੀਪ ਵਿੱਚ ਬੈਠਾਕੇ ਥਾਣੇ ਲਿਜਾ ਸੁੱਟੇ। ਦੋ ਤਿੰਨ ਬਾਅਦ ਰਾਜ਼ੀ ਆਖਣ ਲੱਗੀ,'ਚੱਲ ਭਾਬੀ ਸੱਸ ਸਹੁਰੇ ਨੂੰ ਮਿਲ ਆਈਏ, ਨੂੰਹਾਂ ਦੇ ਵੀ ਕੁਝ ਫ਼ਰਜ਼ ਹੁੰਦੇ ਨੇ।' ਦੋਵੇਂ ਇੱਕ ਦੂਜੇ ਦੇ ਅੱਖਾਂ ਵਿੱਚ ਅੱਖਾਂ ਪਾਕੇ ਹੱਸੀਆਂ।

'ਕਿਉ ਬੁੜੀਆ ਤੂੰ ਤਾਂ ਕਹਿੰਦੀ ਸੀ ਤੇਰਾ ਪਿਉ ਸਾਡਾ ਕੀ ਵਿਗਾੜ ਲਵੇਗਾ ?' ਕੀ ਪੁੱਟ ਲਵੇਗਾ ਸਾਡਾ, ਪੁੱਟਕੇ ਦਿਖਾਲ ਦਿੱਤਾ ਕਿ ਨਹੀਂ ? ਲੱਤਾ ਚੌੜੀਆਂ ਕਰਕੇ ਤੇਰੇ ਵਰਗੀਆਂ "ਲੱਲੂ ਰਾਮ" ਜੰਮ ਤਾ ਲੈਦੀਂਆਂ ਜਦੋਂ ਵਿਗੜ ਜਾਂਦੇ ਨੇ, ਫੇਰ ਸਾਡੇ ਵਰਗਿਆਂ ਦੇ ਜੁੰਮੇ ਲਾ ਦਿੰਦੀਆ' "ਸੁਧਾਰੋ ਇਹਨੂੰ" ਤਾਰੋ 'ਤੇ ਫੁੱਫੜ ਨੇ ਹੱਥ ਜੋੜ ਲਏ 'ਧੀਏ ਸਾਨੂੰ ਕਿਸ ਤਰਾਂ ਇੱਥੋ ਕਢਾ ਲੈ, ਮੈਂ ਤੇਰੇ ਪੈਰੀਂ ਚੁੰਨੀ ਰੱਖਦੀ ਆ।"

"ਕਿਉਂ ਬੁੜੀਏ ਤਿੰਨ ਦਿਨਾਂ ਵਿੱਚ ਔਖੀ ਹੋ ਗਈ "ਮੈਂ ਵੀ ਹੱਡ ਮਾਸ ਦਾ ਪੁਤਲਾ ਸੀ ਤੈਂ ਮੈਨੂੰ ਦੋ ਸਾਲ ਸੂਲ਼ੀ 'ਤੇ ਟੰਗ ਰੱਖਿਆ। ਆਇਆ ਯਾਦ, ਕਿ ਨਹੀਂ ਜਾਂ ਠਾਣੇਦਾਰ ਨੂੰ ਕਹਿ ਕੇ ਯਾਦ ਕਰਾਵਾਂ। ਫੁੱਫੜ ਨੇ ਵਥੇਰੇ ਤਰਲੇ ਕੀਤੇ, ਪਰ ਠਾਣੇਦਾਰ ਕੋਈ ਗੱਲ ਨਾ ਸੁਣਦਾ, ਉੱਪਰੋਂ ਸਿਫ਼ਾਰਸ਼ ਐਨੀ ਤਕੜੀ ਸੀ।

ਇੱਕ ਦਿਨ ਫੁੱਫੜ ਨੇ ਠਾਣੇਦਾਰ ਨੂੰ ਕਹਿਆ '' ਸਰ ਮੇਰੀ ਸ਼ੂਗਰ ਬਹੁਤ ਵੱਧ ਗਈ ਆ ਮੈਨੂੰ ਹਸਪਤਾਲ ਲੈ ਚੱਲੋ ?" ਫਿਕਰ ਨਾ ਕਰ ਤੇਰੀ ਇੱਥੇ ਸ਼ੂਗਰ ਥੱਲੇ ਕਰ ਦਿੰਨੇ ਆ, ਲਿਆ ਉਹ ਮੁੰਡਿਆਂ ਪਟਾ, ਕਰੀਏ ਇਹਦਾ ਇਲਾਜ ਸ਼ੁਰੂ , ਫੁੱਫੜ ਡਰ ਗਿਆ।

ਫੁੱਫੜ ਨੇ ਤਰਲੇ ਮਿੰਨਤਾਂ ਕਰਕੇ ਰਾਜ਼ੀ ਦੇ ਬਾਪਨੂੰ ਕਹਿ ਕੇ ਕਿਸੇ ਤਰਾਂ "ਬੰਦ ਖ਼ਲਾਸੀ "ਕਰਾ ਲਈ। ਤੁਰਨ ਲੱਗੇ ਫੁੱਫੜ ਨੂੰ ਠਾਣੇਦਾਰ ਨੇ ਕਹਿਆ। 'ਇੱਥੇ ਨਾਨਕੀ ਆਇਆ ਸੀ, ਮਹੀਨਾ ਭਰ ਮੁਫ਼ਤ ਦੀਆਂ ਰੋਟੀਆਂ ਪਾੜਦਾ ਰਹਿਆ, ਚੁੱਪ ਕਰਕੇ ਦੱਸ ਹਜ਼ਾਰ ਰੁਪਈਆ ਮੇਰੇ ਟੇਬਲ 'ਤੇ ਰੱਖ ਜਾਵੀਂ।' ਇਹ 'ਹੱਡ ਬੀਤੀ 'ਹੋਰਨਾ ਨੂੰ ਵੀ ਦੱਸੀ। ਤੁਰਨ ਲੱਗੇ ਫੁੱਫੜ ਨੂੰ, ਰਾਜ਼ੀ ਦੇ ਬਾਪ ਨੇ ਇੱਕ ਚਿੱਠੀ ਫੜਾ ਦਿੱਤੀ, ਸੱਤ ਦਿਨ ਤੇਰੇ ਕੋਲ, ਬਹੁਤਾ ਚਲਾਕ ਨਾ ਬਣੀ, ਇਹਦੀ ਇੱਕ ਕਾਪੀ ਠਾਣੇਦਾਰ ਕੋਲ ਵੀ ਹੈਗੀ, ਤੈਨੂੰ ਪਤਾ, 'ਅੱਜਕੱਲ ਲੋਕੀਂ ਠਾਣੇ ਵਿੱਚ ਫਾਹੇ ਵੀ ਲੈ ਲੈਂਦੇ ਨੇ।'

ਚਿੱਠੀ ਪੜ੍ਹਕੇਫੁੱਫੜ ਦੇ ਹੋਸ਼ ਉੱਡ ਗਏ, ਲਿਖਿਆ ਸੀ, "ਤੂੰ ਵੱਡਾ ਚੌਧਰੀ ਬਣਕੇ ਦੋ ਪਿੰਡਾਂ ਦੀ ਜਨੇਤ ਆਪਣੇ "ਲੱਲੂ ਰਾਮ "ਦੇ ਵਿਆਹ 'ਤੇ ਲਿਆਇਆ ਸੀ, ਦੋ ਸਾਲਾਂ ਦੀ ਤੈਂ ਮੇਰੀ ਧੀ ਦੀ ਤਨਖਾਹ ਦੱਬ ਲਈ, ਇਹ ਪੰਜਾਹ ਲੱਖ ਬਣਦਾ, ਚੁੱਪ ਕਰਕੇ ਪਿੰਡ ਦੀ ਪੰਚਾਇਤ ਵਿੱਚ ਆ ਕੇ ਦੇ ਜਾਵੀਂ।"

ਫੁੱਫੜ ਨੇ ਦੌੜ ਭੱਜ ਕਰਕੇ ਪੈਸੇ ਇਕੱਠੇ ਕੀਤੇ। 'ਮਾਫੀ ਤੇਰੇ ਪਿਉ ਨੇ ਮੰਗਣੀ ਆ, ਰਾਜ਼ੀ ਦੇ ਪਿਉ ਨੇ ਕੜਕ ਕੇ ਕਿਹਾ 'ਤਾਰੋ ਤੇ ਫੁੱਫੜ ਨੇ ਰਾਜ਼ੀ ਦੇ ਪੈਰ ਫੜ ਲਏ। "ਧੀਏ ਸਾਨੂੰ ਮਾਫ ਕਰੀ "ਗੱਲ ਸੁਣ ਉਏ, ਜੇ ਮੁੜਕੇ ਇਧਰ ਦੀ ਲੰਘਾਂ ਤੇਰੀਆਂ ਸੱਤ ਪੁਸ਼ਤਾਂ ਯਾਦ ਰੱਖਣਗੀਆਂ ਇੱਥੇ ਤਿੱਤਰ ਹੋ ਜਾ। ਫੁੱਫੜ ਨੇ ਦੂਜੇ ਦਿਨ ਜਹਾਜ਼ ਫੜ ਲਿਆ।

ਰਾਜ਼ੀ ਸਵੇਰੇ ਸਵੇਰੇ ਉੱਠੀ, ਭਾਬੀ ਦੇ ਰੋਣ ਦੀ ਆਵਾਜ਼ ਸੁਣੀ ਭਾਬੀ ਨੇ ਦੱਸਿਆ, ਜੱਸੀ ਦੇ ਘਰਵਾਲੀ ਦਾ ਐਕਸੀਡੈਂਟ ਹੋ ਗਿਆ, ਥਾਂਏ ਮਰ ਗਈ। ਰਾਜ਼ੀ ਜੱਸੀ ਦੀ ਮਾਂ ਕੋਲ ਤਿੰਨ ਦਿਨ ਰਹਿ ਕੇ ਆਈ, ਕੁਝ ਕੁ ਮਹੀਨੇ ਬਾਅਦ ਰਾਜ਼ੀ ਮੁੜਕੇ ਇੰਗਲੈਂਡ ਮੁੜ ਆਈ। ਡੀਵੋਰਸ ਲੈ ਲਿਆ, ਸੇਲ ਤੇ ਲੱਗਾ ਘਰ ਵੇਖ ਰਹੀ ਸੀ। ਫੁੱਫੜ ਦੇ ਸਾਹਮਣੇ ਲੱਗਾ ਕਰ ਸੋਲਡ ਕਰਾ ਕੇ ਬਾਪ 'ਤੇ ਥੋੜੇ ਪੈਸੇ ਮੰਗਵਾਕੇ ਘਰਵਾਲੀ ਬਣ ਗਈ।

ਤਾਰੋ ਸਵੇਰੇ ਸਵੇਰੇ ਉੱਠੀ, ਕੋਈ ਜ਼ੋਰ ਜ਼ੋਰ ਦੀ ਦਰਵਾਜ਼ਾ ਭੰਨ ਰਿਹਾ ਸੀ। ਇਹ ਤਾਰੋ ਦੀ ਧੀ ਸੀ ਕਈ ਸਾਲ ਬਾਅਦ 'ਨਸ਼ਿਆਂ ਦੀ ਭੰਨੀ 'ਧੁੱਸ ਦੇਕੇ ਅੰਦਰ ਆ ਵੜੀ। ਪਹਿਲਾਂ ਤਾਂ ਤਾਰੋ ਨੇ ਕੁੱਤਿਆਂ ਬਿੱਲਿਆਂ ਕੀਤੀ, ਫੇਰ ਅੰਦਰੋ ਮੋਹ ਮਮਤਾ ਜਾਗ ਪਈ। ਇਲਾਜ ਕਰਾਇਆ ਕੁੜੀ ਠੀਕ ਹੋ ਗਈ।

ਉਧਰ ਰਾਜ਼ੀ ਦੀ ਭਰਜਾਈ ਰਾਜ਼ੀ ਨੂੰ ਵਿਆਹ ਦਾ ਜ਼ੋਰ ਪਾਉਂਦੀ, ਪਹਿਲਾਂ ਤਾਂ ਰਾਜ਼ੀ ਨਾ ਕਰਦੀ ਰਹੀ, ਫੇਰ ਰਾਜ਼ੀ ਨੇ ਇੱਕ ਦਿਨ ਦੱਸ ਦਿੱਤਾ। "ਭਾਬੀ ਮੁੰਡਾ ਤਾਂ ਤੇਰੀ ਕੱਛ ਵਿੱਚ ਆ ?"

"ਨੀ ਰਾਜ਼ੀ ਕਿਹੜਾ"

"ਉਹੀ" ਜਿਹੜਾ ਕਹਿੰਦਾ ਸੀ, ਵਿਚੋਲੀ ਤੈਨੂੰ ਬਣਾਉਣਾ। "ਨੀ ਜੱਸੀ" ਜੱਸੀ ਦਾ ਨਾਂ ਸੁਣਕੇ ਰਾਜ਼ੀ ਨੇ ਟੈਲੀਫੂਨ ਬੰਦ ਕਰ ਦਿੱਤਾ। ਰਾਜ਼ੀ ਨੂੰ "ਰੂਹ ਦਾ ਹਾਣੀ" 'ਤੇ "ਸਰੀਰ ਦਾ ਹਾਣੀ" ਮਿਲ ਗਿਆ। ਰਾਜ਼ੀ ਨੇ ਕਿਤਾਬਾਂ ਵਿੱਚ ਨਰਕ ਸਵਰਗ ਵਾਰੇ ਪੜ੍ਹਿਆ ਸੀ। ਉਹ ਆਪਣੀਜ਼ਿੰਦਗੀ ਵਿੱਚ ਦੋਵੇਂ ਦੇਖ ਵੀ ਲਏ ਸੀ। ਰਾਜ਼ੀ ਕਦੇ ਕਦੇ ਸੋਚਦੀ, 'ਮੇਰੇ ਵਰਗੀਆਂ ਪਤਾ ਨੀ ਕਿੰਨੀਆ ਕੁ ਪਿੰਜਰੇ ਵਿੱਚ ਪਾਕੇ ਚਾਬੀ ਸਮੁੰਦਰ ਵਿੱਚ ਸੁੱਟ ਦਿੱਤੀ ਜਾਂਦੀ ਆ। ਸਾਰੀ ਉਮਰ ਮੇਰੇ ਵਰਗੀਆਂ ਪਤਾ ਨੀ ਕਿੰਨੀਆ ਤੜਫ ਤੜਫ ਮਰ ਜਾਂਦੀਆਂ ਪਰ ਪਿੰਜਰਾ ਨੀ ਟੁੱਟਦਾ। ਰਾਜ਼ੀ ਦਾ ਕਦੇ ਕਦੇ ਲੰਘਦੀ ਦਾ ਫੁੱਫੜ ਨਾਲ ਟਾਕਰਾ ਹੋ ਜਾਂਦਾ। 'ਕਿਉ ਬੁੜਿਆ ਤੇਰੀ ਧੀ ਘਰ ਬੈਠੀ ਆ, ਹੁਣ ਕਿੱਦਾ ਤੇਰੇ ਦਿਲ 'ਤੇ ਬੀਤਦੀ ਆ। ਮੈਂ ਵੀ ਕਿਸੇ ਦੀ ਧੀ ਸੀ। ਪਤਾ ਉਦੋਂ ਲੱਗਦਾ ਜਦੋ ਆਪਣੇ ਘਰ ਲੱਗਦੀ ਆ, ਦੂਜੇ ਦੇ ਘਰ ਤਾਂ ਬਸੰਤਰ ਲੱਗਦੀ ਆ। ਫੁੱਫੜ ਹੁਣੀਂ ਰਾਤੋ ਰਾਤ ਪਤਾ ਨੀ ਲੱਗਾ, ਕਦੋਂ ਬਗੈਰ ਫੱਟਾ ਲਾਇਆ 'ਤੇ ਘਰ ਵੇਚ ਕੇ ਕਿਧਰ ਚਲੇ ਗਏ।

******

# ਹੁਣ ਪਹਿਲਾਂ ਵਰਗਾ ਨਹੀਂ ਰਿਹਾ ਕੈਨੇਡਾ

**ਪ੍ਰਿੰਸੀਪਲ ਵਿਜੈ ਕੁਮਾਰ**



ਹੁਣ ਪਹਿਲਾਂ ਵਾਲਾ ਕੈਨੇਡਾ ਨਹੀਂ ਰਿਹਾ, ਜਿਹੜਾ ਦਸ -ਪੰਦਰਾਂ ਸਾਲ ਪਹਿਲਾਂ ਹੁੰਦਾ ਸੀ। ਹੁਣ ਇਸ ਮੁਲਕ ਦੇ ਦਿਨ-ਬ-ਦਿਨ ਖ਼ਰਾਬ ਹੁੰਦੇ ਜਾ ਰਹੇ ਹਨ। 15 ਸਾਲ ਪਹਿਲਾਂ ਇਸ ਮੁਲਕ ਵਿਚ ਬੇਰੁਜ਼ਗਾਰੀ ਬਿਲਕੁਲ ਨਹੀਂ ਸੀ। ਲੋਕ ਕਾਨੂੰਨਾਂ ਦੀ ਪਾਲਣਾ ਕਰਦੇ ਸਨ ਅਤੇ ਉਨ੍ਹਾਂ ਤੋਂ ਡਰਦੇ ਸਨ। ਇਸ ਮੁਲਕ ਵਿਚ ਜੁਰਮ ਨਾਂ ਦੇ ਬਰਾਬਰ ਸਨ।

ਨੌਜਵਾਨ ਮੁੰਡੇ-ਕੁੜੀਆਂ ਕਾਰਾਂ ਵਿਚ ਉੱਚੀ ਆਵਾਜ਼ ਵਿਚ ਗੀਤ ਲਗਾ ਕੇ ਤੇਜ਼ ਸਪੀਡ ਨਾਲ ਕਾਰਾਂ ਨਹੀਂ ਚਲਾਉਂਦੇ ਸਨ। ਉਨ੍ਹਾਂ ਦੀਆਂ ਨਾ ਤਾਂ ਲੜਾਈਆਂ ਹੁੰਦੀਆਂ ਸਨ ਤੇ ਨਾ ਹੀ ਉਹ ਸ਼ਰਾਬਾਂ ਪੀ ਕੇ ਪਲਾਜ਼ਿਆਂ ਅੱਗੇ ਅਤੇ ਜਨਤਕ ਥਾਵਾਂ 'ਤੇ ਭੰਗੜੇ ਪਾਉਂਦੇ ਸਨ। ਨਾ ਹੀ ਕਾਨੂੰਨ ਤੋੜ ਕੇ ਕੋਈ ਜੁਰਮ ਕਰਦੇ ਸਨ। ਲੋਕ ਸਾਫ਼-ਸਫ਼ਾਈ ਦਾ ਪੂਰਾ ਧਿਆਨ ਰੱਖਦੇ ਸਨ ਅਤੇ ਗੰਦਗੀ ਨਹੀਂ ਫੈਲਾਉਂਦੇ ਸਨ।

ਦੂਜੇ ਦੇਸ਼ਾਂ ਤੋਂ ਆ ਕੇ ਇਸ ਮੁਲਕ ਵਿਚ ਵਸੇ ਪਰਵਾਸੀ ਲੋਕ ਸ਼ਾਂਤਮਈ ਢੰਗ ਨਾਲ ਜ਼ਿੰਦਗੀ ਜਿਊਣ ਨੂੰ ਇਸ ਲਈ ਤਰਜੀਹ ਦਿੰਦੇ ਸਨ ਕਿਉਂਕਿ ਉਨ੍ਹਾਂ ਨੂੰ ਇਹ ਗੱਲ ਯਾਦ ਰਹਿੰਦੀ ਸੀ ਕਿ ਉਹ ਆਪਣਾ ਮੁਲਕ, ਪਰਿਵਾਰ ਅਤੇ ਘਰ-ਬਾਰ ਛੱਡ ਕੇ ਇਸ ਮੁਲਕ 'ਚ ਰੋਜ਼ੀ-ਰੋਟੀ ਕਮਾਉਣ ਲਈ ਆਏ ਹੋਏ ਹਨ। ਉਨ੍ਹਾਂ ਦੇ ਮਨਾਂ ਵਿਚ ਡਰ ਹੁੰਦਾ ਸੀ ਕਿ ਜੇਕਰ ਉਨ੍ਹਾਂ ਨੇ ਇਸ ਮੁਲਕ ਦਾ ਕਾਨੂੰਨ ਤੋੜਿਆ ਤਾਂ ਸਰਕਾਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਰ ਸਕਦੀ ਹੈ। ਉਨ੍ਹਾਂ ਨੂੰ ਇਸ ਮੁਲਕ ਵਿੱਚੋਂ ਕੱਢਿਆ ਜਾ ਸਕਦਾ ਹੈ। ਇਹੋ ਕਾਰਨ ਸੀ ਕਿ ਇਸ ਮੁਲਕ ਵਿਚ ਲੋਕ ਬਿਨਾਂ ਕਿਸੇ ਡਰ ਤੋਂ ਬਹੁਤ ਹੀ ਆਰਾਮ, ਖ਼ੁਸ਼ਹਾਲੀ ਅਤੇ ਅਮਨ ਨਾਲ ਭਰਪੂਰ ਜ਼ਿੰਦਗੀ ਬਸਰ ਕਰਦੇ ਸਨ। ਸੱਚਮੁੱਚ ਹੀ ਹੁਣ ਇਹ ਪਹਿਲਾਂ ਵਾਲਾ ਕੈਨੇਡਾ ਨਹੀਂ ਰਿਹਾ। ਇਸ ਮੁਲਕ 'ਚ ਦਿਨ-ਬ-ਦਿਨ ਜੁਰਮਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ।

ਲੋਕਾਂ ਨੂੰ ਪੁਲਿਸ ਦਾ ਕੋਈ ਡਰ-ਭੈਅ ਨਹੀਂ ਰਿਹਾ। ਵੱਡੇ ਕਾਰੋਬਾਰੀਆਂ, ਧਨਾਢ ਲੋਕਾਂ, ਕਾਰਖਾਨੇਦਾਰਾਂ ਅਤੇ ਹੋਰ ਲੋਕਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਕੇ ਉਨ੍ਹਾਂ ਤੋਂ ਫ਼ਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਕਾਰਾਂ ਦੀ ਚੋਰੀ ਸ਼ਰੇਆਮ ਹੋਣਾ ਆਮ ਜਿਹੀ ਗੱਲ ਹੋ ਚੁੱਕੀ ਹੈ। ਘਰਾਂ ਵਿਚ ਵੜ ਕੇ ਲੋਕਾਂ ਨੂੰ ਗੋਲ਼ੀਆਂ ਮਾਰਨ ਅਤੇ ਚੋਰੀਆਂ ਕਰਨ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ।

ਪਲਾਜ਼ਿਆਂ ਅਤੇ ਹੋਰ ਵਪਾਰਕ ਥਾਵਾਂ 'ਤੇ ਲੁੱਟਾਂ-ਖੋਹਾਂ ਅਤੇ ਚੋਰੀਆਂ ਹੋਣਾ ਆਮ ਜਿਹੀ ਗੱਲ ਹੁੰਦੀ ਜਾ ਰਹੀ ਹੈ। ਬੀਮੇ ਦੀ ਯੋਜਨਾ ਅਧੀਨ ਹੇਰਾਫੇਰੀ, ਟੈਕਸ ਦੀ ਚੋਰੀ ਅਤੇ ਹੋਰ ਧੋਖਾਧੜੀਆਂ ਜ਼ਿਆਦਾਤਰ ਲੋਕਾਂ ਦਾ ਧੰਦਾ ਬਣਦਾ ਜਾ ਰਿਹਾ ਹੈ। ਲੋਕਾਂ ਦਾ ਸਾਫ਼--ਸਫ਼ਾਈ ਰੱਖਣ ਵੱਲ ਧਿਆਨ ਘਟਦਾ ਜਾ ਰਿਹਾ ਹੈ। ਨਸ਼ਿਆਂ ਦੀ ਵਰਤੋਂ ਅਤੇ ਸਮੱਗਲਿੰਗ ਦਾ ਧੰਦਾ ਵਧਦਾ ਜਾ ਰਿਹਾ ਹੈ। ਉਚੇਰੀ ਸਿੱਖਿਆਪ੍ਰਾਪਤ ਕਰਨ ਆਏ ਮੁੰਡੇ-ਕੁੜੀਆਂ ਦਾ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਆਰਥਿਕ ਸ਼ੋਸ਼ਣ ਅਤੇ ਉਨ੍ਹਾਂ ਨਾਲ ਹੋਰ ਅਨਿਆਂ ਕਰਨ ਦੀਆਂ ਖ਼ਬਰਾਂ ਮੀਡੀਆ 'ਚ ਨਸ਼ਰ ਹੁੰਦੀਆਂ ਰਹਿੰਦੀਆਂ ਹਨ ਅਤੇ ਬੱਚਿਆਂ ਵੱਲੋਂ ਹਰ ਰੋਜ਼ ਉਨ੍ਹਾਂ ਵਿਰੁੱਧ ਮੁਜ਼ਾਹਰੇ ਕੀਤੇ ਜਾਂਦੇ ਹਨ। ਇਸ ਮੁਲਕ ਦੇ ਬੈਂਕਾਂ ਤੇ ਕੰਪਨੀਆਂ ਤੇ ਅਦਾਰਿਆਂ ਤੋਂ ਕਰਜ਼ਾ ਲੈ ਕੇ ਬਹੁਤ ਸਾਰੇ ਪਰਵਾਸੀ ਲੋਕਾਂ ਦਾ ਆਪਣੇ ਮੁਲਕ ਨੂੰ ਭੱਜ ਜਾਣ ਬਾਰੇ ਕਾਫ਼ੀ ਕੁਝ ਦੇਖਣ-ਸੁਣਨ ਨੂੰ ਮਿਲਦਾ ਰਹਿੰਦਾ ਹੈ।

ਕਈ ਹੋਟਲਾਂ ਦੇ ਮਾਲਕ, ਕਾਰਖਾਨੇਦਾਰ ਅਤੇ ਕਾਰੋਬਾਰੀ ਉਨ੍ਹਾਂ ਕੋਲ ਨੌਕਰੀ ਕਰ ਰਹੇ ਮੁੰਡੇ-ਕੁੜੀਆਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਹਨ। ਇਸ ਮੁਲਕ ਵਿਚ ਦਿਨ-ਬ-ਦਿਨ ਰੁਜ਼ਗਾਰ ਦੇ ਮੌਕੇ ਘਟਦੇ ਜਾ ਰਹੇ ਹਨ।

ਵਿਗੜਦੇ ਜਾ ਰਹੇ ਹਾਲਾਤ, ਅਮਨ-ਸ਼ਾਂਤੀ ਨੂੰ ਖ਼ਤਰਾ ਪੈਦਾ ਹੋਣ, ਬੇਰੁਜ਼ਗਾਰੀ ਵਧਣ, ਆਰਥਿਕ ਮੰਦਹਾਲੀ ਦੇ ਹਾਲਾਤ ਪੈਦਾ ਹੋਣ ਕਾਰਨ ਤੇ ਇੱਥੋਂ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਕੈਨੇਡਾ ਦੀ ਕੌਮਾਂਤਰੀ ਪੱਧਰ ਉੱਤੇ ਸਾਖ਼ ਡਿੱਗਦੀ ਜਾ ਰਹੀ ਹੈ। ਕਾਰਖਾਨੇਦਾਰ, ਕਾਰੋਬਾਰੀ ਤੇ ਹੋਰ ਵਪਾਰੀ ਇਸ ਮੁਲਕ ਨੂੰ ਛੱਡ ਕੇ ਹੋਰ ਮੁਲਕਾਂ ਵਿਚ ਜਾਣ ਲੱਗ ਪਏ ਹਨ। ਨਵੇਂ ਲੋਕ ਆਉਣ ਤੋਂ ਗੁਰੇਜ਼ ਕਰ ਰਹੇ ਹਨ।

ਹੁਣ ਸਵਾਲ ਇਹ ਹੈ ਕਿ ਅੱਜ ਦੇ ਕੈਨੇਡਾ ਦੇ ਇਹੋ ਜਿਹੇ ਹਾਲਾਤ ਬਣਨ ਦੇ ਕਾਰਨ ਕੀ ਹਨ ? ਸਭ ਤੋਂ ਪਹਿਲਾ ਕਾਰਨ ਇਸ ਮੁਲਕ ਦੇ ਕਮਜ਼ੋਰ ਕਾਨੂੰਨ ਹਨ। ਦੂਜਾ ਕਾਰਨ ਪੁਲਿਸ ਦੀ ਘਾਟ ਹੈ। ਤੀਜਾ ਕਾਰਨ ਮੁਲਕ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਅੰਨ੍ਹੇਵਾਹ ਹੋਰ ਮੁਲਕਾਂ ਤੋਂ ਲੋਕਾਂ ਨੂੰ ਆਪਣੇ ਮੁਲਕ 'ਚ ਬੁਲਾਉਣਾ ਹੈ। ਚੌਥਾ ਕਾਰਨ ਇਸ ਮੁਲਕ ਦੀਆਂ ਸਰਕਾਰਾਂ ਦੀਆਂ ਆਰਥਿਕ ਤੇ ਸਿਆਸੀ ਨੀਤੀਆਂ ਹਨ। ਕੈਨੇਡਾ ਦੀਆਂ ਫੈਡਰਲ ਤੇ ਸੂਬਾ ਸਰਕਾਰਾਂ ਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਮੁਲਕ ਦੀ ਆਰਥਿਕਤਾ ਪਰਵਾਸੀਆਂ 'ਤੇ ਹੀ ਨਿਰਭਰ ਕਰਦੀ ਹੈ। ਜੇ ਉਨ੍ਹਾਂ ਨੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਕਾਨੂੰਨਾਂ ਨੂੰ ਸਖ਼ਤ ਨਾ ਕੀਤਾ, ਦੋਸ਼ੀਆਂ ਨੂੰ ਆਪਣੇ ਮੁਲਕ 'ਚੋਂ ਬਾਹਰ ਕੱਢਣ ਤੇ ਸਖ਼ਤ ਸਜ਼ਾਵਾਂ ਦੀ ਵਿਵਸਥਾ ਨਾ ਕੀਤੀ, ਆਪਣੀਆਂ ਆਰਥਿਕ ਅਤੇ ਸਿਆਸੀ ਨੀਤੀਆਂ ਨੂੰ ਨਾ ਬਦਲਿਆ ਤਾਂ ਭਵਿੱਖ 'ਚ ਇਸ ਮੁਲਕ ਦੇ ਹਾਲਾਤ ਹੋਰ ਬਦ ਤੋਂ ਬਦਤਰ ਹੋ ਜਾਣਗੇ ਤੇ ਪਰਵਾਸੀ ਵੀ ਇਸ ਮੁਲਕ 'ਚ ਆਉਣਾ ਪਸੰਦ ਨਹੀਂ ਕਰਨਗੇ।

*******

# ਨਿਮਰਤਾ ਤੇ ਸੇਵਾ ਦੇ ਪੁੰਜ ਸਨ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲੇ ਵਾਲੇ

– ਲੇਖਕ –
ਰਣਧੀਰ ਸਿੰਘ ਸੰਬਲ
ਯੂ ਕੇ
ਫੋਨ :07417443300








## ਸਲਾਨਾ ਬਰਸੀ 'ਤੇ ਵਿਸ਼ੇਸ਼

ਦੋਆਬੇ ਦੀ ਪਾਵਨ ਇਤਿਹਾਸਕ ਧਰਤੀ 'ਤੇ ਅਨੇਕਾਂ ਜੋਧੇ, ਸੂਰਬੀਰ, ਸ਼ਹੀਦਾਂ ਤੇ ਮਹਾਂਪੁਰਖਾਂ ਨੇ ਜਨਮ ਧਾਰਿਆ। ਜਿਨ੍ਹਾਂ ਨੇ ਗੁਰੂ ਉਪਦੇਸ਼ ਰਾਹੀਂ ਸੰਸਾਰ ਦੇ ਜੀਵਾਂ ਨੂੰ ਸੱਚ ਮਾਰਗ 'ਤੇ ਤੋਰਿਆ। ਇਨ੍ਹਾਂ ਵਿੱਚੋਂ ਹੀ ਬਾਲ ਜਤੀ, ਦਾਨੀ, ਮਹਾਨ ਯੋਧੇ, ਮਹਾਨ ਪਰਉਪਕਾਰੀ, ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲੇ ਹੋਏ ਹਨ। ਜਿਨ੍ਹਾਂ ਦਾ ਨਾਂਅ ਸਿੱਖ ਪੰਥ ਵਿੱਚ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਦਾ ਜਨਮ, ਪਿਤਾ ਸ. ਨਰਾਇਣ ਸਿੰਘ ਦੇ ਗ੍ਰਹਿ ਮਾਤਾ ਰਾਜ ਕੌਰ ਦੀ ਕੁੱਖੋਂ 3 ਮਈ 1889 ਈ: ਦਿਨ ਬੁੱਧਵਾਰ ਨੂੰ ਬਲਾਕ ਮਾਹਿਲਪੁਰ ਤੋਂ 2 ਕਿਲੋਮੀਟਰ ਵਿੱਥ 'ਤੇ ਇਤਿਹਾਸਕ ਨਗਰ ਲੰਗੇਰੀ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਹੋਇਆ। ਆਪ ਦਾ ਸੰਘਾ ਗੋਤ ਸੀ। ਸੰਘਾ ਗੋਤਾ ਦਸਮੇਸ਼ ਪਿਤਾ ਜੀ ਦੇ ਦੀਵਾਨ ਭਾਈ ਨੰਦ ਚੰਦ ਜੀ ਹੋਏ ਹਨ, ਜਿਨ੍ਹਾਂ ਨੇ ਪਵਿੱਤਰ ਇਤਿਹਾਸਕ ਅਸਥਾਨ ਸ੍ਰੀ ਪਾਉਂਟਾ ਸਾਹਿਬ ਜੀ ਦੀ ਜਮਨਾ ਦੇ ਕਿਨਾਰੇ ਦਸਮੇਸ਼ ਪਿਤਾ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਗੋਬਿੰਦ ਰਾਇ) ਦੀ ਆਗਿਆ ਅਨੁਸਾਰ 15 ਨਵੰਬਰ 1685 ਈ: ਮਘਰ ਦੀ ਸੰਗਰਾਂਦ ਸੰਮਤ 1742 ਬਿ: ਨੂੰ ਨੀਂਹ ਰੱਖਣ ਸਮੇਂ ਅਰਦਾਸ ਕੀਤੀ ਸੀ ਇਸੇ ਹੀ ਸੰਘਾ ਗੋਤ ਦੇ ਦੱਸਵੇਂ ਪਾਤਸ਼ਾਹ ਜੀ ਦੇ ਭਾਈ ਕੁੰਮਾ ਸਿੰਘ ਲਾਂਗਰੀ ਹੋਏ ਹਨ, ਜਿਨ੍ਹਾਂ ਨੇ ਸਤਿਗੁਰੂ ਜੀ ਦੀ ਆਗਿਆ ਪਾ ਕੇ ਇਹ ਲੰਗੇਰੀ ਨਗਰ ਵਸਾਇਆ। ਜਥੇਦਾਰ ਬਾਬਾ ਕੁੰਮਾ ਸਿੰਘ ਜੀ ਕੋਲੋਂ ਬਾਬਾ ਬੂੜ ਸਿੰਘ ਜੀ ਕੋਕਰੀਕਲਾਂ ਦੇ ਸਪੁੱਤਰ ਬਾਬਾ ਕਾਬਲ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ ਸੀ ਇਹ ਗਾਥਾ 1725 ਈ: ਦੀ ਹੈ।

ਬਚਪਨ ਤੋਂ ਹੀ ਬਾਬਾ ਜਵਾਲਾ ਸਿੰਘ ਜੀ ਦਾ ਸੁਭਾਅ ਸਾਧੂ ਬਿਰਤੀ ਤੇ ਸੇਵਾ ਸਿਮਰਨ ਕਰਨ ਵਾਲਾ ਸੀ। ਆਪ ਜੀ 10 ਅਪ੍ਰੈਲ ਸੰਨ 1907 ਈ: ਨੂੰ ਫੌਜ ਵਿੱਚ ਭਰਤੀ ਹੋ ਕੇ 34 ਨੰ: ਸਿੱਖ ਰਜਮੈਂਟ ਵਿੱਚ ਚਲੇ ਗਏ। ਸਭ ਤੋਂ ਪਹਿਲਾਂ ਆਪ ਨੂੰ ਰਾਵਲ-ਪਿੰਡੀ ਛਾਉਣੀ ਵਿੱਚ ਭੇਜਿਆ ਗਿਆ। ਆਪ ਉੱਚੇ ਲੰਮੇ ਅਤੇ ਸੁੰਦਰ ਜਵਾਨ ਸਨ। ਰੰਗਰੂਟੀ ਕਰਨ ਉਪਰੰਤ ਸਭ ਤੋਂ ਵਧੀਆ ਨਿਸ਼ਾਨਚੀ ਗਰਦਾਨੇ ਗਏ। ਆਪ ਦੌੜਾਂ ਵਿੱਚ ਵੀ ਫਸਟ ਆਏ। ਰਾਵਲਪਿੰਡੀ ਤੋਂ ਹੋਤੀ ਮਰਦਾਨ ਡੇਰੇ ਪਹੁੰਚ ਕੇ ਸੰਤ ਬਾਬਾ ਕਰਮ ਸਿੰਘ ਜੀ ਤੋਂ ਵਰੋਸਾਏ ਉਨ੍ਹਾਂ ਦੇ ਜਾਨਸ਼ੀਨ ਸੰਤ ਬਾਬਾ ਆਇਆ ਸਿੰਘ ਜੀ ਦੇ ਵੈਸਾਖ ਦੀ ਸੰਗਰਾਂਦ 1910 ਈ: ਨੂੰ ਦਰਸ਼ਨ ਕੀਤੇ ਤੇ ਆਪ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸੰਤ ਆਇਆ ਸਿੰਘ ਜੀ ਨੇ ਆਪ ਨੂੰ ਪੰਜ ਪਾਵਨ ਬਚਨ ਗ੍ਰਹਿਣ ਕਰਵਾਏ ਜੋ ਕਿ ਉਨ੍ਹਾਂ ਨੇ ਜ਼ਿੰਦਗੀ ਭਰ ਤੋੜ ਨਿਭਾਏ। 1. ਸਿਮਰਨ ਕਰਨਾ, 2. ਹੰਕਾਰ ਤੋਂ ਬਚਣਾ, 3. ਸੰਸਾਰ ਤੋਂ ਨਿਰਲੇਪ ਰਹਿਣ ਵਾਲੇ ਸਾਧੂਆਂ ਦੀ ਸੰਗਤ ਕਰਨੀ, 4. ਕਿਸੇ ਅੱਗੇ ਹੱਥ ਨਹੀਂ ਅੱਡਣਾ, 5. ਪਲਟਣ ਦੀ ਨੌਕਰੀ ਛੱਡ ਜਾਣੀ। ਆਪ ਜੀ 15 ਜਨਵਰੀ 1917 ਈ: ਨੂੰ ਫੌਜ ਵਿੱਚੋਂ ਆਪਣਾ ਨਾਮ ਕਟਵਾ ਕੇ ਸੰਤ ਬਾਬਾ ਆਇਆ ਸਿੰਘ ਜੀ ਦੀ ਸੇਵਾ ਵਿੱਚ ਡੇਰੇ ਜਾ ਕੇ ਸੰਤ ਬਾਬਾ ਆਇਆ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਫੌਜ ਦੀ ਨੌਕਰੀ ਛੱਡ ਕੇ ਜੰਗਲਾਂ ਬੇਲਿਆਂ ਵਿੱਚ ਜਾ ਕੇ ਪ੍ਰਭੂ ਦਾ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ।

ਸੰਤ ਜਵਾਲਾ ਸਿੰਘ ਸੱਚ ਦੇ ਰਾਹ ਦੇ ਰਾਹੀ ਸਨ ਅਤੇ ਦੁਨਿਆਵੀ ਲੋਕਾਂ ਨੂੰ ਗੁਰੂ ਨਾਨਕ ਦਾ ਸੰਦੇਸ਼-ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ ਹੀ ਦ੍ਰਿੜ੍ਹ ਕਰਾਉਂਦੇ ਸਨ। ਪੁਰਾਣੇ ਜ਼ਮਾਨਿਆਂ ਵਿੱਚ ਪੱਕੀਆਂ ਸੜਕਾਂ ਅਤੇ ਵਾਹਨਾਂ ਦੀ ਘਾਟ ਸੀ। ਇਸ ਕਰਕੇ ਸੰਤ ਜਵਾਲਾ ਸਿੰਘ ਇਕ ਦਿਨ ਵਿੱਚ ਵੀਹ-ਵੀਹ ਕੋਹ ਪੈਂਡਾ ਪੈਦਲ ਤੁਰ ਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਗੁਰੂ ਨਾਨਕ ਦੇ ਉਪਦੇਸ਼ ਦਾ ਪ੍ਰਚਾਰ ਕਰਦੇ ਸਨ। ਬਿਰਧ ਅਵਸਥਾ ਵਿੱਚ ਆਪ ਘੋੜੇ 'ਤੇ ਸਵਾਰ ਹੋ ਕੇ ਥਾਂ-ਥਾਂ ਜਾ ਕੇ ਕਥਾ ਅਤੇ ਕੀਰਤਨ ਦਾ ਪ੍ਰਵਾਹ ਚਲਾਉਂਦੇ ਸਨ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਇਕ ਦਰਜਨ ਤੋਂ ਵੱਧ ਆਪ ਜੀ ਦੇ ਨਾਮ 'ਤੇ ਧਰਮ ਪ੍ਰਚਾਰ ਲਈ ਧਾਰਮਿਕ ਸਥਾਨ ਉਸਾਰੇ ਹੋਏ ਹਨ ਜਿਥੇ ਕਿ ਦਿਨ ਰਾਤ ਗੁਰਬਾਣੀ ਦਾ ਪ੍ਰਵਾਹ ਅਤੇ ਗੁਰੂ ਕੇ ਲੰਗਰ ਚੱਲ ਰਹੇ ਹਨ।

ਸੰਤ ਬਾਬਾ ਜਵਾਲਾ ਸਿੰਘ ਜੀ ਨੇ ਪਾਵਨ ਪਵਿੱਤਰ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਸੰਤ ਬਾਬਾ ਤ੍ਰਿਲੋਕ ਸਿੰਘ ਜੀ ਤੇ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਪੂਜਨੀਕ ਮਾਤਾ ਸਾਹਿਬ ਕੌਰ ਜੀ ਅਤੇ ਗੁਰਦੇਵ ਪੰਥ ਮਾਤਾ ਸੁੰਦਰ ਕੌਰ ਜੀ ਦੀ ਪਾਵਨ ਰਮਣੀਕ ਯਾਦਗਾਰ ਇਮਾਰਤ ਨਵੇਂ ਸਿਰਿਉਂ ਨਿਰਮਾਣ ਕਰਵਾਈ। ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੇ ਪਵਿੱਤਰ ਅਸਥਾਨ ਦੀ ਪੰਜਾਂ ਪਿਆਰਿਆਂ ਸਹਿਤ 25 ਜੁਲਾਈ 1957 ਈ: ਨੂੰ ਆਪਣੇ ਕਰ ਕਮਲਾਂ ਨਾਲ ਨੀਂਹ ਰੱਖੀ। ਪਰਮ ਸਤਿਕਾਰ ਯੋਗ ਸੰਤ ਬਾਬਾ ਜਵਾਲਾ ਸਿੰਘ ਜੀ ਮਹਾਰਾਜ ਨੇ ਪਵਿੱਤਰ ਇਤਿਹਾਸਕ ਅਸਥਾਨ ਗੁਰ-ਦੁਆਰਾ ਸ੍ਰੀ ਕੰਧ ਸਾਹਿਬ ਜੀ ਬਟਾਲਾ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਪੰਜਾਂ ਪਿਆਰਿਆਂ ਸਹਿਤ 13 ਮਾਰਚ, 1954 ਈ: ਨੂੰ ਰੱਖਿਆ ਸੀ।

ਵੀਹਵੀਂ ਸਦੀ ਵਿੱਚ ਗੁਰਮਤਿ ਪ੍ਰਚਾਰ ਦੇ ਖੇਤਰ ਵਿਖੇ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੇ ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਤਿਗੁਰੂ ਜੀ ਦੇ ਚਰਨੀਂ ਜੋੜਿਆ। ਸੰਤ ਬਾਬਾ ਜਵਾਲਾ ਸਿੰਘ ਜੀ ਆਪਣੇ ਆਪ ਵਿੱਚ ਇਕ ਪੂਰਨ ਸੰਸਥਾ ਪੰਥ ਦਰਦੀ ਸਨ। ਉਹ ਪੰਥ ਦੇ ਹਿੱਤ ਵਾਸਤੇ ਹਰ ਔਕੜ ਵਿੱਚ ਪੂਰਨ ਸਹਿਯੋਗ ਦਿੰਦੇ ਸਨ। ਸਿੱਖ ਜਗਤ ਵਿੱਚ ਆਪ ਜੀ ਦਾ ਪ੍ਰਚਾਰ ਬੜਾ ਪ੍ਰਭਾਵਸ਼ਾਲੀ ਸੀ। ਅਜਿਹੇ ਮਹਾਂਪੁਰਖ ਆਪ ਜੈਸੇ, ਵਿਰਲੀ ਰੂਹ ਦੇ ਮਾਲਕ ਦੈਵੀ ਗੁਣਾਂ ਵਾਲੇ ਹੁੰਦੇ ਹਨ। ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਆਤਮ ਰੰਗ ਵਿੱਚ ਰੰਗੇ ਅਤੇ ਮਹਾਨ ਪਰਉਪਕਾਰੀ, ਤਿਆਗ, ਕੁਰਬਾਨੀ ਭਗਤੀ ਤੇ ਸ਼ਕਤੀ ਦੇ ਮੁਜਸਮੇ ਮਹਾਂਪੁਰਸ਼ ਸਨ। ਆਪ ਨਿਰਸੰਦੇਹ ਸਿੱਖੀ ਅਧਿਆਤਮਿਕ ਮੰਡਲ ਦੇ ਧਰੂ ਤਾਰੇ ਸਨ। ਆਪ ਜੀ ਨੇ ਹਰ ਇਕ ਨੂੰ ਧਰਮ ਦੇ ਸੱਚੇ-ਸੁੱਚੇ ਅਸੂਲਾਂ ਨੂੰ ਸਮਝਾਉਣ ਅਤੇ ਉਨ੍ਹਾਂ ਦਾ ਸਹੀ ਧਾਰਨੀ ਹੋ ਕੇ ਉਨ੍ਹਾਂ ਉੱਤੇ ਪੱਕਾ ਪਹਿਰਾ ਦੇਣ ਲਈ ਉਪਦੇਸ਼ ਦਿੱਤਾ।

ਅੰਤ ਸਮੇਂ ਮਹਾਂਪੁਰਖ ਡੁਮੇਲੀ ਡੇਰੇ ਦੇ ਬਰਾਂਡੇ ਵਾਲੀ ਕੋਠੜੀ ਵਿੱਚ ਬਿਰਾਜੇ ਹੋਏ ਸਨ। ਦਿਨ ਬੁੱਧਵਾਰ ਸੀ ਇਸ ਦਿਨ ਆਪਣੇ ਨਿਕਟਵਰਤੀ ਸਿੰਘਾਂ ਨੂੰ ਕੋਲ ਬੁਲਾ ਕੇ ਇਹ ਪਾਵਨ ਬਚਨ ਕੀਤਾ, ਅੱਛਾ ਗੁਰਮੁਖੋ ਪਿਆਰਿਓ, ਅਸੀਂ ਹੁਣ ਚੱਲਦੇ ਹਾਂ। ਮਹਾਂਪੁਰਖਾਂ ਨੇ ਉਸ ਸਮੇਂ ਮਿਹਰ ਦੀ ਨਜ਼ਰ ਨਾਲ ਕੋਲ ਖਲੋਤੇ ਸਿੰਘਾਂ ਵੱਲ ਤੱਕਿਆ ਅਤੇ ਪਾਵਨ ਬਚਨ ਕੀਤਾ ਕਿ ਤੁਸੀਂ ਸਾਡੀ ਅੰਤਮ ਦੇਹ ਨੂੰ ਪਵਿੱਤਰ ਇਤਿਹਾਸਕ ਅਸਥਾਨ ਗੁਰ-ਦੁਆਰਾ ਸ੍ਰੀ ਬਿਭੋਰ ਸਾਹਿਬ ਜੀ ਦੇ ਨਜ਼ਦੀਕ ਜਲ ਪ੍ਰਵਾਹ ਕਰ ਦੇਣਾ। ਅੰਤ ਸਮੇਂ ਦੋਆਬੇ ਦੀ ਧਰਤੀ ਨੂੰ ਹਮੇਸ਼ਾਂ ਹਮੇਸ਼ਾਂ ਲਈ ਪਾਕ ਪਵਿੱਤਰ ਕਰਕੇ ਅਤੇ ਇਹ ਪਾਵਨ ਬਚਨ ਕਹਿ ਕੇ ਮਹਾਂਪੁਰਖਾਂ ਨੇ ਲਗਾਤਾਰ ਦੋ ਸਵਾਸ ਉਪਰ ਖਿੱਚੇ ਅਤੇ ਤੀਸਰਾ ਆਖਰੀ ਸਵਾਸ ਉਪਰ ਖਿੱਚ ਕੇ ਪ੍ਰਾਣਾਂ ਨੂੰ ਦੇਹ ਤੋਂ ਵੱਖ ਕਰ, ਬ੍ਰਹਮ ਰੂਪ ਹੋ ਕੇ ਅਕਾਲ ਪੁਰਖ ਦੀ ਜੋਤਿ ਵਿੱਚ ਲੀਨ ਹੋ ਗਏ। ਜਿਸ ਦਿਨ ਆਪ ਸੰਤ ਜੀ ਪ੍ਰਭੂ ਚਰਨਾਂ ਵਿੱਚ ਲੀਨ ਹੋਏ ਉਸ ਦਿਨ 28 ਕਤਕ 2024 ਬਿਕਰਮੀ, ਅਰਥਾਤ 13 ਨਵੰਬਰ, 1957 ਈ: ਦਿਨ ਬੁੱਧਵਾਰ ਸਵੇਰ ਦੇ 7 ਵਜ ਕੇ 40 ਮਿੰਟ ਦਾ ਸਮਾਂ ਸੀ।

ਪੰਜਾਂ ਪਿਆਰਿਆਂ ਵਿੱਚੋਂ ਸ਼੍ਰੋਮਣੀ ਭਾਈ ਦਇਆ ਸਿੰਘ ਜੀ ਨੂੰ ਗੁਰਮਤਿ ਅਨੁਸਾਰ ਕਲਗੀਧਰ ਜੀ ਨੇ ਗੁਰੂ ਘਰ ਦੇ ਸ਼ਬਦ ਸੁਰਤ ਦੀਆਂ ਅਗਾਧ ਅਨੰਦ-ਮਈ ਟਿਕਾਣਿਆਂ ਦੀ ਸੋਝੀ ਕਰਵਾਈ ਅਤੇ ਖ਼ਾਲਸਾ ਜੀ ਨੂੰ ਗੁਰੂ ਅਤੇ ਗੁਰੂ ਨੂੰ ਖ਼ਾਲਸਾ ਰੂਪ ਬਖ਼ਸ਼ ਕੇ ਸੰਸਾਰ ਦੀ ਤਵਾਰੀਖ ਹੀ ਬਦਲ ਦਿੱਤੀ :

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥
(ਭਾਈ ਗੁਰਦਾਸ ਜੀ ਵਾਰ 41 ਪਉੜੀ1)

ਹਰਖੋਵਾਲ ਸੰਪ੍ਰਦਾਇ (ਹੋਤੀ ਮਰਦਾਨ ਸੰਪ੍ਰਦਾਇ) ਦਾ ਮੁੱਢ ਵੀ ਭਾਈ ਦਇਆ ਸਿੰਘ ਜੀ ਤੋਂ ਲੈ ਕੇ ਇਸ ਸੰਪ੍ਰਦਾਇ ਅੰਦਰ, ਮਹਾਨ ਕਥਨੀ ਦੇ ਸੂਰੇ, ਸੰਤ ਸਮਾਜ ਦੇ ਸਥੰਭ, ਬ੍ਰਹਮ ਗਿਆਨੀ, ਤੱਤ ਬੇਤਾ, ਮਹਾਨ ਨਾਇਕ ਮਹਾਂਪੁਰਖ ਪੈਦਾ ਹੋਏ ਹਨ, ਜਿਨ੍ਹਾਂ ਨੇ ਦਸਮ ਪਿਤਾ ਜੀ ਦੇ ਦਰਸਾਏ ਹੋਏ ਆਤਮ ਦਰਸ਼ੀ ਦੇ ਉੱਤਮ ਗਿਆਨ ਮਾਰਗ ਦੀ ਜੋਤ ਨੂੰ ਨਿਰੰਤਰ ਜੱਗਦੇ ਰੱਖਿਆ।

ਹਰ ਸਾਲ ਆਪ ਜੀ ਦੀ ਪਾਵਨ ਮਿੱਠੀ ਸਲਾਨਾ ਯਾਦ 13 ਨਵੰਬਰ ਨੂੰ ਗੁ: ਡੇਰਾ ਸੰਤਗੜ੍ਹ ਹਰਖੋਵਾਲ ਕਪੂਰਥਲਾ ਰੋਡ ਜਲੰਧਰ ਵਿਖੇ ਡੇਰਿਆਂ ਦੇ ਮੌਜੂਦਾ ਮੁਖੀ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਰਹਿ-ਨੁਮਾਈ ਵਿੱਚ ਸ਼ਰਧਾ ਸਹਿਤ ਮਨਾਈ ਜਾਂਦੀ ਹੈ। ਇਸ ਤੋਂ ਇਲਾਵਾ ਡੇਰਾ ਸੰਤਗੜ੍ਹ ਹਰਖੋਵਾਲ ਅਤੇ ਦੇਸ਼ ਵਿਦੇਸ਼ਾਂ ਵਿੱਚ ਵੀ ਮਹਾਂਪੁਰਖਾਂ ਦੇ ਸ਼ਰਧਾਲੂਆਂ ਵੱਲੋਂ ਬਰਸੀ ਸਮਾਗਮ ਕਰਵਾਏ ਜਾਂਦੇ ਹਨ।

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

## ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਪੰਥਕ ਜ਼ਿੰਮੇਵਾਰੀ

ਸਿਖ ਪੰਥ ਦੀਆਂ ਜਥੇਬੰਦੀਆਂ ਛੋਟੇ ਛੋਟੇ ਜਥੇ ਬਣਾਉਣ ਤੇ ਅਕਾਲ ਤਖਤ ਨੂੰ ਬੇਨਤੀ ਪੱਤਰ ਲਿਖਣ ਤੇ ਜਥੇਦਾਰ ਨੂੰ ਲਗਾਤਾਰ ਸੌਂਪਣ ਤੇ ਮੀਡੀਆ ਵਿਚ ਖਬਰ ਦੇਣ ਕਿ ਅਕਾਲ ਤਖਤ ਇਹ ਫੈਸਲਾ ਜਲਦ ਕਰਨ। ਗਿਆਨੀ ਗੁਰਬਚਨ ਸਿੰਘ, ਦਲਜੀਤ ਸਿੰਘ ਚੀਮਾ, ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਆਦਿ ਨੂੰ ਸੁਖਬੀਰ ਸਿੰਘ ਬਾਦਲ ਦੇ ਕੇਸ ਵਿਚ ਅਕਾਲ ਤਖਤ ਸਾਹਿਬ ਉਪਰ ਤਲਬ ਕੀਤਾ ਜਾਵੇ ਜੋ ਸੌਦਾ ਸਾਧ ਦੇ ਕੇਸ ਵਿਚ ਦੋਸ਼ੀ ਹਨ ਤੇ ਇਸ ਸੱਚ ਨੇੜੇ ਪਹੁੰਚ ਕੇ ਦੋਸ਼ੀਆਂ ਨੂੰ ਸਜ਼ਾਵਾਂ ਲਗਾਈਆਂ ਜਾਣ। ਇਸ ਮਾਮਲੇ ਬਾਰੇ ਸਿਖ ਪੰਥ ਦਾ ਨੁਮਾਇੰਦਾ ਇਕਠ ਤੁਰੰਤ ਸੱਦਿਆ ਜਾਵੇ। ਕਿਉਂਕਿ ਇਸ ਮਾਮਲੇ ਵਿਚ ਸੁਖਬੀਰ ਸਿੰਘ ਬਾਦਲ ਇਕੱਲਾ ਦੋਸ਼ੀ ਨਹੀਂ ਹੈ। ਸਿੰਘ ਸਾਹਿਬਾਨ ਨੂੰ ਚਾਹੀਦਾ ਹੈ ਕਿ ਪੰਥ ਪ੍ਰਵਾਨਿਤ ਤਾਲਮੇਲ ਕਮੇਟੀ ਦਾ ਐਲਾਨ ਕਰਕੇ ਅਕਾਲੀ ਦਲ ਪੁਨਰ ਸਿਰਜਿਆ ਜਾਵੇ। ਯਾਦ ਰਹੇ ਕਿ ਅਕਾਲੀ ਦਲ ਦੀ ਸਥਾਪਨਾ ਅਕਾਲ ਤਖਤ ਸਾਹਿਬ ਤੋਂ ਹੋਈ ਸੀ।

### 2 ਸਫ਼ੇ ਦੀ ਬਾਕੀ

ਇਸ ਦੇ ਨਾਲ ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਅਸਤੀਫਿਆਂ ਦੀ ਮੁਹਿੰਮ ਵੀ ਸ਼ੁਰੂ ਹੋ ਚੁਕੀ ਹੈ। ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਚੇਅਰਮੈਨ ਪੰਜਾਬ ਸੁਖਬੀਰ ਸਿੰਘ ਵਾਹਲਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਪੰਜਾਬ ਖ਼ਿਲਾਫ਼ ਕੇਂਦਰ ਦੀਆਂ ਏਜੰਸੀਆਂ ਵਲੋਂ ਵੱਡੀ ਸਾਜਿਸ਼ ਰਚੀ ਜਾ ਰਹੀ ਹੈ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਤਮ ਕਰਕੇ ਪੰਜਾਬ ਦੀ ਗੈਰਤ ਅਤੇ ਦਲੇਰਾਨਾ ਸ਼ਕਤੀ ਨੂੰ ਮੁੱਢੋਂ ਖ਼ਤਮ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਏਜੰਸੀਆਂ ਦੇ ਹੱਥ ਠੋਕਾ ਬਣੇ ਵਿਰੋਧੀ ਜੋ ਅਕਾਲੀ ਦਲ ਨਾਲ ਗੱਦਾਰੀ ਕਰਕੇ ਆਪਣਾ ਉੱਲੂ ਸਿੱਧਾ ਕਰਨ ਦੇ ਚੱਕਰ ਵਿਚ ਪਾਰਟੀ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਰਚ ਰਹੇ ਹਨ, ਉਨ੍ਹਾਂ ਨੂੰ ਇਸ ਗੱਲ ਦਾ ਜਰਾ ਜਿੰਨਾ ਵੀ ਇਲਮ ਨਹੀਂ ਹੈ ਕਿ ਜੇਕਰ ਅਕਾਲੀ ਦਲ ਪੰਜਾਬ ਵਿਚੋਂ ਖ਼ਤਮ ਹੋ ਜਾਂਦਾ ਹੈ ਤਾਂ ਫਿਰ ਉਨ੍ਹਾਂ ਦਾ ਵਜੂਦ ਵੀ ਇਕ ਪਿਆਦਿਆਂ ਤੋਂ ਵੱਧ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਖੇਤਰੀ ਪਾਰਟੀ ਦਾ ਤਗੜਾ ਹੋਣਾ ਸਮੇਂ ਦੀ ਲੋੜ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ, ਜੋ ਕੇਂਦਰ ਦੀਆਂ ਏਜੰਸੀਆਂ ਤੇ ਪੰਜਾਬ ਵਿਰੋਧੀ ਤਾਕਤਾਂ ਨਾਲ ਡੱਟ ਕੇ ਮੁਕਾਬਲਾ ਕਰ ਸਕਦੀ ਹੈ ਅਤੇ ਸੁਖਬੀਰ ਸਿੰਘ ਬਾਦਲ ਹੀ ਅਜਿਹੇ ਪ੍ਰਧਾਨ ਹਨ, ਜੋ ਸਿੱਖ ਕੌਮ ਦੀ ਬਿਹਤਰੀ ਤੇ ਪੰਜਾਬ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਸੰਭਾਲ ਸਕਦੇ ਹਨ।

ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ, ਸਾਬਕਾ ਵਿਧਾਇਕ ਅਤੇ ਖ਼ਜ਼ਾਨਚੀ ਐਨ.ਕੇ. ਸ਼ਰਮਾ ਨੇ ਅਕਾਲੀ ਦਲ ਛੱਡ ਦਿੱਤਾ ਹੈ। ਸੁਖਬੀਰ ਬਾਦਲ ਦੇ ਹੱਕ ਵਿਚ ਅਸਤੀਫ਼ਾ ਦੇਣ ਤੋਂ ਬਾਅਦ ਐਨ ਕੇ ਸ਼ਰਮਾ ਨੇ ਕਿਹਾ ਸੀ ਕਿ ਪਾਰਟੀ ਵਿਚ ਧਾਰਮਿਕ ਦਖਲਅੰਦਾਜ਼ੀ ਬਹੁਤ ਜ਼ਿਆਦਾ ਵਧ ਗਈ ਹੈ। ਜੇ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਸਿਆਸੀ ਪਾਰਟੀਆਂ ਕਿਵੇਂ ਚੱਲਣਗੀਆਂ ?

ਇਸ ਤੋਂ ਸਪਸ਼ਟ ਹੈ ਕਿ ਅਕਾਲੀ ਦਲ ਅਕਾਲ ਤਖਤ ਸਾਹਿਬ ਦੀ ਦਖਲ ਅੰਦਾਜ਼ੀ ਬਰਦਾਸ਼ਤ ਕਰਨ ਦੇ ਮੂਡ ਵਿਚ ਨਹੀਂ ਹੈ। ਇਸ ਕਰਕੇ ਅਕਾਲ ਤਖਤ ਸਾਹਿਬ ਦੇ ਫੈਸਲਿਆਂ ਉਪਰ ਕਿੰਤੂ ਕੀਤੇ ਜਾ ਰਹੇ ਹਨ।

ਸਮਝਿਆ ਜਾ ਰਿਹਾ ਹੈ ਕਿ ਸ਼ਰਮਾ ਵਾਂਗ ਕੁਝ ਹੋਰ ਆਗੂ ਵੀ ਆਉਂਦੇ ਕੁਝ ਦਿਨਾਂ ਵਿਚ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਰੱਦ ਕਰਨ ਲਈ ਦਬਾਅ ਬਣਾਉਣ ਲਈ ਅਸਤੀਫ਼ੇ ਦੇ ਸਕਦੇ ਹਨ। ਅਕਾਲੀ ਦਲ ਦੀ ਹਾਈਕਮਾਂਡ ਤੇ ਵਰਕਿੰਗ ਕਮੇਟੀ ਮੈਂਬਰਾਂ ਨੇ ਬਾਅਦ ਵਿਚ ਪ੍ਰੈਸ ਨੋਟ ਜਾਰੀ ਕਰਕੇ ਜ਼ੋਰ ਦੇ ਕੇ ਆਪਣਾ ਪਹਿਲਾ ਫੈਸਲਾ ਬਦਲਦਿਆਂ ਕਿਹਾ ਕਿ ਉਹ ਜਾਣਦੇ ਹਨ ਕਿ ਅਕਾਲੀ ਦਲ ਦੇ ਖ਼ਿਲਾਫ਼ ਸਾਜਿਸ਼ ਰਚੀ ਗਈ ਹੈ ਅਤੇ ਇਸ ਦਾ ਮਕਸਦ ਪਾਰਟੀ ਨੂੰ ਆਗੂ ਵਿਹੂਣਾ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਵੀ ਕੀਮਤ ’ਤੇ ਇਸ ਸਾਜਿਸ਼ ਨੂੰ ਸਫਲ ਨਹੀਂ ਹੋਣ ਦਿਆਂਗੇ। ਸ. ਸੁਖਬੀਰ ਸਿੰਘ ਬਾਦਲ ਸਾਡੇ ਆਗੂ ਹਨ ਤੇ ਸਾਡੇ ਆਗੂ ਬਣੇ ਰਹਿਣਗੇ ਸੁਖਬੀਰ ਬਾਦਲ ਦੀ ਪ੍ਰਧਾਨਗੀ ਬਿਨਾਂ ਅਕਾਲੀ ਦਲ ਨਹੀਂ ਚਲ ਸਕਦਾ। ਜੇ ਸੁਖਬੀਰ ਅਸਤੀਫ਼ਾ ਵਾਪਸ ਨਹੀਂ ਲੈਣਗੇ ਤਾਂ ਅਸੀਂ ਸਾਰੇ ਅਸਤੀਫ਼ਾ ਦੇਵਾਂਗੇ। ਸਾਨੂੰ ਸੁਖਬੀਰ ਦਾ ਅਸਤੀਫ਼ਾ ਮਨਜ਼ੂਰ ਨਹੀਂ।

ਇਸ ਮੀਟਿੰਗ ਵਿਚ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਗੋਬਿੰਦ ਸਿੰਘ ਲੌਂਗੋਵਾਲ, ਪਰਮਜੀਤ ਸਿੰਘ ਸਰਨਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ, ਮਨਜੀਤ ਸਿੰਘ ਜੀ. ਕੇ., ਜਨਮੇਜਾ ਸਿੰਘ ਸੇਖੋਂ, ਸ਼ਰਨਜੀਤ ਸਿੰਘ ਢਿੱਲੋਂ, ਸਰਬਜੀਤ ਸਿੰਘ ਝਿੰਜਰ, ਮਨਤਾਰ ਸਿੰਘ ਬਰਾੜ, ਪਰਮਬੰਸ ਸਿੰਘ ਬੰਟੀ ਰੁਮਾਣਾ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਇਕਬਾਲ ਸਿੰਘ ਝੂੰਦਾਂ, ਵੀਰ ਸਿੰਘ ਲੋਪੋਕੇ, ਲਖਬੀਰ ਸਿੰਘ ਲੋਧੀਨੰਗਲ, ਗੁਰਬਚਨ ਸਿੰਘ ਬੱਬੇਹਾਲੀ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਅਰਸ਼ਦੀਪ ਸਿੰਘ ਕਲੇਰ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਗੁਰਿੰਦਰ ਸਿੰਘ ਗੋਗੀ, ਅਮਿਤ ਸਿੰਘ ਰਾਠੀ, ਰਣਬੀਰ ਸਿੰਘ ਰਾਣਾ ਢਿੱਲੋਂ, ਵਰਦੇਵ ਸਿੰਘ ਨੋਨੀਮਾਨ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਵਰਕਿੰਗ ਕਮੇਟੀ ਤੇ ਅਕਾਲੀ ਆਗੂ ਤੇ ਵੱਖ-ਵੱਖ ਵਿੰਗਾਂ ਦੇ ਪ੍ਰਧਾਨ ਹਾਜ਼ਰ ਸਨ

ਦੂਜੇ ਪਾਸੇ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਅਤੇ ਮੁੱਖ ਬੁਲਾਰੇ ਚਰਨਜੀਤ ਸਿੰਘ ਬਰਾੜ ਨੇ ਵਰਕਿੰਗ ਕਮੇਟੀ ਵੱਲੋਂ ਲਏ ਗਏ ਫੈਸਲੇ ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਡਰਾਮਾ ਸਾਹਮਣੇ ਆਇਆ ਹੈ। ਸਭ ਕੁਝ ਲਿਖੀ ਸਕਰਿਪਟ ਮੁਤਾਬਕ ਤਰ੍ਹਾਂ ਚੱਲ ਰਿਹਾ ਹੈ। ਧਿਆਨ ਨਾਲ ਦੇਖੋ ਅਸਤੀਫੇ ਛਪੇ ਛਪਾਏ ਮੀਟਿੰਗ ਹਾਲ ਦੇ ਬਾਹਰ ਟੇਬਲ ’ਤੇ ਦਿੱਤੇ ਜਾਂਦੇ ਸਨ ਤੇ ਦਫ਼ਤਰ ਦੇ ਮੁਲਾਜ਼ਮ ਹਰੇਕ ਬੰਦੇ ਦੀ ਹਾਜ਼ਰੀ ਲਾਉਣ ਸਮੇਂ ਦੇ ਦਿੰਦੇ ਸਨ ਤਾਂ ਕਿ ਅੰਦਰ ਅਸਤੀਫ਼ਾ ਰੱਦ ਕਰਾਉਣ ਲਈ ਦਬਾਅ ਬਣਾਇਆ ਜਾ ਸਕੇ। ਵੀਡਿਓ ਧਿਆਨ ਨਾਲ ਦੇਖੋ ਇਸ ਵਿੱਚ ਸਤਿੰਦਰਜੀਤ ਮੰਟਾ ਖਾਲੀ ਆਉਂਦਾ ਹੈ। ਹਾਜ਼ਰੀ ਲਾਉਣ ਤੋਂ ਬਾਅਦ ਛਪਿਆ ਪੇਪਰ ਹੱਥ ਵਿਚ ਫੜਦਾ ਹੈ। ਉਸੇ ਤਰ੍ਹਾਂ ਬੰਟੀ ਰੋਮਾਣਾ, ਰੋਜੀ ਬਰਕੰਦੀ ਅਤੇ ਪਰਮਜੀਤ ਸਿੰਘ ਢਿੱਲੋਂ ਦੇ ਅਸਤੀਫੇ ਇੱਕੋ ਇਬਾਰਤ ਨਾਲ ਲਿਖੇ ਕੈਮਰੇ ਵਿਚ ਕੈਦ ਹੋਏ।

### ਅਕਾਲੀ ਦਲ ਦਾ ਅਕਾਲ ਤਖਤ ਉਪਰ ਦਬਾਅ

ਅਕਾਲ ਤਖ਼ਤ ਵਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਕਾਫ਼ੀ ਸਮਾਂ ਗੁਜ਼ਰ ਚੁੱਕਿਆ ਹੈ ਜਿਸ ਕਰ ਕੇ ਪਾਰਟੀ ਵਲੋਂ ਜਥੇਦਾਰ ਸਾਹਿਬਾਨ ’ਤੇ ਇਹ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਕਿ ਸਜ਼ਾ ਦੇ ਮੁੱਦੇ ਨੂੰ ਜਲਦੀ ਨਿਬੇੜ ਦਿੱਤਾ ਜਾਵੇ। ਇਸ ਦੇ ਨਾਲ ਹੀ ਪਾਰਟੀ ਆਗੂਆਂ ਵਲੋਂ ਇਹ ਲਾਈਨ ਵੀ ਅਖ਼ਤਿਆਰ ਕੀਤੀ ਗਈ ਕਿ ਅਕਾਲ ਤਖ਼ਤ ਵੱਲੋਂ ਸਿਰਫ਼ ਧਾਰਮਿਕ ਸਜ਼ਾ ਹੀ ਲਾਈ ਜਾ ਸਕਦੀ ਹੈ ਅਤੇ ਜੇ ਕਿਸੇ ਤਰ੍ਹਾਂ ਦੀ ਰਾਜਨੀਤਕ ਸਜ਼ਾ ਲਾਈ ਗਈ ਤਾਂ ਇਸ ਨਾਲ ਦਿੱਕਤਾਂ ਪੈਦਾ ਹੋ ਸਕਦੀਆਂ ਹਨ। ਪਾਰਟੀ ਅੰਦਰ ਲਗਾਤਾਰ ਦਵੰਦ ਦੀ ਸਥਿਤੀ ਬਣੀ ਹੋਈ ਹੈ। ਸਿੰਘ ਸਾਹਿਬਾਨ ਲਈ ਵੀ ਫੈਸਲਾ ਲੈਣਾ ਔਖਾ ਹੋਇਆ ਪਿਆ ਹੈ।

### ਸੁਖਬੀਰ ਬਾਦਲ ਦੀ ਗੁਪਤ ਸਿਆਸੀ ਨੀਤੀ ਕੀ ਹੈ ?


ਪਿਛਲੇ ਹਫ਼ਤੇ ਹੀ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਸੌਂਪ ਕੇ ਆਏ ਸਨ ਜਿਸ ਵਿਚ ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਸੀ ਕਿ ਉਨ੍ਹਾਂ ਦੀ ਸਜ਼ਾ ਦਾ ਮਾਮਲਾ ਜਲਦੀ ਨਿਬੇੜਿਆ ਜਾਵੇ। ਸੁਖਬੀਰ ਸਿੰਘ ਬਾਦਲ ਵਲੋਂ ਸ਼ਨਿਚਰਵਾਰ ਨੂੰ ਅਸਤੀਫ਼ਾ ਦੇਣ ਦਾ ਕੋਈ ਕਾਰਨ ਭਾਵੇਂ ਬਿਆਨ ਨਹੀਂ ਕੀਤਾ ਗਿਆ ਪਰ ਇਹ ਮੰਨਿਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਅਸਤੀਫ਼ਾ ਦੇ ਕੇ ਆਪਣਾ ਕੇਸ ਲੋਕਾਂ ਦੀ ਕਚਹਿਰੀ ਵਿਚ ਲਿਜਾਣਾ ਚਾਹੁੰਦੇ ਹਨ। ਸੋਮਵਾਰ ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਦੇ ਰੁਖ਼ ਤੋਂ ਵੀ ਝਲਕ ਰਿਹਾ ਹੈ ਕਿ ਪਾਰਟੀ ਲੀਡਰਸ਼ਿਪ ਇਸ ਮੁੱਦੇ ਨੂੰ ਲੈ ਕੇ ਹੇਠਲੇ ਪੱਧਰ ’ਤੇ ਅਕਾਲ ਤਖਤ ਸਾਹਿਬ ਵਿਰੁੱਧ ਲਾਮਬੰਦੀ ਵਿੱਢ ਸਕਦੀ ਹੈ। ਇਸ ਤੋਂ ਪਹਿਲਾਂ ਵੀ ਪਾਰਟੀ ਲੀਡਰਸ਼ਿਪ ਦੱਬਵੀਂ ਜ਼ਬਾਨ ਵਿਚ ਇਹ ਗੱਲ ਆਖਦੀ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਸੁਖਬੀਰ ਸਿੰਘ ਬਾਦਲ ਖਿਲਾਫ਼ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ। ਜੇ ਪਾਰਟੀ ਇਹ ਪੈਂਤੜਾ ਅਖ਼ਤਿਆਰ ਕਰਦੀ ਹੈ ਤਾਂ ਕੀ ਇਹ ਇਸ ਸਵਾਲ ’ਤੇ ਸਿਖ ਪੰਥ ਨਾਲ ਟਕਰਾਅ ਦਾ ਜੋਖ਼ਮ ਮੁੱਲ ਲਵੇਗੀ ?

ਸਭ ਕਾਸੇ ਦੇ ਬਾਵਜੂਦ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਚੁੱਕੀ ਹੈ ਅਤੇ ਪਾਰਟੀ ਲੀਡਰਸ਼ਿਪ ਅਜੇ ਵੀ ਉਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਕਰ ਕੇ ਇਹ ਨੌਬਤ ਬਣੀ ਹੈ ਤੇ ਅਕਾਲੀ ਦਲ ਆਪਣਾ ਸਿਆਸੀ ਵਾਜੂਦ ਗੁਆ ਬੈਠਾ ਹੈ। ਪੰਜਾਬ ਵਿਚ ਵਿਧਾਨ ਸਭਾ ਦੀਆਂ ਚਾਰ ਸੀਟਾਂ- ਡੇਰਾ ਬਾਬਾ ਨਾਨਕ, ਗਿੱਦੜਬਾਹਾ, ਬਰਨਾਲਾ ਤੇ ਚੱਬੇਵਾਲ ਦੀਆਂ ਜ਼ਿਮਨੀ ਚੋਣਾਂ ਹੋ ਰਹੀਆਂ ਹਨ। 1992 ਦੀਆਂ ਵਿਧਾਨ ਸਭਾ ਚੋਣਾਂ ਜਦੋਂ ਪੰਜਾਬ ਵਿਚ ਅਸ਼ਾਂਤੀ ਦਾ ਮਾਹੌਲ ਚੱਲ ਰਿਹਾ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂਆਂ ਅਤੇ ਉਮੀਦਵਾਰਾਂ ਦੀ ਹੱਤਿਆਵਾਂ ਹੋਣ ਕਰ ਕੇ ਇਸ ਨੂੰ ਚੋਣਾਂ ਦਾ ਬਾਈਕਾਟ ਕਰਨਾ ਪਿਆ ਸੀ। ਇਸ ਤੋਂ ਕਰੀਬ 32 ਸਾਲਾਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਵਾਰ ਕਿਸੇ ਚੋਣ ਵਿਚ ਹਿੱਸਾ ਨਾ ਲੈਣ ਦਾ ਫ਼ੈਸਲਾ ਕੀਤਾ ਹੈ। ਪਰ 1992 ਦੌਰਾਨ ਅਕਾਲੀ ਦਲ ਮਜ਼ਬੂਤ ਰਿਹਾ ਸੀ ਤੇ ਉਸਨੇ ਖਾੜਕੂਆਂ ਦੇ ਦਬਾਅ ਕਾਰਣ ਚੋਣਾਂ ਦਾ ਬਾਈਕਾਟ ਕੀਤਾ ਸੀ।

ਸ਼੍ਰੋਮਣੀ ਅਕਾਲੀ ਦਲ ਨੇ ਦਲੀਲ ਦਿੱਤੀ ਸੀ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਕਰ ਕੇ ਉਹ ਕੋਈ ਜਨਤਕ ਸਰਗਰਮੀ ਨਹੀਂ ਕਰ ਸਕਦੇ ਜਿਸ ਕਰ ਕੇ ਪਾਰਟੀ ‘ਜਰਨੈਲ’ ਬਾਝੋਂ ਚੋਣ ਮੈਦਾਨ ਵਿਚ ਉਤਰਨ ਦੇ ਅਸਮਰੱਥ ਹੈ। ਇਉਂ ਇਹ ਚੁਣਾਵੀ ਮੈਦਾਨ ਛੱਡ ਦਿੱਤਾ ਗਿਆ। ਆਮ ਰਾਏ ਇਹੀ ਬਣ ਰਹੀ ਸੀ ਕਿ ਅਕਾਲੀ ਦਲ ਨੂੰ ਇਉਂ ਮੈਦਾਨ ਛੱਡਣ ਦੀ ਥਾਂ ਆਪਣੀ ਹੋਂਦ ਜ਼ਾਹਿਰ ਕਰਨੀ ਚਾਹੀਦੀ ਸੀ। ਇੱਕ ਹੋਰ ਰਾਏ ਇਹ ਵੀ ਸੀ ਕਿ ਪਾਰਟੀ ਆਗੂਆਂ ਨੂੰ ਆਪਣੀ ਮਾੜੀ ਕਾਰਗੁਜ਼ਾਰੀ ਦੇ ਖ਼ੌਫ਼ ਨੇ ਵੀ ਚੋਣ ਮੈਦਾਨ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ। ਪਾਰਟੀ ਦੀ ਭਾਈਵਾਲ ਰਹੀ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਵਿਚ ਵੋਟ ਫ਼ੀਸਦ ਦੇ ਹਿਸਾਬ ਨਾਲ ਸੂਬੇ ਦੀ ਤੀਜੀ ਵੱਡੀ ਧਿਰ ਬਣ ਗਈ।

### ਕੀ ਕਰੇ ਸ੍ਰੋਮਣੀ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਜਾਂ ਇਸ ਤੋਂ ਵੱਖ ਹੋਏ ਧੜਿਆਂ ਸਾਹਮਣੇ ਹੁਣ ਟਾਲਾ ਵੱਟਣ ਦੀ ਗੁੰਜਾਇਸ਼ ਨਹੀਂ ਬਚੀ। ਜੇ ਇਨ੍ਹਾਂ ਨੇ ਪੰਜਾਬ ਵਿਚ ਆਪਣੀ ਗੁਆਈ ਸਿਆਸੀ ਜ਼ਮੀਨ ਮੁੜ ਪ੍ਰਾਪਤ ਕਰਨੀ ਹੈ ਅਤੇ ਪੰਥਕ ਹਲਕਿਆਂ ਵਿਚ ਆਪਣੀ ਸ਼ਾਨ ਬਹਾਲ ਕਰਨੀ ਹੈ ਤਾਂ ਇਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੇ ਫੈਸਲਿਆਂ ਅਗੇ ਸੀਸ ਨਿਵਾਉਣਾ ਪਵੇਗਾ। ਉਨ੍ਹਾਂ ਸਾਰੇ ਪੰਥਕ ਤੇ ਪੰਜਾਬ ਮੁੱਦਿਆਂ ਨੂੰ ਮੁਖਾਤਿਬ ਹੋਣਾ ਪਵੇਗਾ ਜਿਨ੍ਹਾਂ ਨੂੰ ਲੈ ਕੇ ਇਸ ਦੀ ਪਹੁੰਚ ਅਤੇ ਸਮੁੱਚੀ ਕਾਰਗੁਜ਼ਾਰੀ ’ਤੇ ਲਗਾਤਾਰ ਸਵਾਲ ਉੱਠਦੇ ਰਹੇ ਹਨ। ਇਸ ਨਾਲ ਜੁੜੇ ਮੁੱਦੇ ਐਨੇ ਗੰਭੀਰ ਹਨ ਕਿ ਇਨ੍ਹਾਂ ਨੂੰ ਨਿੱਠ ਕੇ ਚਰਚਾ ਕਰਨ ਲਈ ਹੀ ਲੰਮਾ ਸਮਾਂ ਲੱਗੇਗਾ ਅਤੇ ਇਨ੍ਹਾਂ ਉਪਰ ਦਰੁਸਤੀ ਕਦਮ ਪੁੱਟਣ ਦਾ ਰਾਹ ਹੋਰ ਵੀ ਲੰਮੇਰਾ ਹੋ ਸਕਦਾ ਹੈ ਪਰ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਪੰਥ, ਪੰਜਾਬ ਅਤੇ ਸਮੁੱਚੇ ਭਾਈਚਾਰੇ ਦੇ ਹਿੱਤਾਂ ਤੇ ਸਰੋਕਾਰਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਣਾ ਅਤੇ ਦ੍ਰਿੜਾਉਣਾ ਪਵੇਗਾ। ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਕਾਲੀ ਲੀਡਰਸ਼ਿਪ ਇਸ ਔਖੀ ਘੜੀ ਦਾ ਸਾਹਮਣਾ ਕਰਨ ਲਈ ਨਵੀਂ ਪਹੁੰਚ ਅਤੇ ਪਹਿਲ ਕਰਦੀ ਹੈ ਜਾਂ ਫਿਰ ਵੇਲਾ ਵਿਹਾਅ ਚੁੱਕੇ ਨੁਸਖਿਆਂ ’ਤੇ ਹੀ ਟੇਕ ਰੱਖ ਕੇ ਚਲਦੀ ਹੈ।



**MATRIMONIAL**

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼

ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

# ਲਾਸ ਵੇਗਾਸ ਵਿਚ ਝਗੜਾ ਨਿਪਟਾਉਣ ਗਏ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ ਇਕ ਮੌਤ



ਬਰੈਂਡਨ ਦਰਹਮ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਲਾਸ ਵੇਗਾਸ (ਨੇਵਾਡਾ) ਵਿਚ ਇਕ ਘਰ ਵਿਚ ਹੋਏ ਝਗੜੇ ਨੂੰ ਨਿਪਟਾਉਣ ਗਏ ਇਕ ਪੁਲਿਸ ਅਫਸਰ ਦੁਆਰਾ ਚਲਾਈ ਗੋਲੀ ਨਾਲ ਘਰ ਦੇ ਮਾਲਕ ਦੀ ਮੌਤ ਹੋ ਜਾਣ ਦੀ ਖਬਰ ਹੈ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 43 ਸਾਲਾ ਬਰੈਂਡਨ ਦਰਹਮ ਨਾਮੀ ਵਿਅਕਤੀ ਨੇ ਪੁਲਿਸ ਨੂੰ ਫੋਨ ਕਰਕੇ ਦਸਿਆ ਸੀ ਕਿ ਉਸ ਦੇ ਘਰ ਉਪਰ ਹਮਲਾ ਹੋ ਗਿਆ ਹੈ। ਅਸਿਸਟੈਂਟ ਸ਼ੈਰਿਫ ਡੋਰੀ ਕੋਰੇਨ ਨੇ ਕਿਹਾ ਹੈ ਕਿ ਜਿਸ ਸਮੇ ਬਹੁਤ ਸਾਰੇ ਲੋਕ ਮੋਹਰਲੇ ਤੇ ਪਿਛਲੇ ਦਰਵਾਜ਼ੇ ਰਾਹੀਂ ਘਰ ਵਿਚ ਦਾਖਲ ਹੋਏ ਤਾਂ ਉਸ ਵੇਲੇ ਦਰਮਹ ਤੇ ਉਸ ਦੀ 15 ਸਾਲਾ ਧੀ ਘਰ ਵਿਚ ਮੌਜੂਦ ਸਨ। ਅਲੈਗਜੈਂਡਰ ਬੁਕਮੈਨ ਪਹਿਲਾ ਪੁਲਿਸ ਅਫਸਰ ਸੀ ਜੋ ਘਰ ਵਿਚ ਦਾਖਲ ਹੋਇਆ। ਕੋਰੇਨ ਅਨੁਸਾਰ ਉਸ ਨੇ ਵੇਖਿਆ ਕਿ ਦਰਹਮ ਤੇ ਇਕ ਔਰਤ ਇਕ ਚਾਕੂ ਖੋਹਣ ਲਈ ਇਕ ਦੂਸਰੇ ਨਾਲ ਗੁਥਮਗੁੱਥਾ ਹੋ ਰਹੇ ਹਨ। ਬੁੱਕਮੈਨ ਨੇ ਲੜ ਰਹੇ ਜੋੜੇ ਨੂੰ ਚਾਕੂ ਸੁੱਟਣ ਲਈ ਕਿਹਾ। ਉਪਰੰਤ ਉਸ ਨੇ ਗੋਲੀ ਚਲਾ ਦਿੱਤੀ ਜੋ ਦਰਹਮ ਦੇ ਵੱਜੀ। ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਕੋਰੇਨ ਅਨੁਸਾਰ ਪੁਲਿਸ ਅਫਸਰ ਨੇ ਕੁਲ 6 ਗੋਲੀਆਂ ਚਲਾਈਆਂ। ਬਾਅਦ ਵਿਚ ਉਸ ਨੇ ਔਰਤ ਅਲੈਜੰਡਰਾ ਬੌਡਰੀਔਕਸ (31) ਨੂੰ ਹਿਰਾਸਤ ਵਿਚ ਲੈ ਲਿਆ। ਸਹਾਇਕ ਸ਼ੈਰਿਫ ਨੇ ਹੋਰ ਕਿਹਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85

# ਬ੍ਰਿਟਿਸ਼ ਕੋਲੰਬੀਆ ਵਿਚ ਐਨਡੀਪੀ ਸਰਕਾਰ ਵਿਚ ਚਾਰ ਪੰਜਾਬੀ ਬਣੇ ਮੰਤਰੀ



ਜਲੰਧਰ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ’ਚ ਪਿਛਲੇ ਦਿਨੀਂ ਹੋਈਆ ਸੂਬਾਈ ਚੋਣਾਂ ਦੌਰਾਨ ਜਿੱਤ ਦਰਜ ਕਰਨ ਵਾਲੀ ਐੱਨਡੀਪੀ ਪਾਰਟੀ ਦੀ ਸਰਕਾਰ ’ਚ ਪੰਜਾਬੀ ਭਾਈਚਾਰਾ ਵੀ ਹਿੱਸੇਦਾਰ ਹੋਵੇਗਾ। ਬ੍ਰਿਟਿਸ਼ ਕੋਲੰਬੀਆਂ ਦੇ ਨਵੇਂ ਬਣੇ ਪ੍ਰੀਮੀਅਰ ਡੇਵਿਡ ਈਬੀ ਨੇ ਆਪਣੀ ਕੈਬਨਿਟ ’ਚ ਡਿਪਟੀ ਪ੍ਰੀਮੀਅਰ ਸਮੇਤ ਚਾਰ ਪੰਜਾਬੀਆ ਨੂੰ ਮੰਤਰੀ ਬਣਾਇਆ ਹੈ। ਸਰਕਾਰ ’ਚ ਜਿਨ੍ਹਾਂ ਪੰਜਾਬੀਆਂ ਨੂੰ ਥਾਂ ਦਿੱਤੀ ਗਈ ਹੈ ਉਨ੍ਹਾਂ ਵਿਚ ਨਿੱਕੀ ਸ਼ਰਮਾ ਨੂੰ ਅਟਾਰਨੀ ਜਨਰਲ ਤੇ ਡਿਪਟੀ ਪ੍ਰੀਮੀਅਰ ਦਾ ਅਹੁਦਾ ਦਿੱਤਾ ਗਿਆ ਹੈ ਜਦਕਿ ਰਵੀ ਸਿੰਘ ਪਰਮਾਰ ਨੂੰ ਜੰਗਲਾਤ ਮੰਤਰੀ, ਰਵੀ ਕਾਹਲੋਂ ਨੂੰ ਹਾਊਸਿੰਗ ਤੇ ਮਿਊਨਸੀਪਲ ਮਾਮਲੇ ਮੰਤਰੀ ਤੇ ਜਗਰੂਪ ਬਰਾੜ ਨੂੰ ਮਾਈਨਿੰਗ ਤੇ ਖਣਿਜ ਮੰਤਰੀ ਬਣਾਇਆ ਗਿਆ ਹੈ।

ਡਿਪਟੀ ਪ੍ਰੀਮੀਅਰ ਨਿੱਕੀ ਸ਼ਰਮਾ ਨੇ ਵੈਨਕੂਵਰ-ਹੈਸਟਿੰਗਜ਼ ਹਲਕੇ ਤੋਂ ਲਗਾਤਾਰ ਦੂਜੀ ਵਾਰ ਜਿੱਤ ਦਰਜ ਕੀਤੀ ਹੈ। ਪਿਛਲੀ ਈਬੀ ਸਰਕਾਰ ’ਚ ਉਨ੍ਹਾਂ ਨੂੰ ਅਟਾਰਨੀ ਜਨਰਲ ਬਣਾਇਆ ਗਿਆ ਸੀ। ਹਾਊਸਿੰਗ ਤੇ ਮਿਊਂਸਪਲ ਮਾਮਲੇ ਮੰਤਰੀ ਰਵੀ ਕਾਹਲੋਂ ਨਾਰਥ ਡੈਲਟਾ ਤੋਂ ਮੁੜ ਚੋਣ ਜਿੱਤੇ ਹਨ। ਇਸ ਤੋਂ ਪਹਿਲਾਂ 2017 ’ਚ ਉਹ ਵਿਧਾਇਕ ਤੇ 2020 ’ਚ ਬਣੀ ਪਿਛਲੀ ਐੱਨਡੀਪੀ ਸਰਕਾਰ ’ਚ ਵੀ ਕੈਬਨਿਟ ਮੰਤਰੀ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਜੰਗਲਾਤ ਮੰਤਰੀ ਰਵੀ ਸਿੰਘ ਪਰਮਾਰ ਲੈਂਗਫੋਰਡ-ਜੁਆਨ ਡੀ ਫੂਕਾ ਹਲਕੇ ਤੋਂ ਦੂਜੀ ਵਾਰ ਵਿਧਾਇਕ ਬਣੇ ਹਨ। ਪਿਛਲੇ ਸਾਲ ਉਨ੍ਹਾਂ ਨੇ ਇਸ ਹਲਕੇ ਤੋਂ ਜ਼ਿਮਨੀ ਚੋਣ ਜਿੱਤੀ ਸੀ। ਪਰਮਾਰ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਘੱਟ ਉਮਰ ਦੇ ਵਿਧਾਇਕ ਹੋਣ ਦਾ ਵੀ ਮਾਣ ਪ੍ਰਾਪਤ ਹੈ।

ਮਾਈਨਿੰਗ ਤੇ ਖਣਿਜ ਮੰਤਰੀ ਜਗਰੂਪ ਬਰਾੜ ਨੇ ਸਰੀ-ਫਲੀਟਵੁੱਡ ਹਲਕੇ ਤੋਂ ਚੋਣ ਜਿੱਤੀ ਹੈ। ਉਹ ਪਹਿਲੀ ਵਾਰ 2004 ’ਚ ਵਿਧਾਇਕ ਬਣੇ ਸਨ ਤੇ ਇਸ ਵਾਰ ਉਹ ਛੇਵੀਂ ਵਾਰ ਵਿਧਾਇਕ ਚੁਣੇ ਗਏ ਹਨ। ਇਨ੍ਹਾਂ ਚਾਰ ਪੰਜਾਬੀ ਮੰਤਰੀਆ ਸਮੇਤ ਨਵੀਂ ਕੈਬਨਿਟ ’ਚ 23 ਮੰਤਰੀ ਤੇ 4 ਮਨਿਸਟਰ ਆਫ ਸਟੇਟ ਸ਼ਾਮਲ ਹਨ। ਇਸ ਤੋਂ ਇਲਾਵਾ ਕੈਬਨਿਟ ਮੰਤਰੀਆਂ ਦੇ ਕੰਮ ’ਚ ਸਹਾਇਤਾ ਲਈ 14 ਪਾਰਲੀਮਾਨੀ ਸਕੱਤਰ ਬਣਾਏ ਗਏ ਹਨ। ਪਾਰਲੀਮਾਨੀ ਸਕੱਤਰਾਂ ’ਚ ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਪਾਰਲੀਮਾਨੀ ਸਕੱਤਰ ਜੈਸੀ ਸੁੰਨੜ, ਖੇਤੀਬਾੜੀ ਲਈ ਪਾਰਲੀਮਾਨੀ ਸਕੱਤਰ ਹਰਵਿੰਦਰ ਸੰਧੂ, ਅੰਤਰਰਾਸ਼ਟਰੀ ਕ੍ਰਿਡੈਂਸ਼ੀਅਲ ਲਈ ਪਾਰਲੀਮਾਨੀ ਸਕੱਤਰ ਸੁਨੀਤਾ ਧੀਰ ਸ਼ਾਮਲ ਹਨ।

## ਐੱਨਡੀਪੀ ਦੀ ਕਾਕਸ ਐਗਜ਼ੈਕਟਿਵ ’ਚ ਪੰਜਾਬੀ ਸ਼ਾਮਲ

ਪ੍ਰੀਮੀਅਰ ਡੇਵਿਡ ਈਬੀ ਵੱਲੋਂ ਆਪਣੀ ਸਰਕਾਰ ਦੀ ਬਣਾਈ ਨਵੀਂ ਕਾਕਸ ਐਗਜ਼ੈਕਟਿਵ ’ਚ ਵੀ ਪੰਜਾਬੀਆ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ’ਚ ਡਿਪਟੀ ਪ੍ਰੀਮੀਅਰ ਨਿਕੀ ਸ਼ਰਮਾ, ਡਿਪਟੀ ਗਵਰਨਮੈਂਟ ਹਾਊਸ ਲੀਡਰ ਰਵੀ ਪਰਮਾਰ, ਡਿਪਟੀ ਕਾਕਸ ਚੇਅਰ ਰੋਹਿਨੀ ਅਰੋੜਾ, ਡਿਪਟੀ ਕਾਕਸ ਚੇਅਰ ਰੋਹਿਨੀ ਅਰੋੜਾ ਸ਼ਾਮਲ ਹਨ। ਇਸ ਤੋਂ ਇਲਾਵਾ ਕਾਕਸ ਇਕਜ਼ੈਕਟਿਵ ਦੇ ਨਾਲ ਰਾਜ ਚੌਹਾਨ (ਬਰਨਾਬੀ-ਨਿਊ ਵੈਸਟਮਿਨਸਟਰ) ਨੂੰ ਹਾਊਸ ਦੇ ਸਪੀਕਰ ਲਈ ਦੁਬਾਰਾ ਨਾਮਜ਼ਦ ਕੀਤਾ ਗਿਆ।


# ਸੀਨੀਅਰ ਅਕਾਲੀ ਲੀਡਰ ਅਨਿਲ ਜੋਸ਼ੀ ਨੇ ਛੱਡਿਆ ਅਕਾਲੀ ਦਲ

ਚੰਡੀਗੜ੍ਹ : ਅਕਾਲੀ ਦਲ ਦੀਆਂ ਮੁਸੀਬਤਾਂ ਖ਼ਤਮ ਹੋਣ ਦੀ ਥਾਂ ਵਧਦੀਆਂ ਹੀ ਜਾ ਰਹੀਆਂ ਹਨ। ਪਹਿਲਾਂ ਸੁਖਬੀਰ ਬਾਦਲ ਅਤੇ ਐਨ ਕੇ ਸ਼ਰਮਾ ਅਤੇ ਹੁਣ ਅਨਿਲ ਜੋਸ਼ੀ ਨੇ ਵੀ ਅਕਾਲੀ ਦਲ ਤੋ ਅਸਤੀਫ਼ਾ ਦੇ ਦਿੱਤਾ ਹੈ। ਅਨਿਲ ਜੋਸ਼ੀ ਕਾਫੀ ਸਮਾਂ ਪਹਿਲਾਂ ਭਾਜਪਾ ਨੂੰ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ। ਦਰਅਸਲ ਸਾਬਕਾ ਮੰਤਰੀ ਅਨਿਲ ਜੋਸ਼ੀ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਹੈ ।

**CHANGE OF NAME**

WE, ASHOK KUMAR S/O KAHAN CHAND AND RAJVINDER KAUR W/O ASHOK KUMAR WHOSE PERMANENT ADDRESS IN INDIA IS VPO HARI PUR KHALSA, TEH PHILLAUR, DISTT JALANDHAR, PUNJAB 144410 AND NOW LIVING AT 41 HAYES STREET, WEST BROMWICH, B70 9NF, UK HEREBY GIVE NOTICE OF OUR INTENTION TO CHANGE OUR DAUGHTER KASHVI'S NAME TO KASHVI (GIVEN NAME) KALER (SURNAME). (U/I)

ਸਿਹਤ ਤੇ ਸੁੰਦਰਤਾ



# ਭਿੱਜੇ ਹੋਏ ਬਦਾਮ ਖਾਓ ਸਿਹਤਮੰਦ ਰਹੋ

ਭਿੱਜੇ ਹੋਏ ਬਦਾਮ ਖਾਣ ਨਾਲ ਸਾਡੀ ਸਿਹਤ ਨੂੰ ਅਣਗਿਣਤ ਫ਼ਾਇਦੇ ਹੁੰਦੇ ਹਨ। ਹਰ ਰੋਜ਼ ਸਵੇਰੇ ਖਾਲੀ ਪੇਟ ਇੱਕ ਮੁੱਠੀ ਭਿੱਜੇ ਹੋਏ ਬਦਾਮ ਖਾਓ, ਜਿਸ ਨਾਲ ਤੁਸੀਂ ਸਾਰੀ ਉਮਰ ਤੰਦਰੁਸਤ ਰਹੋਗੇ। ਬਾਦਾਮ ਵਿੱਚ ਪ੍ਰੋਟੀਨ, ਫਾਈਬਰ, ਵਿਟਾਮਿਨ ਈ, ਮੈਗਨੀਸ਼ੀਅਮ ਤੇ ਐਂਟੀਆਕਸੀਡੈਂਟ ਵਰਗੇ ਤੱਤ ਪਾਏ ਜਾਂਦੇ ਹਨ ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ। ਇਸ ਦੇ ਨਾਲ ਹੀ ਇਹ ਚਮੜੀ ਨੂੰ ਚਮਕਦਾਰ ਬਣਾਉਂਦਾ ਹੈ ਅਤੇ ਯਾਦ ਸ਼ਕਤੀ ਨੂੰ ਵੀ ਵਧਾਉਂਦਾ ਹੈ। ਭਿੱਜੇ ਹੋਏ ਬਦਾਮ ਪੇਟ ਲਈ ਵੀ ਫ਼ਾਇਦੇਮੰਦ ਹੁੰਦੇ ਹਨ। ਕਿਉਂਕਿ ਇਨ੍ਹਾਂ ’ਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਬਿਹਤਰ ਬਣਾਉਂਦਾ ਹੈ। ਰੋਜ਼ਾਨਾ ਭਿੱਜੇ ਹੋਏ ਬਦਾਮ ਖਾਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ। ਹੱਡੀਆਂ ਵੀ ਮਜ਼ਬੂਤ ਹੋ ਜਾਂਦੀਆਂ ਹਨ।

ਅਜਿਹੇ ਵਿਚ ਹਰ ਕਿਸੇ ਨੂੰ ਹਰ ਰੋਜ਼ ਆਪਣੀ ਡਾਈਟ ’ਚ ਇਕ ਮੁੱਠੀ ਭਿੱਜੇ ਹੋਏ ਬਦਾਮ ਜ਼ਰੂਰ ਸ਼ਾਮਲ ਕਰਨੇ ਚਾਹੀਦੇ ਹਨ। ਇਸ ਨਾਲ ਤੁਸੀਂ ਆਪਣੀ ਸਿਹਤ ’ਚ ਸ਼ਾਨਦਾਰ ਸੁਧਾਰ ਦੇਖ ਸਕਦੇ ਹੋ। ਅੱਜ ਅਸੀਂ ਤੁਹਾਨੂੰ ਭਿੱਜੇ ਹੋਏ ਬਦਾਮ ਖਾਣ ਦੇ ਫ਼ਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ, ਤਾਂ ਆਓ ਜਾਣਦੇ ਹਾਂ।

## ਬਲੱਡ ਸ਼ੂਗਰ ਲੈਵਲ ਰਹੇ ਕੰਟਰੋਲ

ਸ਼ੂਗਰ ਦੇ ਰੋਗੀਆਂ ਲਈ ਬਦਾਮ ਖਾਣਾ ਬਹੁਤ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ। ਇਸ ਨਾਲ ਬਲੱਡ ਸ਼ੂਗਰ ਲੈਵਲ ਕੰਟਰੋਲ ’ਚ ਰਹਿੰਦਾ ਹੈ। ਬਦਾਮ ਵਿੱਚ ਘੱਟ ਗਲਾਈਸੈਮਿਕ ਇੰਡੈਕਸ ਹੁੰਦਾ ਹੈ ਤੇ ਇਸ ਵਿੱਚ ਫਾਈਬਰ ਵੀ ਹੁੰਦਾ ਹੈ ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਬਹੁਤ ਮਦਦ ਕਰਦਾ ਹੈ। ਇਸ ਲਈ ਭਿੱਜੇ ਹੋਏ ਬਦਾਮ ਨੂੰ ਸਵੇਰੇ ਖਾਣਾ ਚਾਹੀਦਾ ਹੈ।



## ਪਾਚਨ ’ਚ ਸੁਧਾਰ

ਭਿੱਜੇ ਹੋਏ ਬਦਾਮ ਨੂੰ ਨਿਯਮਿਤ ਤੌਰ ’ਤੇ ਖਾਣ ਨਾਲ ਪਾਚਨ ਕਿਰਿਆ ਠੀਕ ਹੁੰਦੀ ਹੈ। ਇਸ ਨੂੰ ਖਾਣ ਨਾਲ ਪੇਟ ਚੰਗੀ ਤਰ੍ਹਾਂ ਸਾਫ ਹੁੰਦਾ ਹੈ। ਨਾਲ ਹੀ ਪੇਟ ਫੁੱਲਣਾ, ਗੈਸ ਅਤੇ ਪੇਟ ਵਿੱਚ ਦਰਦ, ਬਦਹਜ਼ਮੀ ਵਰਗੇ ਖ਼ਤਰਿਆਂ ਤੋਂ ਬਚਿਆ ਜਾ ਸਕਦਾ ਹੈ।

## ਭਾਰ ਵਧਣ ਨੂੰ ਰੋਕਦਾ

ਬਦਾਮ ਵਿੱਚ ਬਹੁਤ ਸਾਰਾ ਫਾਈਬਰ ਹੁੰਦਾ ਹੈ ਜੋ ਸਿਹਤ ਲਈ ਫ਼ਾਇਦੇਮੰਦ ਹੁੰਦਾ ਹੈ। ਫਾਈਬਰ ਤੁਹਾਡੇ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ, ਇਸ ਤਰ੍ਹਾਂ ਤੁਹਾਨੂੰ ਵਾਰ-ਵਾਰ ਭੁੱਖ ਲੱਗਣ ਤੋਂ ਰੋਕਦਾ ਹੈ। ਜ਼ਿਆਦਾ ਖਾਣ ਪੀਣ ਤੋਂ ਵੀ ਬਚਿਆ ਜਾ ਸਕਦਾ ਹੈ। ਪਾਣੀ ’ਚ ਭਿੱਜਣ ਨਾਲ ਇਹ ਨਰਮ ਹੋ ਜਾਂਦੇ ਹਨ, ਜਿਸ ਨਾਲ ਇਨ੍ਹਾਂ ਨੂੰ ਖਾਣਾ ਆਸਾਨ ਹੋ ਜਾਂਦਾ ਹੈ। ਇਸ ਕਾਰਨ ਇਹ ਆਸਾਨੀ ਨਾਲ ਪਚ ਜਾਂਦੇ ਹਨ।

## ਖੂਬਸੂਰਤ ਬਣਾਉਣ ਵਿਚ ਮਦਦਗਾਰ

ਬਦਾਮ ਵਿੱਚ ਐਂਟੀਆਕਸੀਡੈਂਟ ਹੁੰਦੇ ਹਨ ਜੋ ਚਮੜੀ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਹ ਫ੍ਰੀ ਰੈਡੀਕਲ ਡੈਮੇਜ ਨੂੰ ਘੱਟ ਕਰਦੇ ਹਨ, ਜਿਸ ਨਾਲ ਝੁਰੜੀਆਂ ਅਤੇ ਫਾਈਨ ਲਾਈਨਾਂ ਦੀ ਸਮੱਸਿਆ ਘੱਟ ਹੁੰਦੀ ਹੈ। ਇਸ ਤੋਂ ਇਲਾਵਾ ਭਿੱਜੇ ਹੋਏ ਬਦਾਮ ਖਾਣ ਨਾਲ ਵੀ ਵਾਲਾਂ ਨੂੰ ਪੋਸ਼ਣ ਮਿਲਦਾ ਹੈ। ਕਿਉਂਕਿ ਇਨ੍ਹਾਂ ’ਚ ਬਾਇਓਟਿਨ ਹੁੰਦਾ ਹੈ ਜੋ ਵਾਲਾਂ ਨੂੰ ਸਿਹਤਮੰਦ ਰੱਖਣ ਵਿਚ ਮਦਦ ਕਰਦਾ ਹੈ।

## ਦਿਮਾਗ ਨੂੰ ਰੱਖੇ ਸਿਹਤਮੰਦ

ਭਿੱਜੇ ਹੋਏ ਬਦਾਮ ਖਾਣ ਦੇ ਅਣਗਿਣਤ ਫ਼ਾਇਦੇ ਹਨ। ਬਦਾਮ ਖਾਣਾ ਤੁਹਾਡੇ ਪੂਰੇ ਸਰੀਰ ਦੀ ਸਿਹਤ ਲਈ ਕਾਰਗਰ ਹੈ। ਬਦਾਮ ਵਿੱਚ ਮੌਜੂਦ ਵਿਟਾਮਿਨ ਈ ਮਾਨਸਿਕ ਸਿਹਤ ਨੂੰ ਸਿਹਤਮੰਦ ਰੱਖਦਾ ਹੈ। ਤੁਹਾਡੀ ਯਾਦ ਸ਼ਕਤੀ ਵੀ ਮਜ਼ਬੂਤ ਹੁੰਦੀ ਹੈ।


# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰ ਤਿਆਰ

TO BUY OR PRINT YOUR OWN NEW YEAR’S CALANDERS

PLEASE CONTACT US ON 01332-372 851

ਦਸੰਬਰ ਦੇ ਅਖੀਰ ਕ੍ਰਿਸਮਿਸ ਦੀਆਂ ਛੁੱਟੀਆਂ ਲਈ ਦੋ ਹਫਤੇ ਪੰਜਾਬ ਟਾਈਮਜ਼ ਦਾ ਦਫ਼ਤਰ ਬੰਦ ਹੋਣ ਕਾਰਨ

10 ਦਸੰਬਰ ਤੋਂ ਬਾਅਦ ਕੋਈ ਨਵੇਂ ਆਰਡਰ ਨਹੀਂ ਲਏ ਜਾਣਗੇ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2025 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :– ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What’s App Contact: 07966 388 388



Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ–ਵੱਖ ਸਾਈਜ਼ਾਂ ‘ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ ‘ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

ਧੰਨ ਸ੍ਰੀ ਗੁਰੂ ਰਵਿਦਾਸ ਜੀ



ੴ ਸਤਿਗੁਰ ਪ੍ਰਸਾਦਿ॥




ਧੰਨ ਸ੍ਰੀ ਗੁਰੂ ਰਵਿਦਾਸ ਜੀ

# ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਦੀ ਨਵੀਂ ਪ੍ਰਬੰਧਕ ਕਮੇਟੀ ਸਰਬ-ਸੰਮਤੀ ਨਾਲ ਚੁਣੀ ਗਈ

ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਦੀ ਨਵੀਂ ਪ੍ਰਬੰਧਕ ਕਮੇਟੀ ਬੀਤੇ ਦਿਨੀਂ ਟਰੱਸਟੀ ਸਾਹਿਬਾਨ ਦੁਆਰਾ ਸੰਗਤਾਂ ਦੇ ਸਹਿਯੋਗ ਨਾਲ ਸਰਬ ਸੰਮਤੀ ਨਾਲ ਚੁਣੀ ਗਈ ਹੈ। ਜਿਸ ਲਈ ਅਸੀਂ ਸਮੂਹ ਕਮੇਟੀ ਮੈਂਬਰ ਸਾਰੇ ਟਰੱਸਟੀ ਸਾਹਿਬਾਨ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਦੀ ਸਮੂਹ ਸੰਗਤ ਦੇ ਅਤੀ ਧੰਨਵਾਦੀ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸੰਗਤਾਂ ਅੱਗੇ ਤੋਂ ਵੀ ਪਹਿਲਾਂ ਵਾਂਗ ਪ੍ਰਬੰਧਕ ਕਮੇਟੀ ਨੂੰ ਆਪਣਾ ਸਹਿਯੋਗ ਦਿੰਦੀਆਂ ਰਹਿਣਗੀਆਂ ਤਾਂ ਜੋ ਗੁਰੂ ਘਰ ਦੀ ਸੇਵਾ ਪਿਆਰ ਤੇ ਸਤਿਕਾਰ ਨਾਲ ਜਾਰੀ ਰਹੇ।



## = ਚੁਣੀ ਗਈ ਨਵੀਂ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ =

| | | | |
|---|---|---|---|
| **ਪ੍ਰਧਾਨ**<br>ਆਤਮਾ ਰਾਮ ਢਾਂਡਾ | **ਜਨਰਲ ਸੈਕਟਰੀ**<br>ਸ਼ਿਵ ਰੱਤੂ | **ਖ਼ਜ਼ਾਨਚੀ**<br>ਊਸ਼ਾ ਗੰਗੜ | **ਕਲਚਰਲ ਸੈਕਟਰੀ**<br>ਮੋਹਨ ਲਾਲ ਹੌਲੈਂਡ |
| **ਮੀਤ ਪ੍ਰਧਾਨ**<br>ਦਰਸ਼ਨ ਸਿੰਘ ਨਾਗੀ | **ਅਸਿਟੈਂਟ ਸੈਕਟਰੀ**<br>ਵਰਿੰਦਰ ਚੰਦਰ | **ਸਹਾਇਕ ਖ਼ਜ਼ਾਨਚੀ**<br>ਸੁਰਿੰਦਰ ਸਿੰਘ ਬੰਗੜ | **ਲਾਇਬ੍ਰੇਰੀਅਨ**<br>ਸੁਰਜੀਤ ਸਿੰਘ ਕੌਲ |
| **ਕਮੇਟੀ ਮੈਂਬਰ:**<br>ਤਰਸੇਮ ਕੌਰ ਗੁਰੂ<br>ਹਰਦੇਵ ਕੌਰ ਪੁਆਰ | ਮਨਜੀਤ ਭੰਗੂ<br>ਵਿੱਦਿਆਵਤੀ ਮੱਲ੍ਹਣ<br>ਓਮ ਪ੍ਰਕਾਸ਼ ਸਰੋਇਆ<br>ਚਮਨ ਲਾਲ ਬੱਧਣ | ਦੁਰਯੋਧਨ ਖੁਤਣ<br>ਰਾਜ ਕੁਮਾਰ ਸੁੰਡ<br>ਅਮਰੀਸ਼ ਕੁਮਾਰ ਝੱਲੀ<br>ਸੰਦੀਪ ਸਿੰਘ ਲੋਈ | ਬਲਬੀਰ ਸਿੰਘ ਭਾਟੀਆ<br>ਗੁਰਦਿਆਲ ਮੈਹਮੀ<br>ਹਰਮੇਸ਼ ਗੰਗੜ |

| | | | | |
|---|---|---|---|---|
| ਟਰੱਸਟੀ ਚੇਅਰਮੈਨ<br>ਚੁੰਨੀ ਲਾਲ ਚੈਂਬਰ | ਟਰੱਸਟੀ<br>ਹਰਬੰਸ ਵਿਰਦੀ | ਟਰੱਸਟੀ<br>ਰਾਮ ਲਾਲ ਬਾਘਾ | ਟਰੱਸਟੀ<br>ਜੋਗਿੰਦਰ ਬਾਘਾ | ਟਰੱਸਟੀ<br>ਸ਼ਿੰਗਾਰਾ ਸਿੰਘ ਜੱਸਲ |

## ਸੰਗਤਾਂ ਦੇ ਸੇਵਾਦਾਰ – ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ

**ਜਾਰੀ ਕਰਤਾ:–** President: Atma Ram Dhanda, Vice President: Mr Darsham Singh Nagi, Gen.Sect.: Mr. Shiv Rattu

## SHRI GURU RAVIDASS SABHA (REGD) SOUTHALL

282 WESTERN ROAD, SOUTHALL, MIDDX, UB2 5JT. Tel: 020 8574 8967 / 020 8574 0528 www.sgrss.org

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਦਾਰਸ਼ਨਿਕ ਆਧਾਰ

ਮਨਮੋਹਨ

• • •



ਗੁਰੂ ਤੇਗ਼ ਬਹਾਦਰ ਜੀ ਨੇ 11 ਨਵੰਬਰ 1675 ਵਿਚ ਧਰਮ ਦੀ ਰੱਖਿਆ ਹੇਠ ਸ਼ਹਾਦਤ ਦਿੱਤੀ। ਇਹ ਕੋਈ ਸਾਧਾਰਨ ਘਟਨਾ ਨਹੀਂ ਸੀ। ਸੰਸਾਰ ਦੇ ਇਤਿਹਾਸ ਵਿਚ ਅਜਿਹੀ ਅਦੁੱਤੀ ਸ਼ਹਾਦਤ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਗਿਆ। ਦਸਮ ਗ੍ਰੰਥ 'ਚ 'ਬਚਿੱਤਰ ਨਾਟਕ' 'ਚ ਆਤਮ ਕਥਾ ਭਾਗ ਦੇ 'ਪਾਤਸਾਹੀ ਬਰਨਨੰ' ਨਾਮੀ ਪੰਚਮ ਅਧਿਆਇ ਦੀਆਂ ਅੰਤਿਮ 13 ਪੰਕਤੀਆਂ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਵਰਨਣ ਕੀਤਾ ਗਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸ ਦੀਯਾ ਪਰ ਸੀ ਨ ਉਚਰੀ ॥੧੩॥
ਧਰਮ ਹੇਠ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰੁਰ ਨਾ ਦੀਯਾ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਇਸ ਸ਼ਹਾਦਤ ਦਾ ਕਾਰਨ ਗੁਰੂ ਤੇਗ਼ ਬਹਾਦਰ ਵੱਲੋਂ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਸੁਤੰਤਰਤਾ ਦੀ ਰੱਖਿਆ ਵਾਸਤੇ ਪ੍ਰਾਣ ਦੇਣ ਹਿੱਤ ਦਿੱਤਾ ਵਿਸ਼ਵਾਸ ਸੀ। ਇਸੇ ਲਈ ਸ਼ਹਾਦਤ ਨਾਲ ਤਿਲਕ ਜਨੇਊ ਪਹਿਨਣ ਦੀ ਆਜ਼ਾਦੀ ਦਾ ਵਰਨਣ ਹੈ। ਇਹ ਗਾਥਾ ਸੀਮਤ ਸਮੇਂ ਵਿਚ ਨਹੀਂ ਸਗੋਂ ਕਲਿ ਰੂਪ 'ਚ ਇਕ ਪੂਰੇ ਜੁਗ ਵਿਚ ਸ਼ਹਾਦਤ ਦੀ ਉੱਤਮ ਗਾਥਾ ਹੈ। ਹਰ ਵਿਅਕਤੀ ਦੇ ਧਾਰਮਿਕ ਵਿਸ਼ਵਾਸਾਂ ਅਤੇ ਅਕੀਦਿਆਂ ਦੀ ਆਜ਼ਾਦੀ ਦਾ ਵਿਧਾਨ ਸਿਰਜਿਆ ਗਿਆ ਹੈ। ਮਾਨਵੀ ਇਤਿਹਾਸ ਵਿਚ ਉਸ ਵਿਧਾਨ ਦੀ ਰੱਖਿਆ ਨੌਵੇਂ ਗੁਰੂ ਨੇ ਕੀਤੀ ਹੈ। ਇਸ ਸ਼ਹਾਦਤ ਵਿਚ ਕਿਸੇ ਵਿਸ਼ੇਸ਼ ਫ਼ਿਰਕੇ ਦੇ ਧਾਰਮਿਕ ਚਿੰਨ੍ਹਾਂ ਦੀ ਰੱਖਿਆ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਸੁਤੰਤਰ ਧਾਰਮਿਕ ਵਿਸ਼ਵਾਸਾਂ ਦੀ ਪ੍ਰਤੀਪਾਲਨਾ ਅਤੇ ਰੱਖਿਆ ਹੈ। ਇਸ ਲਾਸਾਨੀ ਸ਼ਹਾਦਤ ਦੇ ਘਟਨਾਕ੍ਰਮ ਦਾ ਵਰਨਣ 'ਬਚਿੱਤਰ ਨਾਟਕ' 'ਚ ਅੱਗੇ ਇੰਞ ਹੈ:

ਠੀਕਰ ਫੋਰਿ ਦਿਲੀਸ ਸਿਰਿ
ਪ੍ਰਭ ਪੁਰਿ ਕੀਯਾ ਪਯਾਨ।
ਤੇਗ ਬਹਾਦੁਰ ਸੀ ਕ੍ਰਿਆ
ਕਰੀ ਨ ਕਿਨਹੂੰ ਆਨਿ ॥੧੫॥
ਤੇਗ ਬਹਾਦੁਰ ਕੇ ਚਲਤ
ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕਿ ॥੧੬॥

'ਬਚਿੱਤਰ ਨਾਟਕ' ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਲਈ ਸਿਰ ਤਾਂ ਦਿੱਤਾ ਪਰ ਸਿਦਕ ਨਹੀਂ ਛੱਡਿਆ। ਉਨ੍ਹਾਂ ਦਾ ਸਿਰਰੁ ਪੱਕਾ ਸੀ। 'ਸਿਰਰੁ' ਅਤੇ 'ਸਿਰੜ' 'ਚ ਵੀ ਚਿਹਨਕੀ ਅੰਤਰ ਹੈ। ਸਿਰਰੁ (ਕਲਬ, ਰੂਹ, ਸਿਰਰੁ ਅਤੇ ਖ਼ਫ਼ੀ) ਸੂਫ਼ੀਆਂ ਦੀ ਉਹ ਅਧਿਆਤਮਕ ਅਵਸਥਾ ਹੈ ਜਿੱਥੇ ਪਾਰਗਾਮੀ ਰੂਪ 'ਚ ਸਭ ਨਿਹੋਂਦ ਹੈ। ਸਿਰੜ ਇਕ ਤਰ੍ਹਾਂ ਦੀ ਭੌਤਿਕ ਅਵਸਥਾ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਮਾਨਵਤਾ ਦੇ ਜਨਮ ਸਿੱਧ ਧਾਰਮਿਕ ਅਧਿਕਾਰ ਦੀ ਸੁਰੱਖਿਆ ਹਿੱਤ ਸਰੀਰ ਦਾ ਭਾਂਡਾ (ਠੀਕਰ) ਦਿਲੀਸ (ਦਿੱਲੀ ਦੇ ਸਾਸ਼ਕ) ਭਾਵ ਔਰੰਗਜ਼ੇਬ ਦੇ ਸਿਰ ਭੰਨਿਆ। ਕਾਰਨ ਇਹ ਸੀ ਕਿ ਗੁਰੂ ਤੇਗ਼ ਬਹਾਦਰ ਜੀ ਵਿਭਿੰਨ ਧਾਰਮਿਕ ਮਾਨਤਾਵਾਂ ਅਤੇ ਭਾਵਨਾਵਾਂ ਨੂੰ ਇਕਸਮਾਨ ਮੰਨਦੇ ਸਨ ਜਦੋਂਕਿ ਤਤਕਾਲੀ ਸੱਤਾ ਸਾਰੇ ਧਾਰਮਿਕ ਵਿਚਾਰਾਂ ਨੂੰ ਇਕਸਾਰ ਕਰਨਾ ਚਾਹੁੰਦੀ ਸੀ। ਗੁਰੂ ਜੀ ਨੇ ਦਿੱਲੀ ਦੀ ਸੱਤਾ ਦੀ ਸੌੜੀ ਦ੍ਰਿਸ਼ਟੀ ਵਿਰੁੱਧ ਦੂਜੇ ਧਰਮ ਦੇ ਅਨੁਯਾਈਆਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਬਚਾਉਣ ਹਿੱਤ ਸ਼ਹਾਦਤ ਦੇ ਦਿੱਤੀ। ਅਜਿਹੀ ਸ਼ਹੀਦੀ ਦਾ ਕਾਰਜ ਮਾਨਵੀ ਇਤਿਹਾਸ 'ਚ ਪਹਿਲੀ ਵਾਰ ਹੋਇਆ।

'ਸ਼ਹਾਦਤ' ਦਾ ਸਿੱਖੀ ਸੰਕਲਪ ਬਾਕੀ ਧਰਮਾਂ ਤੋਂ ਭਿੰਨ ਅਤੇ ਵਿਲੱਖਣ ਚਿਹਨਕਤਾ ਦਾ ਧਾਰਨੀ ਹੈ। ਸ਼ਹਾਦਤ ਦੇ ਸਿੱਖੀ ਸੰਕਲਪ 'ਚ 'ਰੱਬ ਦੇ ਸੱਚ ਦੀ ਸ਼ਹਾਦਤ' ਦੀ ਪ੍ਰਬੁੱਧਤਾ ਹੈ। ਇਸ ਸ਼ਹਾਦਤ 'ਚ ਕਿਸੇ ਨਾਲ ਇੱਥੋਂ ਤੱਕ ਕਿ ਹਕੂਮਤ ਜਾਂ ਕਾਤਲ ਨਾਲ ਵੀ ਕੋਈ ਗਿਲਾ ਸ਼ਿਕਵਾ, ਕੋਈ ਲੜਾਈ ਨਹੀਂ। ਸਵੈ ਪੂਰੀ ਤਰ੍ਹਾਂ ਮਿਟ ਜਾਂਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਰੇ ਸਿੱਖ ਇਤਿਹਾਸਕਾਰ ਦੌਲਤ ਰਾਏ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' 'ਚ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸ਼ਹਾਦਤ ਦੇ ਕੇ 'ਉਲਟੀ ਗੰਗਾ ਵਹਾਅ ਦਿੱਤੀ'। ਇਸ ਦਾ ਭਾਵ ਹੈ ਕਿ ਅੱਜ ਤੱਕ ਇਤਿਹਾਸ 'ਚ ਕਾਤਲ ਮਕਤੂਲ ਕੋਲ ਜਾ ਕੇ ਉਸ ਨੂੰ ਕਤਲ ਕਰਦਾ ਰਿਹਾ ਹੈ, ਪਰ ਗੁਰੂ ਸਾਹਿਬ ਆਪ ਦਿੱਲੀ ਨੂੰ ਚੱਲ ਕੇ ਸ਼ਹਾਦਤ ਦੇਣ ਗਏ (ਠੀਕਰ ਫੋਰਿ ਦਿਲੀਸ ਸਿਰਿ)। ਕਸ਼ਮੀਰ ਦਾ ਹਾਕਮ ਇਫ਼ਤਿਖ਼ਾਰ ਖ਼ਾਂ ਕਸ਼ਮੀਰੀ ਪੰਡਿਤਾਂ 'ਤੇ ਜ਼ੁਲਮੋ ਸਿਤਮ ਦਾ ਕਹਿਰ ਢਾਅ ਰਿਹਾ ਸੀ ਤਾਂ ਕਿ ਕਸ਼ਮੀਰੀ ਪੰਡਿਤ ਧਰਮ ਬਦਲ ਲੈਣ। ਪੰਡਿਤ ਕਿਰਪਾ ਰਾਮ ਜੋ ਗੁਰੂ ਤੇਗ਼ ਬਹਾਦਰ ਦੀ ਕੋਲ ਬੇਨਤੀ ਲੈ ਕੇ ਆਇਆ, ਦਰਅਸਲ ਉਹ ਪੰਡਿਤ ਬ੍ਰਹਮ ਦਾਸ ਦਾ ਪੜਪੋਤਾ ਸੀ। ਇਹ ਪੰਡਿਤ ਬ੍ਰਹਮ ਦਾਸ ਹੀ ਕਸ਼ਮੀਰ ਵਿਖੇ ਮਟਨ ਦੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਵੀ ਦਾ ਸ਼ਿਸ਼ ਬਣਿਆ ਜਦੋਂ ਗੁਰੂ ਸਾਹਿਬ ਨੇ ਉੱਤਰ ਦਿਸ਼ਾ ਵੱਲ ਤੀਜੀ ਉਦਾਸੀ ਕੀਤੀ। ਇਸੇ ਪੰਡਿਤ ਕਿਰਪਾ ਰਾਮ ਨੇ ਬਾਅਦ 'ਚ ਗੁਰੂ ਗੋਬਿੰਦ ਸਿੰਘ ਸਮੇਂ ਚਮਕੌਰ ਦੀ ਗੜ੍ਹੀ 'ਚ ਸ਼ਹੀਦੀ ਪ੍ਰਾਪਤ ਕੀਤੀ। ਇਸ ਤਰ੍ਹਾਂ ਸ਼ਹੀਦੀਆਂ ਦਾ ਇਤਿਹਾਸ ਸਿੱਖੀ 'ਚ ਪੀੜ੍ਹੀ ਦਰ ਪੀੜ੍ਹੀ ਵਿਕਸਤ ਹੁੰਦਾ ਗਿਆ। ਪੰਡਿਤ ਕਿਰਪਾ ਰਾਮ ਦੀ ਗੁਰੂ ਤੇਗ਼ ਬਹਾਦਰ ਕੋਲ ਫ਼ਰਿਆਦ ਦਰਅਸਲ ਸੰਪੂਰਨ ਮਾਨਵਤਾ ਦੀ ਬੇਨਤੀ ਸੀ। ਇਸ ਦਾ ਕਾਰਨ ਵੇਲੇ ਦੀ ਸੱਤਾ ਵੱਲੋਂ ਮਿਲ ਰਿਹਾ ਸਮਾਜਿਕ ਬਹੁਲਤਾਵਾਦ ਅਤੇ ਬਹੁਰੰਗਤਾ ਨੂੰ ਖ਼ਤਰਾ ਤਾਂ ਸੀ ਹੀ ਸਗੋਂ ਇਸ ਨਾਲ ਸਮਾਜਿਕ ਸਦਭਾਵਨਾ, ਸਹਿਣਸ਼ੀਲਤਾ ਅਤੇ ਸ਼ਾਂਤੀ ਵੀ ਭੰਗ ਹੋ ਰਹੀ ਸੀ। ਇਸ ਬਹੁਲਤਾਵਾਦ ਬਾਰੇ ਕਿਸੇ ਸ਼ਾਇਰ ਨੇ ਬਹੁਤ ਖ਼ੂਬ ਕਿਹਾ ਹੈ:

ਚਮਨ ਮੇਂ ਇਖ਼ਤਿਲਾਤ-ਏ-ਰੰਗ-ਓ-
ਬੂ ਸੇ ਬਾਤ ਬਨਤੀ ਹੈ
ਹਮੀਂ ਹਮ ਹੈਂ ਤੋ ਕਿਆ ਹਮ ਹੈਂ
ਤੁਮਹੀ ਤੁਮ ਹੋ ਤੋ ਕਯਾ ਤੁਮ ਹੋ।

ਭਾਰਤੀ ਸਮਾਜ ਦੇ ਚਮਨ ਭਾਵ ਬਾਗ਼ ਦੀ ਬਹੁਰੰਗਤਾ ਨੂੰ ਬਚਾਉਣ ਹਿੱਤ ਪੰਡਿਤ ਕਿਰਪਾ ਰਾਮ ਦਾ ਕਸ਼ਮੀਰੀ ਪੰਡਿਤਾਂ ਨੂੰ ਗੁਰੂ ਸਾਹਿਬ ਕੋਲ ਲੈ ਕੇ ਆਉਣ ਦਾ ਚਿਹਨਕੀ ਅਰਥ ਮਾਨਵ ਧਰਮ ਦੀ ਰੱਖਿਆ ਹਿੱਤ ਬੇਨਤੀ ਹੀ ਸੀ। ਸਿੱਖ ਇਤਿਹਾਸ 'ਚ ਇਹ ਸੰਯੋਗ ਹੀ ਹੈ ਕਿ ਜਨੇਊ ਵਿਰੁੱਧ ਕਿਸੇ ਵੇਲੇ ਗੁਰੂ ਨਾਨਕ ਨੇ ਰੋਸ ਪ੍ਰਗਟ ਕੀਤਾ, ਓਥੇ ਜਨੇਊ ਦੀ ਰੱਖਿਆ ਹਿੱਤ ਗੁਰੂ ਤੇਗ਼ ਬਹਾਦਰ ਜੀ ਸੀਸ ਭੇਟ ਕਰ ਸ਼ਹਾਦਤ ਪ੍ਰਾਪਤ ਕਰਦੇ ਹਨ।

ਸਿੱਖ ਧਰਮ 'ਚ ਸ਼ਹਾਦਤ ਦੇ ਸੰਕਲਪ ਦਾ ਵੀ ਇਕ ਅਭਿਆਸ ਅਤੇ ਵਿਗਾਸ ਦਿਖਾਈ ਦਿੰਦਾ ਹੈ। ਵਿਚਾਰ ਜਾਂ ਆਦਰਸ਼ ਰੂਪ 'ਚ ਇਹ ਸ਼ਬਦ ਬਾਣੀ 'ਚ ਗੁਰੂਆਂ ਦੇ ਪੀੜ੍ਹੀ ਵਿਕਾਸ ਨਾਲ ਵਿਗਸਦਾ ਹੈ। ਗੁਰੂ ਨਾਨਕ ਦੇਵ ਜੀ ਇਸ ਨੂੰ ਆਪਣੇ ਢੰਗ ਨਾਲ ਕਹਿੰਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤ ਕਬੀਰ ਇਸ ਨੂੰ ਆਪਣੇ ਅੰਦਾਜ਼ 'ਚ ਬਿਆਨ ਕਰਦੇ ਹਨ:

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ ॥੨॥੨॥

ਗੁਰੂ ਅਰਜਨ ਦੇਵ ਜੀ ਇਸ ਸੰਕਲਪ ਨੂੰ ਆਪਣੇ ਸ਼ਬਦਾਂ 'ਚ ਇਉਂ ਪ੍ਰਗਟਾਉਂਦੇ ਹਨ:

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ ॥੧॥

ਗੁਰੂ ਅਰਜਨ ਦੇਵ ਜੀ ਭਾਰਤ ਦੀ ਸਮਾਜਿਕ ਅਨੇਕਤਾ ਅਤੇ ਵਿਭਿੰਨਤਾ ਵੱਲ ਆਪਣੇ ਸ਼ਬਦ 'ਚ ਸੰਕੇਤ ਕਰਦੇ ਹਨ। ਭਾਵੇਂ ਇਹ ਸਮਾਜਿਕ ਪ੍ਰਾਣੀਆਂ ਦੇ ਬਾਹਰੀ ਭੇਦਾਂ ਅਤੇ ਸਰੂਪਾਂ ਬਾਰੇ ਹੈ ਅਤੇ ਅਸਲ ਭੇਦ ਹੁਕਮੁ ਨੂੰ ਪਛਾਣਨ 'ਚ ਹੈ, ਪਰ ਜੇਕਰ ਇਸ ਨੂੰ ਚਿਹਨਾਤਮਕਤਾ ਦੇ ਪੱਧਰ 'ਤੇ ਹੀ ਪ੍ਰਤੱਖਿਆ ਜਾਵੇ ਤਾਂ ਇਹ ਸਮਾਜ ਦੀ ਪ੍ਰਤੱਖ ਵਿਭਿੰਨਤਾ ਅਤੇ ਅਨੇਕਤਾ ਵੱਲ ਵੀ ਇਸ਼ਾਰਾ ਹੈ ਜਿਸ ਨੂੰ ਗੁਰੂ ਤੇਗ਼ ਬਹਾਦਰ ਦੇ ਸਮਕਾਲ 'ਚ ਸੱਤਾ ਆਪਣੇ ਢੰਗ ਨਾਲ ਇਕੋ ਰੰਗ ਰੂਪ 'ਚ ਬੰਨ੍ਹ ਕੇ ਇਕਸਾਰਤਾ ਤੇ ਇਕਰੂਪਤਾ ਦੇਣੀ ਚਾਹੁੰਦੀ ਸੀ। ਇਸ ਦਾ ਮਕਸਦ ਹਿੰਦੋਸਤਾਨ ਦੀ ਸਮਾਜਿਕ ਅਨੇਕਤਾ ਮਿਟਾਉਣਾ ਸੀ ਜਿਸ ਨੂੰ ਅਜੋਕੀ ਰਾਜਨੀਤੀ ਦੀ ਭਾਸ਼ਾ 'ਚ ਨਸਲਮੁਖੀ ਸਫ਼ਾਈ ਕਹਿੰਦੇ ਹਨ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥
ਕੋਈ ਪੜੈ ਬੇਦ ਕੋਈ ਕਤੇਬ॥
ਕੋਈ ਓਢੈ ਨੀਲ ਕੋਈ ਸੁਪੇਦ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥

ਇਸ ਸਮਾਜਿਕ, ਰਾਜਨੀਤਕ ਅਤੇ ਇਤਿਹਾਸਕ ਪ੍ਰਸੰਗ 'ਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹਿੰਦੋਸਤਾਨੀ ਸਭਿਆਚਾਰਕ ਸਮਾਜਿਕ ਪਰੰਪਰਾ ਦੀ ਬਹੁਰੂਪਤਾ, ਅਨੇਕਤਾ ਅਤੇ ਬਹੁਲਤਾਵਾਦ ਨੂੰ ਸਮਕਾਲੀ ਰਾਜ ਸੱਤਾ ਵੱਲੋਂ ਇਕਸਾਰਤਾ 'ਚ ਪਰਿਵਰਤਤ ਕਰਨ ਖਿਲਾਫ਼ ਇਕ ਵੱਡਾ ਵਿਚਾਰਧਾਰਕ ਵਿਕਲਪ ਸਿਰਜਣ ਦਾ ਯਤਨ ਸੀ। ਇਸ ਪ੍ਰਸੰਗ 'ਚ ਫਰਾਂਸਿਸੀ ਦਾਰਸ਼ਨਿਕ ਵਾਲਤੇਅਰ ਆਪਣੇ ਵਿਚਾਰਾਂ 'ਤੇ ਪਹਿਰਾ ਦੇਣ ਦੇ ਸਬੰਧ 'ਚ ਕਹਿੰਦਾ ਹੈ: 'ਤੁਸੀਂ ਜੋ ਕਹਿ ਰਹੇ ਹੋ ਉਸ ਨਾਲ ਮੈਂ ਸਹਿਮਤ ਨਹੀਂ। ਜੋ ਮੈਂ ਕਹਿ ਰਿਹਾ ਹਾਂ ਉਸ 'ਤੇ ਮੈਂ ਮਰਦੇ ਦਮ ਤੱਕ ਖੜ੍ਹਾ ਰਹਾਂਗਾ।'

ਜੇ ਗੁਰੂ ਤੇਗ਼ ਬਹਾਦਰ ਆਪਣੀ ਸ਼ਹਾਦਤ ਨਾ ਦਿੰਦੇ ਤਾਂ ਸਾਰਾ ਹਿੰਦੋਸਤਾਨ ਹੀ ਇਕ ਰੰਗ ਦਾ ਹੋ ਜਾਣਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਦੂਜੇ/ਹੋਰ ਦੀ ਪਹਿਚਾਣ ਨੂੰ ਸੁਰੱਖਿਅਤ ਅਤੇ ਇਸ ਦਾ ਸਨਮਾਨ ਕਰਨ ਦਾ ਸੰਦੇਸ਼ ਦਿੱਤਾ। ਸੰਸਕ੍ਰਿਤ 'ਚ ਇਸ ਨੂੰ 'ਨ ਤਤੋ ਵਿਜੁਗਪਤਸੇ' ਕਿਹਾ ਗਿਆ ਹੈ ਭਾਵ 'ਜੋ ਦੂਜਿਆਂ ਨੂੰ ਆਪਣੀ ਤਰ੍ਹਾਂ ਜਾਣਦਾ ਹੈ ਉਸ ਦਾ ਪ੍ਰਕਾਸ਼ ਹੁੰਦਾ ਹੈ।

ਮਨੁੱਖੀ ਜੀਵਨ 'ਚ ਸ਼ਹਾਦਤ ਦਾ ਰਾਹ ਅਪਨਾਉਣ ਲਈ ਪ੍ਰਕਾਸ਼ਿਤ ਮਨ ਬੜੀ ਵੱਡੀ ਭੂਮਿਕਾ ਨਿਭਾਉਂਦਾ ਹੈ। ਮਨ ਦੀ ਥਾਹ ਪਾਉਣ ਲਈ ਬ੍ਰਹਮ ਤੇ ਧਰਮ ਦੇ ਸੰਕਲਪ ਦਾ ਭਾਰਤੀ ਗਿਆਨ ਪਰੰਪਰਾ 'ਚ ਭਰਵਾਂ ਮਨਨ ਅਤੇ ਮੰਥਨ ਹੈ। ਇਸ ਦਾ ਕਾਰਨ ਭਾਰਤੀ ਸਭਿਅਤਾ ਦੀ ਵਿਸਤ੍ਰਿਤ ਗਿਆਨ ਪਰੰਪਰਾ ਹੈ, ਕਹਿਣ ਦਾ ਭਾਵ ਹੈ ਕਿ ਗਿਆਨ ਹੀ ਮੁਕਤੀ ਮਾਰਗ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਜੀਵਨ ਦਰਸ਼ਨ, ਵਿਚਾਰਧਾਰਕ ਫ਼ਲਸਫ਼ੇ ਅਤੇ ਵਿਵਹਾਰਕ ਜੀਵਨ 'ਚ ਉਨ੍ਹਾਂ ਵਿਚਾਰਾਂ ਦੀ ਰੱਖਿਆ 'ਚ ਆਪਣੀ ਸ਼ਹਾਦਤ ਨਾਲ ਇਹ ਸਥਾਪਿਤ ਕੀਤਾ ਹੈ ਕਿ 'ਧਰਮ ਹੇਤੁ' ਸਾਧਿਆ ਮਨ ਹੀ ਸੰਤੁਲਿਤ ਜੀਵਨ ਦਾ ਆਧਾਰ ਬਣਦਾ ਹੈ ਜੋ ਮੌਤ ਜਿਹੀ ਚੁਣੌਤੀ ਸਨਮੁੱਖ ਸ਼ਹਾਦਤ ਨੂੰ ਸਵੀਕਾਰ ਕਰਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਮਾਨਵਤਾ ਇਕ ਅਧੂਰਾ ਪ੍ਰੋਜੈਕਟ ਹੈ ਪਰ ਇਸ ਵਿਚ ਇਸ ਨੂੰ ਪੂਰੇ ਕੀਤੇ ਜਾ ਸਕਣ ਦੀਆਂ ਸੰਭਾਵਨਾਵਾਂ ਸਦਾ ਮੌਜੂਦ ਹੁੰਦੀਆਂ ਹਨ। ਦਰਕਾਰ ਸਿਰਫ਼ ਸ਼ਨਾਖ਼ਤ ਦੀ ਹੈ।

ਅੰਤ 'ਚ ਅਸੀਂ ਕਹਿ ਸਕਦੇ ਹਾਂ ਕਿ ਇੱਥੇ ਦੱਸੇ ਗਿਆਨਤਮਕ ਮੀਮਾਸਾਂ ਦੀ ਦ੍ਰਿਸ਼ਟੀ ਤੋਂ ਗੁਰੂ ਤੇਗ਼ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਵਰ੍ਹੇ 'ਚ ਉਨ੍ਹਾਂ ਦੇ ਦਿਖਾਏ ਮਾਰਗ ਅਤੇ ਸਿੱਖਿਆਵਾਂ ਨੂੰ ਅਪਣਾ ਕੇ ਜੀਵਨ 'ਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰ ਕੇ ਅਨਮੋਲ ਮਾਨਵੀ ਜੀਵਨ ਸਫ਼ਲ ਕੀਤਾ ਜਾ ਸਕਦਾ ਹੈ।

ੋ ੋ ੋ

* * * * * * * *

# ਸ਼੍ਰੋਮਣੀ ਕਮੇਟੀ ਦਾ ਇਤਿਹਾਸਕ ਕਾਰਜ ਤੇ ਪੰਥਕ ਭੂਮਿਕਾ

**ਤਲਵਿੰਦਰ ਸਿੰਘ ਬੁਟਰ**

• • •



ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਦੇ ਸੰਗਤੀ ਪ੍ਰਬੰਧ ਦੇ ਮਨੋਰਥ ਨੂੰ ਲੈ ਕੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਵਿਸ਼ਵ-ਵਿਆਪੀ ਸਿੱਖ ਕੌਮ ਦੀ ਸਭ ਤੋਂ ਸ਼ਕਤੀਸ਼ਾਲੀ, ਲੋਕਰਾਜੀ ਅਤੇ ਪ੍ਰਤੀਨਿਧ ਜਥੇਬੰਦੀ ਦੇ ਰੂਪ ਵਿਚ ਸਥਾਪਿਤ ਹੋ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵਿਸ਼ਵ ਦੀ ਇਕੋ-ਇਕ ਅਜਿਹੀ ਧਾਰਮਿਕ ਸੰਸਥਾ ਹੈ, ਜੋ ਕਿਸੇ ਦੇਸ਼ ਵਿਚ ਕਿਸੇ ਧਰਮ ਦੇ ਅਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਉਸ ਧਰਮ ਦੇ ਪੈਰੋਕਾਰਾਂ ਵਲੋਂ ਵੋਟਾਂ ਨਾਲ ਚੁਣੀ ਜਾਂਦੀ ਹੈ। ਇਹ ਭਾਰਤ ਵਿਚ ਔਰਤਾਂ ਨੂੰ ਵੋਟ ਦਾ ਅਧਿਕਾਰ ਦੇਣ ਵਾਲੀ ਵੀ ਪਹਿਲੀ ਲੋਕਰਾਜੀ ਸੰਸਥਾ ਹੈ। ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧਾਂ ਹੇਠ ਲੈਣ ਲਈ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ 'ਗੁਰਦੁਆਰਾ ਸੁਧਾਰ ਲਹਿਰ' ਦੇ ਰੂਪ ਵਿਚ ਇਕ ਸਰਗਰਮ ਅੰਦੋਲਨ ਸ਼ੁਰੂ ਹੋਇਆ। ਇਸ ਅੰਦੋਲਨ ਦੀ ਸਫਲਤਾ ਦਾ ਮੁੱਢ ਗੁਰਦੁਆਰਾ ਰਕਾਬਗੰਜ ਸਾਹਿਬ ਦਿੱਲੀ ਅਤੇ ਗੁਰਦੁਆਰਾ ਬਾਬੇ ਦੀ ਬੇਰ ਤੋਂ ਮਹੰਤਾਂ ਦਾ ਕਬਜ਼ਾ ਛੁਡਾਉਣ ਤੋਂ ਬੱਝਿਆ। ਸਿੱਖਾਂ ਨੇ 12 ਅਕਤੂਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਮਹੰਤਾਂ ਕੋਲੋਂ ਕਬਜ਼ਾ ਛੁਡਵਾ ਲਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ 15 ਨਵੰਬਰ 1920 ਨੂੰ 10 ਹਜ਼ਾਰ ਤੋਂ ਵੱਧ ਰਹਿਤਵਾਨ ਸਿੱਖ ਇਕੱਤਰ ਹੋਏ, ਜਿੱਥੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਪ੍ਰਤੀਨਿਧ ਕਮੇਟੀ ਚੁਣੀ ਗਈ, ਜਿਸ ਦਾ ਨਾਂਅ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ।

1925 ਵਿਚ ਅੰਗਰੇਜ਼ ਹਕੂਮਤ ਵਲੋਂ 'ਸਿੱਖ ਗੁਰਦੁਆਰਾ ਐਕਟ' ਬਣਾ ਕੇ ਸ਼੍ਰੋਮਣੀ ਕਮੇਟੀ ਨੂੰ ਬਾਕਾਇਦਾ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਸੀ। ਐਕਟ ਤਹਿਤ ਨਿਰਧਾਰਿਤ ਕੀਤੇ ਗਏ ਸਿੱਖ ਸੰਸਥਾ ਦੇ ਸਰੂਪ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ 191 ਹੈ। ਇਨ੍ਹਾਂ ਵਿਚੋਂ 170 ਮੈਂਬਰ, ਸਿੱਖ ਵੋਟਰਾਂ ਦੁਆਰਾ ਚੁਣੇ ਜਾਂਦੇ ਹਨ, ਜਦੋਂ ਕਿ ਬਾਕੀ 15 ਮੈਂਬਰ ਕਮੇਟੀ ਦੇ ਮੈਂਬਰਾਂ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ। ਪੰਜਾਂ ਤਖ਼ਤਾਂ ਦੇ ਜਥੇਦਾਰ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਹੁਦੇ ਵਜੋਂ ਇਸ ਦੇ ਮੈਂਬਰ ਹੁੰਦੇ ਹਨ, ਜਿਨ੍ਹਾਂ ਨੂੰ ਐਕਟ ਦੀ ਬੋਲੀ 'ਚ 'ਹੈੱਡ ਮਨਿਸਟਰ' ਆਖਿਆ ਜਾਂਦਾ ਹੈ। 170 ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚਲੇ 120 ਖੇਤਰਾਂ 'ਚੋਂ ਵੋਟਾਂ ਨਾਲ ਜਿੱਤਦੇ ਹਨ। ਕੁੱਲ ਹਲਕਿਆਂ ਵਿਚੋਂ 50 ਹਲਕੇ ਦੋਹਰੇ ਹਨ, ਜਿਨ੍ਹਾਂ ਤੋਂ ਦੋ-ਦੋ ਮੈਂਬਰ ਲਏ ਜਾਂਦੇ ਹਨ। ਇਨ੍ਹਾਂ 'ਚ 30 ਸੀਟਾਂ ਸਿੱਖ ਔਰਤਾਂ ਲਈ ਅਤੇ 20 ਕਥਿਤ ਅਨੁਸੂਚਿਤ ਜਾਤੀਆਂ ਦੇ ਸਿੱਖਾਂ ਲਈ ਰਾਖਵੀਆਂ ਹੁੰਦੀਆਂ ਹਨ। ਪੰਜਾਬ ਤੋਂ ਬਾਹਰੋਂ 11 ਮੈਂਬਰ ਹਰਿਆਣਾ ਅਤੇ ਇਕ-ਇਕ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਤੋਂ ਵੋਟਾਂ ਨਾਲ ਚੁਣੇ ਜਾਂਦੇ ਹਨ। ਹਾਲਾਂਕਿ ਸਾਲ 2014 'ਚ ਹਰਿਆਣਾ ਸਰਕਾਰ ਵਲੋਂ ਪਾਸ ਕੀਤੇ 'ਹਰਿਆਣਾ ਗੁਰਦੁਆਰਾ (ਪ੍ਰਬੰਧਨ) ਐਕਟ-2014' ਨੂੰ ਚੁਣੌਤੀ ਦੇਣ ਵਾਲੀ ਇਕ ਪਟੀਸ਼ਨ ਦੇ ਫ਼ੈਸਲੇ 'ਚ ਸੁਪਰੀਮ ਕੋਰਟ ਵਲੋਂ 20 ਸਤੰਬਰ 2022 ਨੂੰ 'ਹਰਿਆਣਾ ਗੁਰਦੁਆਰਾ (ਪ੍ਰਬੰਧਨ) ਐਕਟ-2014' ਨੂੰ ਮਾਨਤਾ ਦੇਣ ਤੋਂ ਬਾਅਦ ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸ਼੍ਰੋਮਣੀ ਕਮੇਟੀ ਕੋਲੋਂ ਚਲੀ ਗਈ ਪਰ ਹਰਿਆਣਾ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਹੋਂਦ ਅਜੇ ਤੱਕ ਬਰਕਰਾਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਰਿਭਾਸ਼ਿਤ ਕਰਦਿਆਂ ਆਖਿਆ ਜਾਂਦਾ ਹੈ ਕਿ ਇਸ ਦੇ ਕੰਮ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ, ਸਿੱਖ ਹਿਤਾਂ ਦੀ ਪੈਰਵਾਈ ਕਰਨਾ ਅਤੇ ਰਾਜਨੀਤਕ ਖੇਤਰ 'ਚ ਸਿੱਖਾਂ ਦੀ ਨੁਮਾਇੰਦਾ ਲੀਡਰਸ਼ਿਪ ਪੈਦਾ ਕਰਨਾ ਹੈ, ਪਰ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੇ ਪੰਥਕ ਹਿਤਾਂ ਲਈ ਵਧੇਰੇ ਉੱਤਰਦਾਈ ਬਣਾਉਣ ਖ਼ਾਤਰ 1979 ਵਿਚ ਜਾਰੀ ਕੀਤੇ ਗਏ ਨੀਤੀ ਪ੍ਰੋਗਰਾਮ ਅਨੁਸਾਰ ਇਸ ਦੇ ਮੁੱਖ ਪੰਜ ਉਦੇਸ਼ ਮਿੱਥੇ ਗਏ ਸਨ। ਪਹਿਲਾ, ਸਿੱਖ ਧਰਮ ਦੀ ਪੁਰਾਤਨ ਪਵਿੱਤਰਤਾ ਨੂੰ ਸੁਰੱਖਿਅਤ ਰੱਖਣਾ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ, ਅਸੂਲਾਂ ਅਤੇ ਆਦਰਸ਼ਾਂ ਦਾ ਪ੍ਰਗਟਾਵਾ ਕਰਕੇ ਇਸ ਦਾ ਪ੍ਰਚਾਰ ਕਰਨਾ। ਦੂਜਾ, ਕੌਮੀ ਏਕਤਾ ਦੇ ਦਾਅਰੇ ਵਿਚ ਰਹਿ ਕੇ ਸਿੱਖ ਕੌਮ ਦੀ ਰਾਜਨੀਤਕ ਹੋਂਦ ਨੂੰ ਯਕੀਨੀ ਬਣਾਉਣਾ। ਤੀਜਾ, ਸਿੱਖ ਸੰਸਥਾਵਾਂ ਨੂੰ ਵਧੇਰੇ ਪ੍ਰਤੀਨਿਧ ਅਤੇ ਸਮਕਾਲੀ ਚੁਣੌਤੀਆਂ ਪ੍ਰਤੀ ਉੱਤਰਦਾਈ ਬਣਾਉਣਾ। ਚੌਥਾ, ਪੰਜਾਬ ਤੋਂ ਬਾਹਰ ਭਾਰਤ ਅਤੇ ਵਿਦੇਸ਼ਾਂ 'ਚ ਰਹਿ ਰਹੇ ਸਿੱਖਾਂ ਦੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨਾ। ਪੰਜਵਾਂ, ਗੁਰਦੁਆਰਿਆਂ ਦੇ ਪ੍ਰਸ਼ਾਸਨ 'ਚ ਸੁਧਾਰ ਕਰਨਾ।



ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਵੱਖ-ਵੱਖ ਸਰੋਕਾਰਾਂ ਦੀ ਪੈਰਵੀ ਆਪਣੀਆਂ ਵੱਖ-ਵੱਖ ਸ਼ਾਖਾਵਾਂ ਦੁਆਰਾ ਕਰਦੀ ਹੈ, ਜਿਵੇਂ ਕਿ ਟਰੱਸਟ ਬਰਾਂਚ, ਸਿੱਖ ਇਤਿਹਾਸ ਰਿਸਰਚ ਬੋਰਡ, ਧਰਮ ਪ੍ਰਚਾਰ ਕਮੇਟੀ ਅਤੇ ਡਾਇਰੈਕਟੋਰੇਟ ਸਿੱਖਿਆ। ਕੌਮਾਂਤਰੀ ਪੱਧਰ 'ਤੇ ਜਦੋਂ ਕਦੇ ਸਿੱਖ ਕੌਮ ਨੂੰ ਕੋਈ ਔਕੜ ਪੇਸ਼ ਆਵੇ ਤਾਂ ਟਰੱਸਟ ਬਰਾਂਚ ਕਾਰਵਾਈ ਕਰਦੀ ਹੈ। ਵੱਖ-ਵੱਖ ਸਮਿਆਂ 'ਤੇ ਕੁਦਰਤੀ ਆਫ਼ਤਾਂ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਮਨੁੱਖਤਾ ਦੀ ਸੇਵਾ ਵੀ ਟਰੱਸਟ ਬਰਾਂਚ ਦੁਆਰਾ ਹੀ ਕੀਤੀ ਜਾਂਦੀ ਰਹੀ ਹੈ। ਵਿਦੇਸ਼ੀ ਹਵਾਈ ਅੱਡਿਆਂ 'ਤੇ ਦਸਤਾਰ ਦੀ ਬੇਅਦਬੀ ਰੋਕਣ, ਸਿੱਖਾਂ ਦੀ ਕੌਮਾਂਤਰੀ ਪੱਧਰ 'ਤੇ ਵੱਖਰੀ ਪਛਾਣ ਸਥਾਪਿਤ ਕਰਨ, ਵਿਦੇਸ਼ਾਂ 'ਚ ਦਸਤਾਰ, ਕਿਰਪਾਨ ਅਤੇ ਸਿੱਖੀ ਪਹਿਰਾਵੇ ਦੀ ਖੁੱਲ੍ਹ ਲਈ ਵੀ ਟਰੱਸਟ ਬਰਾਂਚ ਹੀ ਪੈਰਵਾਈ ਕਰਦੀ ਆ ਰਹੀ ਹੈ। ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੇ ਹਿਤਾਂ ਦੀ ਪੈਰਵੀ ਕਰਨਾ ਵੀ ਸ਼੍ਰੋਮਣੀ ਕਮੇਟੀ ਦੇ ਸੰਵਿਧਾਨਕ ਖੇਤਰ ਦਾ ਇਕ ਬੁਨਿਆਦੀ ਆਧਾਰ ਹੈ। ਸੰਨ 1998 'ਚ ਜਦੋਂ ਉੱਤਰ ਪ੍ਰਦੇਸ਼ ਵਿਚ ਸਥਿਤ ਸ਼ਹੀਦ ਊਧਮ ਸਿੰਘ ਨਗਰ ਨੂੰ ਨਵੇਂ ਬਣ ਰਹੇ ਰਾਜ ਉਤਰਾਂਚਲ ਵਿਚ ਸ਼ਾਮਿਲ ਕਰਨ ਦਾ ਮਾਮਲਾ ਆਇਆ ਤਾਂ ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਨਾਲ ਮਿਲ ਕੇ ਉਸ ਦਾ ਇਸ ਆਧਾਰ 'ਤੇ ਡਟਵਾਂ ਵਿਰੋਧ ਕੀਤਾ ਕਿ ਅਜਿਹਾ ਕਰਨ ਨਾਲ ਇਸ ਇਲਾਕੇ 'ਚ ਰਹਿ ਰਹੇ ਸਿੱਖਾਂ ਦੇ ਹਿਤਾਂ ਦਾ ਨੁਕਸਾਨ ਹੁੰਦਾ ਹੈ। ਇਸ ਤੋਂ ਬਾਅਦ ਪੰਜਾਬ ਤੋਂ ਬਾਹਰ ਸਿੱਖ ਔਰਤਾਂ ਦੇ ਹੈਲਮਟ ਪਾਉਣ ਦਾ ਮਸਲਾ ਖੜ੍ਹਾ ਹੋਇਆ। ਇਸ 'ਤੇ ਵੀ ਸ਼੍ਰੋਮਣੀ ਕਮੇਟੀ ਨੇ ਦ੍ਰਿੜ੍ਹਤਾ ਨਾਲ ਸਟੈਂਡ ਲਿਆ। ਚੰਡੀਗੜ੍ਹ ਅਤੇ ਕੌਮੀ ਰਾਜਧਾਨੀ ਦਿੱਲੀ ਸਮੇਤ ਦੂਜੇ ਸੂਬਿਆਂ 'ਚ ਸਿੱਖ ਔਰਤਾਂ ਨੂੰ ਸਿੱਖੀ ਮਰਯਾਦਾ ਅਨੁਸਾਰ ਹੈਲਮਟ ਪਾਉਣ ਤੋਂ ਛੋਟ ਦਿਵਾਈ। ਪਿਛਲੇ ਸਾਲਾਂ ਦੌਰਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਮੁਆਫ਼ੀ, ਜੇਲ੍ਹਾਂ 'ਚ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਭਾਵਨਾਵਾਂ ਅਨੁਸਾਰ ਕੇਂਦਰ ਸਰਕਾਰ ਤੱਕ ਜ਼ੋਰਦਾਰ ਪੈਰਵੀ ਕੀਤੀ ਜਾਂਦੀ ਰਹੀ ਹੈ। ਭਾਵੇਂ ਕਿ ਅੱਜ ਸਿਆਸੀ ਅਤੇ ਬਾਹਰੀ ਸ਼ਕਤੀਆਂ ਦੀ ਦਖ਼ਲਅੰਦਾਜ਼ੀ ਕਾਰਨ ਸ਼੍ਰੋਮਣੀ ਕਮੇਟੀ ਬਹੁਤ ਸਾਰੇ ਪੱਖਾਂ ਤੋਂ ਪ੍ਰਭਾਵਸ਼ਾਲੀ ਨਹੀਂ ਰਹੀ ਪਰ ਇਹ ਕਹਿਣਾ ਗ਼ੈਰ-ਵਾਜਬ ਨਹੀਂ ਹੋਵੇਗਾ ਕਿ ਦੁਨੀਆ ਭਰ 'ਚ ਵਸਦੇ ਸਿੱਖਾਂ 'ਤੇ ਜਦੋਂ ਕਦੇ ਵੀ ਕੋਈ ਔਕੜ ਜਾਂ ਭੀੜ ਆਉਂਦੀ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਵੱਲ ਹੀ ਆਸ ਨਾਲ ਦੇਖਦੇ ਹਨ।

ਪਹਿਲਾਂ-ਪਹਿਲ ਸ਼੍ਰੋਮਣੀ ਕਮੇਟੀ ਅਧੀਨ ਸਾਰੇ ਵਿੱਦਿਅਕ ਅਦਾਰਿਆਂ ਨੂੰ ਵੀ ਪੂਰੀ ਤਰ੍ਹਾਂ ਟਰੱਸਟ ਬਰਾਂਚ ਹੀ ਚਲਾਉਂਦੀ ਸੀ, ਪਰ ਵਿੱਦਿਅਕ ਖੇਤਰ 'ਚ ਵੱਡਾ ਵਿਸਥਾਰ ਕਰਦਿਆਂ 2008 'ਚ ਸਿੱਖਿਆ ਦਾ ਵੱਖਰਾ ਡਾਇਰੈਕਟੋਰੇਟ ਬਣਾ ਦਿੱਤਾ ਗਿਆ, ਜਿਸ ਦੇ ਅਧੀਨ ਸ਼੍ਰੋਮਣੀ ਕਮੇਟੀ ਵਲੋਂ ਰਵਾਇਤੀ ਸਿੱਖਿਆ ਤੋਂ ਅਗਾਂਹ ਲੰਘਦਿਆਂ ਤਕਨੀਕੀ, ਸਿਹਤ ਅਤੇ ਬਹੁਮੰਤਵੀ ਸਿੱਖਿਆ ਦੇ ਵੱਡੇ ਅਦਾਰੇ ਖੋਲ੍ਹੇ ਗਏ। ਸ਼੍ਰੋਮਣੀ ਕਮੇਟੀ ਵਲੋਂ ਇਸ ਵੇਲੇ 126 ਵਿਦਿਅਕ ਅਦਾਰੇ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚ 2 ਯੂਨੀਵਰਸਿਟੀਆਂ, 40 ਤੋਂ ਵੱਧ ਕਾਲਜ, 18 ਕਾਲਜੀਏਟ ਸਕੂਲ, 10 ਏਡਿਡ ਸਕੂਲ, 23 ਅਣ-ਏਡਿਡ ਸਕੂਲ, 19 ਸੀ. ਬੀ. ਐੱਸ. ਈ./ ਪਬਲਿਕ ਸਕੂਲ ਆਦਿ ਸ਼ਾਮਿਲ ਹਨ। ਚੰਡੀਗੜ੍ਹ 'ਚ ਦੋ ਵਿੱਦਿਅਕ ਸੰਸਥਾਵਾਂ, ਹਰਿਆਣਾ 'ਚ ਇਕ ਦਰਜਨ ਦੇ ਲਗਪਗ ਅਤੇ ਮੁੰਬਈ 'ਚ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਗੁਰੂ ਨਾਨਕ ਖ਼ਾਲਸਾ ਕਾਲਜ ਚੱਲ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੀ ਸਥਾਪਨਾ ਸ਼੍ਰੋਮਣੀ ਕਮੇਟੀ ਦਾ ਵਿੱਦਿਅਕ ਖੇਤਰ 'ਚ ਇਕ ਵੱਡਾ ਮਾਅਰਕਾ ਹੈ।

ਇਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਸਿੱਖੀ ਪ੍ਰਚਾਰ-ਪ੍ਰਸਾਰ ਦੀਆਂ ਯੋਜਨਾਵਾਂ ਨੂੰ ਉਲੀਕ ਕੇ ਅਮਲ 'ਚ ਲਿਆਉਂਦੀ ਹੈ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਘੇਰਾ ਪੰਜਾਬ ਤੋਂ ਬਾਹਰ ਵੀ ਵਿਸ਼ਾਲ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਵੱਖ-ਵੱਖ ਸੂਬਿਆਂ 'ਚ 13 'ਸਿੱਖ ਮਿਸ਼ਨ' ਬਣਾਏ ਹਨ। ਭਾਰਤ ਤੋਂ ਇਲਾਵਾ ਨਿਪਾਲ ਅਤੇ ਅਮਰੀਕਾ ਦੇ ਯੂਬਾ ਸਿਟੀ 'ਚ ਵੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ 'ਸਿੱਖ ਮਿਸ਼ਨ' ਖੋਲ੍ਹੇ ਗਏ ਹਨ। ਸਿੱਖ ਇਤਿਹਾਸ ਰਿਸਰਚ ਬੋਰਡ ਸਿੱਖ ਇਤਿਹਾਸ ਨਾਲ ਸੰਬੰਧਿਤ ਦਸਤਾਵੇਜ਼ਾਂ ਦੀ ਸੰਭਾਲ, ਧਾਰਮਿਕ ਅਤੇ ਇਤਿਹਾਸਕ ਕਿਤਾਬਾਂ ਅਤੇ ਹੋਰ ਸਾਹਿਤ ਦੀ ਛਪਾਈ, ਖੋਜਾਂ ਅਤੇ ਸੁਧਾਈ ਦੇ ਕੰਮ ਕਰਦਾ ਹੈ। ਸ਼੍ਰੋਮਣੀ ਕਮੇਟੀ ਦੀ ਇਹ ਵੀ ਇਕ ਇਖ਼ਲਾਕੀ ਖ਼ਾਸੀਅਤ ਰਹੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ 'ਚ ਆਉਣ ਦੀ ਸ਼ਕਤੀ ਦਿੰਦੀ ਰਹੀ ਹੈ ਤਾਂ ਜੋ ਵੀ ਸਿੱਖਾਂ ਤਾਂ ਪੰਜਾਬ ਦੇ ਸਰੋਕਾਰਾਂ ਲਈ ਸਹਿਯੋਗ ਦਿੰਦੀ ਰਹੀ ਹੈ। ਭਾਰਤ-ਪਾਕਿ ਵੰਡ ਤੋਂ ਪਹਿਲਾਂ ਵੀ ਅਤੇ ਬਾਅਦ ਵੀ, ਸ਼੍ਰੋਮਣੀ ਕਮੇਟੀ ਸਿੱਖਾਂ ਦੇ ਰਾਜਨੀਤਕ ਮੁੱਦਿਆਂ 'ਤੇ ਆਪਣੇ ਇਜਲਾਸਾਂ ਅੰਦਰ ਬਾਕਾਇਦਾ ਮਤੇ ਪਾਸ ਕਰਕੇ ਆਪਣੇ ਨੀਤੀ ਪ੍ਰੋਗਰਾਮ ਤੈਅ ਕਰਦੀ ਰਹੀ ਹੈ।

ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦਾ ਇਕ ਸ਼ਕਤੀਸ਼ਾਲੀ ਮੰਚ ਹੈ, ਜਿਸ ਰਾਹੀਂ ਵਿਸ਼ਵ-ਵਿਆਪੀ ਸਿੱਖ ਕੌਮ ਆਪਣੇ ਧਾਰਮਿਕ, ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਸਰੋਕਾਰਾਂ ਅਤੇ ਨਿਸ਼ਾਨਿਆਂ ਦੀ ਪੂਰਤੀ ਕਰ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਵਿਸ਼ਾਲ ਸੰਵਿਧਾਨਕ ਆਧਾਰ, ਢਾਂਚੇ, ਸਿੱਖ ਸਰੋਕਾਰਾਂ 'ਚ ਸਰਗਰਮ ਭੂਮਿਕਾ, ਇਤਿਹਾਸਕ ਮਹੱਤਤਾ ਅਤੇ ਪ੍ਰਭੂਸੱਤਾ ਕਾਰਨ ਹੀ ਇਸ ਨੂੰ ਸਿੱਖਾਂ ਦੀ ਪਾਰਲੀਮੈਂਟ ਆਖਿਆ ਜਾਂਦਾ ਹੈ। ਨਿਰਸੰਦੇਹ ਬਾਕਾਇਦਾ ਇਕ ਪ੍ਰਭਾਵੀ ਪਾਰਲੀਮੈਂਟ ਵਜੋਂ ਕਾਰਜਸ਼ੀਲ ਹੋਣ ਲਈ ਸ਼੍ਰੋਮਣੀ ਕਮੇਟੀ ਨੂੰ ਨਵੇਂ ਪ੍ਰਸੰਗਾਂ 'ਚ ਆਪਣੀ ਭੂਮਿਕਾ ਨੂੰ ਵਧੇਰੇ ਉੱਤਰਦਾਈ ਅਤੇ ਸਾਰਥਿਕ ਬਣਾਉਣ ਲਈ ਬਹੁਮੁਖੀ ਉਪਰਾਲਿਆਂ ਅਤੇ ਸੁਧਾਰਾਂ ਦੀ ਲੋੜ ਹੈ।

# ਆਓ ਪੰਜਾਬ ਨੂੰ ਨਸ਼ਾ ਮੁਕਤ ਕਰੀਏ

ਸੁਖਪਾਲ ਸਿੰਘ ਗਿੱਲ
ਅਬਿਆਣਾਂ ਕਲਾਂ



"ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਦਾ ਸ਼ਬਦ ਕੰਨੀ ਪੈਂਦਾ ਹੈ ਤਾਂ ਹਰ ਪੰਜਾਬੀ ਦਾ ਜਿੰਮੇਵਾਰੀ ਨਾਲ ਸਿਰ ਉੱਚਾ ਹੋਣ ਲੱਗਦਾ ਹੈ। ਇਸ ਜ਼ਰੀਏ ਪੰਜਾਬ ਨੂੰ ਦਰਪੇਸ਼ ਬਹੁਤੀਆਂ ਅਲਾਮਤਾਂ ਅਤੇ ਵੰਗਾਰਾਂ ਉੱਤੇ ਪੰਜਾਬੀਆਂ ਨੇ ਜਿੱਤ ਹਾਸਿਲ ਕੀਤੀ। ਪੰਜਾਬ ਵਿੱਚ ਨਸ਼ਾ ਇੱਕ ਘੁੰਮਣਘੇਰੀ ਬਣੀ ਹੋਈ ਹੈ। ਇਸ ਨੇ ਪੰਜਾਬ ਦੇ ਸਵੈ-ਮਾਣ ਅਤੇ ਨੈਤਿਕ ਨਾਬਰੀ ਦੇ ਸੁਭਾਅ ਨੂੰ ਬੁਰੀ ਤਰ੍ਹਾ ਨਾਲ ਝੰਜੋੜਿਆ ਹੈ। ਇੱਕ ਦੂਜੇ ਤੇ ਦੋਸ਼ ਮੜਨ ਦੀ ਪ੍ਰਕਿਰਿਆ ਨਾਲ ਨਾਟਕ ਦੇ ਪਾਤਰ ਵਾਂਗ ਮਨ ਨੂੰ ਤਸੱਲੀ ਦੇ ਕੇ ਬੁੱਤਾ ਸਾਲ ਲਿਆ ਜਾਂਦਾ ਹੈ। ਸਭ ਤੋਂ ਅਚੰਭਾ ਇਸ ਗੱਲ ਦਾ ਹੈ ਕਿ ਪੰਜਾਬ ਨੇ ਇਸ ਨਸ਼ੇ ਤੇ ਆਪਣੇ ਸੁਭਾਅ ਅਨੁਸਾਰ ਕੋਈ ਮੱਲ ਮਾਰਨ ਦੀ ਸ਼ੁਰੂਆਤ ਨਹੀਂ ਕੀਤੀ। ਇਸ ਵਿਸ਼ੇ ਤੇ ਪੰਜਾਬੀ ਚਿੰਤਕ, ਬੁੱਧੀਜੀਵੀ ਅਤੇ ਮਾਹਰ ਵੀ ਲਹਿਰ ਨਹੀਂ ਅਰੰਭ ਸਕੇ। ਇਹ ਮਸਲਾ ਇਹਨਾਂ ਦਾਨਸ਼ਵੰਦਾਂ ਦੀ ਕਚਹਿਰੀ ਵਿੱਚ ਲੰਬਿਤ ਪਿਆ ਹੈ।

ਸਰਕਾਰ ਦੇ ਉਪਰਾਲੇ ਜਾਰੀ ਹਨ, ਪਰ ਇਹ ਉਪਰਾਲੇ ਲੋਕਾਂ ਦੇ ਸਹਿਯੋਗ ਦੀ ਪੁਰਜੋਰ ਮੰਗ ਕਰਦੇ ਹਨ। ਲੋਕਾਂ ਦੇ ਸਹਿਯੋਗ ਤੋਂ ਬਿਨਾਂ ਸਰਕਾਰੀ ਇੱਛਾ ਅਧੂਰੀ ਰਹਿੰਦੀ ਹੈ।ਨਸ਼ਿਆਂ ਖਿਲਾਫ ਸਰਕਾਰੀ ਸਿਕੰਜੇ ਦੇ ਰੁਝਾਨ ਜਾਰੀ ਹਨ। ਪਿਛਲੇ ਸਮਿਆਂ ਵਿੱਚ ਜਿਵੇਂ ਮਿਲੀਭੁਗਤ ਦੀਆਂ ਖਬਰਾਂ ਸਨ ਹੁਣ ਵੀ ਯਕੀਨ ਕਰਨਾ ਔਖਾ ਹੁੰਦਾ ਹੈ। ਰਾਜਨੀਤਿਕ ਗਲਿਆਰਿਆਂ ਦੀ ਸ਼ਮੂਲੀਅਤ ਨੇ ਤਾਂ ਉੱਪਰ ਥੱਲੇ ਕਰ ਦਿੱਤਾ ਸੀ। ਅਖਬਾਰੀ ਸੁਰਖੀਆਂ ਨੇ ਹਜ਼ਰਤ ਦਾ.ਗ ਦਾ ਸੇਅਰ ਯਾਦ ਕਰਵਾ ਦਿੱਤਾ ਸੀ,

"ਵਹੀ ਕਾਤਿਲ, ਵਹੀ ਮੁਖਬਿਰ,
ਵਹੀ ਮੁਨਸਿ.ਫ ਠਹਿਰੇ,
ਅਕ੍ਰਿਬਾ ਮੇਰੇ ਕਰੇ
ਖੂਨ ਕਾ ਦਾਅਵਾ ਕਿਸ ਪਰ"




ਨਸ਼ੇ ਦੀ ਲਪੇਟ ਚ ਆਏ ਪੰਜਾਬ ਬਾਰੇ ਇੱਕ ਵਾਰ ਸ੍ਰੀ ਰਾਹੁਲ ਗਾਂਧੀ ਨੇ ਵੀ ਚੋਟ ਕੀਤੀ ਸੀ। ਇਸ ਦਾ ਪੰਜਾਬੀਆਂ ਨੇ ਬੁਰਾ ਮਨਾਇਆ ਸੀ ਪਰ ਹਕੀਕਤ ਦਿਨ ਪਰ ਦਿਨ ਸਾਹਮਣੇ ਆਉਣ ਲੱਗੀ। ਇਕ ਸਮੇਂ ਤਾਂ ਇਹ ਮੁੱਦਾ ਇੰਨਾ ਭਾਰੂ ਸੀ ਕਿ ਇਸ ਨੂੰ ਨਿਤ ਸੁਣਨ ਨਾਲੋਂ ਸਹਿਣ ਹੀ ਕਰਨ ਲੱਗ ਪਏ ਸੀ। ਕੋਈ ਇਸ ਮੁੱਦੇ ਨੂੰ ਖਾਹਮ ਖਾਹ ਕੋਈ ਇਸ ਨੂੰ ਦਰੁਸਤ ਕਹੀ ਗਿਆ।



ਪਰ ਸੁਰਜੀਤ ਪਾਤਰ ਦੀ ਲਿਖਤ ਇਸ ਮੁੱਦੇ ਤੇ ਉਹਨਾਂ ਲਈ ਕਾਫੀ ਹੈ ਜੋ ਨਸ਼ੇ ਨੂੰ ਮਜਾਕ ਦਾ ਪਾਤਰ ਬਣਾ ਰਹੇ ਹਨ,

"ਲੱਗੀ ਜੇ ਤੇਰੇ ਕਲੇਜੇ ਛੁਰੀ ਹੈ ਨੀ,
ਇਹ ਨਾ ਸਮਝੀ,
ਕਿ ਸ਼ਹਿਰ ਦੀ ਹਾਲਤ ਬੁਰੀ ਹੈ ਨੀ"

ਰਣਜੀਤ ਬਾਵੇ ਅਤੇ ਗੁਰਦਾਸ ਮਾਨ ਵਗੈਰਾ ਨੇ ਸੱਚ ਬੋਲਣ ਦੀ ਜੁਰਅਤ ਦਿਖਾਈ ਸੀ ਜੋ ਪਚੀ ਨਹੀਂ ਸੀ। ਦੂਜੇ ਪਾਸੇ ਕੁਝ ਕਲਾਕਾਰਾਂ ਨੇ ਨਸ਼ਾ ਪਰਮੋਟ ਕੀਤਾ ਇਹ ਵੀ ਗਦਾਰੀ ਹੈ। ਅਤੀ ਦੇ ਸਿਖਰ ਨੂੰ ਟੁੰਬਣ ਤੋਂ ਬਾਅਦ ਸਰਕਾਰਾਂ ਨੇ ਉਪਰਾਲੇ ਕੀਤੇ,ਪਰ ਦਹਾਕੇ ਬੀਤਣ ਕਰਕੇ ਮਰਜ਼ ਬੜਤੀ ਗਈ। ਸਾਰੇ ਵਰਤਾਰੇ ਵਿੱਚੋਂ ਕੁੱਝ ਅਵਾਜਾਂ ਅਫੀਮ ਦੀ ਖੇਤੀ ਨੂੰ ਮਾਨਤਾ ਦੇਣ ਦੀਆਂ ਵੀ ਆਈਆਂ। ਇਸ ਨੂੰ ਸਿੰਥੈਟਿਕ ਨਸ਼ੇ ਦਾ ਬਦਲ ਵੀ ਸਮਝਿਆ ਜਾਂਦਾ ਹੈ। ਕੈਮਿਸਟ ਅਤੇ ਝੋਲਾ ਛਾਪ ਡਾਕਟਰ ਵੀ ਆੜ ਹੇਠ ਡਰੱਗਜ਼ ਵਰਤਾਉਂਦੇ ਰਹਿੰਦੇ ਹਨ। ਨਸ਼ੇ ਨੇ ਪੰਜਾਬ ਦੀ ਪ੍ਰਜਨਣ ਦਰ 1.6 ਨੂੰ ਹੋਰ ਝੰਜੋੜ ਕੇ 5 ਤੋਂ 20 ਤੱਕ ਜੋੜੇ ਬੇਔਲਾਦ ਅਤੇ 20-30 ਔਰਤਾਂ ਨੂੰ ਗਰਭ ਗਿਰਨ ਦੀ ਕਰੋਪੀ ਦਿੱਤੀ। 30 ਤੋ 35% ਜਨ ਸੰਖਿਆ ਇਸ ਕਰਕੇ ਹੋਰ ਬਿਮਾਰੀਆ ਸਹੇੜ ਰਹੀ ਹੈ। ਬਲਵਾਨ ਪੰਜਾਬੀ ਹੁੰਦੇ ਹੋਏ ਜੰਮਦੇ ਹੀ ਕਮਜੋਰ ਹਨ। ਅਗੇਤਾ ਬੁਢਾਪਾ ਜ਼ਮਾਦਰੂ ਬਿਮਾਰੀਆਂ ਵੀ ਇਸ ਕਰਕੇ ਹੀ ਹਨ। ਸਭ ਤੋਂ ਚਿੰਤਾ ਜਨਕ ਇਹ ਹੈ ਕਿ ਨਸ਼ੇ ਨੇ ਮਰਦ ਦੀ ਮਰਦਾਨਗੀ ਅਤੇ ਔਰਤ ਦੀ ਜਣਨ ਪ੍ਰਕਿਰਿਆ ਨੂੰ ਖਾਹ ਲਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਪਰਾਏ ਵੀਰਜ਼ ਅਤੇ ਕੁੱਖ ਬਾਰੇ ਚਿੰਤਾ ਜਾਹਿਰ ਕਰ ਚੁੱਕੇ।



ਪੰਜਾਬ ਵਿੱਚ ਨਸ਼ੇ ਨਾਲ ਮੌਤ ਦਰ 20 ਫੀਸਦੀ ਹੈ। 2.62ਲੱਖ ਨਸ਼ੇ ਦੇ ਆਦੀ ਹਨ। ਸਰਕਾਰ ਨੇ 528 ਕੇਂਦਰ ਨਸ਼ੇ ਦੀ ਦਵਾ ਲਈ ਬਣਾਏ ਹਨ। 2022 ਚ 144 ਮੌਤਾਂ ਓਵਰਡੋਜ਼ ਨਾਲ ਹੋਈਆਂ। ਇਹ ਸਿਰਫ ਸਰਕਾਰੀ ਅੰਕੜੇ ਹਨ। ਸਰਕਾਰ ਦੀ ਸੁਹਿਰਦ ਪਹੁੰਚ ਨਾਲ ਦਸੰਬਰ 2023 ਤੱਕ ਨਸ਼ੇ ਦੇ 26619 ਮਾਮਲੇ ਦਰਜ ਕੀਤੇ ਹੈਰਾਨੀ ਵਧ ਜਾਂਦੀ ਹੈ ਕਿ ਬੱਚੇ ਵੀ ਨਸ਼ੇ ਦੇ ਆਦੀ ਹਨ। 2015 ਵਿੱਚ ਮਾਨਯੋਗ ਹਾਈਕੋਰਟ ਨੇ ਸਿੰਥੈਟਿਕ ਨਸ਼ੇ ਦੇ ਵਪਾਰ ਦੇ ਕੇਸਾਂ ਲਈ ਪੜਤਾਲ ਹਿੱਤ ਟੀਮ ਬਣਵਾਈ ਜਿਸ ਦਾ ਨਤੀਜਾ ਭੋਲੇ ਤੱਕ ਤੋਂ ਦੂਰ ਅੱਗੇ ਤੱਕ ਗਿਆ।

2016 ਪੰਜਾਬ ਦਾ ਆਗੂ ਰਾਜਸਥਾਨ ਚ ਫੜਿਆ ਗਿਆ। ਸਰਕਾਰ ਨੇ 2018 ਦਾ ਸਾਲ ਨਸ਼ੇ ਦੇ ਵਿਰੁੱਧ ਮਨਾਇਆ। ਪਿੱਛੇ ਜਿਹੇ ਮੁੱਖ ਮੰਤਰੀ ਜੀ ਦੇ ਆਦੇਸ਼ ਤੇ ਦੋ ਨਸ਼ਾ ਤਸ਼ਕਰਾਂ ਦੀ 1ਕਰੋੜ 71ਲੱਖ 10 ਹਜਾਰ 300 ਸੌ ਰੁਪਏਦੀ ਜਾਇਦਾਦ ਤਰਨਤਾਰਨ ਵਿਚ ਜ਼ਬਤ ਕੀਤੀ। ਇੱਥੇ 144 ਕੇਸ ਵੀ ਹੋਏ। ਅੰਕੜਾ ਹੈ ਕਿ ਹੁਣ ਤੱਕ 1 ਅਰਬ 44 ਕਰੋੜ ਦੀ ਜਾਇਦਾਦ ਜ਼ਬਤ ਹੋ ਚੁੱਕੀ ਹੈ। ਸਰਕਾਰ ਦਾ ਰਾਸ਼ਟਰੀ ਟੋਲ ਫਰੀ ਨੰਬਰ1800-11-0031 ਨਸ਼ੇ ਛੱਡਣ ਅਤੇ ਛੁੱਡਵਾਉਣ ਵਾਲਿਆਂ ਲਈ। ਇਸ ਦੀ ਮਦਦ ਲਈ ਜਾ ਸਕਦੀ ਹੈ।

ਮੌਜੂਦਾ ਸਰਕਾਰ ਦੌਰਾਨ 242 ਮੌਤਾਂ ਓਵਰਡੋਜ਼ ਨਾਲ ਹੋਈਆਂ। 2022 ਵਿੱਚ 168 ਅਤੇ 2023 ਵਿੱਚ 66 ਮੌਤਾਂ ਓਵਰਡੋਜ਼ ਨਾਲ ਹੋਈਆਂ। 23483 ਮਾਮਲੇ ਦਰਜ ਹੋਏ। ਇਹ ਮਾਮਲੇ ਸਰਕਾਰ ਦੀ ਨਸ਼ੇ ਵਿਰੁੱਧ ਸੁਹਿਰਦਤਾ ਅਤੇ ਇੱਛਾ ਸ਼ਕਤੀ ਨੂੰ ਦੱਸਦੇ ਹਨ। ਨਸ਼ੇ ਬਾਰੇ ਬਹੁਤ ਪੜਿਆ, ਲਿਖਿਆ, ਸੁਣਿਆ ਅਤੇ ਪ੍ਰਚਾਰਿਆ ਜਾ ਚੁੱਕਾ ਹੈ। ਹੁਣ ਵੇਲਾ ਹੈ, "ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ, ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੇ ਵਾਰੋ" ਸਾਡੀ ਪਵਿੱਤਰ ਗੁਰਬਾਣੀ ਦਾ ਸੰਦੇਸ਼ ਵੀ ਹੈ, "ਜਿਤੁ ਪੀਤੈ ਮਤਿ ਦੂਰ ਹੋਇ, ਬਰਲੁ ਪਾਵੈ ਵਿਚਿ ਆਇ ਅਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ" ਇਸ ਤੋਂ ਇਲਾਵਾ ਸੁਰਜੀਤ ਪਾਤਰ ਦੇ ਇਸ ਪੰਜਾਬ ਤੋਂ ਵੀ ਸਬਕ ਲੈਣ ਦੀ ਲੋੜ ਹੈ,

"ਪੰਜਾਬ ਕੋਈ ਨਿਰਾ
ਜੁਗਰਾਫੀਆ ਨਹੀਂ ਹੈ,
ਇਹ ਇੱਕ ਗੀਤ,
ਰੀਤ ਅਤੇ ਇਤਿਹਾਸ ਵੀ ਹੈ,
ਗੁਰੂਆਂ, ਰਿਸੀਆਂ ਅਤੇ
ਸੂਫੀਆਂ ਸਿਰਜਿਆ ਹੈ,
ਇਹ ਇੱਕ ਫ਼ਲਸਫਾ,
ਸੋਚ ਅਤੇ ਇਤਿਹਾਸ ਵੀ ਹੈ,
ਕਿੰਨੇ ਝੱਖੜ ਤੂਫਾਨਾਂ ਵਿੱਚੋਂ
ਲੰਘਿਆ ਹੈ,
ਇਹਦਾ ਮੁੱਖੜਾ ਕੁੱਝ ਕੁੱਝ
ਉਦਾਸ ਵੀ ਹੈ"

ਆਓ ਸਾਰੀਆਂ ਚਿੰਤਾਵਾਂ, ਬੁਰਾਈਆਂ ਅਤੇ ਕਿਆਸ ਅਰਾਈਆਂ ਦਾ ਅੰਤ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਉੱਦਮ, ਉਪਰਾਲੇ ਅਤੇ ਉਪਚਾਰਾਂ ਦੀ ਲੋਕ ਲਹਿਰ ਅਰੰਭੀਏ। ਸਰਕਾਰੀ ਉਦਮਾਂ ਵਿੱਚ ਸ਼ਰੀਕ ਬਣੀਏ। ਦੁੱਧ, ਘਿਓ, ਖੇਡਾਂ, ਕਬੱਡੀਆਂ ਅਤੇ ਭੰਗੜੇ-ਗਿੱਧੇ ਵੱਲ ਚਲੀਏ। ਇਸ ਨਸ਼ੇ ਦੇ ਕੋਹੜ ਨੂੰ ਪਰੇ ਸੁੱਟ ਕੇ ਪ੍ਰੋਫੈਸਰ ਮੋਹਨ ਸਿੰਘ ਵਾਲਾ ਦਾ ਪੰਜਾਬ ਮੁੜ ਬਣਾਈਏ,

"ਪਤਝੜ ਤੋਂ ਬਚਾਈਏ
ਧਰਤੀ ਪੰਜਾਬ ਦੀ,
ਖੇੜੇ ਵਿੱਚ ਲਿਆਈਏ
ਫੁੱਲ ਗੁਲਾਬ ਦੀ"

✪ ✪ ✪

# ਸਾਡੀ ਸਿਹਤ ’ਤੇ ਕੀਟਨਾਸ਼ਕ

## ਸਿਹਤ ’ਤੇ ਕੀਟਨਾਸ਼ਕਾਂ ਦਾ ਪ੍ਰਭਾਵ ਕਿੰਨਾ ਹੋ ਸਕਦਾ ਹੈ ਤੁਸੀਂ ਸੋਚ ਵੀ ਨਹੀਂ ਸਕਦੇ

## ਮੇਰਾ ਕੁ.ਫਰ

ਡਾਕਟਰ ਅਮਰਜੀਤ ਟਾਂਡਾ
+61 417271147



ਅਸੀਂ ਕੀਟਨਾਸ਼ਕ ਸਪਰੇ ਕਰਨ ਵੇਲੇ ਕਦੇ ਵੀ ਬਹੁਤਾ ਸੋਚਦੇ ਨਹੀਂ। ਤੇ ਬਾਅਦ ਵਿੱਚ ਫਿਰ ਇਹ ਕਹਿਣ ਲੱਗ ਜਾਂਦੇ ਹਨ ਪਤਾ ਨਹੀਂ ਇੰਨੀਆਂ ਬਿਮਾਰੀਆਂ ਕਿੱਥੋਂ ਆ ਗਈਆਂ ਹਨ।

ਇਹ ਸਾਰੀਆਂ ਬਿਮਾਰੀਆਂ ਅਸੀਂ ਆਪ ਪੈਦਾ ਕਰਦੇ ਹਾਂ। ਹਸਪਤਾਲੋਂ ਵੀ ਆ ਕੇ ਕਈ ਵਾਰੀ ਹੱਥ ਧੋਣੇ ਪੈਂਦੇ ਹਨ ਕਿਉਂਕਿ ਉਹ ਬਿਮਾਰੀਆਂ ਦਾ ਗੜ੍ਹ ਹੈ।

ਗੱਲ ਕੀਟਨਾਸ਼ਕਾਂ ਦੀ ਕਰਦੇ ਹਾਂ ਤੇ ਕੀੜਿਆਂ ਚੂਹਿਆਂ ਦੀਆਂ ਸਮੱਸਿਆਵਾਂ ਦੀ।

ਕੱਲ ਮੈਨੂੰ ਇੱਕ ਮੇਰੇ ਦੋਸਤ ਨੇ ਪੁੱਛਿਆ ਕਿ ਚੂਹਿਆਂ ਬਾਰੇ ਕੋਈ ਦਵਾਈ ਦੱਸੋ ?। ਘਰ ਵਿੱਚ ਇੱਕ ਚੂਹਾ ਹੈ ਕਿਤੇ ਕੋਈ ਨੁਕਸਾਨ ਹੀ ਨਾ ਕਰ ਦੇਵੇ।

ਉਹ ਘਰ ਤਾਂ ਨਹੀਂ ਢਾਹ ਦੇਣ ਲੱਗਾ ਇਕ ਚੂਹਾ ਮੈਂ ਹੱਸਿਆ।

ਨਹੀਂ ਨਹੀਂ ਕੋਈ ਦਵਾਈ ਦੱਸੋ ਉਹਨਾਂ ਨੇ ਕਿਹਾ, ਮੈਂ ਮਕੈਨੀਕਲ ਕੰਟਰੋਲ ਬਾਰੇ ਸੁਝਾਅ ਦਿੱਤਾ ਪਰ ਉਹ ਨਹੀਂ ਸੀ ਮੰਨ ਰਹੇ।

ਅਸੀਂ ਪਿੰਡ ਘਰ ਵਿੱਚ ਖਬਰੇ ਕਿੰਨੇ ਚੂਹੇ ਬਾਹਰ ਰਸੋਈ ਵਿੱਚ ਆਏ ਦਰਵਾਜ਼ਾ ਬੰਦ ਕਰ ਕੇ ਹੀ ਸੋਟੀ ਨਾਲ ਹੀ ਮਾਰ ਦਿੰਦੇ ਹੁੰਦੇ ਸੀ ਜੋ ਅੰਦਰ ਵੱਲ ਜਾਂਦੇ ਹੁੰਦੇ ਸੀ।

ਚੂਹੇ ਕਦੇ ਵੀ ਨਹੀਂ ਕੰਟਰੋਲ ਵਿੱਚ ਆਉਣਗੇ ਜੇ ਤੁਸੀਂ ਚਾਰ ਦੀਵਾਰੀ ਵਿੱਚ ਸਾਰੇ ਸੁਰਾਖ਼ ਬੰਦ ਨਹੀਂ ਕਰਦੇ ਤਾਂ। ਉਹ ਦਵਾਈ ਖਾ ਕੇ ਮਰ ਤਾਂ ਜਾਣਗੇ ਪਰ ਉਹ ਬਾਹਰ ਜਾ ਕੇ ਮਰਨ ਨਾਲ ਹੋਰ ਬਿੱਲੀ ਕੁੱਤੇ ਦਾ ਭੋਜਨ ਬਣ ਕੇ ਉਹਦਾ ਵੀ ਨੁਕਸਾਨ ਕਰ ਸਕਦੇ ਹਨ। ਉਸ ਚੂਹੇ ਨੂੰ ਖਾਣ ਨਾਲ ਕੋਈ ਪੰਛੀ ਵੀ ਮਰ ਸਕਦਾ ਹੈ ਕਿਉਂਕਿ ਉਸ ਵਿੱਚ ਦਵਾਈ ਹੈ ਉਹ ਦਵਾਈ ਨਾਲ ਮਰਿਆ ਸੀ।

ਸਾਨੂੰ ਇੱਥੇ ਆਸਟਰੇਲੀਆ ਵਿੱਚ ਬਹੁਤ ਇਹਨਾਂ ਗੱਲਾਂ ਦਾ ਖਿਆਲ ਰੱਖਣਾ ਪੈਂਦਾ ਹੈ ਕਿਉਂਕਿ ਗੌਰਮੈਂਟ ਦੇ ਕਾਨੂੰਨ ਹੀ ਬਹੁਤ ਸਖਤ ਹਨ। ਇਹੋ ਜਿਹੀ ਗਲਤੀ ਦੀ ਝੱਟ ਇਨਵੈਸਟੀਗੇਸ਼ਨ ਹੋ ਜਾਂਦੀ ਹੈ। ਤੇ ਵੱਡਾ ਜੁਰਮਾਨਾ ਵੀ ਹੋ ਸਕਦਾ ਹੈ ਤੇ ਲਾਈਸੈਂਸ ਵੀ ਕੈਂਸਲ ਹੋ ਸਕਦਾ ਹੈ। ਇਥੇ ਪੰਜਾਬ ਵਾਂਗ ਨਹੀਂ ਕੁੱਝ ਹੁੰਦਾ ਕਿ ਹਊ ਪਰੇ ਕਰ ਦਿਓ। ਵੱਢੀ ਦੇ ਕੇ ਛੁੱਟ ਜਾਓ। ਸੋ ਤੁਸੀਂ ਵੀ ਸਾਵਧਾਨ ਰਿਹਾ ਕਰੋ ਹਜ਼ੂਰ।

ਸੋ ਦਵਾਈਆਂ ਵਰਤਣ ਨਾਲ ਹੋਰ ਵੱਡੀ ਸਮੱਸਿਆ ਵੀ ਖੜੀ ਕਰ ਸਕਦੇ ਹਾਂ।

ਚੂਹਿਆਂ ਦੀ ਵਰਤੀ ਗਈ ਦਵਾਈ ਰਿੜ੍ਹਦੇ ਬੱਚਿਆਂ ਦੇ ਵੀ ਹੱਥ ਲੱਗ ਸਕਦੀ ਹੈ।

ਸਦਾ ਡੂੰਘੇ ਬਰੀਕੀ ਵਿੱਚ ਸੋਚਣਾ ਚਾਹੀਦਾ ਹੈ ਸੋਚ ਉਹੀ ਹੁੰਦੀ ਹੈ।

ਕਈ ਵਾਰ ਅਸੀਂ ਨਿੱਕੀ ਨਿੱਕੀ ਗਲਤੀ ਨਾਲ ਵੱਡੀ ਦੁਰਘਟਨਾ ਕਰ ਬਹਿੰਦੇ ਹਾਂ ਸੱਟ ਲਵਾ ਲੈਂਦੇ ਹਾਂ। ਤੇ ਅਸੀਂ ਬਾਅਦ ਵਿੱਚ ਸੋਚਦੇ ਰਹਿੰਦੇ ਹਾਂ ਸਾਡਾ ਸੁਭਾਅ ਹੀ ਇਦਾਂ ਦਾ ਬਣ ਗਿਆ ਹੈ। ਖਾਸ ਕਰਕੇ ਪੰਜਾਬੀਆਂ ਦਾ।

ਮੇਰੀ ਗੱਲ ਦਾ ਕੋਈ ਗੁੱਸਾ ਨਾ ਕਰਿਓ।



ਇਹ ਸਭ ਕੁਝ ਮੈਂ ਸਾਰੀ ਉਮਰ ਪੜ੍ਹਿਆ ਹੈ ਤੇ ਪੜ੍ਹਾਇਆ ਹੈ ਤੇ ਲਿਖਿਆ ਹੈ।

ਆਮ ਲੋਕ ਦੋ ਚਾਰ ਬੂਟਿਆਂ ਉੱਤੇ ਇੱਕ ਸੁੰਡੀ ਦੇਖ ਕੇ ਦਵਾਈ ਸਪਰੇਅ ਕਰਨ ਲੱਗ ਜਾਂਦੇ ਹਨ। ਤੇ ਫਿਰ ਉਹੀ ਸਬਜ਼ੀ ਘਰ ਬਣਾ ਕੇ ਖਾਂਦੇ ਹਨ।

ਮੈਂ ਬਹੁਤ ਵਾਰ ਇਹੀ ਸਲਾਹ ਦਿੰਦਾ ਹਾਂ ਕਿ ਦੋ ਚਾਰ ਸੁੰਡੀਆਂ ਫੜ ਕੇ ਤੁਸੀਂ ਮਾਰ ਨਹੀਂ ਸਕਦੇ ਹੱਥਾਂ ਨਾਲ।

ਸੁੰਡੀਆਂ ਵਾਲੇ ਦੋ ਚਾਰ ਪੱਤੇ ਕੱਟ ਤੋੜ ਕੇ ਦਬਾਏ ਵੀ ਜਾ ਸਕਦੇ ਹਨ।

ਮੈਨੂੰ ਵੀ ਮੇਰੇ ਸਾਰੇ ਗਾਹਕ ਇਹੀ ਸਦਾ ਕਹਿਣਗੇ ਕਿ ਜੀ ਜ਼ਰਾ ਸਟਰੋਂਗ ਕੈਮੀਕਲ ਪਾ ਦਿਓ।

ਮੈਂ ਉਹਨਾਂ ਨੂੰ ਬਹੁਤ ਸੁਝਾਅ ਦਿੰਦਾ ਰਹਿੰਦਾ ਹਾਂ ਕਿ ਤੁਸੀਂ ਸਫਾਈ ਵੀ ਰੱਖਿਆ ਕਰੋ, ਬਾਹਰੋਂ ਕੋਈ ਇਨਫਿਸਟੇਸ਼ਨ ਨਾ ਲੈ ਕੇ ਆਇਆ ਕਰੋ।

ਪਰ ਉਹ ਦਵਾਈਆਂ ਬਾਰੇ ਹੀ ਜ਼ਿੱਦ ਕਰਦੇ ਹਨ।

ਮੈਂ ਤਾਂ ਸਾਰਿਆਂ ਨੂੰ ਸਲਾਹ ਇਹ ਵੀ ਦਿੰਦਾ ਹਾਂ ਕਿ ਜਦੋਂ ਵੀ ਮੰਡੀ ਚੋਂ ਸਬਜ਼ੀ ਲੈ ਕੇ ਆਓ ਤਾਂ ਕਾਣੀ ਲੈ ਕੇ ਆਇਆ ਕਰੋ।

ਹੁਣ ਤੁਸੀਂ ਮੈਨੂੰ ਪਾਗਲ ਕਹੋਗੇ।

ਉਹ ਸਬਜੀ ਫਰੀ ਵੀ ਮਿਲ ਸਕਦੀ ਹੈ ਸਸਤੀ ਵੀ ਮਿਲ ਸਕਦੀ ਹੈ।

ਤੇ ਉਸ ਵਿੱਚ ਕੀੜਾ ਜੇ ਹੋਇਆ ਤਾਂ ਦਵਾਈ ਜ਼ਹਿਰ ਨਹੀਂ ਹੋਵੇਗੀ। ਤੇ ਤੁਸੀਂ ਬਚ ਜਾਓਗੇ ਜ਼ਹਿਰ ਤੋਂ।

ਸਾਰੇ ਕੀਟਨਾਸ਼ਕ ਜ਼ਹਿਰ ਹਨ ਅਤੇ, ਬਦਕਿਸਮਤੀ ਨਾਲ, ਉਹ ਸਿਰ.ਫ ਉਹਨਾਂ “ਕੀੜਿਆਂ” ਤੋਂ ਵੱਧ ਨੁਕਸਾਨ ਪਹੁੰਚਾ ਸਕਦੇ ਹਨ ਜਿਨ੍ਹਾਂ ’ਤੇ ਉਹਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਹ ਜ਼ਹਿਰੀਲੇ ਹੁੰਦੇ ਹਨ, ਅਤੇ ਕੀਟਨਾਸ਼ਕਾਂ ਦੇ ਵਰਤੋਂ ਸੰਪਰਕ ਵਿੱਚ ਆਉਣ ਨਾਲ ਕਈ ਸਿਹਤ ਪ੍ਰਭਾਵਾਂ ਵੀ ਹੋ ਸਕਦੀਆਂ ਹਨ।

ਉਹ ਸਾਹ ਦੀਆਂ ਸਮੱਸਿਆਵਾਂ ਤੋਂ ਲੈ ਕੇ ਕੈਂਸਰ ਤੱਕ ਗੰਭੀਰ ਬਿਮਾਰੀਆਂ ਅਤੇ ਬਿਮਾਰੀਆਂ ਦੀ ਇੱਕ ਸ਼੍ਰੇਣੀ ਨਾਲ ਜੁੜੇ ਹੋਏ ਹਨ।

ਸੋ ਅੱਜ ਤੋਂ ਹੀ ਸੋਚ ਸਮਝ ਕੇ ਇਹਨਾਂ ਜ਼ਹਿਰਾਂ ਨੂੰ ਵਰਤਿਓ।

ਜੇ ਇਹ ਕੀੜਿਆਂ ਦਾ ਇਨਾ ਨੁਕਸਾਨ ਕਰਦੀਆਂ ਹਨ ਤੇ ਸਾਡਾ ਕਿੰਨਾ ਨੁਕਸਾਨ ਹੁੰਦਾ ਹੋਵੇਗਾ ਇਹਨਾਂ ਦੇ ਵਰਤਨ ਨਾਲ।

ਫਿਰ ਇਹ ਜੇ ਅੰਦਰ ਚਲੇ ਜਾਣ ਤੇ ਚਰਬੀ ਦੀਆਂ ਤੈਹਾਂ ਵਿੱਚ ਫੂਡ ਚੇਨ ਵਿਚ ਹੋਰ ਵਧਦੀ ਰਹਿੰਦੀ ਹੈ ਜਿਸਨੂੰ ਅਸੀਂ ਬਾਓਲੋਜੀਕਲ ਮੈਗਨੀਫਿਕੇਸ਼ਨ (Biological magnification is the process by which the concentration of toxins increases in organisms as it moves up a food chain) ਕਹਿੰਦੇ ਹਾਂ।

ਸਾਰੇ ਸੰਸਾਰ ਵਿੱਚ ਇਹੀ ਹੋਇਆ ਪਿਆ ਹੈ।

ਹੁਣੇ ਹੀ ਮੇਰੀ ਬਾਓਲੋਜੀਕਲ ਕੰਟਰੋਲ ਜਾਣੀ ਮਿੱਤਰ ਕੀੜਿਆਂ ਮਕੌੜਿਆਂ ਉਤੇ ਕਿਤਾਬ ਆਈ ਹੈ।

ਤੇ ਹਾਂ ਜੇ ਤੁਸੀਂ ਫਸਲਾਂ ਦੇ ਪੋਲੀਨੇਟਰਜ ਨੂੰ ਬਚਾ ਸਕਦੇ ਹੋ ਤਾਂ ਦਵਾਈਆਂ ਤੋਂ ਬਿਨਾਂ ਵੱਧ ਝਾੜ ਲੈ ਸਕਦੇ ਹੋ। ਪਰ ਤੁਹਾਨੂੰ ਕਿਹੜਾ ਕੋਈ ਕੁਝ ਕਹਿ ਸਕਦਾ ਹੈ।

ਤੇ ਤੁਸੀਂ ਹੁਣ ਵੀ ਕਿਹੜੀ ਮੇਰੀ ਮੰਨਣੀ ਹੈ। ਇਹ ਵੀ ਮੈਂ ਜਾਣਦਾ ਹਾਂ।

ਮੈਂ ਤਾਂ ਆਪ ਕਈ ਚਿਰ ਤੋਂ ਬੁਖਾਰ ਲਈ ਪੈਰਾਸਿਟਾਮੋਲ ਵੀ ਨਹੀਂ ਲੈਂਦਾ। ਤੇ ਬਹੁਤਿਆਂ ਨੇ ਟੇਬਲ ਅਲਮਾਰੀਆਂ ਕੈਮਿਸਟਾਂ ਵਾਂਗੂੰ ਭਰੀਆਂ ਪਈਆਂ ਹਨ।

ਸਬਜ਼ੀ ਫਲਾਂ ਤੋਂ ਕੀਟਨਾਸਕ ਅੰਦਰ ਲੋਹੜੇ ਦੇ ਜਾਂਦੇ ਹਨ

ਤੇ ਬਾਕੀ ਕੈਪਸੂਲ ਗੋਲੀਆਂ ਡਾਕਟਰਾਂ ਦੀਆਂ ਦੱਸੀਆਂ ਹੋਈਆਂ।

ਅੱਗੇ ਚੱਲ ਕੇ ਮੈਂ ਦੱਸਾਂਗਾ ਕੀ ਕੀ ਕੀਟਨਾਸ਼ਕ ਕਰਦੇ ਨੇ। ਆਹ ਜਿੰਨੀਆਂ ਬਿਮਾਰੀਆਂ ਅਸੀਂ ਸਹੇੜੀਆਂ ਹੋਈਆਂ ਹਨ ਸਾਰੀਆਂ ਇਹਨਾਂ ਜ਼ਹਿਰਾਂ ਨੇ ਹੀ ਸਾਨੂੰ ਲਾਈਆਂ ਨੇ। ਤਾਂਹੀ ਪਾਣੀ ਮਿੱਟੀ ਹਵਾ ਗੰਧਲੀ ਹੋਈ ਪਈ ਹੈ ਜਿਹਨੂੰ ਬਾਬੇ ਨੇ ਪਵਨ ਗੁਰੂ ਪਾਣੀ ਪਿਤਾ ਕਿਹਾ ਸੀ।

ਕਿਰਪਾ ਕਰ ਕੇ ਮੇਰੇ ਦੋਸਤੋ ਇਹ ਗੱਲ ਮੇਰੀ ਪੱਲੇ ਅਜ ਤੋਂ ਹੀ ਬੰਨ੍ਹ ਲਿਓ।

## ਇਕ ਦੂਸਰੇ ਨਾਲ ਲੋਕ ਨ.ਫਰਤ ਕਿਉਂ ਕਰਦੇ ਹਨ

ਲੋਕਾਂ ਦੇ ਤੁਹਾਡੇ ਨਾਲ ਨ.ਫਰਤ ਕਰਨ ਦੇ ਕੀ ਕਾਰਨ ਹਨ ?

ਲੋਕ ਤੁਹਾਨੂੰ ਨਾਪਸੰਦ ਕਰ ਸਕਦੇ ਹਨ ਕਿਉਂਕਿ ਉਹ ਈਰਖਾਲੂ ਜਾਂ ਅਸੁਰੱਖਿਅਤ ਹਨ।

ਹੋ ਸਕਦਾ ਹੈ ਕਿ ਉਹ ਸੋਚਦੇ ਹਨ ਕਿ ਤੁਸੀਂ ਉਨ੍ਹਾਂ ਨਾਲੋਂ ਬਿਹਤਰ ਹੋ,

ਵਧੇਰੇ ਆਕਰਸ਼ਕ, ਖੁਸ਼ ਹੋ,

ਜਾਂ ਉਹ ਕੁਝ ਚਾਹੁੰਦੇ ਹੋ ਜੋ ਉਹ ਚਾਹੁੰਦੇ ਹਨ।

ਇੱਕ ਹੋਰ ਕਾਰਨ ਇਹ ਹੋ ਸਕਦਾ ਹੈ ਕਿਉਂਕਿ ਇੱਕ .ਗਲਤਫਹਿਮੀ ਹੈ।

ਲੋਕ ਕਈ ਕਾਰਨਾਂ ਕਰਕੇ ਦੂਜਿਆਂ ਨਾਲ ਨ.ਫਰਤ ਕਰਦੇ ਹਨ, ਜਿਸ ਵਿੱਚ ਸ਼ਾਮਲ ਹਨ:

ਡਰ, ਅਵਿਸ਼ਵਾਸ, ਜਾਂ ਅਸੁਰੱਖਿਆ

ਇੱਕ ਨਿੱਜੀ ਧਮਕੀ ਜਾਂ ਅਨੁਭਵ ਡਰ, ਅਵਿਸ਼ਵਾਸ, ਜਾਂ ਕਮਜ਼ੋਰੀ ਦੀ ਇੱਕ ਮਜ਼ਬੂਤ ਭਾਵਨਾ ਪੈਦਾ ਕਰ ਸਕਦਾ ਹੈ।

### ਬਲੀ ਦਾ ਬੱਕਰਾ

ਜਦੋਂ ਕੋਈ ਤਣਾਅ ਮਹਿਸੂਸ ਕਰਦਾ ਹੈ ਅਤੇ ਇਹ ਨਹੀਂ ਜਾਣਦਾ ਕਿ ਇਸਨੂੰ ਕਿਵੇਂ ਹੱਲ ਕਰਨਾ ਹੈ, ਤਾਂ ਉਹ ਬਲੀ ਦਾ ਬੱਕਰਾ ਲੱਭ ਸਕਦੇ ਹਨ।

### ਅੰਤਰ ਪ੍ਰਬੰਧਨ

ਮਤਭੇਦ ਸਾਡੀ ਸਵੈ ਅਤੇ ਸਮੂਹ ਪਛਾਣ ਦੀ ਭਾਵਨਾ ਨੂੰ ਖ਼ਤਰਾ ਬਣਾ ਸਕਦੇ ਹਨ।

### ਊਰਜਾਵਾਨ

ਨ.ਫਰਤ ਕਰਨਾ ਲਾਚਾਰੀ, ਨਿਰਾਸ਼ਾ, ਜਾਂ ਅਸਮਰੱਥਾ ਦੀਆਂ ਭਾਵਨਾਵਾਂ ਤੋਂ ਬਾਹਰ ਨਿਕਲਣ ਦਾ ਇੱਕ ਤਰੀਕਾ ਹੋ ਸਕਦਾ ਹੈ।

ਜਦੋਂ ਤੁਸੀਂ ਨ.ਫਰਤ ਜਾਂ ਗੁੱਸਾ ਮਹਿਸੂਸ ਕਰਦੇ ਹੋ, ਤੁਸੀਂ ਕੋਸ਼ਿਸ਼ ਕਰ ਸਕਦੇ ਹੋ:

ਇੱਕ ਕਦਮ ਪਿੱਛੇ ਹਟਣਾ ਅਤੇ ਪਲ ਦੀ ਗਰਮੀ ਵਿੱਚ ਪ੍ਰਤੀਕਿਰਿਆ ਕਰਨ ਤੋਂ ਬਚਣਾ। ਨ.ਫਰਤ ਨੂੰ ਭਾਵਨਾਤਮਕ ਜਵਾਬ ਵਜੋਂ ਸਮਝਣਾ

ਇਸ ਬਾਰੇ ਉਤਸੁਕ ਹੋਣਾ ਕਿ ਤੁਹਾਡੀਆਂ ਭਾਵਨਾਵਾਂ ਕਿੱਥੋਂ ਆ ਰਹੀਆਂ ਹਨ। ਹੋਰ ਜਾਣਕਾਰੀ ਇਕੱਠੀ ਕਰਨਾ ਅਤੇ ਦੂਜੇ ਵਿਅਕਤੀ ਦੇ ਦ੍ਰਿਸ਼ਟੀਕੋਣ ਦੀ ਕਲਪਨਾ ਕਰਨਾ ਜੇਕਰ ਇਹ ਅਸੁਰੱਖਿਅਤ ਜਾਪਦਾ ਹੈ ਤਾਂ ਵਿਅਕਤੀ ਨਾਲ ਜੁੜਨ ਤੋਂ ਬਚਣਾ। ਉਨ੍ਹਾਂ ਦੀਆਂ ਸੀਮਾਵਾਂ ਦਾ ਆਦਰ ਕਰਦੇ ਹੋਏ।

ਸਹੀ ਰਣਨੀਤੀਆਂ ਦੇ ਨਾਲ, ਤੁਸੀਂ ਨ.ਫਰਤ ਨੂੰ ਛੱਡਣਾ ਸ਼ੁਰੂ ਕਰ ਸਕਦੇ ਹੋ ਅਤੇ ਆਪਣੀ ਜ਼ਿੰਦਗੀ ਵਿੱਚ ਵਧੇਰੇ ਸਕਾਰਾਤਮਕਤਾ ਲਈ ਜਗ੍ਹਾ ਬਣਾ ਸਕਦੇ ਹੋ।

ਹਮਦਰਦੀ ਅਤੇ ਸਮਝ ਦਾ ਅਭਿਆਸ ਕਰੋ। ...

ਮਾ.ਫੀ ’ਤੇ ਧਿਆਨ ਦਿਓ. ...

ਸਵੈ-ਚਿੰਤਨ ਵਿੱਚ ਰੁੱਝੋ. ...

ਥੈਰੇਪੀ ਜਾਂ ਕਾਉਂਸਲਿੰਗ ਦੀ ਮੰਗ ਕਰੋ। ...

ਧਿਆਨ ਅਤੇ ਧਿਆਨ ਦਾ ਅਭਿਆਸ ਕਰੋ।

ਇਹੀ ਮੇਰੀ ਬਿਨ ਮੰਗੀ ਸਲਾਹ ਹੈ